# ਪ੍ਰਸੰਗਲੀਆਂ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ
ਅਦੁਤੀ ਜੀਵਨ ਵਿਚੋਂ ਕੁਝ ਯਾਦਾਂ

ਜਗਜੀਤ ਸਿੰਘ ਗੁਲੇਰੀਆ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ–110 001

 www.sikhbookclub.com

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਅਦੁੱਤੀ
ਜੀਵਨ ਵਿਚੋਂ ਕੁਝ ਅਭੁੱਲ ਯਾਦਾਂ ਦੇ ਪ੍ਰਸੰਗ

Prasanglian

*Jagjit Singh Guleria*

ISBN # 978-93-80854-98-4
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਪਹਿਲੀ ਐਡੀਸ਼ਨ, 1985
ਦੂਜੀ ਐਡੀਸ਼ਨ, 2006
ਤੀਜੀ ਛਾਪ, ਸਤੰਬਰ 2011

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*Printer :*
Bedi Art Prints
RZ-1/5, Tughlakabad Extension
Kalkaji, New Delhi - 11Z0019

ਮੁੱਲ : 75/- ਰੁਪਏ


www.sikhbookclub.com

ਸਤਿਕਾਰ ਯੋਗ ਭਾਪਾ ਮਨਮੋਹਨ ਸਿੰਘ ਜੀ
ਨੂੰ
ਪਿਆਰ ਸਹਿਤ ਸਮਰਪਤ

 www.sikhbookclub.com

**ਗਉੜੀ ਮਹਲਾ ੫॥**

ਤੁਮ ਹਰਿ ਸੇਤੀ ਰਾਤੇ ਸੰਤਹੁ॥
ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ
ਓੜਿ ਪਹੁਚਾਵਹੁ ਦਾਤੇ॥੧॥ਰਹਾਉ
ਤੁਮਰਾ ਮਰਮੁ ਤੁਮਾ ਹੀ ਜਾਨਿਆ
ਤੁਮ ਪੂਰਨ ਪੁਰਖ ਬਿਧਾਤੇ॥
ਰਾਖਹੁ ਸਰਣਿ ਅਨਾਥ ਦੀਨ ਕਉ
ਕਰਹੁ ਹਮਾਰੀ ਗਾਤੇ॥੧॥
ਤਰਣ ਸਾਗਰ ਬੋਹਿਥ ਚਰਣ ਤੁਮਾਰੇ
ਤੁਮ ਜਾਨਹੁ ਅਪੁਨੀ ਭਾਤੇ॥
ਕਰਿ ਕਿਰਪਾ ਜਿਸੁ ਰਾਖਹੁ ਸੰਗੇ
ਤੇ ਤੇ ਪਾਰਿ ਪਰਾਤੇ॥੨॥
ਈਤ ਊਤ ਪ੍ਰਭ ਤੁਮ ਸਮਰਥਾ
ਸਭੁ ਕਿਛੁ ਤੁਮਰੈ ਹਾਥੇ॥
ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ
ਚਲੈ ਹਮਾਰੈ ਸਾਥੇ॥੩॥
ਨਿਰਗੁਨੀਆਰੇ ਕਉ ਗੁਨੁ ਕੀਜੈ
ਹਰਿ ਨਾਮੁ ਮੇਰਾ ਮਨੁ ਜਾਪੇ॥
ਸੰਤ ਪ੍ਰਸਾਦਿ ਨਾਨਕ ਹਰਿ ਭੇਟੇ
ਮਨ ਤਨ ਸੀਤਲ ਧ੍ਰਾਪੇ॥੪॥੧੪॥੧੩੫॥


www.sikhbookclub.com

# ਪ੍ਰਸੰਗ ਸੂਚੀ

| ਕੀ | ਕਿੱਥੇ |
|---|---|


**ਭਾਗ ਪਹਿਲਾ —**

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਬੰਸਾਵਲੀ. ................ 3

ਭਾਈ ਸਾਹਿਬ ਭਾਈ ਵੀਰ ਸਿੰਘ ਜੀ. ................................ 5

**ਭਾਗ ਦੂਜਾ —**

ਨੈਣੀਂ ਡਿਠੇ ਕੁਝ ਦਿਲਚਸਪ ਵਾਕਿਆਤ. ............................ 21

ਸ਼ਰਾਕਤ ਦਾ ਸੱਚਾ ਤੇ ਸੁੱਚਾ ਵਿਹਾਰ. .................................. 70

**ਭਾਗ ਤੀਜਾ —**

ਸੰਵਰੇ ਹੋਏ ਜੀਵਨ

1. ਸਰਦਾਰ ਮਨਮੋਹਨ ਸਿੰਘ ਜੀ. ..................................... 75
2. ਬੀਬੀ ਸੰਤ ਜੀ. .......................................................... 85
3. ਸੰਤ ਲਖਮੀਰ ਸਿੰਘ ਜੀ. ............................................. 88
4. ਪ੍ਰੋ: ਪੂਰਨ ਸਿੰਘ ਜੀ. ................................................ 90
5. ਭਾਈ ਹੀਰਾ ਸਿੰਘ ਜੀ ਰਾਗੀ. ....................................... 95
6. ਬੁੰਦਿਆਂ ਵਾਲੇ ਸੰਤ ਜੀ. ............................................ 99
7. ਬੀਬੀ ਤੇਜਾਂ ਜੀ. ..................................................... 101
8. ਮਾਈ ਗੁਜਰੀ ਜੀ. .................................................... 105
9. ਬੀਬੀ ਅਮਰਾਂ ਜੀ. .................................................. 107
10. ਸੰਤ ਸੰਗਤ ਸਿੰਘ ਜੀ. ............................................ 108
11. ਸਰਦਾਰ ਦਮੋਦਰ ਸਿੰਘ ਜੀ. ..................................... 110




www.sikhbookclub.com

12. ਮਾਈ ਗੋਰੀ ਜੀ. ........................................115
13. ਸਰਦਾਰ ਖੁਸ਼ਹਾਲ ਸਿੰਘ ਜੀ. ..................................117
14. ਭਾਈ ਮੋਹਨ ਸਿੰਘ ਜੀ ਰਾਗੀ. ..................................121
15. ਭਾਈ ਸੁਧ ਸਿੰਘ ਜੀ. ........................................124
16. ਬੀਬੀ ਕੁੰਦਨ ਤੇ ਸਰਦਾਰ ਮਧਸੂਦਨ ਸਿੰਘ ਜੀ. ............126
17. ਬਾਬੂ ਮੱਖਣ ਸਿੰਘ ਜੀ. ......................................129
18. ਗਹਿਣਿਆਂ ਵਾਲੀ ਬੀਬੀ ਜੀ. ..................................135
19. ਬੀਬੀ ਮਾਇਆ ਜੀ. ..........................................136
20. ਇਕ ਸਾਧੂ ਨੂੰ ਉਪਦੇਸ਼. ......................................139
21. ਨਾਮ ਯਾਦ ਕਰਾਉਣ ਦਾ ਅਨੋਖਾ ਢੰਗ. ......................141
22. ਮਹਾਰਾਜਾ ਨਾਭਾ ਜੀ. ........................................142
23. ਬੀਬੀ ਰਾਮਿੰਦਰਾ ਅਜੀਤ ਸਿੰਘ ਜੀ. ............................143
24. ਬੀਬੀ ਭਜਨ ਕੌਰ ਜੀ. ........................................146
25. ਮਹੰਤ ਕਰਮ ਚੰਦ ਜੀ ਸ਼ਾਹ ਜੀਵਣੇ ਵਾਲੇ. .................149
26. ਬੀਬੀ ਦਿਆਲ ਕੌਰ ਜੀ. ......................................152

**ਭਾਗ ਚੌਥਾ —**

ਭਾਈ ਸਾਹਿਬ ਦੀਆਂ ਅੱਡ ਅੱਡ ਵਿਅਕਤੀਆਂ ਵਲ ਚਿੱਠੀਆਂ. .........157

# ਦੋ ਸ਼ਬਦ

**ਜਿਵੇਂ** ਹੀਰੇ ਦੀ ਝਲਕ ਬਹੁ-ਪੱਖੀ ਹੁੰਦੀ ਹੈ। ਤਿਵੇਂ ਹੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਸ਼ਖਸੀਅਤ ਵੀ ਅਨੇਕ ਪੱਖੀ ਹੈ। ਆਧੁਨਿਕ ਪੰਜਾਬੀ ਸਾਹਿਤ ਦੇ ਉਹ ਪਿਤਾਮਾ ਹਨ। ਗੁਰਬਾਣੀ ਦੇ ਸ਼ਰੋਮਣੀ ਵਿਆਖਿਆਕਾਰ, ਗੁਰੂ ਇਤਿਹਾਸ ਦੇ ਖੋਜੀ ਤੇ ਮਹਾਨ ਸੰਪਾਦਕ, ਧਾਰਮਿਕ, ਵਿਦਿਅਕ, ਆਰਥਿਕ ਤੇ ਦੀਨ ਦੁਖੀਆਂ ਦੇ ਸਹਾਰੇ ਲਈ ਅਨੇਕ ਸੰਸਥਾਵਾਂ ਦੇ ਮੋਢੀ ਸੰਸਥਾਪਕ ਸਨ।

ਅੱਜ ਉਨ੍ਹਾਂ ਦੀਆਂ ਰਚਨਾਵਾਂ ਦੀ ਪ੍ਰਸੰਸਾ ਹੋ ਰਹੀ ਹੈ। ਯੂਨੇਸਕੋ, ਸਾਹਿਤ ਅਕਾਦਮੀ, ਪੰਜਾਬੀ ਸਾਹਿਤ ਅਕਾਦਮੀ, ਭਾਸ਼ਾ ਵਿਭਾਗ ਅਤੇ ਯੂਨੀਵਰਸਟੀਆਂ ਵਲੋਂ ਉਨ੍ਹਾਂ ਦੀਆਂ ਰਚਨਾਵਾਂ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀਆਂ ਰਚਨਾਵਾਂ ਦੇ ਅਧਿਐਨ ਰਾਹੀਂ ਵਿਦਵਾਨ ਤੇ ਰੀਸਰਚ ਸਕਾਲਰ ਯੂਨੀਵਰਸਿਟੀਆਂ ਤੋਂ ਡਾਕਟ੍ਰੇਟ ਦੀ ਡਿਗਰੀ ਪ੍ਰਾਪਤ ਕਰ ਰਹੇ ਹਨ।

'ਪ੍ਰਸੰਗਲੀਆਂ' ਰਾਹੀਂ ਲੈਫਟੀਨੈਂਟ ਕਰਨਲ ਗੁਲੇਰੀਆ ਨੇ ਭਾਈ ਸਾਹਿਬ ਜੀ ਦਾ ਜੋ ਪੱਖ ਪੇਸ਼ ਕੀਤਾ ਹੈ, ਉਹ ਵਿਲੱਖਣ, ਵਿਦਵਤਾ ਭਰਪੂਰ ਅਤੇ ਵਿਸ਼ਵਾਸ ਦੇ ਰੰਗ ਵਿਚ ਰੰਗੀਜਿਆ ਹੋਇਆ ਹੈ। ਕਰਨਲ ਗੁਲੇਰੀਆ ਅੰਗਰੇਜ਼ੀ ਅਤੇ ਪੰਜਾਬੀ ਦੇ ਪ੍ਰਸਿਧ ਲਿਖਾਰੀ ਹਨ। ਇਨ੍ਹਾਂ ਦੀ ਕਲਮ ਤੋਂ ਦੋ ਸੱਜਰੀਆਂ ਅੰਗਰੇਜ਼ੀ ਪੁਸਤਕਾਂ Rediscovering Religon ਅਤੇ Bhai Vir Singh The Sixth River of Punjab ਪ੍ਰਕਾਸ਼ਿਤ ਹੋਈਆਂ ਹਨ। ਦੋਵੇਂ ਸੰਗ੍ਰਹਿ ਕੌਮਾਂਤਰੀ ਪ੍ਰਸਿਧੀ ਦੇ ਹਨ। ਇਨ੍ਹਾਂ ਦੇ ਕਾਵਿ ਸੰਗ੍ਰਹਿ- "ਤਰਬਾਂ", "ਝਰਨਾਟਾਂ" "ਔਸੀਆਂ" ਤੇ "ਪੁਨਰ ਮਿਲਣ"- ਦਾ ਪੰਜਾਬੀ ਸਾਹਿਤ ਵਿਚ ਆਪਣਾ ਸਥਾਨ ਹੈ। ਫੌਜੀ ਜ਼ਿੰਦਗੀ ਅਤੇ ਸੈਨਿਕਾਂ ਦੇ ਜਜ਼ਬਾਤ ਅਤੇ ਸਮੱਸਿਆ ਭਰਪੂਰ ਇਨ੍ਹਾਂ ਦਾ ਕਹਾਣੀ


www.sikhbookclub.com

ਸੰਗ੍ਰਹਿ "ਸਾਂਝੀਵਾਲ" ਬਹੁਤ ਮਕਬੂਲ ਹੈ ਜਿਸਦਾ ਹਿੰਦੀ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਚੁਕਾ ਹੈ।

ਕੋਈ ਦਸ-ਗਿਆਰਾਂ ਸਾਲਾਂ ਦੀ ਉਮਰ ਤੋਂ ਹੀ ਭਾਪਾ ਮਨਮੋਹਨ ਸਿੰਘ ਜੀ ਭਾਈ ਸਾਹਿਬ ਦੀਆਂ ਰਚਨਾਵਾਂ 'ਸੁੰਦਰੀ' ਤੇ 'ਬਿਜੈ ਸਿੰਘ' ਤੋਂ ਪ੍ਰਭਾਵਿਤ ਹੋਏ। 18 ਵਰ੍ਹਿਆਂ ਦੇ ਸਨ ਜਦੋਂ ਉਨ੍ਹਾਂ ਪਹਿਲੀ ਵਾਰ ਕੋਹਮਰੀ ਵਿਖੇ ਭਾਈ ਸਾਹਿਬ ਦੇ ਦਰਸ਼ਨ ਕੀਤੇ। ਭਾਈ ਸਾਹਿਬ ਦੀਆਂ ਰਚਨਾਵਾਂ ਅਤੇ ਸ਼ਖਸੀਅਤ ਤੋਂ ਅਜਿਹੇ ਪ੍ਰਭਾਵਿਤ ਹੋਏ ਕਿ ਲਗ ਪਗ 40 ਵਰ੍ਹੇ ਉਨ੍ਹਾਂ ਦੇ ਨਿਕਟ-ਵਰਤੀ ਰਹਿ ਕੇ ਗੁਣ-ਗ੍ਰਾਹਕ ਬਣ ਕੇ ਨਿੱਜੀ ਚਿੱਠੀਆਂ, ਵਾਰਤਾਲਾਪ ਦੇ ਅੰਸ਼ ਅਤੇ ਹੋਰ ਵਡਮੁੱਲੀਆਂ ਘਟਨਾਵਾਂ ਨੂੰ ਲਿਖਤੀ ਰੂਪ ਵਿਚ ਸੰਭਾਲਦੇ ਰਹੇ। ਇਸ ਇਤਿਹਾਸਕ ਸਾਮਿਗ੍ਰੀ ਨੂੰ ਵਰਤਣ ਲਈ ਭਾਪਾ ਮਨਮੋਹਨ ਸਿੰਘ ਦੇ ਸਪੁੱਤਰ ਸ: ਹਰਜਨ ਸਿੰਘ ਨੇ ਪੂਰਾ ਸਹਿਯੋਗ ਦਿੱਤਾ ਹੈ।

ਭਾਵੇਂ ਕਰਨਲ ਗੁਲੇਰੀਆ ਨੇ 'ਪ੍ਰਸੰਗਲੀਆਂ' ਨੂੰ ਭਾਪਾ ਮਨਮੋਹਨ ਸਿੰਘ ਜੀ ਦੀ ਸਾਂਭੀ ਸੰਭਾਲੀ ਸਾਮਿਗ੍ਰੀ ਉਪਰ ਆਧਾਰਿਤ ਕੀਤਾ ਹੈ ਪਰ ਇਸਨੂੰ ਵਿਉਂਤ ਦੇ ਕੇ ਤੇ ਨਵੇਂ ਸਿਰਿਓਂ ਲਿਖਕੇ ਇਸ ਵਿਚ ਮੌਲਿਕਤਾ ਦਾ ਰੰਗ ਭਰ ਦਿਤਾ ਹੈ। ਭਾਪਾ ਮਨਮੋਹਨ ਸਿੰਘ ਨੇ ਇਹ ਸਾਮਿਗ੍ਰੀ ਆਪਣੇ ਹੱਥੀਂ ਅੱਠ ਕਾਪੀਆਂ ਵਿਚ ਦਰਜ ਕੀਤੀ ਹੋਈ ਸੀ।

ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਇਹ ਪੁਸਤਕ ਕਰਨਲ ਗੁਲੇਰੀਆ ਦੀ ਸਾਹਿਤਕ ਸਿਰਜਣਾ ਦੀ ਉਤਮ ਦੇਣ ਹੈ। ਨਾਲ ਹੀ 'ਪ੍ਰਸੰਗਲੀਆਂ' ਸੱਚਖੰਡ ਨਿਵਾਸੀ ਭਾਪਾ ਮਨਮੋਹਨ ਸਿੰਘ ਜੀ ਨੂੰ ਸੱਚੀ, ਸੁਚੀ ਤੇ ਸਥਿਰ ਸ਼ਰਧਾਂਜਲੀ ਹੈ

ਨਵੀਂ ਦਿੱਲੀ
ਜੂਨ 10, 1985

ਭਾਈ ਵੀਰ ਸਿੰਘ ਸਾਹਿਤ ਸਦਨ


www.sikhbookclub.com

# ਪੁਸਤਕ ਬਾਰੇ

**ਭਾਈ** ਸਾਹਿਬ ਭਾਈ ਵੀਰ ਸਿੰਘ ਜੀ ਦੀ ਮਹਾਨ ਵਯਕਤੀ ਦੀ ਜੀਵਨੀ ਅਤੇ ਰਚਨਾ ਬਾਰੇ ਅਨੇਕਾਂ ਪੁਸਤਕਾਂ ਲਿਖੀਆਂ ਜਾ ਚੁਕੀਆਂ ਹਨ, ਲਿਖੀਆਂ ਜਾ ਰਹੀਆਂ ਹਨ ਅਤੇ ਲਿਖੀਆਂ ਭੀ ਜਾਣਗੀਆਂ। ਅਜਿਹੀਆਂ ਪੁਸਤਕਾਂ ਭਾਈ ਸਾਹਿਬ ਜੀ ਦੇ ਜੀਵਨ, ਸਾਹਿਤ ਅਤੇ ਦਾਰਸ਼ਨਿਕ ਪੱਖ ਉਜਾਗਰ ਕਰਦੀਆਂ ਰਹਿਣਗੀਆਂ। ਅਜਿਹੇ ਸਾਹਿਤ ਵੇਤਾ ਗੇਣਵੇਂ ਹੀ ਹਨ, ਜਿਨ੍ਹਾਂ ਨੂੰ ਭਾਈ ਸਾਹਿਬ ਦੇ ਨਿਕਟ ਰਹਿਣ ਜਾਂ ਮਿਲਣ ਦਾ ਸੁਭਾਗ ਵਧੇਰੇ ਪ੍ਰਾਪਤ ਹੋਇਆ ਹੋਵੇ। ਉਹਨਾਂ ਵਿਚੋਂ ਵੀ ਅਜਿਹੇ ਵਿਰਲੇ ਹੀ ਹੋਣਗੇ ਜਿਹਨਾਂ ਭਾਈ ਸਾਹਿਬ ਦੇ ਸਤਿਸੰਗ ਦੇ ਅਨੁਭਵ ਕਿਸੇ ਵਿਸ਼ੇਸ਼ ਰੂਪ ਵਿਚ ਸਾਂਭ ਲਏ ਹੋਣ।

ਇਸ ਪੁਸਤਕ ਵਿਚੋਂ ਤੁਹਾਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਨਾਲ ਗੁਜ਼ਾਰੀਆਂ ਪਿਆਰ ਗੜੂਚ ਤੇ ਭਰਪੂਰ ਘੜੀਆਂ ਦੇ ਰਸ-ਰੰਗ ਭਿੱਜੇ ਫੁਲਾਂ ਦੀ ਸੁਗੰਧੀ ਮਿਲਦੀ ਹੈ। ਉਹਨਾਂ ਵਿਚੋਂ ਕੁਝ ਕੁ ਉਹ ਘੜੀਆਂ ਆਦਰਨੀਯ ਭਾਪਾ ਮਨਮੋਹਨ ਸਿੰਘ ਜੀ ਨੇ ਸ਼ਰਧਾ ਪਿਆਰ ਨਾਲ ਸਾਂਭੀਆਂ ਜਿਹਨਾਂ ਵਿਚੋਂ ਹੁਣ ਪਾਠਕਾਂ ਦੀ ਅਨੁਭਵੀ-ਮਹਿਕ ਲਈ ਇਸ ਬਾਟਿਕਾ 'ਚੋਂ ਇਕ ਗੁਲਦਸਤਾ ਭੇਟ ਕੀਤਾ ਜਾਂਦਾ ਹੈ ਤਾਂ ਜੋ ਉਹ ਵੀ ਆਪਣੇ ਜੀਵਨ ਨੂੰ ਰਸ-ਸੁਗੰਧੀ ਭਰਿਆ ਬਣਾ ਸਕਣ। ਪਾਠਕਾਂ ਨੂੰ ਬੇਨਤੀ ਹੈ ਕਿ ਗੁਰਮੁਖ ਪਿਆਰੇ ਭਾਪਾ ਮਨਮੋਹਨ ਸਿੰਘ ਜੀ ਦੇ ਜੀਵਨ ਦੀ ਜਾਣਕਾਰੀ ਇਸ ਪੁਸਤਕ ਦੇ ਤੀਜੇ ਭਾਗ 'ਚ ਦੇਖੋ।

ਇਹ ਪੁਸਤਕ ਭਾਪਾ ਮਨਮੋਹਨ ਸਿੰਘ ਜੀ ਵਲੋਂ ਭਾਈ ਸਾਹਿਬ ਜੀ ਦੀਆਂ ਚਿੱਠੀਆਂ ਦੇ ਆਧਾਰ ਪਰ ਯਾਦਗਾਰੀ ਅਨੁਭਵ ਰਾਹੀਂ ਉਲੀਕੇ ਜਜ਼ਬਾਤ ਦਾ ਨਵੇਕਲਾ ਪੱਖ ਪੇਸ਼ ਕਰਦੀ ਹੈ। ਪੁਸਤਕ ਦੀ ਸਾਮਗ੍ਰੀ ਜਦੋਂ ਮੇਰੀ ਦ੍ਰਿਸ਼ਟੀ ਗੋਚਰ ਹੋਈ ਤਾਂ ਭਾਈ

 www.sikhbookclub.com

ਸਾਹਿਬ ਭਾਈ ਵੀਰ ਸਿੰਘ ਜੀ ਦੇ ਜੀਵਨ ਦਾ ਇਕ ਅਲੌਕਿਕ ਤੇ ਸ਼ੁਭਾਵਕ ਪੱਖ ਉਘੜਿਆ। ਇਕ ਨੂਰਾਨੀ ਝਲਕ ਰੂਪਮਾਨ ਹੋਈ। ਭਾਈ ਸਾਹਿਬ ਦੀ ਸੰਗਤ ਵਿਚ ਮਾਣੀਆਂ ਘੜੀਆਂ ਦਾ ਨਵਾਂ ਅਰਥ ਨੈਣਾਂ ਦੀਆਂ ਪਲਕਾਂ ਤੋਂ ਵਹਿ ਤੁਰਿਆ। ਸਾਰੀ ਸਾਮਗ੍ਰੀ ਨੂੰ ਆਪਣੇ ਅਨੁਭਵ ਅਨੁਕੂਲ ਅਤੇ ਭਾਈ ਸਾਹਿਬ ਦੇ ਜੀਵਨ-ਆਸ਼ੇ ਅਨੁਸਾਰ ਢਾਲ ਕੇ ਇਕ ਤਰਤੀਬ ਵਿਚ ਇਸਨੂੰ ਪੇਸ਼ ਕਰਨ ਦਾ ਨਿਮਾਣਾ ਜਿਹਾ ਯਤਨ ਹੈ। ਆਸ ਹੈ ਕਿ ਪਾਠਕ ਇਸ ਪੁਸਤਕ ਰਾਹੀਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨਾਲ ਇਕ ਨਵੇਕਲੀ ਪਛਾਣ ਦਾ ਅਨੁਭਵ ਮਾਨਣਗੇ।

ਨਵੀਂ ਦਿੱਲੀ :
ਜੂਨ 10, 1985


**ਜਗਜੀਤ ਸਿੰਘ ਗੁਲੇਰੀਆ**

# ਭਾਗ ਪਹਿਲਾ

## ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਬੰਸਾਵਲੀ ਅਤੇ ਜੀਵਨ


www.sikhbookclub.com

# ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਬੰਸਾਵਲੀ





www.sikhbookclub.com

# ਭਾਈ ਸਾਹਿਬ ਭਾਈ ਵੀਰ ਸਿੰਘ ਜੀ

**ਆਕਾਸ਼** ਵਿਚ ਅਣਗਿਣਤ ਤਾਰੇ ਹੁੰਦੇ ਹਨ, ਪਰ ਸਾਰਿਆਂ ਦੀ ਲੋਅ ਇਕੋ ਜਿਹੀ ਨਹੀਂ ਹੁੰਦੀ। ਕੁਝ ਕੁ ਤਾਰਿਆਂ ਦੀ ਰੋਸ਼ਨੀ ਬਹੁਤ ਤੇਜ਼ ਹੁੰਦੀ ਹੈ ਅਤੇ ਰਾਹੋਂ ਭੁੱਲੇ ਪਾਂਧੀਆਂ ਨੂੰ ਰਾਹੇ ਪਾਉਂਦੀ ਹੈ। ਇਸ ਤਰ੍ਹਾਂ ਸੰਸਾਰ ਵਿਚ ਅਣਗਿਣਤ ਜੀਵ ਜਨਮਦੇ ਹਨ, ਪਰ ਉਨ੍ਹਾਂ ਵਿਚੋਂ ਕੋਈ ਵਿਰਲੀ, ਪਵਿੱਤਰ ਆਤਮਾ ਹੀ ਰੌਸ਼ਨ ਮੁਨਾਰੇ ਦਾ ਕੰਮ ਦੇਂਦੀ ਹੈ, ਜੋ ਜੀਵਨ ਦੇ ਭੁੱਲੇ ਹੋਏ ਪਾਂਧੀਆਂ ਨੂੰ ਸਹੀ ਰਾਹੇ ਪਾ ਕੇ ਅਸਲੀ ਪੰਧ ਤਕ ਪਹੁੰਚਾਉਂਦੀ ਹੈ, ਭਾਵ ਵਾਹਿਗੁਰੂ ਨਾਲ ਜਾ ਮੇਲ ਕਰਾਉਂਦੀ ਹੈ। ਭਾਈ ਵੀਰ ਸਿੰਘ ਜੀ ਇਕ ਅਜਿਹੀ ਪਵਿੱਤਰ ਆਤਮਾ ਸਨ।

ਭਾਈ ਸਾਹਿਬ ਦੀ ਬੰਸਾਵਲੀ ਦੀਵਾਨ ਕੌੜਾ ਮੱਲ ਨਾਲ ਜਾ ਮਿਲਦੀ ਹੈ। ਦੀਵਾਨ ਕੌੜਾ ਮੱਲ ਦਾ ਜਨਮ ਚੌਧਰੀ ਵਲੂ ਮੱਲ ਦੇ ਘਰ ਅਠਾਰ੍ਹਵੀਂ ਸਦੀ ਦੇ ਆਰੰਭ ਵਿਚ ਮੁਲਤਾਨ ਦੇ ਇਕ ਛੋਟੇ ਜਿਹੇ ਪਿੰਡ ਵਿਚ ਹੋਇਆ। 1726 ਵਿਚ ਜ਼ਕਰੀਆ ਖ਼ਾਂ ਲਾਹੌਰ ਦਾ ਹਾਕਮ ਥਾਪਿਆ ਗਿਆ। ਇਹ ਉਹ ਸਮਾਂ ਸੀ ਜਦੋਂ ਸਿਖਾਂ ਉਤੇ ਘੋਰ ਜ਼ੁਲਮ ਕੀਤੇ ਜਾ ਰਹੇ ਸਨ। ਇਸੀ ਸਮੇਂ ਵਿਚ ਹੀ ਭਾਈ ਮਨੀ ਸਿੰਘ ਜੀ ਅਤੇ ਭਾਈ ਤਾਰੂ ਸਿੰਘ ਜੀ ਨੂੰ ਸ਼ਹੀਦ ਕੀਤਾ ਗਿਆ ਸੀ। 1748 ਵਿਚ ਮੀਰ ਮੁਅੱਯਨਲ ਮੁਲਕ (ਮੀਰ ਮਨੂੰ) ਲਾਹੌਰ ਤੇ ਮੁਲਤਾਨ ਦਾ ਸੂਬਾ ਥਾਪਿਆ ਗਿਆ। ਉਸ ਨੇ ਦੀਵਾਨ ਕੌੜਾ ਮੱਲ ਨੂੰ ਆਪਣਾ ਦੀਵਾਨ ਤੇ ਨਾਇਬ ਸਥਾਪਤ ਕੀਤਾ। ਇਸੀ ਸਮੇਂ ਵਿਚ ਸਿਖਾਂ ਨੇ ਸ੍ਰੀ ਅੰਮ੍ਰਿਤਸਰ ਵਿਖੇ 'ਰਾਮ ਰੌਣੀ' ਨਾਂ ਦੀ ਇਕ ਕੱਚੀ ਗੜ੍ਹੀ ਉਸਾਰ ਲਈ। ਇਸ ਗੜ੍ਹੀ ਨੂੰ ਅਦੀਨਾ ਬੇਗ ਨੇ ਮੀਰ ਮਨੂੰ ਦੀ ਆਗਿਆ ਨਾਲ ਕਈ ਮਹੀਨੇ ਘੇਰੀ ਰਖਿਆ। ਦੀਵਾਨ ਕੌੜਾ ਮੱਲ ਨੇ ਮੀਰ ਮਨੂੰ ਨੂੰ ਘੇਰਾ ਉਠਾ ਦੇਣ ਦੀ ਨੇਕ ਸਲਾਹ ਦਿਤੀ। ਇਹ ਘੇਰਾ ਉਠਵਾ ਦਿਤਾ ਗਿਆ ਅਤੇ ਦਰਬਾਰ ਸਾਹਿਬ ਦੇ ਨਾਂ ਕੁਝ

 www.sikhbookclub.com

ਜਾਗੀਰਾਂ ਲਗਵਾ ਦਿਤੀਆਂ ਗਈਆਂ। ਮੀਰ ਮਨੂੰ ਨੇ ਸ਼ਾਹ ਨਿਵਾਜ਼ ਤੇ ਫ਼ਤਹ ਪਾਉਣ ਲਈ ਦੀਵਾਨ ਸਾਹਿਬ ਨੂੰ ਮੁਲਤਾਨ ਰਵਾਨਾ ਕੀਤਾ। ਇਸ ਮੁਹਿੰਮ ਵਿਚ ਦੀਵਾਨ ਸਾਹਿਬ ਦੀ ਸਹਾਇਤਾ ਲਈ ਸ: ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਹੇਠ ਸਿੰਘਾਂ ਦਾ ਇਕ ਦਲ ਭੇਜਿਆ ਗਿਆ। ਇਸ ਲੜਾਈ ਵਿਚ ਦੀਵਾਨ ਸਾਹਿਬ ਦੀ ਜਿੱਤ ਹੋਈ ਤੇ ਸ਼ਾਹ ਨਿਵਾਜ਼ ਖਾਨ ਮਾਰਿਆ ਗਿਆ। ਸ: ਜੱਸਾ ਸਿੰਘ ਦੇ ਕਹਿਣ ਉਤੇ ਦੀਵਾਨ ਜੀ ਨੇ ਸ੍ਰੀ ਨਨਕਾਣਾ ਸਾਹਿਬ ਦਾ ਗੁਰਦੁਆਰਾ ਬਾਲ ਲੀਲ੍ਹਾ ਤੇ ਸਰੋਵਰ ਬਣਵਾਇਆ। ਹੋਰ ਕਈ ਗੁਰਦੁਆਰਿਆਂ ਦੀ ਵੀ ਉਨ੍ਹਾਂ ਸੇਵਾ ਕਰਵਾਈ। ਆਪ ਵਿਚ ਸਿਖੀ ਪਿਆਰ ਡੁਲ੍ਹ ਡੁਲ੍ਹ ਪੈਂਦਾ ਸੀ। ਆਪ ਨੇ ਔਖੇ ਸਮੇਂ ਵਿਚ ਸਿਖਾਂ ਦੀ ਜੋ ਸੇਵਾ ਕੀਤੀ ਅਤੇ ਦਰਦ ਵੰਡਿਆ ਉਸ ਕਾਰਨ ਆਪ ਨੂੰ ਸਿਖ ਇਤਿਹਾਸ ਵਿਚ ਦੀਵਾਨ ਮਿੱਠਾ ਮੱਲ ਕਰਕੇ ਵਰਨਣ ਕੀਤਾ ਗਿਆ ਹੈ।

ਦੀਵਾਨ ਕੌੜਾ ਮੱਲ ਜੀ ਦੇ ਦੋ ਪੁੱਤਰ ਦੀਵਾਨ ਹਰੀ ਸਿੰਘ ਅਤੇ ਦੀਵਾਨ ਤੋਖਾ ਰਾਮ ਸਨ। ਦੀਵਾਨ ਤੋਖਾ ਰਾਮ ਦੇ ਪੜੋਤਰੇ ਚੌਧਰੀ ਰਾਮ ਚੰਦ ਸਨ। ਇਨ੍ਹਾਂ ਦੇ ਤਿੰਨ ਲੜਕੇ ਹੋਏ। ਬਾਬਾ ਕਾਹਨ ਸਿੰਘ ਸਭ ਤੋਂ ਵਡੇ ਪੁੱਤਰ ਸਨ। ਬਾਬਾ ਕਾਹਨ ਸਿੰਘ ਸਾਧੂ ਸੁਭਾ ਦੇ ਸਨ। ਚੌਧਰੀ ਰਾਮ ਚੰਦ ਜੀ ਦਾ ਮੇਲ ਮਿਲਾਪ ਸਾਧੂ ਸੰਤਾਂ ਨਾਲ ਕਾਫ਼ੀ ਸੀ, ਇਸ ਲਈ ਬਾਬਾ ਕਾਹਨ ਸਿੰਘ ਜੀ ਦਾ ਮੇਲ ਮਿਲਾਪ ਵੀ ਸਾਧੂ ਸੰਤਾਂ ਨਾਲ ਕਾਫੀ ਹੋ ਗਿਆ। ਆਪ ਅਜੇ ਲਗਪਗ 12 ਵਰ੍ਹਿਆਂ ਦੇ ਹੀ ਸਨ ਕਿ ਆਪ ਅੰਮ੍ਰਿਤਸਰ ਆ ਗਏ ਅਤੇ ਸੰਤ ਰਾਮ ਦਿਆਲ ਜੀ ਪਾਸ ਟਿਕੇ। ਪਰਮਾਰਥ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਆਪ ਪੂਰਬ ਦੇ ਬਨਾਂ ਵਿਚ ਚਲੇ ਗਏ ਅਤੇ ਉਥੇ ਬਿਹੰਗਮ ਜੀਵਨ ਬਤੀਤ ਕਰਨ ਲਗੇ। ਆਪ ਨੇ ਲਗਪਗ 12 ਵਰ੍ਹੇ ਉਥੇ ਤਪੱਸਿਆ ਕੀਤੀ। ਫਿਰ ਕੁਝ ਸਾਲ ਹੋਰ ਕਿਧਰੇ ਸੁਤੰਤਰਤਾ ਵਿਚ ਗੁਜ਼ਾਰੇ ਤੇ ਅੰਤ ਮੁੜ ਅੰਮ੍ਰਿਤਸਰ ਵਿਖੇ ਸੰਤਾਂ ਪਾਸ ਆ ਗਏ।

ਜਦੋਂ ਆਪ ਦੇ ਅੰਮ੍ਰਿਤਸਰ ਪੁਜਣ ਦੀ ਸੋਅ ਆਪ ਜੀ ਦੀ ਮਾਤਾ ਜੀ ਨੂੰ ਮਿਲੀ ਤਾਂ ਉਹ ਆਪਣੇ ਦੋਹਾਂ ਛੋਟੇ ਪੁੱਤਰਾਂ ਨੂੰ ਨਾਲ ਲੈ ਕੇ ਉਥੇ ਪੁਜ ਗਈ। ਮਾਤਾ ਜੀ ਦੇ ਪੁਜਣ ਤੇ ਬਾਬਾ ਜੀ ਨੇ ਕਟੜਾ ਗਰਬਾ ਸਿੰਘ ਆਪਣਾ ਮਕਾਨ ਬਣਵਾਇਆ। ਇਸ ਗਲੀ ਦਾ ਨਾਂ ਹੁਣ ਤਕ ਆਪ ਜੀ ਦੇ ਨਾਂ ਤੇ ਭਾਵ ਕੂਚਾ ਬਾਬੂ ਕਾਹਨ ਸਿੰਘ ਨਾਲ ਪ੍ਰਸਿੱਧ ਹੈ। ਬਾਬਾ ਜੀ ਸ਼ਾਦੀ ਦੇ ਹਕ ਵਿਚ ਨਹੀਂ ਸਨ। ਮਾਤਾ ਜੀ ਦੇ ਵਾਰ ਵਾਰ ਕਹਿਣ ਤੇ ਵੀ ਆਪ ਨਾਂਹ ਨੁਕਰ ਕਰਦੇ ਰਹੇ। ਪਰ ਮਾਤਾ ਦੀ ਸਿਕ ਬੜੀ ਬਲਵਾਨ ਹੁੰਦੀ ਹੈ ਅਤੇ ਉਹ ਬਾਬਾ ਜੀ ਨੂੰ ਮਨਾਉਣ ਵਿਚ ਸਫ਼ਲ ਹੋ ਗਏ। 40 ਸਾਲ ਦੀ ਉਮਰ ਵਿਚ ਆਪ ਦਾ ਵਿਆਹ ਅੰਮ੍ਰਿਤਸਰ ਵਿਚ ਹੋ ਗਿਆ। ਆਪ ਜੀ ਦੇ ਘਰ ਕਈ ਬੱਚੇ ਹੋਏ, ਪਰ ਕੇਵਲ ਇਕ ਲੜਕੀ ਤੇ ਇਕ ਲੜਕਾ ਹੀ ਜੀਵਤ ਰਹੇ। ਲੜਕੇ ਦਾ ਨਾਮ ਡਾਕਟਰ ਚਰਨ ਸਿੰਘ ਸੀ। ਬਾਬਾ


www.sikhbookclub.com

ਜੀ ਗੁਰਬਾਣੀ ਦੇ ਪ੍ਰੇਮੀ ਅਤੇ ਨਾਮ ਰਸੀਏ ਸਨ। ਆਪ ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਦੇ ਵਿਦਵਾਨ ਸਨ। ਆਪ ਉਘੇ ਵੈਦ ਤੇ ਹਕੀਮ ਵੀ ਸਨ। ਆਪ ਲਗਪਗ 91 ਵਰ੍ਹੇ ਦੀ ਆਯੂ ਭੋਗ ਕੇ ਗੁਰਪੁਰੀ ਸਿਧਾਰੇ।

ਜਦੋਂ ਬਾਬਾ ਜੀ ਗੁਰਪੁਰੀ ਸਿਧਾਰੇ ਤਦ ਡਾਕਟਰ ਚਰਨ ਸਿੰਘ 25 ਵਰ੍ਹਿਆਂ ਦੇ ਸਨ। ਗੁਰਬਾਣੀ ਅਤੇ ਗੁਰਸਿਖੀ ਦੀ ਲਾਗ ਆਪ ਨੂੰ ਆਪਣੇ ਪਿਤਾ ਜੀ ਤੋਂ ਵਿਰਸੇ ਵਿਚ ਮਿਲੀ। ਵੈਦਗੀ ਤੇ ਹਕੀਮੀ ਦਾ ਗਿਆਨ ਵੀ ਆਪ ਨੂੰ ਪਿਤਾ ਜੀ ਪਾਸੋਂ ਪ੍ਰਾਪਤ ਹੋਇਆ। ਮੁਢਲੀ ਵਿਦਿਆ ਪ੍ਰਾਪਤ ਕਰਨ ਤੋਂ ਪਿਛੋਂ ਆਪ ਨੇ ਐਲੋਪੈਥੀ ਡਾਕਟਰੀ ਦੀ ਸਿਖਿਆ ਵੀ ਪ੍ਰਾਪਤ ਕੀਤੀ। ਸ਼ੁਰੂ ਸ਼ੁਰੂ ਵਿਚ ਆਪ ਜੀ ਨੇ ਅਜਨਾਲੇ ਅਤੇ ਅੰਮ੍ਰਿਤਸਰ ਵਿਚ ਕੁਝ ਸਮਾਂ ਨੌਕਰੀ ਕੀਤੀ, ਪ੍ਰੰਤੂ ਪਿਛੋਂ ਆਪ ਆਪਣਾ ਸੁਤੰਤਰ ਕਾਰ-ਵਿਹਾਰ ਕਰਨ ਲਗ ਪਏ। ਆਪ ਜੀ ਦੇ ਉਤਸ਼ਾਹ ਦੇਣ ਤੇ ਸਿੰਘ ਸਭਾ, ਅੰਮ੍ਰਿਤਸਰ ਨੇ ਗ਼ਰੀਬਾਂ ਲਈ ਹਸਪਤਾਲ ਅਤੇ ਸਿੰਘ ਸਭਾ ਡਿਸਪੈਂਸਰੀ ਖੋਲ੍ਹੀ, ਜਿਥੇ ਆਪ ਮੁਫ਼ਤ ਸੇਵਾ ਕਰਦੇ ਰਹੇ। ਉਨ੍ਹਾਂ ਨੇ ਕੇਵਲ ਮੁਫ਼ਤ ਸੇਵਾ ਹੀ ਨਹੀਂ ਕੀਤੀ, ਸਗੋਂ ਦਵਾਈਆਂ ਦਾ ਇਕ ਵਡਾ ਖ਼ਰਚ ਭੀ ਆਪਣੇ ਪਾਸੋਂ ਕਰਦੇ ਰਹੇ।

ਡਾਕਟਰ ਸਾਹਿਬ ਸੰਸਕ੍ਰਿਤ, ਬ੍ਰਿਜ ਭਾਸ਼ਾ ਅਤੇ ਹਿੰਦੀ ਦੇ ਚੰਗੇ ਵਿਦਵਾਨ ਸਨ। ਅੰਗਰੇਜ਼ੀ ਅਤੇ ਫ਼ਾਰਸੀ ਵੀ ਆਪ ਜਾਣਦੇ ਸਨ। ਆਪ ਨੇ ਪੰਜਾਬੀ ਵਿਚ ਕਈ ਪੁਸਤਕਾਂ ਤੇ ਟ੍ਰੈਕਟ ਲਿਖੇ। ਆਪ ਜੀ ਦੀਆਂ ਪੁਸਤਕਾਂ ਵਿਚੋਂ 'ਜੰਗ ਮੜੋਲੀ', 'ਹੀਰ ਭਾਈ ਗੁਰਦਾਸ' ਅਤੇ 'ਸ਼ਰਾਬ ਕੌਰ' ਪ੍ਰਸਿਧ ਹਨ। 'ਬਾਣੀ ਬਿਉਰਾ' ਅਤੇ 'ਸ਼ਬਦ ਬ੍ਰਿਤੀ ਪ੍ਰਕਾਸ਼' ਵੀ ਆਪ ਦੀ ਅਣਥਕ ਘਾਲ ਦਾ ਨਮੂਨਾ ਹਨ। ਆਪ ਨੇ 'ਸ਼ਕੁੰਤਲਾ ਨਾਟਕ' ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਆਪ ਜੀ ਵਲੋਂ ਲਿਖੇ ਗਏ ਬਹੁਤ ਸਾਰੇ ਟਰੈਕਟ ਸੁਸਾਇਟੀ ਵਲੋਂ ਛਾਪੇ ਗਏ। ਆਪ ਨੇ ਸਿਖ ਕੌਮ ਵਿਚ ਗੁਰਪੁਰਬ ਮਨਾਉਣ ਦਾ ਪ੍ਰਚਾਰ ਕੀਤਾ। ਆਪ ਵਿਦਵਾਨਾਂ ਨਾਲ ਮਿਲ ਕੇ ਸਿਖ ਕੌਮ ਦੀ ਆਰਥਕ ਅਤੇ ਪ੍ਰਮਾਰਥਿਕ ਦਸ਼ਾ ਸੁਧਾਰਨ ਲਈ ਵਿਚਾਰਾਂ ਅਤੇ ਯਤਨ ਕਰਦੇ। ਲੋਕਾਂ ਦੇ ਦਿਲਾਂ ਵਿਚ ਆਪ ਲਈ ਅਤਿਅੰਤ ਪਿਆਰ ਸੀ। ਆਪ ਗਰੀਬਾਂ ਦੇ ਬੜੇ ਹਮਦਰਦੀ ਸਨ ਅਤੇ ਲੋੜਵੰਦਾਂ ਦੀ ਪੈਸਿਆਂ ਅਤੇ ਕਪੜਿਆਂ ਨਾਲ ਸਹਾਇਤਾ ਕਰਦੇ ਸਨ। ਆਪ ਗਰੀਬ ਬੀਮਾਰਾਂ ਤੋਂ ਫੀਸ ਨਹੀਂ ਲੈਂਦੇ ਸਨ ਅਤੇ ਉਨ੍ਹਾਂ ਦੀ ਖ਼ੁਰਾਕ ਲਈ ਆਪਣੇ ਪਾਸੋਂ ਖਰਚਾ ਕਰਦੇ ਸਨ। ਆਪ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ। ਆਪ ਨੇ ਹੀ ਅੰਮ੍ਰਿਤਸਰ ਵਿਚ ਕਵੀ ਦਰਬਾਰਾਂ ਦੇ ਅਰੰਭ ਕਰਨ ਦਾ ਉਪਰਾਲਾ ਕੀਤਾ।

ਆਪ ਜੀ ਦੇ ਘਰ ਚਾਰ ਲੜਕੇ ਅਤੇ ਦੋ ਲੜਕੀਆਂ ਨੇ ਜਨਮ ਲਿਆ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਸਭ ਤੋਂ ਵੱਡੇ ਸਪੁਤਰ ਸਨ। ਡਾਕਟਰ ਸਾਹਿਬ 55 ਸਾਲ ਦੀ ਆਯੂ ਭੋਗ ਕੇ ਗੁਰਪੁਰੀ ਸਿਧਾਰ ਗਏ।

 www.sikhbookclub.com

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਜਨਮ 5 ਦਸੰਬਰ 1872ਈ. ਨੂੰ ਡਾ: ਚਰਨ ਸਿੰਘ ਜੀ ਦੇ ਗ੍ਰਹਿ ਵਿਖੇ ਸ੍ਰੀ ਅੰਮ੍ਰਿਤਸਰ ਹੋਇਆ। ਆਪ ਜੀ ਦੇ ਪਿਤਾ ਡਾ: ਚਰਨ ਸਿੰਘਜੀ ਅਤੇ ਨਾਨਾ ਗਿਆਨੀ ਹਜ਼ਾਰਾ ਸਿੰਘ ਜੀ ਨਾਮਰਸੀਏ ਅਤੇ ਸਾਹਿਤਕ ਰੁਚੀਆਂ ਵਾਲੇ ਸਨ। ਉਨ੍ਹਾਂ ਦਾ ਪ੍ਰਭਾਵ ਭਾਈ ਸਾਹਿਬ ਤੇ ਪੈਣਾ ਸੁਭਾਵਕ ਸੀ। ਆਪ ਨੇ ਆਪਣੀ ਮੁਢਲੀ ਵਿਦਿਆ ਆਪਣੇ ਨਾਨਾ ਜੀ ਪਾਸੋਂ ਹੀ ਪ੍ਰਾਪਤ ਕੀਤੀ। ਨਾਨਾ ਜੀ ਦਾ ਆਪ ਜੀ ਨਾਲ ਘਨਿਸ਼ਟ ਪਿਆਰ ਸੀ। ਸਾਹਿਤਕ ਕੰਮਾਂ ਵਿਚ ਆਪ ਆਪਣੇ ਨਾਨਾ ਜੀ ਦਾ ਹੱਥ ਵਟਾਉਂਦੇ ਰਹੇ ਅਤੇ ਕਈ ਕਿਤਾਬਾਂ ਦਾ ਉਲਥਾ ਪੰਜਾਬੀ ਵਿਚ ਕੀਤਾ। ਉਸ ਸਮੇਂ ਪੰਜਾਬੀ ਪੁਸਤਕਾਂ ਦੀ ਥੁੜ ਸੀ। ਭਾਈ ਸਾਹਿਬ ਨੇ ਨਾਨਾ ਜੀ ਨੂੰ ਕਿਹਾ ਕਿ ਤੁਸੀਂ ਪੰਜਾਬੀ ਵਿਚ ਉਲਥੇ ਤਾਂ ਕਰ ਦੇਂਦੇ ਹੋ ਪਰ ਤੁਸੀਂ ਆਪ ਮੌਲਕ ਰਚਨਾ ਕਿਉਂ ਨਹੀਂ ਕਰਦੇ। ਨਾਨਾ ਜੀ ਇਹ ਗੱਲ ਸੁਣ ਕੇ ਹੱਸ ਪਏ ਅਤੇ ਉੱਤਰ ਦਿਤਾ, "ਬਰਖੁਰਦਾਰ, ਮੈਂ ਨਹੀਂ ਲਿਖ ਸਕਿਆ ਪਰ ਤੂੰ ਜ਼ਰੂਰ ਲਿਖੇਂਗਾ"। ਨਾਨਾ ਜੀ ਦਾ ਇਹ ਬੋਲ ਬਿਲਕੁਲ ਸੱਚ ਨਿਕਲਿਆ। ਆਪ ਅੱਠ ਸਾਲ ਦੀ ਆਯੂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਾ ਪਾਠ ਕਰ ਲੈਂਦੇ ਸਨ। 1891 ਵਿਚ ਮਿਸ਼ਨ ਹਾਈ ਸਕੂਲ ਤੋਂ ਆਪ ਨੇ ਐਂਟਰੈਂਸ ਦਾ ਇਮਤਿਹਾਨ ਪਾਸ ਕੀਤਾ। ਆਪ ਜ਼ਿਲੇ ਭਰ ਵਿਚ ਅੱਵਲ ਰਹੇ ਅਤੇ ਆਪ ਨੂੰ ਡਿਸਟ੍ਰਿਕਟ ਬੋਰਡ ਵਲੋਂ ਸੋਨੇ ਦਾ ਤਗ਼ਮਾ ਇਨਾਮ ਵਜੋਂ ਮਿਲਿਆ। ਐਂਟਰੈਂਸ ਪਾਸ ਕਰਨ ਤੋਂ ਉਪਰੰਤ ਆਪ ਨੂੰ ਨੌਕਰੀ ਦੇ ਕਈ ਸੱਦੇ ਪੱਤ੍ਰ ਆਏ। ਆਪ ਜੀ ਦੇ ਪਿਤਾ ਜੀ ਅਤੇ ਨੇੜੇ ਦੇ ਸਬੰਧੀਆਂ ਦੀ ਇਹ ਇਛਾ ਸੀ ਕਿ ਆਪ ਕੋਈ ਸਰਕਾਰੀ ਨੌਕਰੀ ਪ੍ਰਵਾਨ ਕਰ ਲੈਣ। ਪਰ ਆਪ ਜੀ ਦੀ ਖੁਲ੍ਹੀ ਤਬੀਅਤ ਨੇ ਇਨ੍ਹਾਂ ਨੂੰ ਸਵੀਕਾਰ ਨਾ ਕੀਤਾ। ਆਪ ਆਪਣੇ ਸੁਤੰਤਰ ਕਾਰ ਵਿਹਾਰ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਆਪਣੇ ਭਵਿਖ ਲਈ ਦੋ ਨਿਸ਼ਾਨੇ ਸਨਮੁਖ ਰਖੇ ਹੋਏ ਸਨ। ਇਕ ਤਾਂ ਆਪਣੀ ਮਾਤ ਭਾਸ਼ਾ ਦਾ ਭੰਡਾਰਾ ਭਰਨ ਲਈ ਜੋ ਕਿ ਸੱਖਣਾ ਪਿਆ ਹੋਇਆ ਸੀ। ਉਸ ਸਮੇਂ ਪੰਜਾਬੀ ਸਾਹਿਤ ਨਾ ਹੋਣ ਦੇ ਬਰਾਬਰ ਸੀ। ਆਪ ਜੀ ਦੀ ਇਹ ਪ੍ਰਬਲ ਇੱਛਾ ਸੀ ਕਿ ਪੰਜਾਬੀ ਦੀ ਫੁਲਵਾੜੀ ਜਿਹੜੀ ਵੀਰਾਨ ਪਈ ਹੋਈ ਹੈ, ਸੇਵਾ ਰਾਹੀਂ ਸਰਸਬਜ਼ ਕਰ ਕੇ ਦੂਜੀਆਂ ਭਾਸ਼ਾਵਾਂ ਦੀਆਂ ਫੁਲਵਾੜੀਆਂ ਦੇ ਟਾਕਰੇ ਤੇ ਲਿਆ ਖੜੀ ਕੀਤੀ ਜਾਵੇ। ਆਪ ਜੀ ਦਾ ਦੂਜਾ ਨਿਸ਼ਾਨਾ ਇਹ ਸੀ ਕਿ ਦੁਖੀ ਜਗਤ ਨੂੰ ਰੂਹਾਨੀ ਪੱਖ ਤੋਂ ਉਚਾ ਚੁਕਿਆ ਜਾਵੇ। ਇਸ ਨੂੰ ਆਪ ਨੇ ਰੂਹਾਨੀ ਸਾਹਿਤ ਰਾਹੀਂ ਲੋਕ ਸੁਰਤਾਂ ਨੂੰ ਅਰਸ਼ੀ ਰੰਗਾਂ ਵਿਚ ਲੈ ਜਾਣ ਦੀ ਠਾਣ ਲਈ। ਇਹ ਦੋ ਨਿਸ਼ਾਨੇ ਮੁਖ ਰਖ ਕੇ ਆਪ ਨੇ ਆਪਣੀ ਕਲਮ ਚੁਕੀ ਅਤੇ ਲਗ ਪਗ 50 ਵਰ੍ਹੇ ਤੋਂ ਵਧ ਸਮੇਂ ਤਕ ਆਪ ਨੇ ਇਹ ਸੇਵਾ ਕੀਤੀ।

ਜਿਵੇਂ ਕਿ ਉਪਰ ਵਰਨਣ ਕੀਤਾ ਗਿਆ ਹੈ ਕਿ ਭਾਈ ਸਾਹਿਬ ਆਪਣਾ ਸੁਤੰਤਰ ਕਾਰ ਵਿਹਾਰ ਕਰਨਾ ਚਾਹੁੰਦੇ ਸਨ, ਇਸ ਆਸ਼ੇ ਨੂੰ ਮੁਖ ਰਖ ਕੇ 1892 ਵਿਚ ਆਪ ਨੇ ਭਾਈ ਵਜ਼ੀਰ

ਸਿੰਘ ਜੀ ਨਾਲ ਮਿਲ ਕੇ ਵਜ਼ੀਰ ਹਿੰਦ ਪ੍ਰੈਸ ਨਾਮ ਦਾ ਛਾਪਾ ਖਾਨਾ ਖੋਲ੍ਹਿਆ। ਉਸ ਸਮੇਂ ਟਾਈਪ ਆਦਿ ਨਹੀਂ ਬਣੇ ਸਨ, ਪੱਥਰਾਂ ਦੇ ਛਾਪੇ ਖਾਨੇ ਹੁੰਦੇ ਸਨ। ਗੁਰਮੁਖੀ ਲਿੱਥੋ ਦੁਆਰਾ ਹੀ ਪੱਥਰਾਂ ਉਪਰ ਛਾਪੀ ਜਾਂਦੀ ਸੀ। ਸ਼ੁਰੂ ਵਿਚ ਆਪ ਨੇ ਛਪਾਈ ਵਾਲਾ ਇਕ ਪੱਥਰ ਕਰਾਏ ਤੇ ਲਿਆ। ਫਿਰ ਉਸੇ ਨੂੰ ਹੀ ਖਰੀਦ ਲਿਆ। ਜਿਹੜੀ ਆਮਦਨ ਹੋਈ ਉਹ ਸਾਰੀ ਪ੍ਰੈਸ ਵਿਚ ਹੀ ਲਗਾਈ ਗਈ ਅਤੇ ਇਸ ਨਾਲ ਇਕ ਹੋਰ ਪੱਥਰ ਖਰੀਦ ਲਿਆ। ਥੋਹੜੇ ਸਮੇਂ ਵਿਚ ਹੀ ਇਨ੍ਹਾਂ ਦਾ ਛੇ ਪੱਥਰਾਂ ਵਾਲਾ ਪ੍ਰੈਸ ਹੋ ਗਿਆ। ਜਦ ਪਹਿਲੀ ਵਾਰ ਇਹ ਪ੍ਰੈਸ-ਪੱਥਰ ਇਕਠੇ ਚਲੇ ਤਾਂ ਇਕ ਕਾਫੀ ਵਡੀ ਭੀੜ ਇਸ ਛਾਪੇ ਖਾਨੇ ਨੂੰ ਵੇਖਣ ਆਈ। ਉਸ ਸਮੇਂ ਇਹ ਸਭ ਤੋਂ ਵਡਾ ਪੰਜਾਬੀ ਦਾ ਪ੍ਰੈਸ ਸੀ। ਇਸ ਤੋਂ ਪਿਛੋਂ ਟਾਈਪ ਬਣੇ ਤੇ ਭਾਈ ਸਾਹਿਬ ਨੇ ਨਵੀਆਂ ਮਸ਼ੀਨਾਂ ਮੰਗਵਾਈਆਂ। ਇਹ ਪ੍ਰੈਸ ਅੰਮ੍ਰਿਤਸਰ ਵਿਚ ਸਭ ਤੋਂ ਵਡਾ ਪ੍ਰੈਸ ਸੀ।

ਉਸ ਸਮੇਂ ਉਨ੍ਹਾਂ ਨੇ ਆਪਣੀ ਲੇਖਣੀ ਰਾਹੀਂ ਪੰਥ ਤੇ ਪੰਜਾਬੀ ਮਾਤ ਭਾਸ਼ਾ ਦੀ ਸੇਵਾ ਕਰਨੀ ਸ਼ੁਰੂ ਕੀਤੀ। ਆਪ ਨੇ ਆਪਣੀ ਲੇਖਣੀ ਰਾਹੀਂ ਪੰਜਾਬੀ ਮਾਤ ਭਾਸ਼ਾ ਦੇ ਭੰਡਾਰੇ ਵਿਚ ਸਿਖ ਸਾਹਿਤ ਨਾਲ ਮਹਾਨ ਵਾਧਾ ਕੀਤਾ। ਆਪ ਦੀ ਲੇਖਣੀ ਨਾਲ ਨਵੀਨ ਪੰਜਾਬੀ ਬੋਲੀ ਦੇ ਸਾਹਿਤ ਦਾ ਇਤਿਹਾਸ ਸ਼ੁਰੂ ਹੁੰਦਾ ਹੈ। ਗੁਰੂ ਸਾਹਿਬਾਨ ਨੇ ਲਗ ਪਗ 400 ਵਰ੍ਹੇ ਪੰਜਾਬੀ ਸਭਿਆਚਾਰ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਰਾਹੀਂ ਪ੍ਰਫੁਲਤ ਕੀਤਾ। ਭਾਈ ਗੁਰਦਾਸ ਤੋਂ ਪਿਛੋਂ ਸਿਖ ਸਾਹਿਤ, ਜੋ ਪੰਜਾਬੀ ਸਾਹਿਤ ਦਾ ਸਰਵੋਤਮ ਅੰਗ ਹੈ, ਆਪਣੀ ਪੱਧਰ ਤੋਂ ਹੇਠਾਂ ਆ ਗਿਆ ਸੀ। ਸਿਖ ਵਿਦਵਾਨ ਬ੍ਰਿਜ ਭਾਸ਼ਾ ਵਿਚ ਸਾਹਿਤਕ ਰਚਨਾ ਕਰਨਾ ਫਖਰ ਸਮਝਣ ਲਗ ਪਏ ਅਤੇ ਪੰਜਾਬੀ ਭਾਸ਼ਾ ਨੂੰ ਗੰਵਾਰੂ ਭਾਸ਼ਾ ਕਹਿ ਕੇ ਪਿਛੇ ਸੁਟ ਦਿਤਾ। ਭਾਈ ਸਾਹਿਬ ਨੇ ਅਜਿਹੇ ਸਮੇਂ ਆਪਣੀ ਮਾਤ ਭਾਸ਼ਾ ਨੂੰ ਉਚਾ ਚੁਕਣ ਅਤੇ ਸਾਹਿਤਕ ਰਚਨਾ ਕਰਨ ਦੀ ਪਕੀ ਠਾਣ ਲਈ। ਉਨ੍ਹਾਂ ਨੂੰ ਪੰਜਾਬੀ ਭਾਸ਼ਾ ਵਿਚ ਸਾਹਿਤ ਰਚਨਾ ਕਰਨ ਤੋਂ ਹੋੜਿਆ ਵੀ ਗਿਆ ਪਰ ਆਪ ਆਪਣੇ ਨਿਸ਼ਾਨੇ ਤੇ ਡਟੇ ਰਹੇ ਅਤੇ ਕਿਸੇ ਦੀ ਰਤਾ ਵੀ ਪ੍ਰਵਾਹ ਨਾ ਕੀਤੀ। ਇਕ ਵਾਰੀ ਆਪ ਜੀ ਦੇ ਪਿਤਾ ਜੀ ਦੇ ਮਿੱਤਰ ਬਾਬਾ ਸੁਮੇਰ ਸਿੰਘ, ਮਹੰਤ ਪਟਣਾ ਸਾਹਿਬ, ਜੋ ਬ੍ਰਿਜ ਭਾਸ਼ਾ ਦੇ ਪ੍ਰਸਿਧ ਕਵੀ ਸਨ, ਨੇ ਆਪ ਦੇ ਪਿਤਾ ਜੀ ਨੂੰ ਕਿਹਾ ਕਿ ਆਪ ਦਾ ਬਰਖੁਰਦਾਰ ਪੰਜਾਬੀ ਵਿਚ ਕਵਿਤਾ ਲਿਖਦਾ ਹੈ, ਉਸ ਨੂੰ ਇਸ ਪਾਸਿਓਂ ਹਟਾ ਕੇ ਬ੍ਰਿਜ ਭਾਸ਼ਾ ਵਿਚ ਲਿਖਣ ਲਈ ਕਹੋ। ਡਾਕਟਰ ਸਾਹਿਬ ਹੱਸ ਪਏ ਅਤੇ ਕਹਿਣ ਲਗੇ ਕਿ ਮੈਂ ਬਰਖੁਰਦਾਰ ਨੂੰ ਆਪ ਜੀ ਪਾਸ ਭੇਜ ਦੇਵਾਂਗਾ, ਤੁਸੀਂ ਉਸ ਨੂੰ ਸਮਝਾ ਦੇਣਾ। ਭਾਈ ਸਾਹਿਬ ਉਸ ਸਮੇਂ ਲਗ ਪਗ 30 ਵਰ੍ਹਿਆਂ ਦੇ ਸਨ। ਭਾਈ ਸਾਹਿਬ ਬਾਬਾ ਜੀ ਨੂੰ ਮਿਲੇ ਅਤੇ ਬਾਬਾ ਜੀ ਕਹਿਣ ਲੱਗੇ ਕਿ ਤੁਸੀਂ ਜੋ ਕੁਝ ਲਿਖਦੇ ਹੋ ਸਾਨੂੰ ਸੁਣਾਓ। ਭਾਈ ਸਾਹਿਬ ਉਨ੍ਹਾਂ ਦਿਨਾਂ

ਵਿਚ 'ਰਾਣਾ ਸੂਰਤ ਸਿੰਘ' ਦੀ ਰਚਨਾ ਕਰ ਰਹੇ ਸਨ। ਭਾਈ ਸਾਹਿਬ ਨੇ ਉਸ ਵਿਚੋਂ ਇਕ ਕਾਂਡ ਪੜ੍ਹ ਕੇ ਸੁਣਾਇਆ। ਬਾਬਾ ਜੀ ਸੁਣ ਕੇ ਹੈਰਾਨ ਹੋ ਗਏ ਅਤੇ ਖੁਸ਼ ਹੋ ਕੇ ਅਸੀਸਾਂ ਦਿਤੀਆਂ ਅਤੇ ਕਹਿਣ ਲਗੇ : "ਬਰਖੁਰਦਾਰ ਤੈਨੂੰ ਮੈਂ ਸਦਿਆ ਤਾਂ ਸੀ ਜੋ ਪੰਜਾਬੀ ਵਲੋਂ ਹਟਾ ਕੇ ਬ੍ਰਿਜ ਭਾਸ਼ਾ ਵਲ ਪ੍ਰੇਰਤ ਕਰਾਂਗਾ। ਪਰ ਤੇਰੀ ਕਵਿਤਾ ਸੁਣ ਕੇ ਮੈਂ ਆਪ ਪੰਜਾਬੀ ਵਲ ਪ੍ਰੇਰਿਤ ਹੋ ਗਿਆ ਹਾਂ, ਹੁਣ ਮੈਂ ਵੀ ਪੰਜਾਬੀ ਵਿਚ ਹੀ ਲਿਖਿਆ ਕਰਾਂਗਾ।"

ਆਪ ਨੇ ਆਪਣੀ ਲੇਖਣੀ ਰਾਹੀਂ ਸਿਖ ਕੌਮ ਅਤੇ ਪੰਜਾਬੀ ਭਾਸ਼ਾ ਦੀ ਜੋ ਸੇਵਾ ਕੀਤੀ ਹੈ ਉਹ ਕਦੇ ਨਾ ਭੁਲ ਸਕਣ ਵਾਲੀ ਹੈ। ਆਪ ਨੇ ਕੇਵਲ ਇਕ ਜਾਂ ਦੋ ਲੇਖ ਹੀ ਨਹੀਂ ਲਿਖੇ, ਸਗੋਂ ਇਤਨਾ ਕੁਝ ਲਿਖਿਆ ਕਿ ਜਿਸ ਦੀ ਗਿਣਤੀ ਕਰਨੀ ਵੀ ਅਸੰਭਵ ਹੈ। ਆਪ ਨੇ ਗੱਦ ਅਤੇ ਪੱਦ ਦੋਹਾਂ ਵਿਚ ਲਿਖਿਆ। ਜਿਥੇ ਕਵਿਤਾ ਰੱਜ ਕੇ ਕੀਤੀ ਹੈ ਉਥੇ ਵਾਰਤਕ ਤੋਂ ਵੀ ਪਿਛੇ ਨਹੀਂ ਰਹੇ। ਲਿਖ ਲਿਖ ਕੇ ਢੇਰਾਂ ਦੇ ਢੇਰ ਲਾ ਦਿਤੇ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਆਪ ਜੀ ਜਿਨਾਂ ਕਿਸੇ ਵੀ ਨਹੀਂ ਲਿਖਿਆ। ਆਪ ਨੇ ਕਵਿਤਾ ਵਿਚ ਮਹਾਂ-ਕਾਵਿ, ਬਿਰਤਾਂਤੀ ਕਵਿਤਾ, ਸਰੋਦੀ ਰਚਨਾ, ਗੀਤ ਆਦਿ ਵੰਨ ਸੁਵੰਨੇ ਪੁਰਾਣੇ ਤੇ ਨਵੇਂ ਛੰਦਾਂ ਵਿਚ ਰਚੇ ਹਨ। ਆਪ ਜੀ ਦੀ ਗੱਦ ਸਾਹਿਤ ਵਿਚ ਵੀ ਬਹੁਤ ਵੰਨਗੀ ਮਿਲਦੀ ਹੈ। ਆਪ ਨੇ ਵਾਰਤਕ ਦਾ ਕੋਈ ਰੂਪ ਨਹੀਂ ਛਡਿਆ, ਜਿਸ ਤੇ ਆਪ ਨੇ ਆਪਣੀ ਕਲਮ ਨਾ ਆਜਮਾਈ ਹੋਵੇ। ਆਪ ਨੇ ਨਾਵਲ, ਨਾਟਕ, ਕਹਾਣੀਆਂ, ਜੀਵਨੀਆਂ, ਇਤਿਹਾਸਕ ਬਿਰਤਾਂਤ, ਲੇਖ, ਸੰਪਾਦਨਾਂ, ਸਮਾਲੋਚਨਾ ਆਦਿ ਲਿਖੇ। ਆਪ ਜੀ ਦੀ ਇਸ ਲੇਖਣੀ ਤੋਂ ਉਤੇਜਤ ਹੋ ਕੇ ਅਨੇਕਾਂ ਲੇਖਕਾਂ, ਕਵੀਆਂ, ਨਾਟਕਕਾਰਾਂ, ਨਾਵਲਿਸਟਾਂ, ਗੁਰਮਤ ਗਿਆਨੀਆਂ, ਫਿਲਾਸਫਰਾਂ ਨੇ ਜਨਮ ਲਿਆ। ਇਸੇ ਕਾਰਨ ਆਪ ਨੂੰ ਕੌਮ ਅੰਦਰ, ਦੇਸ਼ ਵਿਚ ਅਤੇ ਵਿਦਵਾਨਾਂ ਵਿਚ ਆਧੁਨਿਕ ਪੰਜਾਬੀ ਦੇ ਜਨਮ ਦਾਤਾ ਕਰ ਕੇ ਸਤਿਕਾਰਿਆ ਜਾਂਦਾ ਹੈ। ਆਪ ਪੰਜਾਬੀ ਭਾਸ਼ਾ ਦੇ ਚਮਨ ਦੇ ਇਕ ਸੁਘੜ ਮਾਲੀ ਸਨ। ਆਪ ਨੇ ਭੁੱਲੀ ਵਿਸਰੀ ਪੰਜਾਬੀ ਬੋਲੀ ਦੀ ਬੰਜਰ ਜ਼ਮੀਨ ਨੂੰ ਸਰਸਬਜ਼ ਕਰ ਕੇ ਵੰਨ ਸੁਵੰਨੇ ਬੂਟੇ ਲਾਏ। ਇਨ੍ਹਾਂ ਬੂਟਿਆਂ ਨੂੰ ਪਾਲ ਪੋਸ ਕੇ ਇਕ ਫੁਲਵਾੜੀ ਵਿਚ ਪਲਟ ਦਿਤਾ ਅਤੇ ਇਸ ਦੀ ਮਹਿਕ ਤੇ ਰਸ ਨੂੰ ਸਾਰੀ ਕੌਮ ਦੇ ਅਰਪਨ ਕਰ ਦਿਤਾ।

ਆਪ ਜੀ ਦੀਆਂ ਰਚੀਆਂ ਰਚਨਾਵਾਂ ਵਿਚ ਗੁਰੂ ਨਾਨਕ ਚਮਤਕਾਰ, ਗੁਰੂ ਕਲਗੀਧਰ ਚਮਤਕਾਰ, ਸ੍ਰੀ ਅਸ਼ਟ ਗੁਰ ਚਮਤਕਾਰ, ਬਾਬਾ ਨੌਧ ਸਿੰਘ, ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ, ਰਾਣਾ ਸੂਰਤ ਸਿੰਘ, ਲਹਿਰਾਂ ਦੇ ਹਾਰ, ਬਿਜਲੀਆਂ ਦੇ ਹਾਰ, ਮਟਕ ਹੁਲਾਰੇ, ਮੇਰੇ ਸਾਂਈਆਂ ਜੀਓ, ਭਰਥਰੀ ਹਰੀ ਜੀਵਨ ਤੇ ਨੀਤੀ ਸ਼ੱਤਕ, ਰਾਜਾ ਲਖਦਾਤਾ ਸਿੰਘ, ਪ੍ਰੀਤ ਵੀਣਾ, ਕੰਤ ਮਹੇਲੀ, ਕੰਬਦੀ ਕਲਾਈ, ਗੁਰ ਬਾਲਮ ਸਾਖੀਆਂ ਆਦਿ ਸ਼ਾਮਲ ਹਨ। ਆਪ ਜੀ ਨੇ ਸੰਪਾਦਨ ਵੀ ਕੀਤੇ ਹਨ। ਪੁਰਾਤਨ ਜਨਮ ਸਾਖੀ, ਸਿਖਾ ਦੀ ਭਗਤ ਮਾਲਾ, ਪ੍ਰਾਚੀਨ ਪੰਥ

 www.sikhbookclub.com

ਪ੍ਰਕਾਸ਼, ਮਹਾਨ ਵਿਸ਼ਾਲ ਗ੍ਰੰਥ ਗੁਰ ਨਾਨਕ ਪ੍ਰਕਾਸ਼ ਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਆਪ ਦੀ ਅਨੇਕਾਂ ਸਾਲਾਂ ਦੀ ਅਣਥੱਕ ਘਾਲ ਦਾ ਸਿਟਾ ਹਨ। ਆਪ ਜੀ ਨੇ ਗੁਰਬਾਣੀ ਦੇ ਕਈ ਟੀਕੇ ਕੀਤੇ ਹਨ। ਪੰਜ ਗ੍ਰੰਥੀ ਸਟੀਕ ਤੋਂ ਛੁਟ ਭਾਈ ਗੁਰਦਾਸ ਜੀ ਦੇ ਕਬਿਤ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਚੋਣਵੀਆਂ ਕਠਨ ਬਾਣੀਆਂ ਦੇ ਟੀਕੇ ਖਾਲਸਾ ਟ੍ਰੈਕਟ ਸੁਸਾਇਟੀ ਦਵਾਰਾ ਪ੍ਰਕਾਸ਼ਤ ਹੋਏ ਹਨ।

ਸਾਹਿਤ ਸੇਵਾ ਤੋਂ ਛੁਟ ਕੌਮੀ ਬਿਹਤਰੀ ਲਈ ਵੀ ਆਪ ਜੀ ਨੇ ਕਈ ਠਿੱਗਰ ਕੰਮ ਕੀਤੇ ਹਨ। ਕੌਮ ਵਿਚ ਭਾਈਚਾਰਕ ਸੁਧਾਰਕ ਤੇ ਸਿਖੀ ਪ੍ਰਚਾਰ ਲਈ 'ਖਾਲਸਾ ਟ੍ਰੈਕਟ ਸੋਸਾਇਟੀ' ਦੀ ਨੀਂਹ ਰਖੀ ਅਤੇ ਸਪਤਾਹਕ ਪੱਤ੍ਰ 'ਖ਼ਾਲਸਾ ਸਮਾਚਾਰ' ਸ਼ੁਰੂ ਕੀਤਾ। ਵਿਦਿਆ ਪ੍ਰਚਾਰ ਨੂੰ ਵਿਸ਼ਾਲ ਕਰਨ ਲਈ ਵਿਦਿਅਕ ਕਾਨਫਰੰਸ ਦੀ ਨੀਂਹ ਰਖੀ। ਖਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਵਿਚ ਆਪ ਜੀ ਦਾ ਕਾਫੀ ਹਿੱਸਾ ਸੀ। ਚੀਫ ਖਾਲਸਾ ਦੀਵਾਨ ਦੇ ਆਪ ਮੋਢੀਆਂ ਵਿਚੋਂ ਸਨ। ਸੈਂਟਰਲ ਯਤੀਮ ਖਾਨਾ, ਸੂਰਮਾ ਸਿੰਘ ਆਸ਼ਰਮ, ਹੋਮਿਓਪੈਥਕ ਫਰੀ ਹਸਪਤਾਲ, ਪ੍ਰਚਾਰਕ ਵਿਦਿਆਲਾ ਤਰਨ ਤਾਰਨ, ਬਿਰਧ ਘਰ ਆਦਿ ਅਨੇਕਾਂ ਆਸ਼ਰਮ ਆਪ ਦੀ ਅਣਥੱਕ ਘਾਲਣਾ ਦਾ ਸਿੱਟਾ ਹਨ। ਗੁਰਧਾਮਾਂ ਦੀ ਸੇਵਾ ਵੀ ਆਪ ਜੀ ਨੇ ਰੱਜ ਕੇ ਕੀਤੀ ਹੈ। ਕਸ਼ਮੀਰ ਵਿਚ ਛੇਵੇਂ ਪਾਤਸ਼ਾਹ ਜੀ ਦਾ ਗੁਰਧਾਮ ਸਿੰਘ ਪੁਰੇ ਤੇ ਹਿਮਾਲੀਆ ਦੀ ਚੋਟੀ ਤੇ ਸ੍ਰੀ ਹੇਮਕੁੰਟ ਸਾਹਿਬ ਆਪ ਦੇ ਗੁਰੂ ਪਿਆਰ ਦਾ ਸਬੂਤ ਹਨ। ਪੰਥ ਦੀ ਆਰਥਕ ਔਕੜ ਨੂੰ ਦੂਰ ਕਰਨ ਲਈ, ਜੋ ਆਪ ਜੀ ਤੇ ਆਪ ਜੀ ਦੇ ਸਾਥੀਆਂ ਨੇ ਰਲ ਕੇ 1908 ਵਿਚ ਪੰਜਾਬ ਐਂਡ ਸਿੰਧ ਬੈਂਕ ਦੀ ਸਥਾਪਨਾ ਕੀਤੀ, ਉਸ ਤੋਂ ਆਪ ਦੀ ਕੌਮੀ ਆਰਥਕ ਉਨਤੀ ਦੇ ਖਿਆਲ ਦੀ ਦੂਰ-ਦਰਸ਼ਤਾ ਦਾ ਪਤਾ ਲਗਦਾ ਹੈ।

ਆਪ ਜੀ ਦੀਆਂ ਲਿਖਤੀ ਸੇਵਾਵਾਂ ਨੂੰ ਧਿਆਨ ਵਿਚ ਰਖਦਿਆਂ ਈਸਟ ਪੰਜਾਬ ਯੂਨੀਵਰਸਿਟੀ ਵਲੋਂ ਆਪ ਜੀ ਨੂੰ 1949 ਵਿਚ ਡਾਕਟਰ ਆਫ ਓਰੀਐਂਟਲ ਲਿਟਰੇਚਰ ਦੀ ਔਨਰੇਰੀ ਡਿਗਰੀ ਪ੍ਰਦਾਨ ਕੀਤੀ ਗਈ। ਇਸ ਸਨਮਾਨ ਸਮੇਂ ਮਿਤਰਾਂ ਵਲੋਂ ਵਧਾਈ ਦੇ ਪੱਤ੍ਰ ਭਾਈ ਸਾਹਿਬ ਨੂੰ ਮਿਲੇ। ਆਪ ਨੇ ਇਸ ਅਵਸਰ ਤੇ ਚਾਰ ਸਤਰਾਂ ਇਸ ਤਰ੍ਹਾਂ ਕਹੀਆਂ :-

*ਦਾਦਾ ਪਿਉ ਸਨ ਵੈਦ ਡਾਕਟਰ, ਸ਼ਫਾ ਜਿਨ੍ਹਾਂ ਦੇ ਚੁੰਮਦੀ ਪੈਰ।*
*ਪਾਣੀਹਾਰ ਉਹ ਵਿਦਿਆ ਸੰਦੇ ਮਨ ਬੁਧਿ ਵਸ ਜਿਨ੍ਹਾਂ ਦੇ ਖੈਰ।*
*ਅਸੀਂ ਅਨਾੜੀ ਰਹੇ ਉਮਰ ਭਰ, ਨਾਹੀ ਵੈਦ ਨਾਂ ਬਣੇ ਹਕੀਮ।*
*ਹੁਣ ਜੇ 'ਡਾਕਟਰ' ਪਦ ਆ ਚੰਬੜੇ ਤਾਂ ਇਹ ਲਗਸੀ ਬੜਾ ਹੀ ਗੈਰ।*

1952 ਵਿਚ ਆਪ ਨੂੰ ਪੰਜਾਬ ਦੀ ਲੈਜਿਸਲੇਟਿਵ ਕੌਂਸਲ ਵਿਚ ਮੈਂਬਰ ਨਾਮਜ਼ਦ ਕੀਤਾ ਗਿਆ। 1954 ਵਿਚ ਭਾਰਤ ਸਰਕਾਰ ਨੇ ਆਪ ਨੂੰ ਸਾਹਿਤਕ ਅਕਾਡੇਮੀ ਦਾ ਮੈਂਬਰ ਨਾਮਜ਼ਦ


www.sikhbookclub.com

ਨਾਮਜ਼ਦ ਕੀਤਾ। 25 ਦਸੰਬਰ 1954 ਵਿਚ ਆਪ ਜੀ ਦੀ ਬਹੁ ਪੱਖੀ ਸੇਵਾ ਦੀ ਪ੍ਰਸੰਸਾ ਵਿਚ ਵਿਦਵਾਨਾਂ, ਸਾਹਿਤਕਾਰਾਂ, ਕਵੀਆਂ ਅਤੇ ਸੰਤਾਂ ਸਾਧਾਂ ਵਲੋਂ ਅਭਿਨੰਦਨ ਗ੍ਰੰਥ ਭੇਟ ਕੀਤਾ ਗਿਆ।

ਅਭਿਨੰਦਨ ਗ੍ਰੰਥ ਭੇਟ ਕਰਨ ਦੀ ਕਾਰਵਾਈ ਜਦੋਂ 'ਖਾਲਸਾ ਸਮਾਚਾਰ' ਵਿਚ ਭਾਈ ਸਾਹਿਬ ਨੇ ਪੜ੍ਹੀ ਤਾਂ ਆਪ ਜੀ ਨੇ ਭਾਈ ਮਹਾਂ ਸਿੰਘ ਨੂੰ, ਜੋ 'ਖਾਲਸਾ ਸਮਾਚਾਰ' ਦੇ ਸੰਪਾਦਕ ਸਨ, ਅਗੋਂ ਹੋਰ ਕੁਝ ਲਿਖਣਾ ਬੰਦ ਕਰਨ ਲਈ ਇਹ ਸਤਰਾਂ ਲਿਖੀਆਂ, ਜਿਸ ਤੋਂ ਆਪ ਜੀ ਦੀ ਨਿਮਰਤਾ ਡੁਲ੍ਹ ਡੁਲ੍ਹ ਪੈਂਦੀ ਹੈ :-

*ਰੱਜ ਰੱਜ ਕੇ ਭੰਡ ਲਿਆ ਜੇ, ਹੁਣ ਤਾਂ ਆਖੋ ਬੱਸ।*
*ਕੱਜੀ ਰਿਝੇ ਕੋਈ ਨਾ ਬੁਝੇ, ਤਦ ਤਾਂ ਭਰਦਾ ਰਸ,*
*ਨਿੰਦਾ ਉਸਤਤਿ ਦੋਊ ਬਿਵਰਜਿਤ, ਨਾ ਰੋ, ਨਾ ਪਿਆ ਹੱਸ।*
*ਦੁੰਦਾਤੀਤ ਸੁੱਖ ਦਾ ਡੇਰਾ, ਉਹ ਥਾਂ ਦੇ ਕੋਈ ਦੱਸ।*

1956 ਦੇ ਗਣ-ਰਾਜ ਦਿਵਸ ਸਮੇਂ ਭਾਰਤ ਸਰਕਾਰ ਵੱਲੋਂ ਆਪ ਨੂੰ 'ਪਦਮ ਭੂਸ਼ਨ' ਦਾ ਸਨਮਾਨ ਦਿਤਾ ਗਿਆ ਜਿਸ ਦਾ ਪ੍ਰਮਾਣ ਪੱਤ੍ਰ ਆਪ ਦੇ ਗ੍ਰਹਿ ਅੰਮ੍ਰਿਤਸਰ ਵਿਚ ਭੇਟ ਕੀਤਾ ਗਿਆ।

ਭਾਈ ਸਾਹਿਬ ਅਜੇ ਸਕੂਲ ਵਿਚ ਹੀ ਪੜ੍ਹਦੇ ਸਨ ਕਿ ਉਨ੍ਹਾਂ ਦਾ ਵਿਆਹ ਹੋ ਗਿਆ। ਆਪ ਜੀ ਦੀ ਧਰਮ ਪਤਨੀ ਦਾ ਨਾਂ ਬੀਬੀ ਚਤਰ ਕੌਰ ਸੀ। ਬੀਬੀ ਜੀ ਸਾਧੂ ਸੁਭਾ ਅਤੇ ਆਗਿਆਕਾਰੀ ਸਨ। ਆਪ ਜੀ ਦੇ ਘਰ ਦੋ ਸਪੁਤਰੀਆਂ ਹੋਈਆਂ, ਬੀਬੀ ਕਰਤਾਰ ਕੌਰ ਤੇ ਬੀਬੀ ਸੁਸ਼ੀਲ ਕੌਰ। ਬੀਬੀ ਕਰਤਾਰ ਕੌਰ ਦੀ ਸ਼ਾਦੀ ਸ੍ਰ: ਸੁੰਦਰ ਸਿੰਘ ਧੂਪੀਏ ਨਾਲ ਹੋਈ। ਬੀਬੀ ਸੁਸ਼ੀਲ ਕੌਰ ਦਾ ਵਿਆਹ ਸ੍ਰ: ਗੁਰਬਖਸ਼ ਸਿੰਘ ਘਰਜਾਖੀਏ ਨਾਲ ਹੋਇਆ।

*ਦੁਨੀਆਂ ਦਾ ਦੁਖ ਦੇਖ ਦੇਖ ਦਿਲ ਦਬਦਾ ਦਬਦਾ ਜਾਂਦਾ।*
*ਪਰ ਪੱਥਰ ਨਹੀਂ ਬਣਿਆ ਜਾਂਦਾ ਦਰਦ ਦੇਖ ਦੁਖ ਆਂਦਾ।*

ਭਾਈ ਸਾਹਿਬ ਆਪ ਖੁਦ ਆਪਣੀ ਉਪਰਲੀ ਕਵਿਤਾ ਅਨੁਸਾਰ ਦੁਖੀਆਂ ਦਾ ਦੁਖ ਦੂਰ ਕਰਨ ਲਈ ਅਤੇ ਗਰੀਬਾਂ ਦੀ ਸਹਾਇਤਾ ਕਰਨ ਲਈ ਸਦਾ ਤਤਪਰ ਰਹਿੰਦੇ ਸਨ।

ਉਹਨਾਂ ਦੇ ਸਕੂਲ ਜੀਵਨ ਦਾ ਇਕ ਵਾਕਿਆ ਹੋਰ ਯਾਦ ਆਇਆ ਹੈ ਕਿ ਆਪ ਦਾ ਕੋਈ ਜਮਾਤੀ ਬੀਮਾਰ ਹੋ ਗਿਆ, ਵੱਲ ਹੋ ਕੇ ਉਹ ਜਦ ਸਕੂਲ ਆਇਆ ਤਾਂ ਕਾਫੀ

ਕਮਜ਼ੋਰ ਸੀ। ਡਾਕਤਰ ਨੇ ਸਲਾਹ ਦਿਤੀ ਕਿ ਉਹ ਕੁਝ ਸਮਾਂ ਲਗਾਤਾਰ ਦੁੱਧ ਪੀਵੇ ਤਾਂ ਕਮਜ਼ੋਰੀ ਚਲੀ ਜਾਵੇਗੀ। ਉਸ ਨੇ ਸਕੂਲ ਦੇ ਸਾਹਮਣੇ ਜੋ ਹਲਵਾਈ ਦੀ ਦੁਕਾਨ ਸੀ, ਉਸ ਤੋਂ ਅਧ ਸੇਰ, ਯਾ ਡੇਢ੍ਹ ਪਾ, ਦੁੱਧ ਰੋਜ਼ ਉਧਾਰ ਪੀਣਾ ਸ਼ੁਰੂ ਕਰ ਦਿਤਾ। ਲੱਗਪਗ ਡੇਢ ਦੋ ਮਹੀਨੇ ਪੀਂਦਾ ਰਿਹਾ, ਉਧਾਰ ਸਿਰ ਡੇਢ ਕੁ ਰੁਪੱਯਾ ਹੋ ਗਿਆ। ਮਾਪੇ ਉਸ ਦੇ ਗ਼ਰੀਬ ਸਨ ਜਿਨ੍ਹਾਂ ਤੋਂ ਉਹ ਲਿਆ ਨਾ ਸਕਿਆ ਤੇ ਇਹ ਡੇਢ੍ਹ ਰੁਪਏ ਦੀ ਰਕਮ ਕੁਝ ਚਿਰ ਹੋਰ ਖੜੀ ਰਹਿ ਗਈ। ਹਲਵਾਈ ਤਕਰਾਰ ਕਰਨ ਲੱਗ ਪਿਆ। ਇਕ ਦਿਨ ਜਦ ਉਹ ਤਕਰਾਰ ਕਰ ਰਿਹਾ ਸੀ, ਭਾਈ ਸਾਹਿਬ ਨੇ ਸੁਣ ਲਿਆ। ਚਿੱਤ ਦ੍ਰਵ ਗਿਆ ਤੇ ਉਸ ਸਾਥੀ ਦੀ ਅਸਮੰਜਸ ਦਸ਼ਾ ਨੂੰ ਐਉਂ ਪਰਤੀਤ ਕੀਤਾ ਜਿਵੇਂ ਆਪਦੇ ਨਾਲ ਵਾਪਰ ਰਹੀ ਹੁੰਦੀ ਹੈ। ਸੋਚਿਆ! ਇਹ ਰਕਮ ਕਿਵੇਂ ਚੁਕਾਈ ਜਾਵੇ। ਆਪਣੇ ਨਾਨਾ ਜੀ ਨੂੰ ਯਾ ਪਿਤਾ ਜੀ ਨੂੰ ਅਕਾਰਣ ਖੇਚਲ ਨਹੀਂ ਸੀ ਦੇਣਾ ਚਾਹੁੰਦੇ,,, ਆਪ ਨੂੰ ਜੋ ਜੇਬ ਖਰਚ ਮਿਲਦਾ ਸੀ, ਭਾਵੇਂ ਆਪ ਬਾਜ਼ਾਰੀ ਚੀਜ਼ਾਂ ਖਾਣ ਤੋਂ ਮੁਢ ਤੋਂ ਪ੍ਰਹੇਜ਼ ਵਿਚ ਰਹਿੰਦੇ ਸਨ, ਪਰ ਉਹ ਜੇਬ ਖਰਚ ਕਿਸੇ ਹੋਰ ਨੇਕ ਕੰਮ ਵਿਚ ਖ਼ਰਚ ਹੋ ਚੁਕਾ ਸੀ। ਤੇ ਉਹਨਾਂ ਦਿਨਾਂ ਵਿੱਚ ਮਾਸਕ ਜੇਬ ਖ਼ਰਚ ਵੀ ਪੈਸਿਆਂ ਧੇਲਿਆਂ ਵਿੱਚ ਵੀ ਹੁੰਦਾ ਸੀ ਰੁਪੱਯਾਂ ਵਿਚ ਨਹੀਂ। ਨਾਨਕ ਦਾਦਕ ਸਾਕਾਂ ਤੋਂ ਇਕ ਹੋਰ ਵੱਡਾ ਸਾਕ ਆਪਦੇ ਦੇ ਅਤੀ ਨੇੜੇ ਸੀ। ਜੋ ਗਲ ਆਪ ਆਪਣੇ ਮਾਤਾ ਪਿਤਾ ਯਾ ਨਾਨਾ ਨਾਨੀ ਨੂੰ ਕਹਿਣੋਂ ਝਿਜਕਦੇ ਸਨ, ਓਹ ਆਪਣੇ ਉਸ ਪ੍ਰੀਤਮ ਨੂੰ ਬੇ-ਝਿਜਕ ਕਹਿ ਦਿਤਾ ਕਰਦੇ ਸਨ! ਉਹ ਸੀ ਜਾਗਤ ਜੋਤ ਸਤਿਗੁਰੂ ਜੋਤੀ ਸਰੂਪ ਦਸੋ ਪਾਤਸ਼ਾਹ। ਸੋ ਆਪ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਤੇ ਕਲਗੀਧਰ ਪਾਤਸ਼ਾਹ ਦੇ ਹਜ਼ੂਰ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ ਕੋਈ ਢੋ ਢੁਕਾਓ ਤਾਂ ਜੋ ਇਸ ਗ਼ਰੀਬ ਸਾਥੀ ਦਾ ਕਰਜ਼ਾ ਚੁੱਕ ਜਾਏ, ਇਸ ਨੇ ਜੋ ਕਰਜ਼ਾ ਸਿਰ ਚਾਇਆ ਹੈ ਨੇਕ ਨਿਯਤੀ ਨਾਲ ਸਰੀਰਕ ਕਮਜ਼ੋਰੀ ਨੂੰ ਦੂਰ ਕਰਨ ਲਈ ਚੁੱਕਿਆ ਹੈ, ਮਿਹਰ ਕਰੋ ਤੇ ਇਸ ਨੂੰ ਸੁਰਖਰੂ ਕਰੋ। ਸੱਚੇ ਦਿਲੋਂ ਆਪਣੇ ਅਤਿ ਨੇੜੇ ਵੱਸਦੇ ਪ੍ਰੀਤਮ ਦੇ ਹਜ਼ੂਰ ਕੀਤੀ ਅਰਦਾਸ ਖਾਲੀ ਨਹੀਂ ਜਾਂਦੀ, ਇਹ ਆਪ ਦਾ ਵਿਸ੍ਵਾਸ ਸੀ।

ਇਸ ਵਾਕਿਆ ਤੋਂ ਪਿਛੋਂ ਇਕ ਦਿਨ ਬਾਗ਼ ਦੀ ਸੈਰ ਨੂੰ ਆਪ ਪਧਾਰੇ ਤਾਂ ਬਾਗ਼ ਵਿੱਚ ਦੂਰੋ ਇਕ ਥਾਵੇਂ ਕੁਝ ਚਮਕਦੀ ਚੀਜ਼ ਡਿੱਠੀ, ਕੋਲ ਗਏ ਤਾਂ ਡੇਢ੍ਹ ਰੁਪੱਯਾ ਪਿਆ ਹੋਇਆ ਸੀ। ਆਪ ਨੇ ਖਿਆਲ ਕੀਤਾ ਕੋਈ ਸੈਲ ਕਰਨ ਆਇਆ ਇਥੇ ਬੈਠਾ ਹੋਣਾ ਹੈ ਤੇ ਉਸ ਕੋਲੋਂ ਡਿਗ ਪਿਆ ਹੈ ਯਾ ਉਹ ਭੁੱਲ ਗਿਆ ਹੈ, ਜਦ ਯਾਦ ਆਏਗਾ, ਆਪੇ ਲੈ ਜਾਏਗਾ। ਇਹ ਸੋਚ ਕੇ ਅਗੇ ਲੰਘ ਗਏ। ਅਗਲੇ ਦਿਨ ਫਿਰ ਜਦ ਓਧਰ ਦੀ ਲੰਘੇ ਤਾਂ ਅਚਾਨਕ ਨਜ਼ਰ ਉਸ ਥਾਵੇਂ ਪਈ ਤਾਂ ਡੇਢ੍ਹ ਰੁਪੱਯਾ ਅਜੇ ਬੀ ਓਥੇਂ ਹੀ ਪਿਆ ਹੋਇਆ ਸੀ।

 www.sikhbookclub.com

ਕੱਲ ਵਾਲਾ ਹੀ ਖਿਆਲ ਆਕੇ ਆਪ ਫਿਰ ਅੱਗੇ ਲੰਘ ਗਏ ਤੇ ਉਹ ਪੈਸੇ ਉਸ ਦਿਨ ਬੀ ਓਥੇ ਹੀ ਪਏ ਰਹੇ। ਤੀਜੇ ਦਿਨ ਆਪ ਫਿਰ ਆਏ, ਪੈਸੇ ਅਜ ਬੀ ਓਥੇ ਹੀ ਪਏ ਹੋਏ ਸਨ। ਬਾਗ ਵਿੱਚ ਬੇਸ਼ੁਮਾਰ ਲੋਕ ਰੋਜ਼ ਸਵੇਰੇ ਸ਼ਾਮ ਸੈਲ ਨੂੰ ਆਉਂਦੇ ਹਨ, ਕਿਉਂ ਕਿਸੇ ਹੋਰ ਦੀ ਨਜ਼ਰ ਨਹੀਂ ਚੜ੍ਹਦੇ ਪਰ ਆਪਨੂੰ ਸਾਹਮਣੇ ਪਏ ਦਿਸ ਪੈਂਦੇ ਹਨ? ਆਪ ਜੀ ਦੇ ਮਨ ਅੰਦਰ ਉਹਨਾਂ ਨੂੰ ਉਠਾਉਣ ਤੋਂ ਪ੍ਰਹੇਜ਼ ਹੈ, ਇਹ ਬੀ ਯਾਦ ਹੈ ਮੈਂ ਉਸ ਹਮਜਮਾਤੀ ਦੇ ਉਧਾਰ ਉਤਾਰਨ ਲਈ ਗੁਰੂ ਹਜੂਰ ਅਰਦਾਸ ਕੀਤੀ ਹੋਈ ਹੈ, ਸੰਸਾ ਹੈ ਖ਼ਬਰੇ ਦਾਤੇ ਸਤਿਗੁਰੂ ਨੇ ਹੀ ਇਹ ਢੋ ਢੁਕਾਇਆ ਹੋਵੇ। ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ' ਦੇ ਮਹਾਂਵਾਕ ਅਨੁਸਾਰ ਆਪ ਦੇ ਹਿਰਦੇ ਵਿਚ ਵੀਚਾਰ ਦਾ ਰੇੜਕਾ ਦੋ ਤਿੰਨ ਦਿਨ ਪਿਆ ਰਿਹਾ, ਪਰ ਆਖ਼ਰ ਗੁਰੂ ਸਿਦਕ ਵਿਚ ਵਿਚਾਰ ਦਾ ਰੇੜਕਾ ਦੋ ਤਿੰਨ ਦਿਨ ਪਿਆ ਰਿਹਾ, ਪਰ ਆਖ਼ਰ ਗੁਰੂ ਸਿਦਕ ਨੇ ਇਤਮੀਨਾਨ ਦਿੱਤਾ ਕਿ ਇਹ ਰਕਮ ਪੂਰੀ ਉਤਨੀ ਹੋਣੀ ਜਿਤਨਾ ਹਲਵਾਈ ਦਾ ਉਧਾਰ ਹੈ, ਤੇ ਇਤਨੇ ਦਿਨ ਕਿਸੇ ਨੇ ਨਾ ਚੁਕਣੀ ਜ਼ਰੂਰ ਗੁਰੂ ਮਿਹਰ ਹੈ। ਠੀਕ ਹੈ, ਤੇਰਾ ਮਾਲ ਨਹੀਂ, ਪਰਾਇਆ ਹੈ ਪਰ ਤੂੰ ਜੋ ਅਰਦਾਸ ਕੀਤੀ ਹੈ ਉਹ ਬੀ ਤਾਂ ਪਰਾਏ ਦੇ ਉਧਾਰ ਉਤਾਰਨ ਲਈ ਹੀ ਕੀਤੀ ਹੈ ਆਪਣੇ ਲਈ ਇਹ ਪੈਸੇ ਤੂੰ ਨਹੀਂ ਖਰਚ ਕਰਨੇ, ਤੈਨੂੰ ਆਪਣੇ ਲਈ ਸੰਕੋਚ ਹੈ, ਇਹ ਪਰਾਇਆ ਮਾਲ ਪਰਾਏ ਕਰਜ਼ੇ ਵਿੱਚ ਅਦਾ ਹੁੰਦਾ ਹੈ ਤਾਂ ਤੈਨੂੰ ਕੀ ਸੰਗ ਦੋਸ਼! ਐਸੇ ਵੀਚਾਰਾਂ ਦੇ ਆਉਣ ਤੇ ਆਪ ਨੇ ਉਹ ਡੇੜ੍ਹ ਰੁਪੱਯਾ ਉਠਾਇਆ ਤੇ ਉਸ ਹਲਵਾਈ ਨੂੰ ਜਾ ਦਿੱਤਾ ਤੇ ਕਿਹਾ, ਇਹ ਅਮਕੇ ਲੜਕੇ ਦੇ ਦੁੱਧ ਦੇ ਉਧਾਰ ਦੇ ਪੈਸੇ ਹਨ, ਤੂੰ ਹੁਣ ਉਸ ਤੋਂ ਨਹੀਂ ਮੰਗਣੇ।

ਆਪ ਦੇ ਬਾਲ ਜੀਵਨ ਦੇ ਇਹ ਸਮਾਚਾਰ ਦੱਸਦੇ ਹਨ ਕਿ ਮੁੱਢ ਤੋਂ ਹੀ ਆਪ ਦਾ ਜੀਵਨ ਪਰਾਏ ਲਈ ਹਮਦਰਦੀ ਭਰਿਆ ਅਰਦਾਸ-ਮਈ ਸੱਚ ਦੀ ਸੇਧ ਉਤੇ ਸੇਧਿਆ ਹੋਇਆ ਜੀਵਨ ਸੀ। ਸੁੱਚਾ ਆਚਰਨ, ਤੇ ਵਾਹਿਗੁਰੂ ਭਗਤੀ ਦੀ ਕਮਾਈ ਵਾਲਾ ਸੰਤ ਜੀਵਨ ਐਸਾ ਸੀ, ਜਿਸ ਤੋਂ ਮਿਸ਼ਨ ਸਕੂਲ ਦੇ ਪ੍ਰਿੰਸੀਪਲ ਰੈਵਰੈਂਡ ਨਾਰਮਨ ਤੇ ਮਕੈਨਜ਼ੀ ਜੈਸੇ ਵਿਦ੍ਵਾਨ, ਈਸਾਈ-ਮਤ ਦੇ ਮੰਨੇ ਪ੍ਰਮੰਨੇ ਧਾਰਮਕ ਰੁਚੀ ਵਾਲੇ ਪਾਦਰੀ ਬੀ ਪ੍ਰਭਾਵਿਤ ਹੋਣੋਂ ਨਾ ਰਹਿ ਸਕੇ।

ਆਪ ਨੇ ਆਪਣੀ ਵਿਦਿਆ 'ਚਰਚ ਮਿਸ਼ਨ ਹਾਈ ਸਕੂਲ' ਅੰਮ੍ਰਿਤਸਰ ਤੋਂ ਪਾਈ ਸੀ। ਆਪ ਹਦੋਂ ਵਧ ਮਿਲਾਪੜੇ ਅਤੇ ਸ਼ਾਂਤ ਚਿਤ ਸਨ। ਆਪ ਦੇ ਇਨ੍ਹਾਂ ਗੁਣਾਂ ਕਾਰਨ ਆਪ ਨੂੰ ਸਕੂਲ ਦੇ ਅਧਿਆਪਕ ਵੀ ਸਤਿਕਾਰਦੇ ਸਨ। ਸਕੂਲ ਦੇ ਪ੍ਰਿੰਸੀਪਲ ਰੈਵਰੈਂਡ ਨਾਰਮਨ ਸਨ, ਜੋ ਕਿ ਪਾਦਰੀ ਵੀ ਸਨ। ਨਾਰਮਨ ਸਾਹਿਬ ਬੜੇ ਨੇਕ ਤੇ ਸਮਝਦਾਰ ਵਿਅਕਤੀ ਸਨ, ਪਰ ਉਹ ਸ਼ਰਾਰਤੀ ਮੁੰਡਿਆਂ ਨੂੰ ਸਖ਼ਤ ਸਜ਼ਾਵਾਂ ਦੇਂਦੇ ਸਨ, ਜਿਸ ਕਾਰਨ ਮੁੰਡੇ ਉਨ੍ਹਾਂ ਤੋਂ ਬਹੁਤ

ਡਰਦੇ ਸਨ। ਇਕ ਦਿਨ ਦੀ ਗੱਲ ਹੈ ਕਿ ਭਾਈ ਸਾਹਿਬ ਸ਼ਾਮ ਨੂੰ ਰਾਮ ਬਾਗ ਸੈਰ ਲਈ ਗਏ। ਉਥੇ ਕੁਝ ਮੁੰਡਿਆਂ ਨੇ ਹੱਥਾਂ ਵਿਚ ਬੁਲਬੁਲਾਂ ਦੇ ਪਿੰਜਰੇ ਫੜੇ ਹੋਏ ਸਨ। ਭਾਈ ਸਾਹਿਬ ਇਕ ਮੁੰਡੇ ਤੋਂ ਪਿੰਜਰਾ ਲੈ ਕੇ ਬੁਲਬੁਲ ਵੇਖ ਹੀ ਰਹੇ ਸਨ ਕਿ ਨਾਰਮਨ ਸਾਹਿਬ ਉਧਰੋਂ ਲੰਘੇ ਅਤੇ ਭਾਈ ਸਾਹਿਬ ਨੂੰ ਵੇਖ ਲਿਆ। ਭਾਈ ਸਾਹਿਬ ਨੇ ਵੀ ਪ੍ਰਿੰਸੀਪਲ ਸਾਹਿਬ ਨੂੰ ਵੇਖ ਲਿਆ ਅਤੇ ਸਾਰੀ ਗੱਲ ਨਾਨਾ ਜੀ ਨੂੰ ਆਕੇ ਦੱਸ ਦਿਤੀ। ਦੂਜੇ ਦਿਨ ਸਕੂਲ ਤੋਂ ਪਿਛੋਂ ਨਾਰਮਨ ਸਾਹਿਬ ਆਪ ਭਾਈ ਸਾਹਿਬ ਨੂੰ ਆਪਣੀ ਕਾਰ ਵਿੱਚ ਲੈ ਕੇ ਉਨ੍ਹਾਂ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਜੀ ਦੇ ਘਰ ਪੁਜੇ ਅਤੇ ਰਾਮ ਬਾਗ ਵਾਲੀ ਗੱਲ ਦੱਸੀ। ਨਾਨਾ ਜੀ ਨੇ ਕਿਹਾ ਕਿ ਲੜਕਾ ਬੁਲਬੁਲ ਬਾਜ਼ ਨਹੀਂ ਹੈ ਅਤੇ ਨਾ ਹੀ ਉਹ ਪਿੰਜਰਾ ਉਸ ਦਾ ਸੀ। ਉਹ ਲੜਕੇ ਵੀ ਮਾੜੇ ਨਹੀਂ ਸਨ। ਪ੍ਰਿੰਸੀਪਲ ਸਾਹਿਬ ਨੇ ਕਿਹਾ, "ਗਿਆਨੀ ਜੀ ਇਸ ਲੜਕੇ ਕੋ ਆਪ ਨਹੀਂ ਸਮਝਤੇ, ਮੈਂ ਸਮਝਤਾ ਹੂੰ, ਇਸ ਕਾ ਖ਼ਿਆਲ ਰਖੋ। ਹਰਗਿਜ਼ ਕਿਸੇ ਕੇ ਸਾਥ ਸੈਰ ਕੋ ਮਤ ਜਾਨੇ ਦੋ, ਯਾ ਤੋ ਖੁਦ ਲੇ ਕਰ ਜਾਇਆ ਕਰੋ ਯਾ ਮੇਰੇ ਪਾਸ ਭੇਜ ਦੀਆ ਕਰੇ, ਮੈਂ ਜਬ ਸੈਰ ਕੋ ਜਾਇਆ ਕਰੂੰਗਾ, ਇਸ ਕੋ ਸਾਥ ਲੇ ਜਾਇਆ ਕਰੂੰਗਾ। ਮੈਂ ਇਸ ਬੱਚੇ ਕੀ ਕਦਰ ਕਰਤਾ ਹੂੰ ਔਰ ਸਮਝਤਾ ਹੂੰ ਕਿ ਯਿਹ ਕਿਆ ਚੀਜ਼ ਹੈ, ਯਿਹ ਆਮ ਬੱਚਾ ਨਹੀਂ ਹੈ।"

ਇਸ ਤੋਂ ਪਿਛੋਂ ਨਾਰਮਨ ਸਾਹਿਬ ਜਿਤਨਾ ਚਿਰ ਪ੍ਰਿੰਸੀਪਲ ਰਹੇ ਉਹ ਛੁਟੀ ਤੋਂ ਪਿਛੋਂ ਆਪ ਭਾਈ ਸਾਹਿਬ ਨੂੰ ਆਪਣੀ ਕਾਰ ਵਿਚ ਬਿਠਾ ਕੇ ਉਨ੍ਹਾਂ ਨੂੰ ਨਾਨਾ ਜੀ ਦੇ ਘਰ ਛੱਡ ਜਾਂਦੇ ਰਹੇ।

ਪ੍ਰਿੰਸੀਪਲ ਨਾਰਮਨ ਤੋਂ ਪਿਛੋਂ ਰੈਵਰੈਂਡ ਮਕੈਨਜ਼ੀ ਸਕੂਲ ਦੇ ਪ੍ਰਿੰਸੀਪਲ ਬਣੇ। ਉਹ ਵੀ ਚੰਗੇ ਗੁਣਾਂ ਦੇ ਧਾਰਨੀ ਸਨ ਅਤੇ ਗੁਣੀਆਂ ਦੀ ਕਦਰ ਕਰਦੇ ਸਨ। ਆਪ ਭਾਈ ਸਾਹਿਬ ਦੇ ਬੜੇ ਸਨੇਹੀ ਸਨ। ਭਾਈ ਸਾਹਿਬ ਦੇ ਸਕੂਲ ਛੱਡਣ ਤੋਂ ਪਿਛੋਂ ਵੀ ਉਹ ਭਾਈ ਸਾਹਿਬ ਨੂੰ ਮਿਲਦੇ ਰਹੇ। ਜਦੋਂ ਉਹ ਵਾਪਸ ਵਲੈਤ ਜਾਣ ਲਗੇ ਤਾਂ ਭਾਈ ਸਾਹਿਬ ਨੂੰ ਉਨ੍ਹਾਂ ਨੇ ਆਪਣੀ ਕੋਠੀ ਬੁਲਾਇਆ। ਬੜੇ ਪਿਆਰ ਅਤੇ ਸਤਿਕਾਰ ਨਾਲ ਭਾਈ ਸਾਹਿਬ ਨੂੰ ਕਿਹਾ, "ਦੇਖੋ ਵੀਰ ਸਿੰਘ ਅਬ ਹਮਾਰਾ ਤੁਮਹਾਰਾ ਰਿਸ਼ਤਾ ਉਸਤਾਦ ਸ਼ਾਗਿਰਦ ਕਾ ਨਹੀਂ ਹੈ। ਆਜ ਹਮ ਨੇ ਤੁਮ ਕੋ ਕੁਛ ਧਰਮ ਕੀ ਬਾਤ ਕਰਨੇ ਕੇ ਲੀਏ ਬੁਲਾਇਆ ਹੈ। ਤੁਮ ਨੇ ਹਮਾਰੇ ਪਾਸ ਬਾਈਬਲ ਪੜ੍ਹਾ, ਹਮਾਰੇ ਧਰਮ ਕੇ ਖ਼ਿਆਲ ਸੁਨੇ, ਤੁਮ ਈਸਾਈ ਨਹੀਂ ਬਨੇ ਫਿਰ ਭੀ ਹਮ ਤੁਮਾਰੀ ਕਦਰ ਕਰਤੇ ਹੈਂ। ਜਾਨਤੇ ਹੋ ਕਿਉਂ?" ਭਾਈ ਸਾਹਿਬ ਨੇ ਕਿਹਾ, "ਆਪ ਦੀ ਮਿਹਰਬਾਨੀ ਹੈ"। ਕਹਿਣ ਲਗੇ, "ਮੈਂ ਏਕ ਮਿਸ਼ਨਰੀ ਆਦਮੀ ਹੂੰ ਔਰ ਤੁਮ ਕੋ ਭੀ ਹਮ ਨੇ ਅਪਨੇ ਸਿਖ ਧਰਮ ਦਾ ਅੱਛਾ ਵਾਕਫਕਾਰ ਔਰ ਅਮਲੀ ਜ਼ਿੰਦਗੀ ਵਾਲਾ ਦੇਖਾ ਹੈ। ਅਪਨੇ ਧਰਮ ਪਰ ਕਾਇਮ ਰਹਿਤੇ ਹੂਏ ਬਾਈਬਲ ਕੀ ਸਿਖਿਆ, ਬਗੈਰ ਕਿਸੀ ਮਜ਼੍ਹਬੀ ਤਅੱਸਬ

 www.sikhbookclub.com

ਯਾ ਹੀਲ ਹੁਜਤ ਕੇ ਪੜ੍ਹੀ। ਹਮ ਆਪ ਕੀ ਇਸ਼ ਦਾਨਸ਼ਮੰਦੀ ਕੀ ਤਾਰੀਫ ਕਰਤੇ ਹੈਂ, ਮਗਰ ਆਜ ਮੈਨੇ ਕੁਝ ਔਰ ਪੂਛਨਾ ਹੈ। ਮੈਂ ਅਬ ਯਹਾਂ ਸੇ ਅਪਨੇ ਦੇਸ਼ ਇੰਗਲੈਂਡ ਜਾ ਰਹਾ ਹੂੰ। ਤੁਮਹਾਰੀ ਹਸਤੀ ਮੇਂ ਹਮ ਨੇ ਏਕ ਖਾਸ ਚੀਜ਼ ਦੇਖੀ ਹੈ, ਤੁਮਹਾਰੇ ਚਿਹਰੇ ਸੇ ਸ਼ਾਂਤੀ ਟਪਕਤੀ ਰਹਿਤੀ ਹੈ, ਖਿਲੇ ਫੂਲ ਕੀ ਖ਼ੂਬਸੂਰਤੀ ਦੂਸਰੇ ਮਿਲਨੇ ਵਾਲੋਂ ਪਰ ਠੰਢ ਔਰ ਮੀਠੇ ਪਿਆਰ ਕਾ ਅਸਰ ਡਾਲ ਕਰ ਅਪਨੀ ਤਰਫ ਖੈਂਚਤੀ ਹੈ। ਮੇਰੀ ਖਾਹਸ਼ ਹੈ ਕਿ ਯਿਹ ਖੇੜਾ (Joy) ਮੁਝ ਮੇਂ ਭੀ ਹੋ। ਇਸ ਕਾ ਕਿਆ ਰਾਜ਼ ਹੈ? ਮੈਂ ਸੱਚੇ ਦਿਲ ਸੇ ਬਤੌਰ ਏਕ ਪਾਦਰੀ ਕੇ ਏਕ ਸੱਚੀ ਸੁੱਚੀ ਧਾਰਮਿਕ ਸ਼ਖਸੀਅਤ ਸੇ ਇਸ ਰੂਹਾਨੀ ਭੇਦ ਕੀ ਬਾਤ ਪੂਛਤਾ ਹੂੰ।"

ਭਾਈ ਸਾਹਿਬ, ਜਿਨ੍ਹਾਂ ਆਦਰਸ਼ਕ ਉਪਦੇਸ਼ਾਂ ਤੇ ਚੱਲ ਕੇ ਅਮਲੀ ਜੀਵਨ ਬਿਤਾ ਰਹੇ ਸਨ, ਉਸ ਦੇ ਅਸੂਲ ਅਕੀਦੇ, ਨਾਮਬਾਣੀ ਦੀ ਟੇਕ, ਨਾਮ ਦੀ ਫਿਲਾਸਫੀ, ਵਾਹਿਗੁਰੂ ਨਾਲ ਇਕਤਾਰ ਜੁੜ ਕੇ ਆਨੰਦੀ ਖੇੜੇ ਮਾਣਨੇ ਆਦਿ ਵਿਸਥਾਰ ਸਾਹਿਤ ਦਸੇ। ਮੈਕਨਜ਼ੀ ਦੀ ਮੇਮ ਵੀ ਕੋਲ ਹੀ ਬੈਠੀ ਸੀ। ਦੋਹਾਂ ਨੇ ਬੜੇ ਹੀ ਧਿਆਨ ਨਾਲ ਖਿਆਲ ਸੁਣੇ : ਵਾਰ ਵਾਰ ਸੁਣੇ, ਸਮਝੇ ਅਤੇ ਸ਼ੰਕੇ ਨਵਿਰਤ ਕੀਤੇ ਤੇ ਫਿਰ ਦੋਨਾਂ ਨੇ ਜੱਫੀ ਵਿਚ ਲੈ ਕੇ ਬੜਾ ਘੁਟ ਕੇ ਪਿਆਰ ਕੀਤਾ। ਮੈਕਨਜ਼ੀ ਸਾਹਿਬ ਫਿਰ ਆਪਣੀ ਮੇਮ ਨੂੰ ਕਹਿਣ ਲੱਗੇ ! "ਦੇਖਾ ! ਹਮ ਨ ਕਹਿਤੇ ਥੇ ਕਿ ਵੀਰ ਸਿੰਘ ਰੂਹਾਨੀ ਧਰਮ ਕੇ ਏਕ ਖਾਸ ਖਜ਼ਾਨੇ ਕਾ ਮਾਲਕ ਹੈ, ਇਸ ਕੇ ਪਾਸ ਜੋ ਸ਼ਾਂਤੀ ਖੇੜਾ (Joy) ਹੈ, ਕਾਸ਼ ਵੋਹ ਹਮਾਰੇ ਪਾਸ ਭੀ ਹੋਤਾ, ਯਹੀ ਖਾਹਸ਼ ਹਮ ਕੋ ਇਸ ਕੀ ਤਰਫ਼ ਖੈਂਚਤੀ ਰਹੀ ਹੈ। ਹਮ ਭੀ ਅਪਨੇ ਕ੍ਰਾਈਸਟ ਕੋ ਪਿਆਰ ਕਰਤੇ ਹੈਂ, ਉਸ ਕੀ ਪੂਜਾ ਕਰਤੇ ਹੈਂ ਔਰ ਯਿਹ ਭੀ ਅਪਨੇ ਗੁਰੂ ਕੋ ਪਿਆਰ ਕਰਤਾ ਹੈ। ਇਸ ਕਾ ਅਪਨੇ ਗੁਰੂ ਕੇ ਸਾਥ ਪਿਆਰ ਹਮਾਰੇ ਪਿਆਰ ਸੇ Sublime ਹੈ। ਹਮ ਕੋ ਭੀ ਅਪਨੇ ਪੂਜਯ ਕ੍ਰਾਈਸਟ ਕੇ ਸਾਥ ਐਸਾ ਹੀ ਪਿਆਰ ਕਰਨਾ ਚਾਹੀਏ, ਔਰ ਐਸੇ ਵਸਫ਼ ਇਖਤਿਆਰ ਕਰਨੇ ਚਾਹੀਏ ਜੋ ਇਸ ਧਰਮ ਮੇਂ Sublimity ਕਾ ਦਰਜਾ ਰਖਤੇ ਹੈਂ।" ਮਕੈਨਜ਼ੀ ਸਾਹਿਬ ਨੇ ਇਕ ਸੁੰਦਰ ਜਿਲਦ ਵਾਲੀ ਬਾਈਬਲ ਭਾਈ ਸਾਹਿਬ ਨੂੰ ਭੇਂਟ ਕੀਤੀ ਅਤੇ ਕਿਹਾ, "ਜੋ ਪਵਿਤਰ ਕਿਤਾਬ ਹਮ ਕੋ ਬਹੁਤ ਹੀ ਪਿਆਰੀ ਹੈ ਵੋਹ ਹਮ ਤੁਮ ਕੋ ਬਤੌਰ ਤੋਹਫਾ ਪੇਸ਼ ਕਰਤੇ ਹੈਂ, ਇਸ ਲੀਏ ਨਹੀਂ ਕਿ ਆਪ ਇਸ ਕੇ ਮੁਤਾਲਿਆ ਸੇ ਈਸਾਈ ਧਰਮ ਕੀ ਤਰਫ ਰੁਖ ਕਰੇਂ, ਮਗਰ ਇਸ ਲੀਏ ਕਿ ਜਬ ਹਮ ਯਹਾਂ ਨਹੀਂ ਹੋਂਗੇ, ਆਪ ਕੀ ਨਜ਼ਰ ਜਬ ਕਭੀ ਭੀ ਇਸ ਪਵਿਤ੍ਰ ਪੁਸਤਕ ਪਰ ਪੜੇਗੀ ਆਪ ਕੇ ਦਿਲ ਮੇਂ ਹਮਾਰੀ ਯਾਦ ਆਏਗੀ। ਆਪ ਕੇ ਦਿਲ ਮੇਂ ਹਮਾਰੇ ਲੀਏ ਮੁਹੱਬਤ ਭਰੇ ਜਜ਼ਬਾਤ ਹਮਾਰੀ ਰੂਹੋਂ ਕੋ ਹਮੇਸ਼ਾਂ ਠੰਢ ਔਰ ਸ਼ਾਂਤੀ ਭੇਜਤੇ ਰਹੇਂਗੇ।"

ਆਪ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਪੂਰੀ ਸ਼ਰਧਾ ਤੇ ਪਿਆਰ ਨਾਲ ਜਾਗਤ ਜੋਤ ਤੇ ਦਸਾਂ ਪਾਤਸ਼ਾਂਹੀਆਂ ਦਾ ਸਰੂਪ ਮੰਨਦੇ ਸਨ। ਇਹ ਆਪ ਜੀ ਦੀ ਕਥਨੀ ਤੇ ਕਰਨੀ ਤੋਂ ਪ੍ਰਤੱਖ ਹੋ ਜਾਂਦਾ। ਆਪ ਹਰ ਰੋਜ਼ ਆਪਣੇ ਨਿਵਾਸ ਅਸਥਾਨ ਤੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਦੇ ਅਤੇ ਜਾਗਤ ਜੋਤ ਨੂੰ, ਹਾਜ਼ਰਾ ਹਜ਼ੂਰ ਜਾਣ ਕੇ ਮੁੰਦ ਨੈਣਾਂ ਨਾਲ ਬੇਨਤੀਆਂ ਕਰਦੇ ਸਨ।

ਭਾਈ ਸਾਹਿਬ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਦੇ ਭੌਰੇ ਸਨ। ਆਪ ਅੰਮ੍ਰਿਤ ਵੇਲੇ ਉਠ ਦਰਬਾਰ ਸਾਹਿਬ ਜਾਂਦੇ ਅਤੇ ਆਪਣੇ ਹੱਥੀਂ ਸਫਾਈ ਆਦਿ ਦੀ ਸੇਵਾ ਕਰਦੇ ਰਹੇ ਹਨ।

ਆਪ ਨੇ ਆਪਣਾ ਜੀਵਨ ਗੁਰਬਾਣੀ ਦੀ ਰੌਸ਼ਨੀ ਵਿਚ ਬਿਤਾਇਆ ਸੀ। ਵਾਹਿਗੁਰੂ ਦੀ ਕਿਰਪਾ ਨਾਲ ਆਪ ਦਾ ਆਤਮਕ ਗਿਆਨ ਬਹੁਤ ਵਿਸ਼ਾਲ ਸੀ। ਇਸ ਗਿਆਨ ਨੂੰ ਆਪ ਨੇ ਆਪਣੀਆਂ ਰਚਨਾਵਾਂ ਵਿਚ ਖੁਲ੍ਹਾ ਡੁਲ੍ਹਾ ਵੰਡਿਆ ਹੈ। ਆਪ ਦਾ ਗੁਫਤਗੂ ਢੰਗ ਇਤਨਾ ਸੁਲਝਿਆ ਹੋਇਆ ਸੀ ਕਿ ਜੋ ਕੋਈ ਵੀ ਆਪ ਪਾਸ ਆਉਂਦਾ ਆਪ ਦਾ ਕਾਇਲ ਹੋ ਜਾਂਦਾ।

ਭਾਈ ਸਾਹਿਬ ਆਮ ਮਨੁਖਾਂ ਵਾਂਗ ਹਸਦੇ ਖੇਡਦੇ, ਸੋਹਣਾ ਖਾਂਦੇ, ਸੋਹਣਾ ਪਹਿਨਦੇ, ਸੋਹਣੀ ਤਰ੍ਹਾਂ ਰਹਿਣ ਵਾਲੇ ਜੀਂਦੇ ਥੀਂਦੇ ਇਨਸਾਨ ਸਨ। ਉਨ੍ਹਾਂ ਨੇ ਆਪਣਾ ਜੀਵਨ ਢੰਗ ਕੁਝ ਇਸ ਤਰ੍ਹਾਂ ਬਣਾਇਆ ਹੋਇਆ ਸੀ ਕਿ ਵਧ ਤੋਂ ਵਧ ਸਮਾਂ ਉਹ ਆਪਣੀ ਲਗਨ ਵਿਚ ਰਹਿੰਦੇ ਸਨ।

ਭਾਈ ਸਾਹਿਬ ਸਿਖੀ ਸਿਦਕ ਦੇ ਦ੍ਰਿੜ੍ਹ ਵਿਸ਼ਵਾਸੀ ਸਨ ਅਤੇ ਭਾਣਾ ਮੰਨਣ ਦਾ ਬਲ ਉਨ੍ਹਾਂ ਵਿਚ ਦ੍ਰਿੜ੍ਹ ਸੀ। ਇਸ ਦੀ ਉਦਾਹਰਣ ਉਨ੍ਹਾਂ ਦੇ ਛੋਟੇ ਵੀਰ ਭਾਈ ਜੈਰਾਜ ਸਿੰਘ ਦੀ ਮਿਰਤਯੂ ਤੋਂ ਮਿਲਦੀ ਹੈ, ਜਿਸ ਦਾ ਸਦਮਾ ਸਾਰੇ ਪ੍ਰਵਾਰ ਨੂੰ ਬਹੁਤ ਹੋਇਆ। ਭਾਈ ਸਾਹਿਬ ਨੂੰ ਅਨਗਿਣਤ ਹਮਦਰਦੀ ਦੇ ਪੱਤ੍ਰ ਪੁਜੇ। ਭਾਈ ਸਾਹਿਬ ਨੇ ਇਨ੍ਹਾਂ ਦਾ ਉੱਤਰ 26 ਦਸੰਬਰ 1912 ਨੂੰ ਦਿਤਾ ਹੈ ਜਿਸ ਤੋਂ ਭਾਈ ਸਾਹਿਬ ਦੇ ਸਿਖੀ ਸਿਦਕ ਤੇ ਮਨ ਦੀ ਅਵਸਥਾ ਦਾ ਅੰਦਾਜ਼ਾ ਲਗਦਾ ਹੈ। ਪੱਤ੍ਰ ਇਸ ਪ੍ਰਕਾਰ ਸੀ :

"ਮੇਰੇ ਵੀਰ ਜੀ ਸਿਮਰਨ ਦੇ ਰਸੀਏ ਨਿਸ਼ਕਾਮ ਜੀਵਨ ਵਾਲੇ ਸਨ। ਸਤਿਗੁਰ ਨੇ ਉਨ੍ਹਾਂ ਨੂੰ ਆਪਣੇ ਅਕਾਲੀ ਬੇੜੇ ਦੀ ਸੇਵਾ ਲਈ ਸੱਦਿਆ ਹੈ। ਇਸ ਲਈ ਅਸੀਂ ਖੁਸ਼ ਹਾਂ ਕਿ ਸਾਡੇ ਘਰ ਦਾ ਇਕ ਪਰਮ ਪਿਆਰਾ ਉੱਚਾ ਹੋ ਗਿਆ ਹੈ, ਅਰ ਸ਼ਹਿਨਸ਼ਾਹ ਦੀ ਹਜ਼ੂਰੀ ਵਿਚ ਰਹਿੰਦਾ ਹੈ। ਉਸ ਦੇ ਵਿਯੋਗ ਕਰ ਕੇ ਕਈ ਕੰਮ ਤੇ ਜ਼ਿਮੇਵਾਰੀਆਂ ਵਧੀਆਂ ਹਨ, ਪਰ ਸਤਿਗੁਰੂ ਦਾ ਇਕਰਾਰ ਹੈ :

 www.sikhbookclub.com

*ਜਿਸ ਕੀ ਬਸਤੁ ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ ਮਾਨੈ ਮਾਥੈ॥*

*ਉਸ ਤੇ ਚਉਗੁਨ ਕਰੇ ਨਿਹਾਲੁ॥ ਨਾਨਕ ਸਾਹਿਬੁ ਸਦਾ ਦਇਆਲੁ॥*

ਸਾਡੇ ਮਾਤਾ ਜੀ ਨੇ ਬੱਚੇ ਨੂੰ ਇਸ਼ਨਾਨ ਕਰਾ ਕੇ ਸਿਪਾਹੀ ਬਣਾ ਕਮਰ ਕੱਸਾ ਸਫੈਦ ਸਜਾ ਕੇ, ਇਕ ਵਾਰੀ ਤੜਕੇ ਅਰਦਾਸ ਸੁਧਾ ਦਿਤੀ ਸੀ ਕਿ ਬੱਚੇ ਨੂੰ ਆਪ ਦੇ ਬੇੜੇ ਵਿਚ ਸਿਪਾਹੀ ਹੋਣ ਲਈ ਅਰਦਾਸ ਕਰਦੇ ਹਾਂ। ਬੱਸ ਫੇਰ ਜਦ ਉਦਾਸੀ ਪੈਣ ਲਗਦੀ ਹੈ ਉਹ ਸੋਚ ਕੇ ਬਚ ਜਾਂਦੇ ਹਨ ਕਿ ਮੈਂ ਤਾਂ ਸੁਖਾਂ ਨਾਲ ਟੋਰਿਆ ਸੀ ਤੇ ਅਰਦਾਸਾ ਕਰਾ ਦਿਤਾ ਸੀ, ਹੁਣ ਮੇਰਾ ਕਾਹਦਾ ਹੈ, ਉਹ ਤਾਂ ਸਤਿਗੁਰੂ ਦਾ ਹੈ।

ਭਾਵੇਂ ਹਿੰਦੂ ਖਿਆਲ ਦੀਆਂ ਬਰਾਦਰੀਆਂ ਬਹੁਤ ਭੈੜੇ ਸ਼ੰਕੇ ਆ ਕੇ ਪਾਂਦੀਆਂ ਹਨ, ਪਰ ਮਾਤਾ ਜੀ ਫੇਰ ਦਬਾਉ ਵਲੋਂ ਨਿਕਲ ਕੇ ਸ਼ੁਕਰ ਵਲ ਆ ਜਾਂਦੇ ਹਨ। ਇਸ ਤਰ੍ਹਾਂ ਆਸ ਹੈ ਕਿ ਸਾਹਿਬ ਮਿਹਰ ਕਰਸੀ ਅਤੇ ਸਾਡੇ ਸਿਦਕ ਦੀ ਬੇੜੀ ਨੂੰ ਅਡੋਲ ਰਖਸੀ।

ਮੇਰੇ ਲਈ ਜੋ ਕੰਮ ਵਧੇ ਹਨ, ਉਹ ਹੁਕਮ ਹੈ, ਤੇ ਕਰਨੇ ਹਨ ਤੇ ਉਹ ਨਿਭ ਜਾਸਨ। ਸਤਿਗੁਰੂ ਜੋ ਆਖਦਾ ਹੈ, "ਉਸ ਤੇ ਚਉਗੁਨ ਕਰੇ ਨਿਹਾਲੁ। ਨਾਨਕ ਸਾਹਿਬੁ ਸਦਾ ਦਇਆਲੁ।" ਇਸ ਲਈ ਤੁਸੀਂ ਭੀ ਸ਼ੋਕ ਨਾ ਕਰੋ। ਸਾਡੇ ਵਿਚੋਂ ਇਕ ਸਜਣ ਉਚਾ ਹੋ ਗਿਆ ਹੈ। ਨਾਮ ਵਾਲੇ ਨਹੀਂ ਮਰਦੇ, ਚਉਰਾਸੀ ਮਰਦੀ ਹੈ। ਨਾਮ ਵਾਲੇ ਤਾਂ ਗੁਰੂ ਰੰਗ ਵਿਚ ਰੰਗੇ ਜਾਂਦੇ ਹਨ। ਭੈ ਨਾ ਕਰੀਏ, ਨਿਰਭੈ ਹੋ ਕੇ ਨਾਮ ਜਪੀਏ। ਸਤਿਗੁਰੂ ਦਾ ਸਿਮਰਨ ਕਾਇਮ ਰਹੇ। ਜਦੋਂ ਧਿਆਨ ਛੁਟੇ ਤਦੋਂ ਰੋਣ ਦੀ ਦਸ਼ਾ ਹੈ। ਉਹ ਸਾਰੇ ਕਰਮ ਪਾਪ ਹਨ ਜੋ ਸਿਮਰਨ ਤੋਂ ਤਰੋੜਦੇ ਹਨ। ਵਾਹਿਗੁਰੂ ਆਪ ਨੂੰ ਨਾਮ ਦਾਨ ਬਖਸ਼ੇ ਅਰ ਗੁਰੂ ਨਾਨਕ ਪ੍ਰੇਮ ਦਾ ਕੜਛਾ ਭਰ ਭਰ ਦੇਵੇ।"

ਆਪ ਨੇ ਲਗਪਗ 65 ਵਰ੍ਹੇ ਅਣਥੱਕ ਮਿਹਨਤ ਨਾਲ ਕੌਮ ਦੀ ਸੇਵਾ ਕੀਤੀ, ਜਿਸ ਕਾਰਨ ਆਪ ਕਾਫੀ ਕਮਜ਼ੋਰ ਹੋ ਗਏ ਸਨ। ਡਾਕਟਰਾਂ ਨੇ ਕਮਜ਼ੋਰੀ ਨੂੰ ਦੂਰ ਕਰਨ ਲਈ ਮੁਕੰਮਲ ਆਰਾਮ ਕਰਨ ਦੀ ਸਲਾਹ ਦਿਤੀ। 1957 ਦੇ ਅਰੰਭ ਤੋਂ ਹੀ ਆਪ ਆਪਣੇ ਨਿਵਾਸ ਅਸਥਾਨ ਸ੍ਰੀ ਅੰਮ੍ਰਿਤਸਰ ਵਿਚ ਹੀ ਆਰਾਮ ਕਰ ਰਹੇ ਸਨ। ਜੂਨ ਵਿਚ ਆਪ ਨੇ ਕਸੌਲੀ ਜਾਣ ਦੀ ਤਿਆਰੀ ਕੀਤੀ। ਪਰ ਅਚਾਨਕ ਹੀ ਬੁਖਾਰ ਹੋ ਗਿਆ। ਡਾਕਟਰਾਂ ਨੇ ਪਿਆਰ ਤੇ ਲਗਨ ਨਾਲ ਦਵਾ ਦਾਰੂ ਦੀ ਸੇਵਾ ਕੀਤੀ, ਪਰ ਧੁਰ ਦਰਗਾਹ ਦੇ ਸੱਦੇ ਨੂੰ ਕੌਣ ਟਾਲ ਸਕਦਾ ਹੈ। ਅੰਤ 10 ਜੂਨ 1957 ਨੂੰ ਆਪ ਵਾਹਿਗੁਰੂ ਜੀ ਦੀ ਗੋਦ ਵਿਚ ਜਾ ਬਿਰਾਜੇ।

ਅੱਜ ਭਾਈ ਸਾਹਿਬ ਸਰੀਰਕ ਤੌਰ ਤੇ ਸਾਡੇ ਨਾਲ ਨਹੀਂ ਰਹੇ, ਪਰ ਉਨ੍ਹਾਂ ਦੇ ਕੰਮ ਸਾਡੇ ਲਈ ਰਹਿਨੁਮਾਈ ਕਰਨਗੇ। ਉਨ੍ਹਾਂ ਦੀ ਸ਼ਖਸੀਅਤ ਸਾਨੂੰ ਨੇਕ ਇਨਸਾਨ ਬਣਨ ਲਈ ਰਸਤਾ ਦਿਖਾਉਂਦੀ ਰਹੇਗੀ।

# ਭਾਗ ਦੂਜਾ

## ਨੈਣੀ ਡਿਠੇ ਕੁਝ ਦਿਲਚਸਪ ਵਾਕਿਆਤ

 www.sikhbookclub.com

# ਨੈਣੀ ਡਿਠੇ ਕੁਝ ਦਿਲਚਸਪ ਵਾਕਿਆਤ

1. 1917 ਦੀ ਗੱਲ ਹੈ ਕਿ ਭਾਈ ਸਾਹਿਬ ਨੇ ਸ੍ਰ: ਮਨਮੋਹਣ ਸਿੰਘ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਫਕੀਰੀ ਤਾਂ ਆਵੇ ਦੀ ਅੱਗ ਹੈ। ਜਦੋਂ ਅੱਗ ਬਾਹਰ ਨਿਕਲ ਗਈ ਆਵਾ ਕੱਚਾ ਰਹਿ ਗਿਆ। ਆਵੇ ਦੇ ਮਾਲਕ ਦੀ ਡਿਊਟੀ ਹੀ ਏਹੋ ਹੈ, ਜੋ ਧਿਆਨ (Watch) ਕਰੇ। ਕਿਧਰੋਂ ਅੱਗ ਬਾਹਰ ਨਾ ਨਿਕਲ ਜਾਵੇ।

2. ਭਾਈ ਸਾਹਿਬ ਇਕ ਵਾਰੀ ਰੰਗ ਵਿਚ ਆਏ ਅਤੇ ਫੁਰਮਾਇਆ ਕਿ ਫਕੀਰ ਦੀ ਇਕ ਹੁਕਮ ਅਦੂਲੀ ਕਰ ਲੈਣੀ ਚਾਹੀਦੀ ਹੈ। ਫਕੀਰ ਮੱਥਾ ਟੇਕਣ ਤੋਂ ਰੋਕੇਗਾ। ਮਗਰ ਜਗਿਆਸੂ ਦਾ ਭਲਾ ਮੱਥਾ ਟੇਕ ਕੇ ਛੋਹ ਲੈਣ ਵਿਚ ਹੈ।

3. ਇਕ ਵਾਰੀ ਦੀ ਗੱਲ ਹੈ ਕਿ ਭਾਈ ਸਾਹਿਬ ਹਾਲ ਬਾਜ਼ਾਰ ਆਪਣੇ ਮਕਾਨ ਪਰ ਖਿੜਕੀ ਵਿਚ ਖੜੇ ਸਨ, ਜੋ ਸਬਜ਼ੀ ਮੰਡੀ ਦੇ ਪਾਸੋਂ ਇਕ ਕੁਲੀ ਸਿਰ ਪੁਰ ਸੰਗਤਰਿਆਂ ਦਾ ਟੋਕਰਾ ਚੁਕੀ ਜਾ ਰਿਹਾ ਸੀ ਜੋ ਉਸ ਨੂੰ ਧਕਾ ਲੱਗਾ ਤੇ ਡਿਗ ਪਿਆ। ਸੰਗਤਰੇ ਸਾਰੇ ਕੋਈ ਸੜਕ ਪਰ ਕੋਈ ਗੰਦੀ ਨਾਲੀ ਵਿਚ ਜਾ ਪਏ। ਕੁਲੀ ਵਿਚਾਰਾ ਜਿਸ ਨੂੰ ਚਾਰ ਆਨੇ ਮਜੂਰੀ ਪਹੁੰਚਾਣ ਪਰ ਮਿਲਣੀ ਸੀ ਘਬਰਾਇਆ, ਅਤੇ ਸੰਗਤਰੇ ਇਕੱਠੇ ਕਰਨ ਲਗ ਪਿਆ। ਗੰਦੀ ਨਾਲੀ ਵਿਚੋਂ ਵੀ ਕੱਢ ਰਿਹਾ ਸੀ। ਆਪ ਨੇ ਦੇਖਿਆ, ਖਿਆਲ ਕੀਤਾ ਜੋ ਇਹ ਇਕੱਠੇ ਕਰ ਕੇ ਲੈ ਜਾਵੇਗਾ, ਅਗੋਂ ਦੁਕਾਨਦਾਰ ਉਨ੍ਹਾਂ ਨੂੰ ਵੇਚੇਗਾ। ਖਰੀਦਣ ਵਾਲਿਆਂ ਨੂੰ ਕੀ ਪਤਾ। ਉਹ ਖਰੀਦ ਕੇ ਖਾਣਗੇ ਅਤੇ ਬੀਮਾਰੀ ਫੈਲੇਗੀ। ਆਪ ਨੇ ਭਾਈ ਇੰਦਰ ਸਿੰਘ ਨੂੰ ਭੇਜਿਆ ਕਿ ਉਸ ਨੂੰ ਮਨਾ ਕਰੇ ਕਿ ਇਹ ਸੰਗਤਰੇ ਇਕੱਠੇ ਨਾ ਕਰੇ। ਜਿਤਨੀ ਕੀਮਤ ਦੇ ਹਨ, ਅਸੀਂ

 www.sikhbookclub.com

ਕੀਮਤ ਦੇ ਦੇਂਦੇ ਹਾਂ। ਮਾਲਕ ਨੂੰ ਕੀਮਤ ਦੇ ਦੇਵੇ। ਜਾਂ ਉਤਨੇ ਹੀ ਸੰਗਤਰੇ ਹੋਰ ਖਰੀਦ ਕੇ ਲੈ ਜਾਵੇ। ਕੁਲੀ ਨਾ ਮੰਨੇ ਕਿ ਮੈਂ ਮਾਲਕ ਨੂੰ ਕੀ ਆਖਾਂਗਾ। ਭਾਈ ਸਾਹਿਬ ਜੀ ਆਪ ਗਏ ਅਤੇ ਸਾਰੀ ਗੱਲ ਉਸ ਨੂੰ ਸਮਝਾਈ। ਕੀਮਤ ਉਸ ਨੇ ਲੈ ਲਈ, ਪਰ ਬੜਾ ਹੈਰਾਨ ਜੋ ਇਹ ਕਿਸ ਤਰ੍ਹਾਂ ਦੇ ਆਦਮੀ ਹਨ। ਬਿਨਾਂ ਕਿਸੇ ਮਤਲਬ ਦੇ ਖਰਚ ਕਰ ਰਹੇ ਹਨ। ਭਾਈ ਸਾਹਿਬ ਜੀ ਨੇ ਉਹ ਸਾਰੇ ਸੰਗਤਰੇ ਕੂੜੇ ਵਿਚ ਸੁਟਵਾ ਦਿਤੇ।

4. 1918 ਵਿਚ ਇਕ ਵਾਰ ਵਾਰ-ਫੀਵਰ ਜਾਂ ਇਨਫਲੋਐਨਜ਼ਾਂ ਬਹੁਤ ਫੈਲ ਗਿਆ, ਜਿਸ ਨਾਲ ਅਣਗਿਣਤ ਮੌਤਾਂ ਹੋਈਆਂ। ਵਜ਼ੀਰ ਹਿੰਦ ਪ੍ਰੈਸ ਦਾ ਚੌਕੀਦਾਰ ਇਕ ਪੂਰਬੀਆ ਸੀ। ਉਸ ਦੇ ਘਰੋਂ ਚਿਠੀ ਆਈ ਕਿ ਉਸ ਦਾ ਸਾਰਾ ਪ੍ਰਵਾਰ ਇਸ ਬੀਮਾਰੀ ਨਾਲ ਮਰ ਗਿਆ ਹੈ। ਕੇਵਲ ਇਕ ਬੱਚਾ ਬਚਿਆ ਹੈ। ਚੌਕੀਦਾਰ ਨੇ ਪ੍ਰੈਸ ਦੇ ਮੈਨੇਜਰ ਸ੍ਰ: ਲਖਬੀਰ ਸਿੰਘ ਨੂੰ ਚਿਠੀ ਪੜ੍ਹਾਈ ਅਤੇ ਬੇਨਤੀ ਕੀਤੀ ਕਿ ਉਹ ਉਸ ਦੀ ਤਨਖਾਹ ਦੇ ਦੇਣ, ਉਹ ਰਾਤ ਦੀ ਗੱਡੀ ਆਪਣੇ ਘਰ ਜਾਣਾ ਚਾਹੁੰਦਾ ਸੀ। ਮੈਨੇਜਰ ਸਾਹਿਬ ਕਹਿਣ ਲੱਗੇ ਕਿ ਆਪਣੀ ਥਾਂ ਤੇ ਕੋਈ ਆਦਮੀ ਦੇ ਜਾਹ। ਉੱਤਰ ਵਿਚ ਉਸ ਨੇ ਕਿਹਾ ਕਿ ਉਹ ਇਸ ਵੇਲੇ ਸਖਤ ਪਰੇਸ਼ਾਨ ਹੈ, ਆਦਮੀ ਕਿਥੋਂ ਲਭੇ? ਮੈਨੇਜਰ ਸਾਹਿਬ ਨਾ ਮੰਨੇ ਅਤੇ ਉਹ ਵਿਚਾਰਾ ਆਦਮੀ ਲਭਣ ਲਈ ਟੁਰ ਪਿਆ, ਪਰ ਆਦਮੀ ਕਿਥੋਂ ਲਭੇ ਕਿਉਂਕਿ ਇਸ ਬੀਮਾਰੀ ਦੇ ਕਾਰਨ ਲੋਕੀਂ ਆਪੋ ਆਪਣੇ ਘਰ ਗਏ ਹੋਏ ਸਨ। ਫਿਰ ਆ ਕੇ ਉਸ ਨੇ ਤਰਲੇ ਕੱਢੇ, ਪਰ ਮੈਨੇਜਰ ਸਾਹਿਬ ਉਸ ਨੂੰ ਰੋਂਦਿਆਂ ਛਡ ਕੇ ਛੁੱਟੀ ਦੇ ਉਪਰੰਤ ਆਪਣੇ ਘਰ ਚਲੇ ਗਏ। ਕਿਸੀ ਨੇ ਚੌਕੀਦਾਰ ਨੂੰ ਕਿਹਾ ਕਿ ਤੂੰ ਉਤੇ ਜਾ ਕੇ ਵੱਡੇ ਸਰਦਾਰ ਜੀ ਨੂੰ ਮਿਲ, ਉਹ ਬੜੇ ਦਿਆਲੂ ਹਨ ਅਤੇ ਤਰਸ ਵਾਲੇ ਹਨ। ਉਹ ਰੋਂਦਾ ਰੋਂਦਾ ਉਪਰ ਭਾਈ ਸਾਹਿਬ ਪਾਸ ਪੁਜਾ ਅਤੇ ਸਾਰੀ ਵਿਥਿਆ ਸੁਣਾਈ। ਭਾਈ ਸਾਹਿਬ ਨੇ ਗੱਲ ਸੁਣੀ ਅਤੇ ਫੁਰਮਾਇਆ ਕਿ ਲਖਬੀਰ ਸਿੰਘ ਨੂੰ ਇਤਨੀ ਸਖਤੀ ਨਹੀਂ ਕਰਨੀ ਚਾਹੀਦੀ ਸੀ। ਭਾਈ ਸਾਹਿਬ ਨੇ ਉਸ ਨੂੰ ਹੌਸਲਾ ਦਿਤਾ ਅਤੇ ਕਿਹਾ ਕਿ ਤਨਖਾਹ ਅਸੀਂ ਦੇਂਦੇ ਹਾਂ, ਰੋ ਨਾ, ਹੌਸਲਾ ਕਰ, ਰਾਤ ਦੀ ਗੱਡੀ ਤੈਨੂੰ ਚੜ੍ਹਾ ਦੇਂਦੇ ਹਾਂ। ਭਾਈ ਸਾਹਿਬ ਨੇ ਉਸ ਨੂੰ ਸਮਝਾਇਆ ਕਿ ਇਹ ਬੀਮਾਰੀ ਬੜੀ ਭੈੜੀ ਹੈ ਅਤੇ ਉਹ ਆਪਣਾ ਖਿਆਲ ਰਖੇ। ਭਾਈ ਸਾਹਿਬ ਨੇ ਉਸ ਨੂੰ ਪੂਰੀ ਤਨਖਾਹ ਦਿਤੀ ਅਤੇ 5 ਰੁਪਏ ਹੋਰ ਆਪਣੇ ਵਲੋਂ ਵੀ ਦਿਤੇ। ਇਸ ਤੋਂ ਛੁਟ ਇਕ ਗਰਮ ਵਾਸਕਟ ਵੀ ਦਿਤੀ। ਚੌਕੀਦਾਰ ਘਬਰਾਇਆ ਹੋਇਆ ਸੀ, ਉਸ ਨੂੰ ਕੁਝ ਦਵਾਈ ਵੀ ਦਿਤੀ। ਚੂੰਕਿ ਥੋਹੜੀ ਦੇਰ ਹੋ ਗਈ ਸੀ, ਇਸ ਲਈ ਆਪਣਾ ਟਾਂਗਾ ਮੰਗਵਾਇਆ ਅਤੇ ਕੋਚਵਾਨ ਨੂੰ ਹੁਕਮ ਦਿਤਾ ਕਿ ਇਸ ਨੂੰ ਗੱਡੀ ਵਿਚ ਬਿਠਾ ਕੇ ਆਵੇ। ਚੌਕੀਦਾਰ ਜੋ ਸਾਰਾ ਦਿਨ ਰੋਂਦਾ ਰਿਹਾ ਸੀ ਹਮਦਰਦੀ ਵਾਲਾ ਵਰਤਾਉ ਦੇਖ ਕੇ ਪਸੀਜ ਗਿਆ।

5. ਇਕ ਵਾਰੀ ਭਾਈ ਸਾਹਿਬ ਨੇ ਸ੍ਰ: ਮਨਮੋਹਣ ਸਿੰਘ ਨੂੰ ਕਿਹਾ ਕਿ ਹਰ ਚਮਕਦੀ ਚੀਜ਼ ਹੀਰਾ ਨਹੀਂ ਹੋਇਆ ਕਰਦੀ। ਇਮੀਟੇਸ਼ਨ (ਨਕਲੀ ਚੀਜ਼) ਵੀ ਹੀਰੇ ਵਰਗੀ ਚਮਕ ਦੇ ਸਕਦਾ ਹੈ। ਇਸ ਲਈ ਜਗਿਆਸੂ ਨੂੰ ਬੜਾ ਚੌਕੰਨਾ ਰਹਿਣਾ ਚਾਹੀਦਾ ਹੈ। ਹਮੇਸ਼ਾ ਗੁਰਬਾਣੀ ਦਾ ਆਸਰਾ ਲੈਣਾ ਚਾਹੀਦਾ ਹੈ। ਕੋਈ ਚੀਜ਼ ਨਵੀਂ ਜੋ ਪ੍ਰਭਾਵਤ ਕਰੇ, ਗੁਰਬਾਣੀ ਨਾਲ ਪਰਖ ਕੇ ਗ੍ਰਹਿਣ ਕਰਨੀ ਚਾਹੀਦੀ ਹੈ। ਸੁਰਤ ਨੂੰ ਲੋਕਾਂ ਦੇ ਅਸਰਾਂ, ਪ੍ਰਭਾਵਾਂ ਤੋਂ ਬਚਾ ਕੇ ਰਖਣਾ ਚਾਹੀਦਾ ਹੈ।

6. ਅੰਬਾਲੇ ਸਿਖ ਐਜੂਕੇਸ਼ਨਲ ਕਾਨਫ੍ਰੰਸ ਤੇ ਕਈ ਵਿਅਕਤੀ ਇਕੋ ਮਕਾਨ ਵਿਚ ਠਹਿਰੇ ਹੋਏ ਸਨ, ਜਿਨ੍ਹਾਂ ਵਿਚ ਭਾਈ ਸਾਹਿਬ, ਸ੍ਰ: ਤ੍ਰਿਲੋਚਨ ਸਿੰਘ ਅਤੇ ਸ੍ਰ: ਮਨਮੋਹਨ ਸਿੰਘ ਵੀ ਸਨ। ਸ੍ਰ: ਤ੍ਰਿਲੋਚਨ ਸਿੰਘ ਜੀ ਅੰਮ੍ਰਿਤ ਵੇਲੇ ਟਹਿਲ ਕੇ ਉਚੀ ਉਚੀ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ। ਉਹ ਕੋਈ ਤੁਕ ਪੰਜ ਵਾਰੀ ਕੋਈ ਦੋ ਜਾਂ ਤਿੰਨ ਵਾਰੀ ਤੇ ਕੋਈ ਇਕ ਵਾਰੀ ਪੜ੍ਹਨ। ਸਰਦਾਰ ਜੀ ਨੇ ਜਦ ਇਸ ਤਰ੍ਹਾਂ ਪਾਠ ਕਰਦਿਆਂ ਦੇਖਿਆ ਤਾਂ ਮੌਕਾ ਮਿਲਣ ਤੇ ਭਾਈ ਸਾਹਿਬ ਤੋਂ ਇਸ ਤਰ੍ਹਾਂ ਪਾਠ ਕਰਨ ਦੀ ਗੱਲ ਪੁਛੀ। ਭਾਈ ਸਾਹਿਬ ਜੀ ਨੇ ਉਤਰ ਦਿਤਾ ਕਿ ਸ੍ਰਦਾਰ ਜੀ ਕੋਸ਼ਿਸ਼ ਕਰਦੇ ਹਨ ਕਿ ਇਕ ਪਾਠ ਤਾਂ ਜਪੁਜੀ ਸਾਹਿਬ ਦਾ ਹਜ਼ੂਰੀ ਵਿਚ ਕਰੀਏ। ਜੋ ਤੁਕ ਹਜ਼ੂਰੀ ਵਿਚ ਨਹੀਂ ਪੜ੍ਹੀ ਜਾਂਦੀ, ਵਾਰ ਵਾਰ ਪੜ੍ਹਦੇ ਹਨ। ਜਦੋਂ ਜਾਪਦਾ ਹੈ ਕਿ ਇਹ ਤੁਕ ਗੁਰੂ ਨਾਨਕ ਦੇਵ ਜੀ ਨੂੰ ਸੁਣਾ ਲਈ ਹੈ ਤਦੋਂ ਅਗੇ ਟੁਰਦੇ ਹਨ।

7. ਇਕ ਵਾਰੀ ਭਾਈ ਸਾਹਿਬ ਨੇ ਕਿਸੇ ਨੂੰ ਕਿਹਾ ਕਿ ਬਾਣੀ ਦਾ ਪਾਠ ਜ਼ਰਾ ਉਚਾ ਕਰਨਾ ਚਾਹੀਦਾ ਹੈ, ਇਤਨਾ ਉੱਚਾ ਕਿ ਆਪਣੇ ਕੰਨ ਪਾਠ ਦੀ ਆਵਾਜ਼ ਸੁਣ ਸਕਣ। ਇਸ ਤਰ੍ਹਾਂ ਕਰਨ ਨਾਲ ਬਾਣੀ ਪਾਠ ਵਿਚ ਛੇਤੀ ਸਵਾਦ ਪੈ ਜਾਵੇਗਾ।

8. ਇਕ ਦਿਨ ਭਾਈ ਸਾਹਿਬ ਸਵੇਰੇ ਆਪਣੀ ਕੋਠੀ ਦੇ ਅੰਦਰ ਸੈਰ ਕਰ ਰਹੇ ਸਨ ਤਾਂ ਗੇਟ ਦੇ ਬਾਹਰ ਆਪ ਨੇ ਦੇਖਿਆ ਕਿ ਜੱਟੀਆਂ ਖੇਤਾਂ ਵਿਚੋਂ ਸਰਿਉਂ ਦੀਆਂ ਗੰਦਲਾਂ ਦੀਆਂ ਪੰਡਾਂ ਸ਼ਹਿਰ ਵੇਚਣ ਲਈ ਲੈ ਜਾ ਰਹੀਆਂ ਹਨ। ਸਾਹ ਕਢਣ ਲਈ ਪੰਡਾਂ ਲਾਹ ਕੇ ਪੁਲ ਉਪਰ ਰਖੀਆਂ। ਆਪ ਨੇ ਬਾਹਰ ਜਾ ਕੇ ਦੇਖਿਆ, ਗੰਦਲਾਂ ਡਾਢੀਆਂ ਸੋਹਣੀਆਂ ਸਨ।

 www.sikhbookclub.com

ਕੀਮਤ ਪੁਛੀ ਜੋ ਉਨ੍ਹਾਂ ਨੇ ਮੰਗਿਆ ਆਪ ਨੇ ਦੇ ਕੇ ਦੋਵੇਂ ਗੰਢਾਂ ਖਰੀਦ ਲਈਆਂ। ਜੱਟੀਆਂ ਬੜੀਆਂ ਖੁਸ਼ ਹੋਈਆਂ ਕਿਉਂਕਿ ਉਨ੍ਹਾਂ ਨੇ ਇਹ ਭਾਰ ਚੁਕ ਕੇ 3-4 ਮੀਲ ਹੋਰ ਚਲਣਾ ਸੀ ਅਤੇ ਮੰਡੀ ਵਿਚ ਵੇਚਣ ਲਈ ਵੀ ਵਕਤ ਲਗਣਾ ਸੀ। ਇਹ ਵੀ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਉਥੇ ਕੀ ਵਟਿਆ ਜਾਵੇਗਾ। ਮੂੰਹ ਮੰਗੇ ਪੈਸੇ ਲੈ ਕੇ ਇਥੋਂ ਹੀ ਘਰ ਮੁੜ ਗਈਆਂ। ਅਸੀਸਾਂ ਦੇ ਰਹੀਆਂ ਸਨ, "ਵੀਰਾ ਤੇਰਾ ਭਲਾ ਹੋਵੇ"। ਭਾਈ ਸਾਹਿਬ ਨੇ ਆਪਣੀ ਅਰਧੰਗੀ ਨੂੰ ਕਿਹਾ ਕਿ ਇਨ੍ਹਾਂ ਨੂੰ ਚਾਹੜੋ, ਦੋ ਡੰਗ ਕਰ ਲਵਾਂਗੇ ਅਤੇ ਕੁਝ ਆਚਾਰ ਪਾ ਦੇਵੋ। ਦੂਜੇ ਦਿਨ ਉਸੀ ਵੇਲੇ ਉਹ ਜੱਟੀਆਂ ਫਿਰ ਆ ਗਈਆਂ। ਅਜ ਚਾਰ ਪੰਡਾਂ ਸਨ। ਸਾਰੀਆਂ ਹੀ ਆਖਣ "ਵੀਰਾ ਮੇਰੀ ਪੰਡ ਜ਼ਰੂਰ ਲਵੋ, ਕੱਲ੍ਹ ਇਨ੍ਹਾਂ ਪਾਸੋਂ ਲਈ ਸੀ ਅੱਜ ਮੇਰੀ ਪੰਡ ਲਵੋ।" ਕੱਲ੍ਹ ਵਾਲੀਆਂ ਜਟੀਆਂ ਆਪਣਾ ਹੱਕ ਜਤਲਾਵਣ। ਤਰਸਵਾਨ ਭਾਈ ਸਾਹਿਬ ਨੇ ਚਾਰੋਂ ਪੰਡਾਂ ਖਰੀਦ ਲਈਆਂ। ਜਟੀਆਂ ਬੜੀਆਂ ਅਸੀਸਾਂ ਦੇਂਦੀਆਂ ਵਿਹਲੀਆਂ ਹੋ ਕੇ ਘਰ ਚਲੀਆਂ ਗਈਆਂ। ਭਾਈ ਸਾਹਿਬ ਦੇ ਘਰੋਂ ਕਹਿਣ, ਤੁਸੀਂ ਇਤਨਾ ਸਾਗ ਹੋਰ ਲੈ ਲਿਆ ਹੈ, ਮੇਰਾ ਕੌਣ ਸੰਭਾਲੇ। ਆਪ ਨੇ ਸਾਗ ਸੁਕਾਣ ਲਈ ਕਹਿ ਦਿਤਾ। ਤੀਜੇ ਦਿਨ ਪਿੰਡ ਵਿਚ ਗੱਲ ਫੈਲ ਗਈ ਜੋ ਕੋਈ ਭਾਗਵਾਨ ਵੀਰ ਹੈ ਜੋ ਆਪੇ ਰਸਤੇ ਵਿਚ ਹੀ ਸਾਰਾ ਸਾਗ ਮੁਲ ਖਰੀਦ ਲੈਂਦਾ ਹੈ। ਜੋ ਮੂੰਹ ਤੋਂ ਮੰਗੋ ਦੇ ਦੇਂਦਾ ਹੈ। ਅਗਲੇ ਦਿਨ ਬਹੁਤ ਸਾਰੀਆਂ ਜਟੀਆਂ ਆ ਗਈਆਂ। ਮਿਨਤਾਂ ਕਰਨ ਕਿ ਸਾਗ ਲੈ ਲਵੋ। ਆਪ ਕਹਿਣ ਕਿ ਇਤਨਾ ਸਾਗ ਕੀ ਕਰਨਾ ਹੈ। ਹੋਰ ਨਹੀਂ ਚਾਹੀਦਾ। ਕਹਿਣ ਲਗੀਆਂ ਕਿ ਉਹ ਤਾਂ ਅੱਜ ਹੀ ਆਈਆਂ ਹਨ, ਕੁਝ ਤਾਂ ਸਾਡਾ ਭਾਰ ਹਲਕਾ ਕਰਵਾ ਦਿਉ, ਵੀਰਾ ਤੇਰਾ ਭਲਾ ਹੋਸੀ। ਆਪ ਹਸਣ ਅਤੇ ਉਹ ਮਿੰਨਤਾਂ ਕਰਨ। ਆਪ ਨੇ ਥੋਹੜਾ ਥੋਹੜਾ ਸਾਰੀਆਂ ਪਾਸੋਂ ਸਾਗ ਲਿਆ, ਆਪ ਖੁਸ਼ੀ ਖੁਸ਼ੀ ਸਾਗ ਲੈ ਕੇ ਅੰਦਰ ਆਏ। ਘਰਵਾਲੀ ਨੇ ਫਿਰ ਕਿਹਾ ਜੀਉ, ਦਸੋ ਇਤਨਾਂ ਸਾਗ ਕੀ ਕਰਾਂਗੇ। ਆਪ ਨੇ ਕਿਹਾ ਕਿ ਤੁਸੀਂ ਦੇਖਿਆ ਨਹੀਂ ਜਦੋਂ ਉਹ ਲਿਲਕ ਲਿਲਕ ਤੇ ਤਰਲੇ ਕਰਦੀਆਂ ਸਨ। ਵੀਰਾ ਥੋਹੜਾ ਮੇਰਾ ਬੋਝ ਵੀ ਹਲਕਾ ਕਰਵਾ। ਤੁਸੀਂ ਉਨ੍ਹਾਂ ਦੇ ਚਿਹਰੇ ਨਹੀਂ ਦੇਖੇ। ਮੇਰੇ ਤੋਂ ਨਹੀਂ ਰਿਹਾ ਜਾਂਦਾ। ਫਿਰ ਅਸੀਸਾਂ ਦੇਂਦੀਆਂ ਹਨ। ਅੱਜ ਕਹਿ ਦਿਤਾ ਹੈ, ਹੁਣ ਅਗੋਂ ਅਸੀਂ ਨਹੀਂ ਲਵਾਂਗੇ। ਕੱਲ੍ਹ ਤੋਂ ਨਹੀਂ ਆਵਣਗੀਆਂ। ਤੁਸੀਂ ਇਹ ਆਂਢ ਗੁਆਂਢ ਵੰਡ ਦੇਵੋ। ਮਾਲੀ, ਗਵਾਲਾ, ਚੌਕੀਦਾਰ, ਹੋਰ ਜਿਸ ਜਿਸ ਨੂੰ ਦੇਣਾ ਹੈ ਵੰਡ ਦੇਵੋ।

9. ਕੁਝ ਕੁ ਪਿਆਰਿਆਂ ਨੂੰ ਅਭੀਨੰਦਨ ਗ੍ਰੰਥ ਤਿਆਰ ਕਰਨ ਦਾ ਖਿਆਲ ਫੁਰਿਆ। ਇਸ ਕੰਮ ਲਈ ਭਾਈ ਸਾਹਿਬ ਤੋਂ ਇਜਾਜ਼ਤ ਲੈਣੀ ਜ਼ਰੂਰੀ ਸੀ। ਉਹ ਭਾਈ ਸਾਹਿਬ ਪਾਸ ਆਏ ਅਤੇ ਆਗਿਆ ਮੰਗੀ, ਪਰ ਆਪ ਇਸ ਲਈ ਨਾ ਮੰਨੇ। ਉਨ੍ਹਾਂ ਨੇ ਇਹ ਕੰਮ ਡਾਕਟਰ ਬਲਬੀਰ ਸਿੰਘ ਨੂੰ ਸੌਂਪ ਦਿਤਾ ਕਿ ਉਹ ਕਿਸੀ ਤਰ੍ਹਾਂ ਭਾਈ ਸਾਹਿਬ ਨੂੰ ਮਨਾਉਣ। ਡਾਕਟਰ ਸਾਹਿਬ ਨੇ ਮੌਕਾ ਦੇਖ ਕੇ ਭਾਈ ਸਾਹਿਬ ਨੂੰ ਪੰਜਾਬੀ ਦੀ ਮਸ਼ਹੂਰੀ ਅਤੇ ਪੰਜਾਬੀ ਦੀ ਵਡਿਆਈ ਬਾਰੇ ਦਲੀਲਾਂ ਦਿਤੀਆਂ ਅਤੇ ਕਿਹਾ ਕਿ ਇਸੀ ਬਹਾਨੇ ਹਿੰਦ ਦੇ ਵਡੇ ਵਡੇ ਲਿਖਾਰੀਆਂ ਦੇ ਲੇਖ ਇਕੱਤਰ ਹੋ ਜਾਣਗੇ। ਪੰਜਾਬੀ ਦੀ ਸ਼ੋਭਾ ਦੁਨੀਆਂ ਵਿਚ ਫੈਲੇਗੀ। ਇਸ ਦਲੀਲ ਅਗੇ ਆਪ ਝੁਕ ਗਏ ਅਤੇ ਅਭਿਨੰਦਨ ਗ੍ਰੰਥ ਲਈ ਤਿਆਰੀਆਂ ਸ਼ੁਰੂ ਹੋ ਗਈਆਂ। ਆਪ ਨੇ ਇਹ ਇਕਰਾਰ ਲਿਆ ਕਿ ਖਰਚੇ ਲਈ ਅਪੀਲ ਨਹੀਂ ਕੀਤੀ ਜਾਵੇਗੀ। ਆਪ ਦੀਆਂ ਤਸਵੀਰਾਂ ਇਕਠੀਆਂ ਕੀਤੀਆਂ ਗਈਆਂ। ਉਨ੍ਹਾਂ ਦਿਨਾਂ ਦੀ ਵੀ ਇਕ ਤਸਵੀਰ ਭਾਈ ਸਾਹਿਬ ਜੀ ਦੀ ਚਾਹੀਦੀ ਸੀ। ਆਪ ਬੰਬਈ ਜਾਂਦੇ ਹੋਏ ਰਸਤੇ ਵਿਚ ਦਿੱਲੀ ਰੁਕੇ। ਇਹ ਕੰਮ ਮਲਕ ਤੇਜਾ ਸਿੰਘ ਦੇ ਸਪੁਰਦ ਕੀਤਾ ਗਿਆ। ਮਲਕ ਸਾਹਿਬ ਨੇ ਮੁਸ਼ਕਲ ਨਾਲ ਉਨ੍ਹਾਂ ਨੂੰ ਮਨਾ ਕੇ ਇਕ ਤਸਵੀਰ ਉਤਰਵਾਈ। ਆਪ ਤਸਵੀਰ ਉਤਰਵਾਕੇ ਉਦਾਸ ਹੋ ਗਏ। ਆਪ ਪਾਸੋਂ ਉਦਾਸੀ ਦਾ ਕਾਰਨ ਪੁਛਿਆ ਗਿਆ ਤਾਂ ਆਪ ਨੇ ਫੁਰਮਾਇਆ ਕਿ ਉਨ੍ਹਾਂ ਇਹ ਤਸਵੀਰ ਖਿਚਵਾ ਕੇ ਭੁਲ ਕੀਤੀ ਹੈ। ਆਪ ਨੇ ਫੁਰਮਾਇਆ ਕਿ ਜੇ ਹੁਣ ਨੈਗੇਟਿਵ ਲਿਆ ਦੇਵੋ ਤਾਂ ਮੇਰੀ ਤਬੀਅਤ ਖੇੜੇ ਵਿਚ ਆਵੇਗੀ। ਨੈਗੇਟਿਵ ਲਿਆ ਕੇ ਆਪ ਨੂੰ ਦਿਤਾ ਗਿਆ ਅਤੇ ਉਸ ਨੂੰ ਆਪਣੇ ਹਥ ਨਾਲ ਫਾੜ ਦਿਤਾ।

ਅਭੀਨੰਦਨ ਗ੍ਰੰਥ ਤਿਆਰ ਹੋ ਚੁਕਾ ਸੀ। ਇਸ ਲਈ ਬਣਾਈ ਗਈ ਕਮੇਟੀ ਨੇ ਫੈਸਲਾ ਕੀਤਾ ਕਿ ਇਕ ਸਮਾਰੋਹ ਦਾ ਪ੍ਰਬੰਧ ਕੀਤਾ ਜਾਵੇ, ਜਿਸ ਵਿਚ ਚੋਣਵੇਂ ਚੋਣਵੇਂ ਸਜਣਾਂ ਨੂੰ ਸੱਦਾ ਪੱਤ੍ਰ ਭੇਜਿਆ ਜਾਵੇ ਅਤੇ ਡਾਕਟਰ ਰਜਿੰਦਰ ਪ੍ਰਸ਼ਾਦਿ ਜੀ ਦੇ ਹੱਥੋਂ ਆਪ ਨੂੰ ਇਹ ਭੇਟ ਕਰਵਾਇਆ ਜਾਵੇ। ਕਮੇਟੀ ਦੇ ਸੱਜਣ ਡਾ: ਰਾਜਿੰਦਰ ਪ੍ਰਸ਼ਾਦਿ ਜੀ ਪਾਸ ਗਏ ਅਤੇ ਉਨ੍ਹਾਂ ਨੂੰ ਮਨਾ ਲਿਆ। ਜਦੋਂ ਇਹ ਤਜਵੀਜ਼ ਆਪ ਜੀ ਪਾਸ ਪੁਜੀ ਤਾਂ ਆਪ ਨੇ ਸਾਫ ਇਨਕਾਰ ਕਰ ਦਿਤਾ। ਜਦੋਂ ਤਕ ਗ੍ਰੰਥ ਆਪ ਨੂੰ ਭੇਂਟ ਨਾ ਕੀਤਾ ਜਾਵੇ ਤਦੋਂ ਤਕ ਇਹ ਲੋਕਾਂ ਤਕ ਨਹੀਂ ਅੱਪੜ ਸਕਦਾ ਸੀ। ਆਖਰ ਇਹ ਤਜਵੀਜ਼ ਹੋਈ ਕਿ ਚੋਣਵੇਂ ਸੱਜਣ ਆਪ ਪਾਸ ਜਾ ਕੇ ਉਥੇ ਹੀ ਆਪ ਨੂੰ ਭੇਟ ਕਰ ਦੇਣ। ਇਸ ਕੰਮ ਲਈ ਸ੍ਰ: ਹਰਨਾਮ ਸਿੰਘ ਨੂੰ ਅੰਮ੍ਰਿਤਸਰ ਭੇਜਿਆ ਗਿਆ। ਮੌਕਾ ਦੇਖ ਕੇ ਉਨ੍ਹਾਂ ਭਾਈ ਸਾਹਿਬ ਨਾਲ ਗੱਲ ਕੀਤੀ। ਪਰ ਆਪ ਇਸ ਲਈ ਵੀ ਨਾ ਮੰਨੇ। ਸ੍ਰ: ਹਰਨਾਮ ਸਿੰਘ ਉਨ੍ਹਾਂ ਤੇ ਜ਼ੋਰ ਪਾਉਣ ਕਿ ਕੁਝ ਫੈਸਲਾ ਕਰੋ। ਉਨ੍ਹਾਂ ਕਿਹਾ ਕਿ ਤੁਸੀਂ ਮੇਰੀ ਹਉਮੈ ਨੂੰ ਪਠੇ ਪਾਉਂਦੇ ਹੋ। ਸਾਰੀ ਉਮਰ ਇਸ ਹਉਮੈਂ ਤੋਂ ਬਚਣ ਦਾ ਯਤਨ ਕਰਦਾ ਰਿਹਾ ਹਾਂ, ਫੂਕ ਫੂਕ ਕੇ ਪੈਰ ਰਖਦਾ ਰਿਹਾ ਹਾਂ। ਇਹ ਸਾਰੀਆਂ ਗੱਲਾਂ

ਹਉਮੈ ਦੀ ਖੁਰਾਕ ਪੈਦਾ ਕਰਦੀਆਂ ਹਨ। ਜ਼ਿਆਦਾ ਜ਼ੋਰ ਦੇਣ ਤੇ ਆਪ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਕੋਈ ਸਮਾਰੋਹ ਨਾ ਕੀਤਾ ਜਾਵੇ। ਸਿਖ ਐਜੂਕੇਸ਼ਨਲ ਕਾਨਫ੍ਰੰਸ ਬੰਬਈ ਹੋ ਰਹੀ ਹੈ, ਉਨ੍ਹਾਂ ਨੇ ਉਥੇ ਜਾਣਾ ਹੈ ਅਤੇ ਮਲਕ ਹਰਦਿਤ ਸਿੰਘ ਕਾਨਫ੍ਰੰਸ ਦੇ ਪ੍ਰਧਾਨ ਹੋਣਗੇ। ਉਹ ਉਨ੍ਹਾਂ ਨੂੰ ਉਥੇ ਹੀ ਦੇ ਦੇਣ। ਪਰ ਸ਼ਰਤ ਇਹ ਹੈ ਕਿ ਇਸ ਬਾਰੇ ਕਿਸੇ ਅਖਬਾਰ, ਇਸ਼ਤਿਹਾਰ ਜਾਂ ਕਾਨਫ੍ਰੰਸ ਦੇ ਕਿਸੇ ਪ੍ਰੋਗਰਾਮ ਵਿਚ ਇਹ ਨਾ ਛਾਪਿਆ ਜਾਵੇ। ਸਾਰਿਆਂ ਨੇ ਇਹ ਖਿੜੇ ਮੱਥੇ ਪ੍ਰਵਾਨ ਕਰ ਲਿਆ। ਭਾਵੇਂ ਉਨ੍ਹਾਂ ਦੀ ਖਾਹਿਸ਼ ਇਕ ਚੰਗੀ ਪਾਰਟੀ ਕਰਨ ਦੀ ਸੀ, ਜਿਸ ਦੇ ਲਈ ਉਨ੍ਹਾਂ ਪਾਸ ਕਾਫੀ ਫੰਡ ਸਨ। ਮਲਕ ਜੀ ਨੇ ਗ੍ਰੰਥ ਭੇਟ ਕੀਤਾ। ਸੰਗਤਾਂ ਨੇ ਭਾਈ ਸਾਹਿਬ ਨੂੰ ਦਰਸ਼ਨ ਦੇਣ ਲਈ ਮਜਬੂਰ ਕੀਤਾ। ਆਪ ਸਟੇਜ ਪਰ ਆਏ। ਹੱਥ ਜੋੜ ਕੇ, ਨੇਤਰ ਬੰਦ ਕਰ ਕੇ, ਵਾਹਿਗੁਰੂ ਜੀ ਕੀ ਫਤਹਿ ਗਜਾਈ। ਆਪ ਨੇ ਮੁਖਾਰ ਬਿੰਦ ਤੋਂ ਇਹ ਅਖਰ ਉਚਾਰੇ।

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ*
*ਸਤਿਗੁਰ ਸੰਗਿ ਕੀਰੇ ਹਮ ਥਾਪੇ॥*

ਕਮੇਟੀ ਚਾਹੁੰਦੀ ਸੀ ਕਿ ਅਭਿਨੰਦਨ ਗ੍ਰੰਥ ਦੀ ਜਲਦੀ ਤੋਂ ਜਲਦੀ ਵਿਕਰੀ ਹੋਵੇ। ਇਸ ਲਈ ਖਾਲਸਾ ਸਮਾਚਾਰ ਦੇ ਐਡੀਟਰ ਭਾਈ ਮਹਾਂ ਸਿੰਘ ਨੂੰ ਬਿਨੇ ਕੀਤੀ ਗਈ ਕਿ ਅਭਿਨੰਦਨ ਗ੍ਰੰਥ ਦਾ ਰੀਵੀਊ ਕਢ ਦੇਣ। ਉਨ੍ਹਾਂ ਨੇ ਰੀਵੀਊ ਕਢ ਦਿਤਾ। ਜਦੋਂ ਸਮਾਚਾਰ ਦਾ ਪਰਚਾ ਭਾਈ ਸਾਹਿਬ ਨੇ ਦੇਖਿਆ ਤਾਂ ਬੜੇ ਉਦਾਸ ਹੋਏ ਕਿ ਉਨ੍ਹਾਂ ਦੀ ਹੀ ਅਖਬਾਰ ਵਿਚ ਰੀਵੀਊ ਕਢ ਦਿਤਾ ਗਿਆ ਹੈ। ਆਪ ਬਹੁਤ ਸਮੇਂ ਤਕ ਉਦਾਸ ਰਹੇ। ਕਿਤਨਾਂ ਸਮਾਂ ਉਦਾਸ ਚਿਤ ਇਸ ਵਿਸ਼ੇ ਪਰ ਬਚਨ ਕਰਦੇ ਰਹੇ। ਉਸ ਅਖਬਾਰ ਦੇ ਉਤੇ ਇਕ ਚਿਟ ਲਗਾ ਦਿਤੀ ਜਿਸ ਪਰ ਲਿਖਿਆ ਕਿ ਸੱਜਣ ਜੀ ਛਾਤੀ ਪਰ ਹੱਥ ਰਖ ਕੇ ਦਿਲ ਨੂੰ ਸੰਭਾਲ ਕੇ ਪੜ੍ਹੋ :-

*ਰਜ ਰਜ ਕੇ ਭੰਡ ਲਿਆ ਜੇ, ਹੁਣ ਤਾਂ ਆਖੋ ਬੱਸ*
*ਕਚੀ ਰਿਝੇ ਕੋਈ ਨਾ ਬੁਝੇ, ਤਾਂ ਤਾਂ ਭਰਦਾ ਰਸ*
*ਨਿੰਦਾ ਉਸਤਤ ਦੋਊ ਬਿਬ੍ਰਜਤ, ਨਾ ਰੋ ਨਾ ਪਿਆ ਹਸ*
*ਦ੍ਵੰਤਾਤੀਤ ਸੁਖ ਦਾ ਡੇਰਾ, ਉਹ ਥਾਂ ਦੇ ਕੋਈ ਦਸ।*

 www.sikhbookclub.com

10. 1912-13 ਦੀ ਗੱਲ ਹੈ ਜਦੋਂ ਪ੍ਰੋ: ਪੂਰਨ ਸਿੰਘ ਦੇ ਅੰਦਰ ਗੁਰੂ ਦਾ ਪਿਆਰ ਜਾਗ ਪਿਆ ਸੀ ਤੇ ਜੀਵਨ ਪਲਟ ਗਿਆ ਸੀ। ਉਹ ਥੋਹੜੇ ਦਿਨਾਂ ਲਈ ਅੰਮ੍ਰਿਤਸਰ ਆਏ। ਉਹ ਭਾਈ ਵੀਰ ਸਿੰਘ ਦੇ ਚਰਨਾਂ ਤੇ ਡਿਗ ਕੇ ਰੋਈ ਜਾਣ। ਭਾਈ ਸਾਹਿਬ ਨੇ ਪਿਆਰ ਕੀਤਾ ਅਤੇ ਰੋਣ ਦਾ ਕਾਰਣ ਪੁਛਿਆ। ਪ੍ਰੋ: ਸਾਹਿਬ ਨੇ ਕਿਹਾ ਕਿ ਹੁਕਮ ਲੈਣ ਆਇਆ ਹਾਂ ਅਤੇ ਆਪ ਆਗਿਆ ਦੇਵੋ ਤਾਂ ਜੋ ਮੈ ਨੌਕਰੀ ਛਡ ਦੇਵਾਂ। ਪ੍ਰੋ: ਸਾਹਿਬ ਡੇਹਰਾਦੂਨ ਫਾਰੈਸਟ ਇਨਸਟੀਚੀਊਟ ਦੇ ਕੈਮਿਸਟ ਸਨ। ਉਥੇ ਰੀਸਰਚ ਤੇ ਲਗੇ ਹੋਏ ਸਨ ਅਤੇ ਲਗ ਪਗ 1500/- ਰੁਪਏ ਤਨਖਾਹ ਲੈਂਦੇ ਸਨ। ਫਿਰ ਬੇਨਤੀ ਕੀਤੀ ਕਿ ਆਪ ਨੇ ਹੁਕਮ ਦਿਤਾ ਹੈ ਕਿ ਅਠ ਪਹਿਰ ਹਜ਼ੂਰੀ ਵਿਚ ਵਸਣਾ ਹੈ। ਇਹ ਦੋਵੇਂ ਕੰਮ ਨਹੀਂ ਹੋ ਸਕਦੇ। ਇਸ ਲਈ ਦੁਖੀ ਹੋ ਕੇ ਆਪ ਜੀ ਦੇ ਪਾਸ ਨੌਕਰੀ ਛਡਣ ਦੀ ਆਗਿਆ ਲੈਣ ਆਇਆ ਹਾਂ। ਤੁਸੀਂ ਉਨ੍ਹਾਂ ਗੁਰ ਸਿਖਾਂ ਦੀਆਂ ਮਿਸਾਲਾਂ ਦੇਂਦੇ ਹੋ ਜੋ ਕਮਾਲ ਤਕ ਪੁਜੇ ਹਨ। ਉਨ੍ਹਾਂ ਵਿਚ ਜ਼ਿਆਦਾ ਜੱਟ ਸਿਖ ਹਨ। ਜੱਟ ਜੇ ਹਲ ਵਾਹ ਰਿਹਾ ਹੈ ਤਾਂ ਮੁਖ ਤੋਂ ਬਾਣੀ ਪੜ੍ਹ ਰਿਹਾ ਹੈ, ਉਸ ਨੂੰ ਕੋਈ ਰੁਕਾਵਟ ਨਹੀਂ। ਜੱਟ ਜੇ ਕਣਕ ਬੀਜ ਰਿਹਾ ਹੈ, ਸੁਰਤ ਗੁਰੂ ਦੇ ਚਰਨਾਂ ਨਾਲ ਜੋੜ ਰਖੇ, ਉਸ ਨੂੰ ਕੋਈ ਰੁਕਾਵਟ ਨਹੀਂ। ਜੱਟ ਜੇ ਕਣਕ ਵਢ ਰਿਹਾ ਹੈ ਤੇ ਧਿਆਨ ਗੁਰ ਚਰਨਾਂ ਵਿਚ ਰਖਿਆ ਹੈ, ਤਾਂ ਕੋਈ ਰੁਕਾਵਟ ਨਹੀਂ ਪੈਂਦੀ। ਮੈਨੂੰ ਲਿਬਾਰਟਰੀ ਵਿਚ ਕੰਮ ਕਰਨਾ ਪੈਂਦਾ ਹੈ, ਰੀਸਰਚ ਦਾ ਕੰਮ ਹੈ। ਜਦੋਂ ਤਕ ਚਿਤ ਨਾ ਜੋੜਾਂ, ਕੁਝ ਨਹੀਂ ਕਰ ਸਕਦਾ। ਇਹ ਕੰਮ ਕਰਦਿਆਂ ਦੋ ਕੰਮ ਨਹੀਂ ਹੋ ਸਕਦੇ। ਬਖਸ਼ ਲਵੋ, ਹੁਕਮ ਨਹੀਂ ਮੰਨ ਰਿਹਾ। ਨੌਕਰੀ ਛਡ ਕੇ ਧਿਆਨ ਕਰਾਂਗਾ ਤਾਂ ਜੋ ਆਪ ਦੇ ਹੁਕਮ ਪਰ ਅਮਲ ਕਰ ਸਕਾਂ। ਭਾਈ ਸਾਹਿਬ ਨੇ ਪਿਆਰ ਕੀਤਾ ਅਤੇ ਫੁਰਮਾਇਆ ਕਿ ਨੌਕਰੀ ਛਡਣ ਦੀ ਲੋੜ ਨਹੀਂ ਅਤੇ ਅਸੀਂ ਆਪ ਦੇ ਪਾਸੋਂ ਏਹ ਸਬਕ ਇਸੀ ਤਰ੍ਹਾਂ ਪਕਵਾਣਾ ਹੈ। ਗ੍ਰਿਹਸਤ ਵਿਚ ਰਹਿੰਦਿਆਂ, ਨੌਕਰੀ ਕਰਦਿਆਂ, ਘਰ ਆਵੋ ਤਦੋਂ ਬਚੇ ਆਪ ਦੀਆਂ ਟੰਗਾਂ ਨੂੰ ਜਫੀ ਪਾ ਲੈਣ ਤੇ ਕਹਿਣ ਕਿ ਪਾਪਾ ਜੀ ਮੈਨੂੰ ਬੂਟ ਲੈ ਦਿਉ, ਮੈਨੂੰ ਕਿਤਾਬ ਲੈ ਦੇਵੋ। ਇਹ ਸਾਰੇ ਕਾਰਜ ਕਰਦਿਆਂ, ਜੋ ਨਾਮ ਪਕੇਗਾ, ਉਹ ਅੰਦਰ ਸਿੰਜਰੇਗਾ। ਅੰਦਰ ਪੱਕਾ ਟਿਕੇਗਾ। ਚਲੋ ਆਪ ਨੂੰ ਛੋਟ ਕਰ ਦਿੰਦਾ ਹਾਂ। 24 ਘੰਟਿਆਂ ਦੀ ਥਾਂ ਹਾਲਾਂ ਜੋ ਵਿਹਲਾ ਸਮਾਂ ਆਪ ਨੂੰ ਮਿਲਦਾ ਹੈ ਸੰਭਾਲੋ। ਰਾਤ ਸਾਰੀ ਆਪ ਪਾਸ ਹੈ। ਘਟ ਸਵੋਂ। ਅੰਮ੍ਰਿਤ ਵੇਲੇ ਜਾਗ ਕੇ ਅਠ, ਨੌਂ ਬਜੇ ਤਕ ਮਿਠੀ ਕਾਰ ਕਰੋ। ਫਿਰ ਸ਼ਾਮ ਨੂੰ ਦਫਤਰ ਤੋਂ ਆ ਕੇ ਕੁਝ ਸਮਾਂ ਕਢ ਸਕਦੇ ਹੋ। ਇਸ ਤਰ੍ਹਾਂ ਨਾਮ ਅੰਦਰ ਸਿੰਜਰਦਾ ਜਾਵੇਗਾ। ਇਹ ਦਿਨਾਂ ਦੀ ਕਾਰ ਨਹੀਂ, ਜਨਮਾਂ ਦੀ ਕਾਰ ਹੈ। ਸੋ ਜਿਸ ਤਰ੍ਹਾਂ ਦਸਦੇ ਹਾਂ, ਲਗੇ ਰਹੋ, ਨੌਕਰੀ ਛਡਣ ਦੀ ਲੋੜ ਨਹੀਂ।

*ਹਰਿ ਕਾ ਬਿਲੋਵਨਾ ਬਿਲੋਵੋ ਮੇਰੇ ਭਾਈ,*
*ਸਹਿਜ ਬਿਲੋਵਹੁ ਜੈਸੇ ਤਤ ਨਾ ਜਾਈ॥*

ਇਸ ਤਰ੍ਹਾਂ ਪਿਆਰ ਕਰ ਕੇ, ਸਮਝਾ ਕੇ, ਰੋਂਦੇ ਆਏ ਨੂੰ ਖੇੜੇ ਨਾਲ ਭਰ ਕੇ ਵਾਪਸ ਡੇਹਰਾਦੂਨ ਭੇਜਿਆ।

11. ਬੀਬੀ ਸੰਤ ਜੀ ਦੇ ਦੇਵਰ ਭਗਤ ਮੁਕੰਦ ਲਾਲ ਜੀ ਨੂੰ ਲਾਹੌਰ ਦਾ ਵਸੇਬਾ ਛਡ ਕੇ ਆਪਣੀ ਜ਼ਮੀਨ ਤੇ ਜਾਣਾ ਪਿਆ। ਬੀਬੀ ਸੰਤ ਜੀ ਵੀ ਉਨ੍ਹਾਂ ਦੇ ਨਾਲ ਗਏ। ਉਹ ਥਾਂ ਉਜਾੜ ਸੀ ਅਤੇ ਕੱਚੇ ਮਕਾਨ ਸਨ। ਛੱਤ ਤੋਂ ਮਿਟੀ ਡਿਗਦੀ ਸੀ। ਉਥੇ ਲਾਹੌਰ ਦੇ ਸਾਰੇ ਸੁਖ ਆਰਾਮ ਖਤਮ ਹੋ ਗਏ। ਉਨ੍ਹਾਂ ਨੂੰ ਵਡਾ ਦੁਖ ਇਹ ਸੀ ਕਿ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਨਾ ਹੋਵਣ, ਜਿਸ ਕਰ ਕੇ ਉਨ੍ਹਾਂ ਦਾ ਚਿਤ ਪ੍ਰਭੂ ਚਰਨਾਂ ਵਿਚ ਨਾ ਜੁੜੇ ਅਤੇ ਉਦਾਸ ਰਹਿਣ। ਉਨ੍ਹਾਂ ਨੇ ਇਹ ਆਪਣੀ ਦਸ਼ਾ ਭਾਈ ਸਾਹਿਬ ਨੂੰ ਲਿਖੀ। ਭਾਈ ਸਾਹਿਬ ਨੇ ਇਹ ਰੁਬਾਈ ਲਿਖ ਕੇ ਉੱਤਰ ਵਿਚ ਭੇਜੀ :-

*ਚੁੰਝ ਨਾਲ ਚੋਗਾ ਚੁਣ ਚਿੜੀਆਂ, ਤੇਰੇ ਮੂੰਹ ਵਿਚ ਪਾਇਆ।*
*ਚੋਗੇ ਨਾਲ ਉਨ੍ਹਾਂ ਨੇ ਤੈਂ ਵਿਚ, ਤਾਣ ਉਡਣ ਦਾ ਲਾਇਆ।*
*ਖੰਭ ਹੀਨਾਂ ਵਿਚ ਬੈਠ ਤੁਧੇ ਨੇ, ਕਿਉਂ ਰਿੜ੍ਹਨਾ ਸਿਖ ਲੀਤਾ।*
*ਉਡਣ ਤਾਣ ਅਜੇ ਤੈਂ ਅੰਦਰ, ਰਹੀਏ ਉਨੂੰ ਜਗਾਇਆ।*

ਰੁਬਾਈ ਪੜ੍ਹ ਕੇ ਬੀਬੀ ਜੀ ਨੂੰ ਹੋਸ਼ ਆ ਗਈ। ਚਿਤ ਸੰਭਲ ਗਿਆ ਤੇ ਰੁਬਾਈ ਦੀ ਸਿਖਿਆ ਪਰ ਅਮਲ ਕਰਨਾ ਅਰੰਭਿਆ। ਥੋੜੇ ਦਿਨਾਂ ਵਿਚ ਮਿਹਰ ਹੋ ਗਈ ਅਤੇ ਬਾਬਾ ਜੀ ਦਾ ਪ੍ਰਕਾਸ਼ ਵੀ ਕਰ ਲਿਆ।

12. ਭਾਈ ਸਾਹਿਬ ਜੀ ਦੇ ਛੋਟੇ ਭਰਾਤਾ ਭਾਈ ਜੈਰਾਜ ਸਿੰਘ ਜੀ ਜਵਾਨੀ ਵਿਚ ਹੀ ਦਾਤੇ ਪਾਸ ਅਪੜ ਗਏ। ਉਨ੍ਹਾਂ ਦੇ ਗੁਜ਼ਰਨ ਤੋਂ 15 ਕੁ ਦਿਨ ਪਹਿਲਾਂ ਬੀਬੀ ਸੰਤ ਜੀ ਨੇ ਉਨ੍ਹਾਂ ਦੇ ਦਰਸ਼ਨ ਕੀਤੇ ਸਨ ਅਤੇ ਉਨ੍ਹਾਂ ਨੇ ਬੀਬੀ ਜੀ ਨੂੰ ਚਾਹ ਛਕਾਈ ਸੀ। ਇਸ ਦੁਖ ਦੇ ਸਮੇਂ ਉਹ ਭਾਈ ਸਾਹਿਬ ਪਾਸ ਅੰਮ੍ਰਿਤਸਰ ਆਏ ਅਤੇ ਚਰਨਾਂ ਤੇ ਸਿਰ ਰਖ ਕੇ ਰੋਈ ਜਾਣ। ਭਾਈ ਸਾਹਿਬ ਉਨ੍ਹਾਂ ਨੂੰ ਧੀਰਜ ਦੇਣ ਪਰ ਉਨ੍ਹਾਂ ਦਾ ਰੋਣਾ ਬੰਦ ਨਾ ਹੋਵੇ। ਜਦ ਆਪ ਦਾ ਰੋਣਾ ਬੰਦ ਨਾ ਹੋਇਆ ਤਾਂ ਭਾਈ ਸਾਹਿਬ ਨੇ ਉਨ੍ਹਾਂ

ਨੂੰ ਕਿਹਾ ਕਿ ਤੁਸੀਂ ਸਾਨੂੰ ਉਚਿਆਂ ਕਰਨ ਆਏ ਹੋ ਜਾਂ ਡੇਗਣ ਆਏ ਹੋ। ਹੌਸਲਾ ਕਰੋ। ਆਪ ਦੇ ਭਰਾ ਦਾ ਔਹਦਾ ਵਧਿਆ ਹੈ, ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਦ ਕੇ ਆਪਣੀ ਖਾਸ ਸੇਵਾ ਵਿਚ ਲਾਇਆ ਹੈ। ਤੁਸੀਂ ਭੈਣ ਹੋ। ਜੇ ਕਰ ਭਰਾਵਾਂ ਦੀ ਤਰੱਕੀ ਹੋਵੇ ਤਾਂ ਭੈਣਾਂ ਨੂੰ ਖੁਸ਼ ਹੋਣਾ ਚਾਹੀਦਾ ਹੈ। ਬੀਬੀ ਜੀ ਨੇ ਕਿਹਾ ਕਿ ਚਿਤ ਸੰਭਲਦਾ ਨਹੀਂ, ਅਜੇ ਦੋ ਹਫਤੇ ਹੀ ਹੋਏ ਹਨ, ਦੇਖ ਕੇ ਗਈ ਸਾਂ। ਉਹ ਉਸੀ ਤਰ੍ਹਾਂ ਹੀ ਦਿਸਦੇ ਹਨ। ਭਾਈ ਸਾਹਿਬ ਨੇ ਕਿਹਾ ਜੇ ਆਪ ਜੀ ਨੂੰ ਪਤਾ ਲਗ ਜਾਵੇ ਕਿ ਜੈ ਰਾਜ ਸਿੰਘ ਸੁਖੀ ਹੈ, ਉਚੇ ਟਿਕਾਣੇ ਗਿਆ ਹੈ, ਫਿਰ ਤਾਂ ਆਪ ਨੂੰ ਹੌਸਲਾ ਆ ਜਾਸੀ। ਉਤਰ ਵਿਚ ਬੀਬੀ ਜੀ ਨੇ ਕਿਹਾ, ਜੀ ਉਮੀਦ ਹੈ। ਭਾਈ ਸਾਹਿਬ ਨੇ ਕਿਹਾ ਕਿ ਘਰ ਜਾ ਕੇ ਇਕਾਂਤ ਵਿਚ ਪੰਜ ਪਾਠ ਜਪੁਜੀ ਸਾਹਿਬ ਅਤੇ ਇਕ ਪਾਠ ਸੁਖਮਨੀ ਜੀ ਦਾ ਕਰ ਕੇ ਅਰਦਾਸ ਕਰੋ। ਵਾਹਿਗੁਰੂ ਜੀ ਹੌਸਲਾ ਦੇਣਗੇ। ਬੀਬੀ ਜੀ ਘਰ ਆਏ ਅਤੇ ਸ਼ਾਮ ਨੂੰ ਪਾਠ ਕਰ ਕੇ ਅਰਦਾਸਾ ਸੋਧਿਆ। ਫਿਰ ਰਾਤ ਨੂੰ ਨਾਮ ਜਪਦੇ ਸੌਂ ਗਏ। ਉਨ੍ਹਾਂ ਨੇ ਸੁਪਨੇ ਵਿਚ ਦੇਖਿਆ ਕਿ ਉਨ੍ਹਾਂ ਨੂੰ ਖੰਭ ਲਗ ਗਏ ਹਨ ਅਤੇ ਉਹ ਉਪਰ ਉਡਦੇ ਜਾ ਰਹੇ ਹਨ। ਬਹੁਤ ਦੂਰ ਜਾ ਕੇ ਇਕ ਥਾਂ ਤੇ ਕੋਈ ਜੰਗਲ ਆਇਆ। ਉਥੇ ਉਤ੍ਰੀ ਤੇ ਕੀ ਦੇਖਿਆ ਕਿ ਲਾਲ ਇਟਾਂ, ਦੇ ਨਵੇਂ ਹੀ ਮਕਾਨ ਬਣੇ ਹਨ। ਅਗੇ ਜਾ ਕੇ ਕੀ ਦੇਖਿਆ ਕਿ ਇਕ ਪਲੰਗ ਵਿਛਿਆ ਹੈ, ਉਪਰ ਕੋਈ ਸੁਤਾ ਪਿਆ ਹੈ। ਉਪਰ ਚਾਦਰ ਕੀਤੀ ਹੋਈ ਹੈ। ਜਦੋਂ ਗਹੁ ਨਾਲ ਦੇਖਿਆ ਤਾਂ ਭਾਈ ਜੈਰਾਜ ਸਿੰਘ ਹੀ ਸਨ। ਕੇਸ ਹਰੇ ਕੀਤੇ ਹੋਏ ਹਨ। ਕੇਸ ਹੇਠਾਂ ਲਮਕ ਰਹੇ ਹਨ। ਦੇਖ ਕੇ ਉਨ੍ਹਾਂ ਨੇ ਕਿਹਾ ਕਿ ਬੀਬੀ ਜੀ ਤੁਸੀਂ ਆ ਗਏ ਹੋ। ਬੀਬੀ ਜੀ ਨੇ ਹਾਂ ਵਿਚ ਉਤਰ ਦਿਤਾ ਅਤੇ ਕਿਹਾ ਕਿ ਸੁਣਿਆ ਸੀ ਤੁਸੀਂ ਬੀਮਾਰ ਹੋ, ਤਕਲੀਫ ਵਿਚ ਹੋ। ਉਨ੍ਹਾਂ ਕਿਹਾ ਕਿ ਉਹ ਬਿਲਕੁਲ ਠੀਕ ਹਨ, ਕੋਈ ਤਕਲੀਫ ਨਹੀਂ। ਆਪ ਨੂੰ ਕਿਸੀ ਨੇ ਗ਼ਲਤ ਕਿਹਾ ਹੈ, ਮੈਂ ਸੁਖੀ ਹਾਂ। ਫਿਰ ਪੁਛਿਆ ਕਿ ਬੀਬੀ ਜੀ ਕੀਰਤਨ ਸੁਣਨਾ ਹੈ। ਬੀਬੀ ਜੀ ਨੇ ਕਿਹਾ ਕਿ ਸੁਣਾਉ। ਇਤਨੇ ਨੂੰ ਇਕ ਬੀਬੀ ਆ ਗਈ। ਚਿਟੇ ਸਫੇਦ ਕਪੜੇ ਪਾਏ ਹੋਏ ਸਨ। ਜਦੋਂ ਦੇਖਿਆ ਤਾਂ ਪਤਾ ਚਲਿਆ ਕਿ ਇਹ ਤਾਂ ਹਰਬੰਸ ਸੂਰੀ ਹੈ। ਇਹ ਵੀ ਉਦੋਂ ਹੀ ਗੁਜ਼ਰੀ ਸੀ। ਵਾਜਾ ਆ ਗਿਆ ਅਤੇ ਉਸ ਨੇ ਇਹ ਸ਼ਬਦ ਪੜ੍ਹਿਆ :-

*"ਮੋਹਨ ਪ੍ਰਾਨ ਮਾਨ ਰੰਗੀਲੇ"*

ਕੀਰਤਨ ਖਤਮ ਹੋਇਆ। ਆਪੇ ਹੀ ਵਾਜਾ ਚਲਾ ਗਿਆ, ਹਰਬੰਸ ਵੀ ਚਲੀ ਗਈ ਅਤੇ ਬੀਬੀ ਉਹ ਵੀ ਉਡ ਪਈ। ਇਸੇ ਤਰ੍ਹਾਂ ਉਡਦੀ ਉਡਦੀ ਹੇਠਾਂ ਆ ਗਈ ਤੇ ਜਾਗ ਖੁਲ੍ਹ ਗਈ।

 www.sikhbookclub.com

13. ਬੀਬੀ ਸੰਤ ਦੇ ਕੰਨ ਠੀਕ ਨਹੀਂ ਹੁੰਦੇ ਸਨ। ਇਕ ਵਾਰੀ ਭਾਈ ਸਾਹਿਬ ਨੇ ਉਸ ਨੂੰ ਕਿਹਾ ਕਿ ਸੰਤ ਤੇਰੇ ਕੰਨ ਠੀਕ ਨਹੀਂ ਹੁੰਦੇ, ਅਸੀਂ ਕਈ ਵਾਰੀ ਅਰਦਾਸ ਵੀ ਕੀਤੀ ਹੈ। ਕਿਧਰੇ ਤੂੰ ਆਪਣੇ ਆਪ ਨੂੰ ਸਰਾਪ ਤੇ ਨਹੀਂ ਦਿਤਾ। ਬੀਬੀ ਜੀ ਨੇ ਕਿਹਾ, "ਹਾਂ ਦਿਤਾ ਹੈ। ਜਦੋਂ ਮੇਰੇ ਸੌਹਰਾ ਸਾਹਿਬ ਸਿਖਾਂ ਦੀ ਤੇ ਆਪ ਜੀ ਦੀ ਨਿੰਦਾ ਕਰਦੇ ਸਨ, ਤਦੋਂ ਮੈਂ ਆਖਦੀ ਸਾਂ ਕਿ ਹੇ ਵਾਹਿਗੁਰੂ ਜੀ ਮੇਰੇ ਕੰਨ ਨਾ ਰਹਿਣ ਤਾਂ ਜੋ ਮੈਂ ਆਪਣੀ ਕੰਨੀਂ ਇਹ ਨਿੰਦਾ ਨਾ ਸੁਣਾਂ।" ਭਾਈ ਸਾਹਿਬ ਨੇ ਫੁਰਮਾਇਆ, ਲੈ ਫਿਰ ਤੈਨੂੰ ਆਪਣਾ ਹੀ ਸਰਾਪ ਲਗਾ ਹੈ, ਇਸ ਨੂੰ ਕੌਣ ਹਟਾਵੇ। ਇਹ ਯਾਦ ਰਖੋ ਕਿ ਆਪਣੇ ਆਪ ਨੂੰ ਕਦੀ ਕੋਈ ਸਰਾਪ ਦੀ ਤਰ੍ਹਾਂ ਕੋਈ ਗੱਲ ਨਹੀਂ ਕਹਿਣੀ ਚਾਹੀਦੀ।

14. ਇਕ ਵਾਰੀ ਭਾਈ ਸਾਹਿਬ ਨੇ ਦਸਿਆ ਕਿ ਇਕ ਬ੍ਰਾਹਮਣ ਸੀ ਜੋ ਬਹੁਤ ਹੀ ਪ੍ਰੇਹਜ਼ਗਾਰ ਸੀ। ਜੰਗਲ ਵਿਚ ਤਪ ਕਰ ਰਿਹਾ ਸੀ। ਉਹ ਬੀਮਾਰ ਹੋ ਗਿਆ। ਉਸ ਨੂੰ ਖੂਨੀ ਟੱਟੀਆਂ ਲਗ ਗਈਆਂ। ਪਾਸ ਹੀ ਕੋਈ ਨਦੀ ਸੀ ਅਤੇ ਜੰਗਲ ਪਾਣੀ ਹੋ ਕੇ ਉਥੇ ਸਫਾਈ ਕਰੇ। ਜਦੋਂ ਜ਼ਿਆਦਾ ਕਮਜ਼ੋਰ ਹੋ ਗਿਆ ਤਦੋਂ ਉਹ ਕੁਟੀਆ ਛਡ ਕੇ ਨਦੀ ਕਿਨਾਰੇ ਹੀ ਲੇਟ ਗਿਆ ਅਤੇ ਬਹੁਤ ਦੁਖੀ ਸੀ। ਉਸ ਨੇ ਅਰਦਾਸ ਕੀਤੀ ਕਿ ਹੇ ਭਗਵਾਨ ਹੁਣ ਕੀ ਕਰਾਂ, ਮੇਰੀ ਸਹਾਇਤਾ ਕਰੋ। ਨੇੜੇ ਤੇੜੇ ਕੋਈ ਵੀ ਬੰਦਾ ਨਜ਼ਰ ਨਹੀਂ ਆਉਂਦਾ ਸੀ। ਉਹ ਅਰਦਾਸ ਕਰਦਾ ਰਿਹਾ। ਕੁਝ ਚਿਰ ਪਿਛੋਂ ਇਕ ਆਦਮੀ ਆਇਆ, ਉਸ ਨੇ ਪੁਛਿਆ, ਮੈਂ ਤੇਰੀ ਕੀ ਸਹਾਇਤਾ ਕਰ ਸਕਦਾ ਹਾਂ। ਬ੍ਰਾਹਮਣ ਨੇ ਸਾਰੀ ਹਾਲਤ ਰੋ ਰੋ ਕੇ ਦੱਸੀ। ਉਸ ਸੱਜਣ ਨੇ ਕਿਹਾ, "ਤੁਸੀਂ ਘਬਰਾਵੋ ਨਹੀਂ, ਮੈਂ ਤੁਹਾਡੀ ਸੇਵਾ ਕਰਾਂਗਾ।" ਉਹ ਉਸ ਨੂੰ ਜੰਗਲ ਪਾਣੀ ਬਠਾਉਂਦਾ ਅਤੇ ਉਸ ਨੂੰ ਸਾਫ ਕਰਦਾ। ਆਪਣੇ ਪਾਸੋਂ ਦਵਾਈ ਵੀ ਲਿਆ ਕੇ ਦਿਤੀ। ਇਸ ਤਰ੍ਹਾਂ 2-3 ਦਿਨ ਸੇਵਾ ਕੀਤੀ ਤੇ ਬ੍ਰਾਹਮਣ ਰਾਜ਼ੀ ਹੋ ਗਿਆ। ਕਮਜ਼ੋਰੀ ਬੜੀ ਸੀ। ਉਸ ਸੱਜਣ ਨੇ ਕਿਹਾ ਕਿ ਹੁਣ ਤੁਸੀਂ ਰਾਜ਼ੀ ਹੋ। ਨਦੀ ਦੇ ਪਾਰ ਇਕ ਬਸਤੀ ਹੈ, ਉਥੇ ਚਲੇ ਜਾਉ। ਉਥੇ ਆਪ ਨੂੰ ਖੁਰਾਕ ਅਤੇ ਦਵਾਈ ਮਿਲੇਗੀ। ਰਾਜ਼ੀ ਹੋ ਜਾਵੋਗੇ। ਉਸ ਨੇ ਕਿਹਾ ਕਿ ਤਾਕਤ ਹੀ ਨਹੀਂ ਹੈ ਤੇ ਟੁਰਿਆ ਨਹੀਂ ਜਾਂਦਾ। ਉਸ ਸੱਜਣ ਨੇ ਕਿਹਾ, "ਮੈਂ ਤੁਹਾਨੂੰ ਪਹੁੰਚਾ ਦੇਵਾਂਗਾ।" ਜਦੋਂ ਛੁਹ ਮਿਲੀ ਤੇ ਉਹ ਕੰਬ ਗਿਆ ਤੇ ਕਹਿਣ ਲਗਾ ਕਿ ਹਾਏ ਇਹ ਤਾਂ ਭਗਵਾਨ ਆਪ ਹੈ। ਬਾਂਹ ਪਕੜ ਲਈ ਤੇ ਕਿਹਾ ਕਿ "ਮੈਂ ਪਛਾਣ ਲਿਆ ਹੈ। ਹੇ ਭਗਵਾਨ ਜੀ ਲੋਪ ਨਾ ਹੋ ਜਾਣਾ। ਮੇਰੀ ਇਕ ਗੱਲ ਦਾ ਉੱਤਰ ਦੇ ਕੇ ਜਾਣਾ। ਹੇ ਭਗਵਾਨ ਜੀ ਆਪ ਆਏ ਅਤੇ ਮੈਂ ਗੰਦੇ ਕੂਕਰ ਦੀ ਐਸੀ ਸੇਵਾ ਕੀਤੀ। ਇਤਨਾ ਔਖ

ਝਲਿਆ। ਤੁਸੀਂ ਚਾਹੁੰਦੇ ਤਾਂ ਮੈਨੂੰ ਇਕ ਫੇਰ ਵਿਚ ਵੀ ਰਾਜ਼ੀ ਕਰ ਸਕਦੇ ਸੀ, ਰਾਜ਼ੀ ਕਿਉਂ ਨਹੀਂ ਕੀਤਾ"? ਭਗਵਾਨ ਜੀ ਨੇ ਕਿ ਕਿਹਾ ਕਿ ਜੋ ਤੂੰ ਕਰਮ ਕੀਤੇ ਸਨ, ਉਨ੍ਹਾਂ ਦਾ ਫਲ ਤੂੰ ਭੋਗਣਾ ਸੀ, ਅਵਸ਼ ਭੋਗਣਾ ਸੀ। ਤੂੰ ਅਰਦਾਸ ਕੀਤੀ, ਅਸੀਂ ਆ ਗਏ। ਮੇਰਾ ਫਰਜ਼ ਹੈ ਕਿ ਜਿਥੇ ਕੋਈ ਦਿਲੋਂ ਮਨੋ ਚੇਤੇ ਕਰੇ, ਦੁਖੀ ਦੀਨ ਹੋ ਕੇ ਅਰਦਾਸ ਕਰੇ, ਮੇਰਾ ਬਿਰਦ ਹੈ, ਉਥੇ ਪੁਜ ਕੇ ਉਸ ਦੀ ਸਹਾਇਤਾ ਕਰਨੀ।

15. ਭਾਈ ਸਾਹਿਬ ਨੇ ਆਪਣੀ ਕੋਠੀ ਅੰਦਰ ਕਈ ਪ੍ਰਕਾਰ ਦੇ ਫਲਾਂ ਦੇ ਦਰਖਤ ਲਗਾਏ ਹੋਏ ਸਨ। ਆਪ ਸੜਕ ਉਤੇ ਟਹਿਲ ਕੇ ਸੈਰ ਕਰ ਰਹੇ ਸਨ। ਗੇਟ ਦੀ ਖਿੜਕੀ ਖੁਲ੍ਹੀ ਸੀ। ਇਕ ਪਠਾਨ ਗੇਟ ਪਰ ਖੜਾ ਬਗੀਚੇ ਵਲ ਵੇਖ ਰਿਹਾ ਸੀ। ਜਦੋਂ ਆਪ ਖਿੜਕੀ ਪਰ ਆਏ ਤਾਂ ਪਠਾਣ ਨੇ ਪੁਛਿਆ, "ਸਰਦਾਰ! ਇਹ ਬਗੀਚਾ ਤੇਰਾ ਹੈ।" ਭਾਈ ਸਾਹਿਬ ਨੇ ਉੱਤਰ ਦਿਤਾ ਕਿ ਖਾਨ ਇਹ ਅੱਲ੍ਹਾ ਦਾ ਹੈ, ਪਰ ਮੈਨੂੰ ਇਸ ਦਾ ਮਾਲਕ ਆਖਦੇ ਹਨ। ਪਠਾਣ ਨੇ ਕਿਹਾ, "ਕੀ ਮੈਂ ਅੰਦਰ ਆ ਕੇ ਦੇਖ ਸਕਦਾ ਹਾਂ?" ਪਠਾਣ ਨੂੰ ਲੈ ਕੇ ਆਪ ਅੰਦਰ ਆਏ। ਜਦੋਂ ਪਠਾਨ ਨੇ ਅਖਰੋਟ ਦਾ ਬੂਟਾ ਦੇਖਿਆ ਤਾਂ ਹੈਰਾਨ ਹੋ ਕੇ ਪੁਛਣ ਲੱਗਾ ਕਿ ਯਹ ਤੋਂ ਅਖਰੋਟ ਹੈ। ਯਾ ਅੱਲ੍ਹਾ ਅਖਰੋਟ ਕਾ ਬੂਟਾ ਅੰਮ੍ਰਿਤਸਰ ਮੇਂ, ਯੇ ਤੋ ਪਹਾੜ ਕੀ ਚੀਜ਼ ਹੈ, ਯੇ ਇਸ ਜਗ੍ਹਾ ਕੈਸੇ ਹੋ ਗਿਆ। ਭਾਈ ਸਾਹਿਬ ਨੇ ਕਿਹਾ, "ਇਹ ਮੈਂ ਲਗਾਇਆ ਹੈ, ਸੇਵਾ ਕੀਤੀ ਅਤੇ ਅੱਲ੍ਹਾ ਨੇ ਫਲ ਦੇ ਦਿਤਾ ਹੈ।" ਭਾਈ ਸਾਹਿਬ ਨੇ ਮਾਲੀ ਨੂੰ ਅੰਦਰ ਭੇਜ ਕੇ ਇਸ ਬੂਟੇ ਦੇ ਦੋ ਅਖਰੋਟ ਮੰਗਵਾਏ। ਇਹ ਕਾਗਜ਼ੀ ਅਖਰੋਟ ਸਨ, ਹੱਥ ਵਿਚ ਦਬਾਏ, ਤਦੋਂ ਟੁਟ ਗਏ। ਪਠਾਣ ਆਖੇ ਯਾ ਅੱਲ੍ਹਾ ਯੇ ਕਰਾਮਾਤ ਹੈ, ਹਾਂ ਯੇ ਕਰਾਮਾਤ ਹੈ। ਏਹ ਆਖਦਾ ਨਮਸਕਾਰ ਕਰ ਕੇ ਚਲਾ ਗਿਆ।

16. ਇਕ ਵਾਰੀ ਇਕ ਬ੍ਰਿਧ ਹਿੰਦੂ ਸੱਜਣ ਦਿੱਲੀ ਵਿਚ ਆਪ ਨੂੰ ਮਿਲਣ ਆਏ। ਉਨ੍ਹਾਂ ਦੇ ਨਾਲ ਇਕ ਸਿਖ ਸੱਜਣ ਵੀ ਸਨ। ਡਰਾਈਵਰ ਅਤੇ ਸਿਖ ਸਜਣ ਨੇ ਉਨ੍ਹਾਂ ਨੂੰ ਕਾਰ ਤੋਂ ਉਤਾਰਿਆ। ਉਸ ਨੇ ਭਾਈ ਸਾਹਿਬ ਨੂੰ ਨਮਸਕਾਰ ਕੀਤੀ ਅਤੇ ਕਿਹਾ, ਕਿ ਮੈਂ ਜਸਟਿਸ ਭੰਡਾਰੀ ਦਾ ਵੱਡਾ ਭਰਾ ਹਾਂ। ਰੀਟਾਇਰਡ ਹਾਂ। ਮੈਂ 18-20 ਸਾਲ ਤੋਂ ਪ੍ਰਮਾਰਥ ਦੇ ਪਾਸੇ ਲੱਗਾ ਹੋਇਆ ਹਾਂ। ਬੜੇ ਸਾਧੂਆਂ ਨੂੰ ਮਿਲਿਆ ਹਾਂ। ਹਰਿਦਵਾਰ, ਰਿਸ਼ੀ ਕੇਸ਼ ਵੀ ਸੰਤਾਂ ਪਾਸ ਜਾਂਦਾ ਰਿਹਾ ਹਾਂ। ਜੋ ਕੁਝ ਉਹ ਦਸਦੇ ਰਹੇ ਹਨ, ਕਰਦਾ ਰਿਹਾ ਹਾਂ। ਪਰ ਅੰਦਰ ਖਾਲੀ ਹੈ। ਅੰਦਰ ਕੁਝ ਫਿੱਕਾਪਨ ਹੈ। ਜਦੋਂ ਇਕਾਂਤ ਵਿਚ ਬੈਠਦਾ ਹਾਂ ਤਾਂ ਮਹਿਸੂਸ ਕਰਦਾ ਹਾਂ ਕਿ ਬਣਿਆ ਕੁਝ ਵੀ ਨਹੀਂ। ਹੁਣ ਇਹ ਸਿਖ ਮਿਤਰ ਮਿਲਿਆ

ਹੈ ਤੇ ਇਸ ਨੂੰ ਮੈਂ ਆਪਣੇ ਮਨ ਦੀ ਦਸ਼ਾ ਦੱਸੀ ਹੈ। ਉਹ ਮੈਨੂੰ ਗੁਰੂ ਨਾਨਕ ਚਮਤਕਾਰ ਪੜ੍ਹ ਕੇ ਸੁਣਾਂਦਾ ਹੈ, ਸੁਣਦਾ ਹਾਂ ਤੇ ਨੇਤਰ ਭਰ ਆਉਂਦੇ ਹਨ। ਕਦੀ ਕਦੀ ਦਿਲ ਟਿਕ ਵੀ ਜਾਂਦਾ ਹੈ। ਇਸ ਸੱਜਣ ਨੂੰ ਮੈਂ ਬੇਨਤੀ ਕੀਤੀ ਹੈ ਕਿ ਇਸ ਪੁਸਤਕ ਦੇ ਲੇਖਕ ਦੇ ਮੈਨੂੰ ਦਰਸ਼ਨ ਕਰਾ, ਸੋ ਮੈਂ ਉਸ ਨਾਲ ਦਰਸ਼ਨਾਂ ਲਈ ਆਇਆ ਹਾਂ। ਮੈਂ ਕਾਹਲੀ ਵਿਚ ਬਿਨਾਂ ਇਜਾਜ਼ਤ ਦੇ ਆ ਗਿਆ ਹਾਂ। ਖਿਮਾ ਕਰੋ ਅਤੇ ਕਿਰਪਾ ਕਰੋ ਜੋ ਮੇਰਾ ਜੀਵਨ ਵੀ ਸੁਫਲ ਹੋ ਜਾਵੇ।" ਭਾਈ ਸਾਹਿਬ ਦੋ ਮਿੰਟ ਚੁਪ ਰਹੇ ਅਤੇ ਫਿਰ ਫੁਰਮਾਇਆ ਕਿ ਭੰਡਾਰੀ ਜੀ ਤੁਸੀਂ ਤਾਂ ਟੁਰੇ ਹੋਏ ਹੋ, ਕਹਿੰਦੇ ਹੋ 18-20 ਸਾਲ ਤੋਂ ਘਾਲ ਕਰ ਰਿਹਾ ਹਾਂ। ਭੰਡਾਰੀ ਜੀ ਨੇ ਕਿਹਾ, "ਕਿਰਪਾ ਕਰ ਕੇ ਹੁਣ ਟਾਲੋ ਨਾ, ਮੇਰੇ ਭਾਗ ਮੈਨੂੰ ਆਪ ਜੀ ਪਾਸ ਲੈ ਆਏ ਹਨ। ਹੁਣ ਕਿਰਪਾ ਕਰ ਕੇ ਰਸਤੇ ਪਾ ਦੇਵੋ।" ਭਾਈ ਸਾਹਿਬ ਤਰਸ ਵਿਚ ਆਏ ਅਤੇ ਫੁਰਮਾਇਆ ਕਿ ਭੰਡਾਰੀ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1430 ਪੰਨੇ ਹਨ। ਸਾਰੇ ਵਿਚ ਪ੍ਰੇਮ ਹੀ ਲਿਖਿਆ ਹੈ। ਕਿਧਰੇ ਗੁਰੂ ਸਾਹਿਬ ਨੇ ਆਪ ਇਸਤਰੀ ਬਣ ਕੇ ਮੇਲ ਦੇ ਤਰਲੇ ਲਏ ਹਨ, ਜਿਵੇਂ ਵਿਛੜੀ ਇਸਤਰੀ ਸੁਖਣਾ ਸੁਖਦੀ ਹੈ, ਤਰਲੇ ਲੈਂਦੀ ਹੈ, ਕਿਵੇਂ ਮੇਲ ਹੋਵੇ। ਕਿਵੇਂ ਪਿਆਰਾ ਪਤੀ ਸੇਜ ਪਰ ਆਵੇ, ਕਿਵੇਂ ਗਲੇ ਲਾਵੇ। ਕਿਧਰੇ ਆਪ ਪੁਤਰ ਬਣ ਕੇ ਵਾਹਿਗੁਰੂ ਜੀ ਮਾਤਾ ਪਿਤਾ ਬਣਾ ਕੇ ਤਰਲੇ ਕੀਤੇ ਹਨ। ਭੁੱਲਾਂ ਬਖਸ਼ਾਈਆਂ ਹਨ। ਕਿਧਰੇ ਸੇਵਕ ਤੇ ਦਾਸ ਬਣ ਕੇ ਤਰਲੇ ਕੀਤੇ। ਪੜ੍ਹ ਕੇ ਦੇਖੋ ਪਿਆਰ ਹੀ ਪਿਆਰ ਭਰਿਆ ਪਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਹੱਦ ਹੀ ਕਰ ਦਿਤੀ ਹੈ। ਫੁਰਮਾਂਦੇ ਹਨ :

*"ਸਾਚ ਕਹੋ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥"*

ਭੰਡਾਰੀ ਜੀ ਗੁਰੂ ਨਾਲ ਪਿਆਰ ਪਾਉ, ਗੁਰੂ ਨਾਲ ਦੋਸਤੀ ਪਾਉ। 20 ਸਾਲ ਉਸ ਪਾਸੇ ਲਾਏ ਜੇ, ਕੁਝ ਸਮਾਂ ਇਸ ਪਾਸੇ ਵੀ ਲਾਉ। ਆਸਵੰਦ ਹੋ ਕੇ, ਭਰੋਸਾ ਕਰ ਕੇ, ਸਿਦਕ ਧਾਰ ਕੇ ਦੇਖ ਲੈਣਾ, ਗੁਰੂ ਤਰੁਠੇਗਾ। ਜੋ ਲੋੜਦੇ ਹੋ, ਮਿਲੇਗਾ। ਭੰਡਾਰੀ ਸਾਹਿਬ ਦਾ ਚਿਹਰਾ ਚਮਕ ਉਠਿਆ। ਉਸ ਨੂੰ ਮਹਿਸੂਸ ਹੋ ਰਿਹਾ ਸੀ, ਕਿ ਜੋ ਕੁਝ ਲਭਣਾ ਸੀ, ਅਜ ਲਭ ਗਿਆ ਹੈ। ਭੰਡਾਰੀ ਸਾਹਿਬ ਨੇ ਪੁਛਿਆ, "ਦਸੋ ਮੈਂ ਜਾਪ ਕਿਸ ਨਾਮ ਦਾ ਕਰਾਂ?" ਭਾਈ ਸਾਹਿਬ ਨੇ ਪੁਛਿਆ ਅਗੇ ਕੀ ਜਪਦੇ ਹੋ? ਉਸ ਨੇ ਕਿਹਾ 'ਸੋਹੰਗ' ਦਾ ਜਾਪ ਕਰਦਾ ਹਾਂ। ਭੰਡਾਰੀ ਜੀ ਦੇ ਪੁਛਣ ਤੇ ਭਾਈ ਸਾਹਿਬ ਨੇ ਕਿਹਾ ਕਿ ਅਸੀਂ 'ਵਾਹਿਗੁਰੂ' ਨਾਮ ਦਾ ਜਾਪ ਕਰਦੇ ਹਾਂ। ਭਾਈ ਸਾਹਿਬ ਨੇ ਕਿਹਾ ਕਿ ਜਿਹੜਾ ਜਾਪ ਤੁਸੀਂ 20 ਸਾਲ ਤੋਂ ਕਰ ਰਹੇ ਹੋ, ਹੁਣ ਇਸ ਉਮਰੇ ਸ਼ਾਇਦ ਬਦਲਣਾ ਠੀਕ ਨਾ ਹੋਵੇ, ਸੋ ਤੁਸੀਂ 'ਸੋਹੰਗ' ਦਾ ਹੀ ਜਾਪ ਕਰਦੇ ਜਾਉ, ਉਪਰ ਜਾ ਕੇ ਸਭ ਇਕੋ

ਹਨ। ਇਕ ਗੱਲ ਕਹਾਂਗਾ ਕਿ ਸੋਹੰਗ ਦਾ ਜੋ ਜਾਪ ਕਰਦੇ ਹੋ, ਕਦੀ ਮਹਿਸੂਸ ਵੀ ਕੀਤਾ ਜੇ ਕਿ ਸੋਹੰਗ ਹੈ, ਆਪ ਦੇ ਨੇੜੇ ਹੈ, ਆਪ ਦਾ ਜਾਪ ਸੁਣਦਾ ਹੈ। ਉਨ੍ਹਾਂ ਨੇ ਉੱਤਰ ਦਿਤਾ ਕਿ ਇਹ ਤਾਂ ਕਿਸੀ ਨੇ ਦੱਸਿਆ ਨਹੀਂ। ਭਾਈ ਸਾਹਿਬ ਰੰਗ ਵਿਚ ਆ ਗਏ ਅਤੇ ਕਿਹਾ, "ਭੰਡਾਰੀ ਜੀ ਅਸੀਂ ਜੋ ਵਾਹਿਗੁਰੂ ਦਾ ਜਾਪ ਕਰਦੇ ਹਾਂ, ਅਸੀਂ ਮਹਿਸੂਸ ਕਰਦੇ ਹਾਂ ਕਿ ਵਾਹਿਗੁਰੂ ਹੈ, ਸਾਡੇ ਨੇੜੇ ਹੈ, ਸਾਡੇ ਸੀਸ ਪਰ ਖੜਾ ਹੈ, ਸਾਡਾ ਜਾਪ ਸੁਣਦਾ ਹੈ, ਸੁਣ ਕੇ ਖੁਸ਼ ਹੁੰਦਾ ਹੈ, ਅਸੀਸ ਦੇਂਦਾ ਹੈ। ਕਦੀ ਮਹਿਸੂਸ ਕਰਦੇ ਹਾਂ, ਜੋ ਹਿਰਦੇ ਵਿਚ ਆ ਗਿਆ ਹੈ ਤੇ ਠੰਢ ਪੈ ਜਾਂਦੀ ਹੈ।" ਇਸ ਤਰ੍ਹਾਂ ਦਾ ਪਿਆਰਾ ਜੀਵਨ ਉਪਦੇਸ਼ ਦੇ ਕੇ ਉਸ ਸੱਜਣ ਨੂੰ ਨਿਹਾਲ ਕੀਤਾ।

17. ਇਕ ਵਾਰੀ ਭਾਈ ਸਾਹਿਬ ਮਿਹਰ ਦੇ ਰੰਗ ਵਿਚ ਆਏ ਤੇ ਸ੍ਰ: ਧਰਮਪਾਲ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਜੀ ਨਾਲ ਲੈ ਗਏ। ਵੱਡੀ ਪਰਕਰਮਾ ਵਿਚ ਕੋਈ ਰਾਗੀ ਸਿੰਘ ਕੀਰਤਨ ਕਰ ਰਹੇ ਸਨ। ਭਾਈ ਸਾਹਿਬ ਕੁਝ ਮਿੰਟ ਉਥੇ ਖੜੇ ਹੋ ਗਏ, ਨੇਤਰ ਬੰਦ ਸਨ। ਆਪ ਨੇ ਰਾਗੀ ਸਿੰਘ ਨੂੰ 5 ਰੁਪਏ ਅਰਦਾਸ ਕਰਵਾਏ। ਉਸੀ ਸਮੇਂ ਧਰਮਪਾਲ ਸਿੰਘ ਨੇ ਵੀ 5 ਰੁਪਏ ਅਰਦਾਸ ਕਰਵਾਏ। ਭਾਈ ਸਾਹਿਬ ਉਥੋਂ ਚੱਲ ਪਏ ਅਤੇ ਧਰਮਪਾਲ ਸਿੰਘ ਤੋਂ ਪੁਛਿਆ ਕਿ ਤੁਸੀਂ 5 ਰੁਪਏ ਕਿਉਂ ਅਰਦਾਸ ਕਰਵਾਏ ਹਨ? ਕੀ ਸਾਨੂੰ ਦੇਖ ਕੇ ਕਰਵਾਏ ਹਨ? ਧਰਮਪਾਲ ਸਿੰਘ ਨੇ ਉੱਤਰ ਦਿਤਾ ਕਿ ਸਵਾਦ ਆ ਗਿਆ ਸੀ ਤੇ ਖਿਆਲ ਕਰ ਰਿਹਾ ਸੀ ਕਿ ਕੁਝ ਅਰਦਾਸ ਕਰਾਵਾਂ। ਜੋ ਆਪ ਨੇ ਅਰਦਾਸ ਕਰਵਾਈ, ਫਿਰ ਦਾਸ ਨੇ ਵੀ ਕਰਵਾਈ। ਭਾਈ ਸਾਹਿਬ ਨੇ ਫੁਰਮਾਇਆ ਕਿ ਇਸ ਤਰ੍ਹਾਂ ਜਦੋਂ ਕੀਰਤਨ ਵਿਚ ਸਵਾਦ ਆਵੇ, ਤਾਂ ਹਥੋਂ ਕੁਝ ਦੇ ਕੇ ਅਰਦਾਸ ਕਰਵਾ ਦਿਤਾ ਕਰੋ। ਜੇ ਅਰਦਾਸ ਨਾ ਕਰਵਾਈਏ, ਤਦੋਂ ਫਿਰ ਆਪਣੀ ਕਮਾਈ ਵਿਚੋਂ ਕੁਝ ਦੇਣਾ ਪੈਂਦਾ ਹੈ। ਇਹ ਚੰਗਾ ਹੈ, ਚਿਤ ਜੁੜਿਆ ਸਵਾਦ ਆਇਆ, ਭੇਟਾ ਕਰ ਦਿਤੀ। ਹਿਸਾਬ ਸਾਫ ਹੋ ਗਿਆ।

18. ਇਕ ਵਾਰੀ ਭਾਈ ਸਾਹਿਬ ਨੇ ਫੁਰਮਾਇਆ, ਜਦੋਂ ਗੁਰੂ ਨਾਨਕ ਦੇਵ ਜੀ ਦਾ ਜ਼ਿਕਰ ਆਵੇ ਤਦੋਂ ਆਮ ਸਿਖ ਸਾਡੇ ਗੁਰੂ ਨਾਨਕ ਕਰ ਕੇ ਆਖਦੇ ਹਨ। ਇਸ ਤਰ੍ਹਾਂ ਕਦੀ ਜੇ 40 ਲਖ ਸਿਖ ਹਨ ਤਦੋਂ 40ਲਖਵਾਂ ਹਿਸਾ ਗੁਰੂ ਨਾਨਕ ਦਾ ਉਸ ਸਿਖ ਦੇ ਹਿਸੇ ਆਇਆ। ਤੇ ਸਿਖ ਜੇ ਪਿਆਰ ਵਿਚ ਆ ਕੇ "ਮੇਰਾ ਗੁਰੂ ਨਾਨਕ ਆਖੇ" "ਮੇਰਾ ਪਿਆਰਾ ਗੁਰੂ ਨਾਨਕ ਆਖੇ" ਤਦੋਂ ਗੁਰੂ ਨਾਨਕ ਸਾਰਾ ਉਸ ਸਿਖ ਨੂੰ ਆਪਣਾ ਭਾਸੇਗਾ।

 www.sikhbookclub.com

19. ਸੰਤ ਸੰਗਤ ਸਿੰਘ ਜੀ ਪਟਿਆਲੇ ਤੋਂ ਡੇਹਰਾ ਦੂਨ ਆਏ। ਸੰਤ ਜੀ ਦੇ ਘਰੋਂ ਪਿਆਰ ਨਾਲ ਗੁੜ ਦੇ ਸ਼ਕਰਪਾਰੇ ਬਣਾਏ ਅਤੇ ਭਾਈ ਸਾਹਿਬ ਲਈ ਭੇਜੇ। ਇਹ ਸ਼ਕਰਪਾਰੇ ਮੋਟੇ ਮੋਟੇ ਅਤੇ ਗੁੜ ਦੇ ਸਨ, ਜਿਵੇਂ ਕਿ ਆਮ ਪਿੰਡਾਂ ਵਿਚ ਬਣਾਉਂਦੇ ਹਨ। ਸੰਤ ਜੀ ਭਾਈ ਸਾਹਿਬ ਨੂੰ ਮਿਲੇ ਪਰ ਸ਼ਕਰਪਾਰੇ ਭੇਂਟ ਨਾ ਕੀਤੇ। ਸ਼ਾਮ ਨੂੰ ਜਦੋਂ ਚਾਹ ਛਕ ਰਹੇ ਸਨ ਤਾਂ ਭਾਈ ਸਾਹਿਬ ਨੇ ਕਿਹਾ ਕਿ ਸੰਤ ਜੀ ਕੀ ਸੰਤਣੀ ਨੇ ਸਾਡੇ ਲਈ ਕੁਝ ਨਹੀਂ ਭੇਜਿਆ? ਸੰਤਾਂ ਦੇ ਨੇਤਰ ਭਰ ਆਏ ਅਤੇ ਹੱਥ ਜੋੜ ਕੇ ਕਿਹਾ ਕਿ ਗੁੜ ਦੇ ਸ਼ਕਰ ਪਾਰੇ ਭੇਜੇ ਹਨ। ਮੈਂ ਪੇਸ਼ ਨਹੀਂ ਕੀਤੇ, ਸ਼ਰਮ ਆਈ ਕਿ ਇਥੇ ਨਾਨ੍ਹਾ ਪ੍ਰਕਾਰ ਦੇ ਬਿਸਕੁਟ ਤੇ ਕਈ ਸੋਹਣੀਆਂ ਚੀਜ਼ਾਂ ਵਰਤਾਈਆਂ ਜਾ ਰਹੀਆਂ ਹਨ। ਭਾਈ ਸਾਹਿਬ ਬੜੇ ਹੱਸੇ ਤੇ ਕਿਹਾ ਸੰਤ ਜੀ ਇਹ ਆਪ ਨੂੰ ਕੀ ਖਿਆਲ ਆਇਆ ਹੈ। ਚੀਜ਼ਾਂ ਦੀ ਥੋਹੜੀ ਭੁਖ ਹੈ, ਪਿਆਰ ਦੀ ਭੁਖ ਹੈ। ਉਸੀ ਵੇਲੇ ਸੰਤ ਜੀ ਸ਼ਕਰਪਾਰੇ ਲੈ ਕੇ ਆਏ ਭੇਂਟ ਕੀਤੇ। ਇਕ ਦਾਣਾ ਭਾਈ ਸਾਹਿਬ ਨੇ ਲਿਆ ਤੇ ਬਾਕੀ ਸੰਗਤ ਵਿਚ ਵਰਤਾਏ ਗਏ।

20. ਰਾਏ ਬਹਾਦਰ ਰਾਮ ਰਤਨ ਪੁਰੀ 65 ਸਾਲ ਮਸੈਨਕਲਾਜ ਪੁਰੀ ਦੇ ਮੈਂਬਰ ਰਹੇ। ਪਰ ਬੁਢੇਪੇ ਕਾਰਨ ਉਨ੍ਹਾਂ ਨੇ ਉਥੋਂ ਅਸਤੀਫਾ ਦੇ ਦਿਤਾ। ਪੁਰੀ ਜੀ ਦੇ ਕੰਮਾਂ ਦੀ ਪ੍ਰਸ਼ੰਸਾ ਲਈ ਇਕ ਪ੍ਰੋਗਰਾਮ ਰਖਿਆ ਗਿਆ। ਪੁਰੀ ਜੀ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਵੀ ਇਸ ਇਕਤਰਤਾ ਵਿਚ ਦਰਸ਼ਨ ਦੇਣ। ਪੁਰੀ ਜੀ ਦਾ ਦਿਲ ਰਖਣ ਲਈ ਭਾਈ ਸਾਹਿਬ ਨੇ ਹਾਂ ਕਰ ਦਿਤੀ। ਨੀਯਤ ਸਮੇਂ ਤੇ ਪੁਰੀ ਸਾਹਿਬ ਭਾਈ ਸਾਹਿਬ ਨੂੰ ਨਾਲ ਲੈ ਗਏ। ਉਥੇ ਕੁਝ ਕੁ ਸੱਜਣ ਭਾਈ ਸਾਹਿਬ ਦੇ ਨਿੰਦਕ ਸਨ। ਉਨ੍ਹਾਂ ਨੇ ਇਹ ਵਿਉਂਤ ਸੋਚੀ ਕਿ ਭਾਈ ਸਾਹਿਬ ਦੀ ਸੀਟ ਮੇਮਾਂ ਦੇ ਵਿਚਕਾਰ ਰਖ ਦਿਤੀ ਜਾਵੇ। ਜਦੋਂ ਸ਼ਰਾਬ ਦੇ ਦੌਰ ਚੱਲਣਗੇ ਅਤੇ ਫੋਟੂ ਆਦਿ ਹੋਣਗੇ। ਭਾਈ ਸਾਹਿਬ ਦੀ ਫੋਟੋ ਵੀ ਆ ਜਾਵੇਗੀ। ਇਸ ਤਰ੍ਹਾਂ ਉਨ੍ਹਾਂ ਦੀ ਤਸਵੀਰ ਨੂੰ ਪ੍ਰੈਸ ਵਿਚ ਦੇ ਕੇ ਭਾਈ ਸਾਹਿਬ ਨੂੰ ਬਦਨਾਮ ਕਰਾਂਗੇ। ਇਹ ਗੱਲ ਦੋ ਜਾਂ ਤਿੰਨ ਵਿਅਕਤੀਆਂ ਦੇ ਵਿਚਕਾਰ ਹੀ ਸੀ ਅਤੇ ਹੋਰ ਕਿਸੀ ਨੂੰ ਪਤਾ ਨਹੀਂ ਸੀ। ਸੀਟਾਂ ਪਹਿਲਾਂ ਹੀ ਅਲਾਟ ਕੀਤੀਆਂ ਗਈਆਂ ਸਨ ਅਤੇ ਭਾਈ ਸਾਹਿਬ ਆਪਣੀ ਸੀਟ ਤੇ ਜਾ ਬਿਰਾਜੇ। ਭਾਈ ਸਾਹਿਬ ਦੇ ਦੋਨੋਂ ਪਾਸੇ ਮੇਮਾਂ ਸਨ। ਆਪ ਜੀ ਦੀ ਮੇਮਾਂ ਨਾਲ ਜਾਣ ਪਛਾਣ ਕਰਾਈ ਗਈ। ਆਪ ਜੀ ਨੇ ਕੁਝ ਉਨ੍ਹਾਂ ਨਾਲ ਗੱਲਾਂ ਵੀ ਕੀਤੀਆਂ। ਸੀਟਾਂ ਦੇ ਅੱਗੇ ਮੇਜ਼ ਲਗੇ ਹੋਏ ਸਨ ਅਤੇ ਕਈ ਪ੍ਰਕਾਰ ਦੀ ਸ਼ਰਾਬ ਮੇਜ਼ਾਂ ਤੇ ਸਜ ਗਈ। ਜੋ ਪ੍ਰਬੰਧ ਦਾ ਚੌਧਰੀ ਸੀ, ਉਹ ਭਾਈ ਸਾਹਿਬ

ਜੀ ਦਾ ਨਿੰਦਕ ਸੀ ਅਤੇ ਉਹ ਉਨ੍ਹਾਂ ਨੂੰ ਬਦਨਾਮ ਕਰਨਾ ਚਾਹੁੰਦਾ ਸੀ। ਭਾਣਾ ਕਰਤਾਰ ਦਾ ਉਸ ਨੂੰ ਦਿਲ ਦਾ ਦੌਰਾ ਪਿਆ ਅਤੇ ਉਥੇ ਹੀ ਖਤਮ ਹੋ ਗਿਆ। ਦੂਜੇ ਪ੍ਰਬੰਧਕਾਂ ਨੇ ਇਹ ਗੱਲ ਬਾਹਰ ਨਾ ਨਿਕਲਣ ਦਿਤੀ, ਕਿਉਂ ਜੋ ਵਡੇ ਵਡੇ ਅੰਗ੍ਰੇਜ਼ ਅਫ਼ਸਰ ਆਏ ਹੋਏ ਸਨ ਅਤੇ ਗੜਬੜ ਨਾ ਹੋ ਜਾਵੇ। ਜਿਸ ਕਰਮੇ ਵਿਚ ਉਸ ਦੀ ਮੌਤ ਹੋਈ ਸੀ, ਉਸ ਉਤੇ ਚਾਦਰ ਪਾ ਕੇ ਕਮਰਾ ਬੰਦ ਕਰ ਦਿਤਾ ਗਿਆ। ਇਹ ਉਹ ਹੀ ਵਿਅਕਤੀ ਸੀ ਜਿਸ ਨੇ ਭਾਈ ਸਾਹਿਬ ਨੂੰ ਬਦਨਾਮ ਕਰਨ ਲਈ ਸਕੀਮ ਘੜੀ ਸੀ।

ਸਾਰੇ ਪਾਸੇ ਤਸਵੀਰਾਂ ਲਈਆਂ ਜਾ ਰਹੀਆਂ ਸਨ। ਜਿਥੇ ਭਾਈ ਸਾਹਿਬ ਬੈਠੇ ਸਨ, ਉਥੇ ਵੀ ਤਸਵੀਰਾਂ ਖਿਚੀਆਂ ਗਈਆਂ। ਗਿਆਰਾਂ ਬਜੇ ਦੇ ਕਰੀਬ ਮੀਟਿੰਗ ਤੋਂ ਪਿਛੋਂ ਪੁਰੀ ਜੀ ਭਾਈ ਸਾਹਿਬ ਨੂੰ ਆਪਣੇ ਟਿਕਾਣੇ ਤੇ ਪਹੁੰਚਾ ਆਏ। ਪੁਰੀ ਸਾਹਿਬ ਦਾ ਇਕ ਮਿਤਰ ਰਾਮ ਉਨ੍ਹਾਂ ਪਾਸ ਆਇਆ ਅਤੇ ਰਾਤ ਨੂੰ ਹੋਈ ਸਾਰੀ ਗੱਲ ਪੁਰੀ ਜੀ ਨੂੰ ਦਸੀ ਅਤੇ ਕਿਹਾ ਕਿ ਭਾਈ ਸਾਹਿਬ ਦੀਆਂ ਫੋਟੋ ਪ੍ਰੈਸ ਵਿਚ ਦਿਤੀਆਂ ਜਾਣਗੀਆਂ ਜਿਸ ਨਾਲ ਉਨ੍ਹਾਂ ਨੂੰ ਬਦਨਾਮ ਕਰਨ ਦਾ ਪ੍ਰੋਗਰਾਮ ਘੜਿਆ ਗਿਆ ਹੈ। ਪੁਰੀ ਜੀ ਘਬਰਾਏ। ਉਹ ਰਾਮ ਜੀ ਨੂੰ ਨਾਲ ਲੈ ਕੇ ਉਸ ਸਮੇਂ ਫੋਟੋ-ਗਰਾਫਰ ਪਾਸ ਪੁਜੇ ਤਾਂ ਜੋ ਇਸ ਤਸਵੀਰ ਵਿਚ ਭਾਈ ਸਾਹਿਬ ਹੋਣ, ਉਹ ਰੋਕ ਲਿਤੀ ਜਾਵੇ। ਪੁਰੀ ਜੀ ਫੋਟੋ-ਗਰਾਫਰ ਪਾਸ ਗਏ ਅਤੇ ਰਾਮ ਜੀ ਕਾਰ ਵਿਚ ਹੀ ਰਹੇ। ਪੁਰੀ ਜੀ ਨੇ ਸਾਰੀਆਂ 24 ਫੋਟੋ ਦੇਖੀਆਂ, ਜਿਨ੍ਹਾਂ ਵਿਚ ਭਾਈ ਸਾਹਿਬ ਦੀ ਕੋਈ ਤਸਵੀਰ ਨਹੀਂ ਸੀ। ਉਹ ਇਹ ਦੇਖ ਕੇ ਬੜੇ ਹੈਰਾਨ ਹੋਏ। ਉਹ ਸ਼ੁਕਰ ਵਿਚ ਆਏ ਅਤੇ ਕਾਉਂਟਰ ਉਤੇ ਹੀ ਸਿਰ ਰਖ ਕੇ ਵਾਹਿਗੁਰੂ ਦੀ ਧੁਨੀ ਅਲਾਪਣ ਲੱਗ ਪਏ। ਜਦੋਂ ਪੰਜ ਸਤ ਮਿੰਟ ਸਿਰ ਨਾ ਚੁਕਿਆ ਤਾਂ ਰਾਮ ਜੀ ਇਹ ਦੇਖ ਕੇ ਘਬਰਾਏ ਅਤੇ ਛੇਤੀ ਨਾਲ ਦੁਕਾਨ ਅੰਦਰ ਗਏ ਅਤੇ ਪੁਰੀ ਜੀ ਨੂੰ ਹਿਲਾਇਆ। ਪੁਰੀ ਜੀ ਦੇ ਨੇਤਰ ਭਰ ਆਏ ਤੇ ਰਾਮ ਜੀ ਨੂੰ ਦੱਸਿਆ ਕਿ ਕਰਤਾ ਪੁਰਖ ਦੇ ਚੋਜ ਨਿਰਾਲੇ ਹਨ, ਇਕ ਫੋਟੋ ਵੀ ਭਾਈ ਸਾਹਿਬ ਜੀ ਦੀ ਇਨ੍ਹਾਂ ਵਿਚ ਨਹੀਂ ਹੈ। ਉਥੋਂ ਦੋਵੇਂ ਭਾਈ ਸਾਹਿਬ ਜੀ ਪਾਸ ਪੁਜੇ ਤੇ ਸਜੱਲ ਨੇਤਰ ਸਾਰੀ ਗੱਲ ਉਨ੍ਹਾਂ ਨੂੰ ਦੱਸੀ। ਆਪ ਸੁਣ ਕੇ ਕੁਝ ਨਹੀਂ ਬੋਲੇ ਦਾਤਾਰ ਦੇ ਚਰਨਾਂ ਨਾਲ ਜੁੜ ਗਏ ਅਤੇ ਕਿਤਨਾ ਚਿਰ ਨੇਤਰ ਬੰਦ ਰਖੇ।

21. ਭਾਈ ਰਾਮ ਸਿੰਘ ਰਾਗੀ ਪਹਿਲੀ ਵਾਰੀ ਕਲਕੱਤੇ ਗਏ ਅਤੇ ਬੜੀ ਸੰਗਤ ਗੁਰਦਵਾਰੇ ਡੇਰਾ ਕੀਤਾ। ਇਸ ਗੁਰਦਵਾਰੇ ਦੇ ਇਰਦ-ਗਿਰਦ ਸਿਖਾਂ ਦੀ ਆਬਾਦੀ ਘੱਟ ਸੀ। ਗੁਰਪੁਰਬ ਤੇ ਰੌਣਕ ਆ ਜਾਂਦੀ ਹੈ, ਪਰ ਅਗੇ ਪਿਛੇ ਘਟ ਰੌਣਕ ਹੁੰਦੀ ਹੈ।

 www.sikhbookclub.com

ਭਾਈ ਸਾਹਿਬ ਕੀਰਤਨ ਕਰਨ ਅਤੇ ਉਥੇ ਸੰਗਤ ਨਾ ਆਵੇ। ਉਨ੍ਹਾਂ ਦਾ ਚਿਤ ਬਹੁਤ ਉਦਾਸ ਹੋਇਆ, ਕਿਉਂ ਜੋ ਕਾਫੀ ਖਰਚਾ ਕਰ ਕੇ, ਉਥੇ ਪੁਜੇ ਸਨ ਅਤੇ ਪ੍ਰਚਾਰ ਵੀ ਕੋਈ ਨਾ ਹੋਇਆ। ਭੇਟਾ ਵੀ ਕੋਈ ਨਾ ਮਿਲੀ।ਉਥੇ ਸ੍ਰ: ਖੁਸ਼ਹਾਲ ਸਿੰਘ ਦੇ ਮਾਤਾ ਸੀਤਾ ਜੀ, ਨੇੜੇ ਹੀ ਰਹਿੰਦੇ ਸਨ। ਉਨ੍ਹਾਂ ਨੂੰ ਭਾਈ ਸਾਹਿਬ ਸੁਪਨੇ ਵਿਚ ਆਏ ਕਿ ਸਾਡੇ ਪਿਆਰ ਵਾਲੇ ਰਾਗੀ ਸਿੰਘ ਬੜੀ ਸੰਗਤ ਆਏ ਹੋਏ ਹਨ, ਤੁਸੀਂ ਕੀਰਤਨ ਸੁਣਨ ਕਿਉਂ ਨਹੀਂ ਜਾਂਦੇ। ਸਵੇਰੇ ਜਾਗ ਕੇ ਸੀਤਾ ਜੀ ਗੁਰਦਵਾਰੇ ਗਏ, ਅਗੇ ਕੀਰਤਨ ਹੋ ਰਿਹਾ ਸੀ। ਸੰਗਤ ਮਸਤਾਨੀ ਸੀ। ਸੀਤਾ ਜੀ ਹੈਰਾਨ ਕਿ ਇਹ ਰਾਗੀ ਸਿੰਘ ਉਨ੍ਹਾਂ ਨੇ ਅਗੇ ਭਾਈ ਸਾਹਿਬ ਦੇ ਘਰ ਕਦੀ ਨਹੀਂ ਦੇਖੇ ਸਨ। ਉਨ੍ਹਾਂ ਨੂੰ ਸ਼ਬਦ ਵਿਚ ਸਵਾਦ ਆਇਆ। ਸੰਗਤ ਚਲੀ ਗਈ। ਰਾਗੀ ਸਿੰਘ ਚਾਹ ਛਕਣ ਲਈ ਜ਼ਰਾ ਦੁਰਾਡੇ ਜਾ ਬਿਰਾਜੇ। ਮਾਈ ਸੀਤਾ ਜੀ ਵੀ ਉਥੇ ਜਾ ਬੈਠੇ ਅਤੇ ਕਹਿਣ ਲਗੇ ਤੁਸੀਂ ਪੰਜ ਸਿੰਘ ਕੀਰਤਨ ਕਰ ਰਹੇ ਸੀ। ਮੈਨੂੰ ਇਵੇਂ ਭਾਸੇ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰੇ ਬੈਠੇ ਹਨ। ਭਾਈ ਰਾਮ ਸਿੰਘ ਨੇ ਪੁਛਿਆ, ਤੁਸੀਂ ਭਾਈ ਸਾਹਿਬ ਜੀ ਦੇ ਪਿਆਰ ਵਾਲੇ ਹੋ। ਸੀਤਾ ਜੀ ਰੋ ਪਏ ਅਤੇ ਰਾਤ ਦਾ ਸੁਪਨਾ ਦਸਿਆ। ਨੇਤਰ ਭਰ ਆਏ ਅਤੇ ਉਨ੍ਹਾਂ ਨੇ ਪੁਛਿਆ ਕਿ ਕੀ ਇਥੇ ਭਾਈ ਸਾਹਿਬ ਦੇ ਸਤਿਸੰਗੀ ਕੋਈ ਨਹੀਂ। ਸੀਤਾ ਜੀ ਨੇ ਦੱਸਿਆ ਕਿ ਬਹੁਤ ਹਨ, ਪਰ ਦੂਰ ਦੂਰ ਹੋਣ ਕਰ ਕੇ ਹਾਜ਼ਰੀ ਨਹੀਂ ਭਰਦੇ। ਸੀਤਾ ਜੀ ਨੇ ਭਾਈ ਸਾਹਿਬ ਦੇ ਸਾਰੇ ਪਿਆਰਿਆਂ ਨੂੰ ਇਹ ਵਾਰਤਾ ਦੱਸੀ। ਫਿਰ ਤਾਂ ਸਭ ਪਿਆਰਿਆਂ ਨੇ ਆਪੋ ਆਪਣੇ ਘਰ ਕੀਰਤਨ ਕਰਵਾਇਆ। ਬੜਾ ਸਵਾਦ ਬਣਿਆ ਰਿਹਾ। ਭਾਈ ਰਾਮ ਸਿੰਘ ਜੀ ਹਰ ਤਰ੍ਹਾਂ ਸੁਖੀ ਗਏ। ਇਹ ਵਾਕਿਆ ਭਾਈ ਸਾਹਿਬ ਜੀ ਦੇ ਗੁਰਪੁਰੀ ਸਿਧਾਰ ਜਾਣ ਤੋਂ ਬਾਅਦ ਦਾ ਹੈ।

22. 1913 ਦੀ ਗੱਲ ਹੈ ਕਿ ਸਰਦਾਰ ਮਨਮੋਹਨ ਸਿੰਘ ਜੇ ਨੇ ਭਾਈ ਸਾਹਿਬ ਨੂੰ ਬਿਨੇ ਕੀਤੀ ਕਿ ਪਿਤਾ ਜੀ ਇਕ ਕੰਮ ਮੁਕਦਾ ਨਹੀਂ ਦੂਜਾ ਹੋਰ ਆਖ ਦੇਂਦੇ ਹਨ। ਮੈਂ ਬਹੁਤ ਰੁਝੇਵਿਆਂ ਵਿਚ ਹਾਂ ਤੇ ਵਿਹਲ ਬਿਲਕੁਲ ਹੀ ਨਹੀਂ ਮਿਲਦੀ। ਮੈਂ ਆਪ ਜੀ ਦੇ ਹੁਕਮ ਵਲੋਂ ਭੁਲ ਜਾਂਦਾ ਹਾਂ। ਭਾਈ ਸਾਹਿਬ ਨੇ ਕਿਹਾ ਕਿ ਰੋਟੀ ਖਾਣ ਤੋਂ ਪਿਛੋਂ ਵਹੀ ਸਿਰਹਾਣੇ ਰਖ ਕੇ ਲੇਟ ਜਾਇਆ ਕਰ। ਸ੍ਰ: ਮਨਮੋਹਨ ਸਿੰਘ ਜੀ ਨੇ ਕਿਹਾ ਕਿ ਆਵਾਜਾਈ ਇਤਨੀ ਹੁੰਦੀ ਹੈ ਕਿ ਅਖ ਲਗਣੀ ਮੁਸ਼ਕਲ ਹੈ। ਭਾਈ ਸਾਹਿਬ ਨੇ ਕਿਹਾ ਕਿ ਮੈਂ ਸੌਣ ਲਈ ਤੇ ਨਹੀਂ ਕਹਿੰਦਾ। ਮੇਰਾ ਮਤਲਬ ਹੈ ਕਿ ਅੱਖਾਂ ਬੰਦ ਕਰ ਕੇ ਅੱਧਾ ਘੰਟਾ ਯਾਦ ਵਿਚ ਜੁੜ ਜਾਇਆ ਕਰ। ਇਤਨੇ ਘੰਟੇ ਜੋ ਤੇਰੇ ਭੁੱਲ ਵਿਚ ਬੀਤਦੇ ਹਨ, ਭੁੱਲ ਵਿਚੋਂ ਟੁਟ ਜਾਇਆ ਕਰੇਗੀ, ਚਿਤ ਵਿਚ ਤਾਜ਼ਗੀ ਆ ਜਾਇਆ ਕਰੇਗੀ। ਸਮਾਂ

ਆਵੇਗਾ ਜਦੋਂ ਤੇਰੇ ਪਿਤਾ ਜੀ, ਜੇ ਕੋਈ ਆਦਮੀ ਆਵੇਗਾ ਤਦੋਂ ਕਿਹਾ ਕਰਨਗੇ, ਭਾਈ ਕਾਕਾ ਜੀ ਆਰਾਮ ਕਰ ਰਹੇ ਹਨ, ਜ਼ਰਾ ਬਾਹਰ ਹੀ ਠਹਿਰ ਜਾ। ਜਦੋਂ ਸ੍ਰ: ਮਨਮੋਹਨ ਸਿੰਘ ਜੀ ਨੇ ਭਾਈ ਸਾਹਿਬ ਦੇ ਸੁਝਾ ਤੇ ਅਮਲ ਕੀਤਾ ਤਦੋਂ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੇ ਪਿਤਾ ਜੀ, ਜੇ ਕੋਈ ਆਵੇ ਤਾਂ ਕਹਿ ਦੇਂਦੇ ਕਿ ਕਾਕਾ ਜੀ ਆਰਾਮ ਕਰ ਰਹੇ ਹਨ, ਜ਼ਰਾ ਬਾਹਰ ਹੀ ਠਹਿਰ ਜਾਉ।

23. ਭਾਈ ਕਾਹਨ ਸਿੰਘ ਜੀ ਨਾਭਾ ਵਾਲਿਆਂ ਨੇ ਸੁੰਦਰ ਸਿੰਘ ਮਜੀਠੀਏ ਨੂੰ ਪੱਤ੍ਰ ਲਿਖਿਆ ਕਿ ਉਹ ਜੋ ਪੰਜਾਬੀ ਦਾ ਐਨ-ਸਾਈਕਲੋਪੀਡੀਆ ਬਣਾ ਰਹੇ ਹਨ, ਉਹ ਬੜੀ ਮਿਹਨਤ ਦਾ ਕੰਮ ਹੈ, ਇਸ ਲਈ ਉਨ੍ਹਾਂ ਨੂੰ ਕੋਈ ਪੜ੍ਹਿਆ ਲਿਖਿਆ ਵਿਅਕਤੀ ਜੋ ਚੰਗੀ ਮਿਹਨਤ ਕਰ ਸਕੇ, ਭੇਜਿਆ ਜਾਵੇ। ਮਜੀਠੀਆ ਸਾਹਿਬ ਨੇ ਸ੍ਰ: ਸੁੰਦਰ ਸਿੰਘ ਜੀ ਨੂੰ ਭੇਜਿਆ ਜੋ 15 ਸਾਲ ਰਾਵਲਪਿੰਡੀ ਵਿਚ ਖਾਲਸਾ ਹਾਈ ਸਕੂਲ ਦੇ ਹੈਡ ਮਾਸਟਰ ਰਹੇ ਸਨ। ਜੋ ਕੁਝ ਭਾਈ ਕਾਹਨ ਸਿੰਘ ਉਨ੍ਹਾਂ ਨੂੰ ਕਹਿੰਦੇ ਸਨ, ਉਹ ਉਸੀ ਤਰ੍ਹਾਂ ਕਰਦੇ ਸਨ। ਕੋਈ ਛੇ ਮਹੀਨੇ ਉਹ ਨਾਭੇ ਰਹੇ। ਇਕ ਦਿਨ ਗੱਲ ਬਾਤ ਵਿਚ ਮਾਸਟਰ ਜੀ ਨੇ ਭਾਈ ਕਾਹਨ ਸਿੰਘ ਜੀ ਨੂੰ ਕਿਹਾ ਕਿ ਇਹ ਠੀਕ ਹੈ ਜੋ ਤੁਸੀਂ ਵੀ ਕੌਮ ਦੀ ਬੜੀ ਸੇਵਾ ਕਰ ਰਹੇ ਹੋ, ਬੜਾ ਮਿਹਨਤ ਦਾ ਕੰਮ ਹੈ, ਪਰ ਜੋ ਆਤਮਕ ਰਸ ਭਾਈ ਵੀਰ ਸਿੰਘ ਜੀ ਦੀਆਂ ਰਚਨਾਵਾਂ ਤੋਂ ਪ੍ਰਾਪਤ ਹੁੰਦਾ ਹੈ, ਕੋਈ ਮੁਕਾਬਲਾ ਨਹੀਂ। ਮਾਸਟਰ ਸਾਹਿਬ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਇਹ ਗੱਲ ਨਹੀਂ ਕਹਿਣੀ ਚਾਹੀਦੀ ਸੀ। ਭਾਈ ਕਾਹਨ ਸਿੰਘ ਜੀ ਨੇ ਉਤਰ ਦਿਤਾ ਕਿ ਉਹ ਜੋ ਕੰਮ ਕਰ ਰਹੇ ਹਨ, ਉਹ ਕਈ ਪੁਸਤਕਾਂ ਵਿਚੋਂ ਕੱਢ ਕੇ ਇਕੱਤਰ ਕਰ ਰਹੇ ਹਨ। ਪਰ ਭਾਈ ਵੀਰ ਸਿੰਘ ਜੀ ਜੋ ਲਿਖਦੇ ਹਨ ਉਹ ਆਪ ਨਹੀਂ ਲਿਖਦੇ, ਉਹ ਤਾਂ ਸਿਧਾ ਉਪਰੋਂ ਇਲਹਾਮ ਆ ਰਿਹਾ ਹੈ।

24. ਲਾਰੰਸ ਰੋਡ ਅਤੇ ਸ਼ਹਿਰ ਦੇ ਵਿਚਾਲੇ ਸਮਾਜੀਆਂ ਦਾ ਇਕ ਅੰਧ ਵਿਦਿਆਲਾ ਸੀ। ਦੋਪਹਿਰ ਦੇ ਪਿਛੋਂ ਦਾ ਸਮਾਂ ਸੀ। ਉਸ ਵਿਦਿਆਲੇ ਦੇ ਕੁਝ ਵਿਦਿਆਰਥੀ ਸੈਰ ਕਰ ਕੇ ਵਾਪਸ ਸ਼ਹਿਰ ਜਾ ਰਹੇ ਸਨ। ਲਗ ਪਗ 25-30 ਵਿਦਿਆਰਥੀ ਅਤੇ 2 ਜਾਂ 3 ਮਾਸਟਰ ਵੀ ਸਨ। ਭਾਈ ਸਾਹਿਬ ਦੀ ਕੋਠੀ ਦੇ ਨੇੜੇ ਕਿਸੀ ਨੇ ਸ਼ਹਿਦ ਦੀਆਂ ਮਖੀਆਂ ਨੂੰ ਛੇੜਿਆ। ਮਖੀਆਂ ਨੇ ਬਚਿਆਂ ਉਤੇ ਹਮਲਾ ਸ਼ੁਰੂ ਕਰ ਦਿਤਾ। ਬਚਿਆਂ ਨੇ ਪੂਰੇ ਕਪੜੇ ਵੀ ਨਹੀਂ ਪਾਏ ਹੋਏ ਸਨ। ਕਿਸੀ ਦੀ ਅਧੀ ਬਾਂਹ ਵਾਲੀ ਕਮੀਜ਼ ਸੀ,


www.sikhbookclub.com

ਕਿਸੀ ਦੇ ਤੇੜ ਕੱਛ ਸੀ ਅਤੇ ਕਿਸੀ ਦੇ ਨਿਕਰ ਸੀ। ਸ਼ਹਿਦ ਦੀਆਂ ਮਖੀਆਂ ਉਨ੍ਹਾਂ ਨੂੰ ਚਮੁਟ ਗਈਆਂ ਅਤੇ ਉਹ ਜ਼ਮੀਨ ਉਤੇ ਵਿਲਕਦੇ, ਰੋਂਦੇ ਅਤੇ ਚੀਖਾਂ ਮਾਰ ਰਹੇ ਸਨ। ਸ਼ਹਿਦ ਦੀਆਂ ਮਖੀਆਂ ਦਾ ਹਮਲਾ ਬੜਾ ਦਰਦਨਾਕ ਅਤੇ ਖਤਰਨਾਕ ਹੁੰਦਾ ਹੈ। ਭਾਈ ਸਾਹਿਬ ਦੀ ਕੋਠੀ ਸੜਕ ਤੋਂ ਕਾਫੀ ਦੂਰ ਹੈ, ਆਪ ਅੰਦਰ ਕੰਮ ਕਰ ਰਹੇ ਸਨ। ਜਦੋਂ ਚੀਖਾਂ ਦੀ ਦਰਦਨਾਕ ਆਵਾਜ਼ ਅੰਦਰ ਪੁਜੀ, ਤਾਂ ਆਪ ਝਟ ਗੇਟ ਪਰ ਆਏ। ਬੜਾ ਦਰਦਨਾਕ ਨਜ਼ਾਰਾ ਦੇਖਿਆ। ਆਲੇ ਦੁਆਲੇ ਦੀਆਂ ਕੋਠੀਆਂ ਵਾਲੇ ਲੋਕੀ ਆਪਣੇ ਵੇਹੜਿਆਂ ਤੇ ਬਰਾਂਡਿਆਂ ਵਿਚ ਖੜੇ ਤਮਾਸ਼ਾ ਦੇਖ ਰਹੇ ਸਨ। ਆਪ ਦੇ ਨੌਕਰ ਅਤੇ ਮਾਲੀ ਵੀ ਗੇਟ ਤੇ ਖੜੇ ਦੇਖ ਰਹੇ ਸਨ। ਆਪ ਨੇ ਲੋਕਾਂ ਨੂੰ ਲਲਕਾਰਿਆ। ਇਹ ਤਮਾਸ਼ਾ ਨਹੀਂ, ਕਿਤਨਾ ਦਰਦਨਾਕ ਸੀਨ ਹੈ। ਮਿਤਰੋ, ਤਰਸ ਕਰੋ ਅਤੇ ਮਦਦ ਕਰੋ। ਸਾਰੇ ਬਚਿਆਂ ਵਾਲੇ ਹੋ। ਇਸ ਦਾ ਇਲਾਜ ਹੈ ਆਪ ਆਪਣੇ ਘਰੋਂ ਖੇਸ, ਦਰੀਆਂ ਤੇ ਚਾਦਰਾਂ ਲਿਆਓ। ਉਦਮ ਕਰ ਕੇ ਹਰ ਇਕ ਬੱਚੇ ਨੂੰ ਖੇਸ, ਚਾਦਰ ਵਿਚ ਬੰਨ੍ਹ ਦੇਵੋ। ਜਿਥੇ ਮਖੀਆਂ ਹਨ, ਖੇਸ ਦੇ ਅੰਦਰ ਮਿਧ ਕੇ ਮਲ ਦੇਵੋ, ਉਹ ਮਰ ਜਾਣਗੀਆਂ। ਕੁਝ ਇਸ ਤਰ੍ਹਾਂ ਕਰੋਗੇ ਤਾਂ ਆਪੇ ਬਾਕੀ ਦਾ ਦਲ ਵਾਪਸ ਮੁੜ ਜਾਵੇਗਾ ਆਪ ਨੇ ਕਿਸੀ ਕਿਤਾਬ ਵਿਚ ਇਹ ਵਿਉਂਤ ਪੜ੍ਹੀ ਹੋਈ ਸੀ। ਆਪ ਆਪਣੇ ਅੰਦਰ ਜਾ ਕੇ ਖੇਸ ਚਾਦਰਾਂ ਚੁਕ ਲਿਆਏ। ਆਪ ਨੇ ਆਪਣੇ ਨੌਕਰਾਂ ਨੂੰ ਪ੍ਰੇਰਿਆ। ਜਦੋਂ ਕੰਮ ਅਰੰਭ ਹੋ ਗਿਆ, ਹੋਰ ਆਂਢੀ-ਗੁਆਂਢੀ ਸੱਜਣ ਵੀ ਮਦਦ ਨੂੰ ਆ ਗਏ। ਥੋਹੜੇ ਮਿੰਟਾਂ ਵਿਚ ਹੀ ਸਾਰੇ ਬੱਚੇ ਲਪੇਟੇ ਗਏ। ਕੁਝ ਸਮੇਂ ਬਾਦ ਬਾਕੀ ਦੀਆਂ ਮੱਖੀਆਂ ਚਲੀਆਂ ਗਈਆਂ। ਆਪ ਨੇ ਆਪਣੇ ਸਾਹਮਣੇ ਖੇਸ ਤੇ ਚਾਦਰਾਂ ਖੁਲ੍ਹਵਾਏ। ਜਿਨ੍ਹਾਂ ਦੇ ਜ਼ਖਮ ਹੋ ਗਏ ਸਨ, ਦਵਾਈਆਂ ਲਗਵਾਈਆਂ। ਇਨ੍ਹਾਂ ਵਿਚ ਤਿੰਨ ਚਾਰ ਬੱਚੇ ਸਿਖ ਵੀ ਸਨ। ਜਦੋਂ ਇਹ ਬਚੇ ਦੇਖੇ ਤਾਂ ਆਪ ਨੇ ਉਨ੍ਹਾਂ ਤੋਂ ਪੁਛਿਆ। ਉਨ੍ਹਾਂ ਦਸਿਆ ਕਿ ਅਸੀਂ ਫਲਾਣੇ ਫਲਾਣੇ ਪਿੰਡ ਦੇ ਹਾਂ। ਹੋਰ ਵੀ ਦੋ-ਚਾਰ ਬਚੇ ਸਿਖ ਸਨ। ਮਗਰ ਸਮਾਜੀਆਂ ਨੇ ਉਨ੍ਹਾਂ ਤੇ ਜ਼ੋਰ ਪਾ ਕੇ ਉਨ੍ਹਾਂ ਦੇ ਕੇਸ ਕਤਲ ਕਰਵਾ ਦਿਤੇ। ਹੁਣ ਉਹ ਸਾਡੇ ਤੇ ਵੀ ਜ਼ੋਰ ਪਾ ਰਹੇ ਹਨ, ਪਰ ਅਸੀਂ ਅਜੇ ਨਹੀਂ ਮੰਨੇ। ਭਾਈ ਸਾਹਿਬ ਇਹ ਸੁਣ ਕੇ ਬੜੇ ਉਦਾਸ ਹੋਏ। ਰਾਤ ਨੂੰ ਉਹ ਸੁੱਤੇ ਨਹੀਂ। ਕੋਈ ਸਮਾਂ ਸੀ ਜੋ ਸਿਖ ਗੁਰਦਵਾਰੇ, ਡੇਰੇ ਤੇ ਟਿਕਾਣੇ ਸੂਰਮਿਆਂ ਲਈ ਟਕਸਾਲ ਹੁੰਦੇ ਸਨ। ਪੰਜਾਬ ਵਿਚ ਕਿਸੇ ਦੂਜੀ ਸੰਸਥਾ ਦਾ ਇਹ ਪ੍ਰਬੰਧ ਨਹੀਂ ਹੁੰਦਾ। ਦੂਜੇ ਧਰਮਾਂ ਦੇ ਸੂਰਮੇ ਸਾਡੇ ਅਸਥਾਨਾਂ ਵਿਚ ਆ ਕੇ ਕੋਈ ਰਾਗ ਵਿਦਿਆ, ਕੋਈ ਜੋੜੀ, ਕੋਈ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਸਿਖਦੇ ਅਤੇ ਤਿਆਰ ਹੋ ਕੇ ਦੇਸ਼ ਵਿਚ ਪ੍ਰਚਾਰ ਕਰਦੇ ਸਨ। ਬਹੁਤੇ ਸਿੰਘ ਸਜ ਜਾਂਦੇ ਸਨ। ਪਰ ਅੱਜ ਕੌਮ ਦੇ ਅਭਾਗ ਕਿ ਅੱਜ ਇਹ ਦਿਨ ਆ ਗਏ ਹਨ ਕਿ ਸਿਖ ਬਚੇ ਸੂਰਮੇ ਦੂਜੇ ਮਤਾਂ ਦੇ ਆਸ਼ਰਮਾਂ ਵਿਚ ਜਾ ਕੇ ਸਿਖੀ ਤੋਂ ਪਤਿਤ ਹੋ

ਰਹੇ ਹਨ। ਭਾਈ ਸਾਹਿਬ ਬਹੁਤ ਦੁਖੀ ਹੋਏ। ਆਪ ਸਵੇਰੇ ਜਾ ਕੇ ਚੀਫ ਖਾਲਸਾ ਦੀਵਾਨ ਦੇ ਸਜਣਾਂ ਨੂੰ ਮਿਲੇ। ਦਰਦ ਭਰੇ ਦਿਲ ਨਾਲ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਤੇ ਤਜਵੀਜ਼ ਪੇਸ਼ ਕੀਤੀ ਜੋ ਯਤੀਮਖਾਨੇ ਵਿਚ ਹੀ ਇਕ ਅੰਧ ਵਿਦਿਆਲਾ ਖੋਲ੍ਹਿਆ ਜਾਵੇ ਅਤੇ ਸਿਖ ਬਚੇ ਪਤਿਤ ਹੋਣ ਤੋਂ ਬਚਾਏ ਜਾਣ। ਦੀਵਾਨ ਦੇ ਸੱਜਣ ਕਹਿਣ ਕਿ ਯਤੀਮਖਾਨੇ ਦਾ ਖਰਚਾ ਪੂਰਾ ਨਹੀਂ ਹੁੰਦਾ। ਬਾਹਰੋਂ ਅਰਦਾਸੇ ਨਹੀਂ ਆਉਂਦੇ। ਰਾਤ ਦਿਨ ਯੀਤਮ ਖਾਨਾ ਚਲਾਉਣ ਦਾ ਫਿਕਰ ਰਹਿੰਦਾ ਹੈ। ਹੋਰ ਜ਼ਿਮੇਵਾਰੀ ਕਿਸ ਤਰ੍ਹਾਂ ਲੈ ਲਈਏ। ਬਿਨਾਂ ਮਾਇਆ ਦੇ ਆਸ਼ਰਮ ਕਿਵੇਂ ਚੱਲਣ। ਭਾਈ ਸਾਹਿਬ ਨੇ ਕਿਹਾ, ਤੁਸੀਂ ਆਸ਼ਰਮ ਖੋਹਲ ਦੇਵੋ, ਅਸੀਂ ਗੁਰੂ ਆਸਰੇ ਰਕਮ ਇਕਠੀ ਕਰ ਦੇਵਾਂਗੇ। ਕਮੇਟੀ ਕਹੇ ਜਦੋਂ ਪੈਸੇ ਜਮਾ ਹੋ ਜਾਣਗੇ ਤਾਂ ਆਸ਼ਰਮ ਖੋਲ੍ਹ ਦੇਵਾਂਗੇ। ਪਰ ਭਾਈ ਸਾਹਿਬ ਨੂੰ ਫਿਕਰ ਸੀ ਕਿ 3-4 ਸਿਖ ਬਚੇ ਜੋ ਸਮਾਜੀਆਂ ਦੇ ਆਸ਼ਰਮ ਵਿਚ ਸਨ, ਉਨ੍ਹਾਂ ਨੂੰ ਪਤਿਤ ਹੋਣ ਤੋਂ ਬਚਾਇਆ ਜਾਏ। ਭਾਈ ਸਾਹਿਬ ਜੀ ਦੇ ਉਦਮ ਨਾਲ ਕੁਝ ਦਿਨਾਂ ਵਿਚ ਹੀ ਕਈ ਹਜ਼ਾਰਾਂ ਰੁਪਏ ਇਕਠੇ ਹੋ ਗਏ ਅਤੇ ਆਸ਼੍ਰਮ ਖੁਲ੍ਹ ਗਿਆ। ਸਭ ਤੋਂ ਪਹਿਲਾਂ ਸਮਾਜੀ ਆਸ਼ਰਮ ਵਾਲੇ ਸਿਖ ਬਚੇ ਉਥੋਂ ਕਢਵਾ ਕੇ ਇਸ ਆਸ਼ਰਮ ਵਿਚ ਦਾਖਲ ਕੀਤੇ ਗਏ। ਹੋਰ ਵੀ ਬੱਚੇ ਆਏ। ਉਨ੍ਹਾਂ ਦੀ ਪੜ੍ਹਾਈ ਲਈ ਘਰੇਲੂ ਸਿਸਟਮ ਦਾ ਪ੍ਰਬੰਧ ਕਰਵਾਇਆ। ਬਚਿਆਂ ਨੂੰ ਕੁਰਸੀਆਂ ਉਣਨੀਆਂ ਸਿਖਾਈਆਂ ਜਾਣ ਲਗੀਆਂ। ਇਹ ਆਸ਼ਰਮ ਅਜ ਤਕ ਚਲਦਾ ਆ ਰਿਹਾ ਹੈ। ਭਾਈ ਸਾਹਿਬ ਦਾ ਸਿਖੀ ਲਈ ਦਰਦ ਦੇਖੋ ਕਿ ਜਦੋਂ ਤਕ ਸਿਖ ਬੱਚੇ ਸਮਾਜੀ ਆਸ਼ਰਮ ਵਿਚੋਂ ਨਹੀਂ ਕਢਵਾਏ, ਉਹ ਆਰਾਮ ਨਾਲ ਨਹੀਂ ਬੈਠੇ।

25. ਇਕ ਵਾਰੀ ਭਾਈ ਸਾਹਿਬ ਪੰਜਾਬ ਅਸੈਂਬਲੀ ਦੇ ਸਰਦੀਆਂ ਦੇ ਸੈਸ਼ਨ ਲਈ ਚੰਡੀਗੜ੍ਹ ਆਏ ਹੋਏ ਸਨ। ਸੰਤ ਕਰਤਾਰ ਸਿੰਘ ਨੂੰ ਇਸ ਬਾਰੇ ਪਤਾ ਲੱਗਾ ਅਤੇ ਆਪ ਭਾਈ ਸਾਹਿਬ ਨੂੰ ਉਥੇ ਮਿਲਣ ਲਈ ਪੁਜ ਗਏ। ਭਾਈ ਸਾਹਿਬ ਬੜੇ ਪਿਆਰ ਨਾਲ ਉਨ੍ਹਾਂ ਨੂੰ ਮਿਲੇ। ਭਾਈ ਸਾਹਿਬ ਸ੍ਰ: ਉਜਲ ਸਿੰਘ ਜੀ ਦੇ ਘਰ ਠਹਿਰੇ ਹੋਏ ਸਨ। ਉਹ ਸੰਤ ਜੀ ਨੂੰ ਇਕ ਪਾਸੇ ਲੈ ਗਏ ਅਤੇ ਸੰਤ ਜੀ ਨੂੰ ਕਿਹਾ ਕਿ ਵਾਹਿਗੁਰੂ ਜੀ ਦੀ ਕਿਰਪਾ ਨਾਲ ਆਪ ਜੀ ਦੀ ਜ਼ਬਾਨ ਵਿਚ ਰਸ ਪੈ ਗਿਆ ਹੈ। ਜਿਥੇ ਸਾਨੂੰ ਖੁਸ਼ੀ ਹੋਈ ਹੈ, ਉਥੇ ਸਾਨੂੰ ਇਕ ਫਿਕਰ ਵੀ ਪੈਦਾ ਹੋ ਗਿਆ ਹੈ। ਆਪ ਦੀ ਕਥਾ ਵਿਚ ਸਵਾਦ ਪੈ ਗਿਆ ਹੈ। ਸੰਗਤਾਂ ਕਥਾ ਸੁਣਨਗੀਆਂ, ਸਵਾਦ ਵਿਚ ਆਉਣਗੀਆਂ, ਫਿਰ ਆਪ ਨੂੰ ਮੱਥੇ ਟੇਕਣਗੀਆਂ, ਆਪ ਨੂੰ ਭੇਟਾ ਦੇਣਗੀਆਂ। ਆਪ ਦੀ ਅਜੇ

ਛੋਟੀ ਉਮਰ ਹੈ, ਆਪ ਹਉਮੈਂ ਵਿਚ ਨਾ ਆ ਜਾਉ। ਕਰਤਾਰ ਸਿੰਘ! ਜੇ ਹਉਮੈ ਆ ਗਈ ਤਦੋਂ ਆਪ ਦੀ ਤਰੱਕੀ ਰੁਕ ਜਾਵੇਗੀ। ਹਉਮੈਂ ਬੜੀ ਸੂਖਸ਼ਮ ਹੋ ਕੇ ਅੰਦਰ ਆ ਜਾਂਦੀ ਹੈ। ਆਖੀਦਾ ਹੈ ਕਿ ਕੋਈ ਨਹੀਂ ਆਈ। ਪਰ ਪਤਾ ਨਹੀਂ ਲਗਦਾ, ਅੰਦਰ ਆਈ ਹੁੰਦੀ ਹੈ। ਇਹ ਕਈ ਵੇਸ ਧਾਰ ਕੇ ਆਉਂਦੀ ਹੈ। ਤੁਸੀਂ ਆਪਣੇ ਆਪ ਪਰ ਪਹਿਰਾ ਦਿਤਾ ਕਰੋ, ਜੋ ਹਉਮੈਂ ਨਾ ਆ ਜਾਵੇ। ਅਸੀਂ ਰਾਤੀਂ ਜਦੋਂ ਸੌਂਦੇ ਹਾਂ ਤਦੋਂ ਸਾਰੇ ਦਿਨ ਦੇ ਹਾਲਾਤ ਨੂੰ ਤੋਲਦੇ, ਜੋਖਦੇ ਹਾਂ, ਜੋ ਕਿਧਰੇ ਹਉਮੈ ਅੰਦਰ ਤਾਂ ਨਹੀਂ ਆ ਗਈ। ਤੁਸੀਂ ਵੀ ਇਸ ਤਰ੍ਹਾਂ ਕੀਤਾ ਕਰੋ।

26. 1941 ਦੀ ਗੱਲ ਹੈ। ਲੜਾਈ ਦੇ ਦਿਨ ਸਨ। ਸ੍ਰ: ਧਰਮਪਾਲ ਸਿੰਘ ਜੀ ਨੇ ਠੇਕੇਦਾਰੀ ਵਿਚੋਂ ਲਖਾਂ ਰੁਪਏ ਕਮਾਏ। ਉਹ ਵਾਹਿਗੁਰੂ ਦਾ ਸ਼ੁਕਰ ਕਰਦੇ ਅੰਮ੍ਰਿਤਸਰ ਭਾਈ ਸਾਹਿਬ ਪਾਸ ਆਏ। ਸ੍ਰਦਾਰ ਜੀ ਨੇ ਇਹ ਸਾਰੀ ਗੱਲ ਉਨ੍ਹਾਂ ਨੂੰ ਦੱਸੀ ਅਤੇ ਬੇਨਤੀ ਕੀਤੀ ਕਿ ਆਪ ਜੀ ਦੀ ਅਸੀਸ ਸਦਕਾ ਇਤਨੀ ਰਕਮ ਕਮਾਈ ਹੈ। ਸਰਦਾਰ ਜੀ ਨੇ ਕੁਝ ਰਕਮ ਪੇਸ਼ ਕਰਕੇ ਕਿਹਾ ਕਿ ਇਹ ਰਕਮ ਦਸਵੰਧ ਦੀ ਹੈ ਅਤੇ ਜਿਥੇ ਜਿਥੇ ਹੁਕਮ ਕਰੋ, ਉਥੇ ਭੇਜ ਦੇਵਾਂ। ਭਾਈ ਸਾਹਿਬ ਖੁਸ਼ ਹੋਏ ਅਤੇ ਕਿਹਾ ਕਿ ਵਾਹਿਗੁਰੂ ਜੀ ਦਾ ਸ਼ੁਕਰ ਕਰੋ, ਜਿਸ ਦੀ ਮਿਹਰ ਹੋਈ ਹੈ। ਨਾਮ ਨੂੰ ਅਗੇ ਨਾਲੋਂ ਵਧ ਚੰਬੜੋ। ਦੂਜੇ ਦਿਨ ਭਾਈ ਸਾਹਿਬ ਨੇ ਸਰਦਾਰ ਜੀ ਨੂੰ ਸਦਿਆ ਅਤੇ ਬੱਚਿਆਂ ਵਾਂਗੂੰ ਸਿਖਿਆਵਾਂ ਦਿਤੀਆਂ। ਜਿਵੇਂ ਪਿਤਾ ਬੱਚੇ ਨੂੰ ਹਰ ਪਾਸੇ ਦੀਆਂ ਮੱਤਾਂ ਦੇਂਦਾ ਹੈ, ਇਵੇਂ ਭਾਈ ਸਾਹਿਬ ਨੇ ਉਨ੍ਹਾਂ ਨੂੰ ਸਿਖਿਆਵਾਂ ਦਿਤੀਆਂ। ਭਾਈ ਸਾਹਿਬ ਨੇ ਕਿਹਾ ਕਿ ਕੱਲ੍ਹ ਤੁਸੀਂ ਜੋ ਗੱਲ ਕੀਤੀ ਹੈ, ਉਸ ਬਾਰੇ ਗੱਲ ਕਰਨੀ ਹੈ। ਪਹਿਲੀ ਗੱਲ ਤਾਂ ਇਹ ਹੈ, ਜੋ ਇਹ ਗੱਲ ਆਪਣੇ ਅੰਦਰ ਹੀ ਰਖਣੀ ਤੇ ਬਾਹਰ ਨਹੀਂ ਕਰਨੀ। ਤੁਸੀਂ ਕਬੀਲਦਾਰ ਹੋ। ਜਿਸ ਭੈਣ ਭਰਾ ਨੂੰ ਤੁਸੀਂ ਅਗੇ 10 ਰੁਪਏ ਦੇਂਦੇ ਹੋ ਤੇ ਉਹ ਖੁਸ਼ ਹੋ ਜਾਂਦਾ ਹੈ। ਹੁਣ 25 ਰੁਪਏ ਦੇਵੋਗੇ, ਤਦੋਂ ਵੀ ਉਨ੍ਹਾਂ ਦੀ ਤਸੱਲੀ ਨਹੀਂ ਹੋਵੇਗੀ। ਵਿਹਾਰ ਸਦਾ ਇਕੋ ਜਿਹੇ ਨਹੀਂ ਰਹਿੰਦੇ। ਲਹਾਉ ਚੜ੍ਹਾਉ ਲਗੇ ਰਹਿੰਦੇ ਹਨ। ਖਰਚ ਵਧੇ ਹੋਏ ਫਿਰ ਘਟਦੇ ਨਹੀਂ। ਦੂਜੀ ਗੱਲ ਇਹ ਹੈ, ਜੋ ਇਸ ਰਕਮ ਵਿਚੋਂ ਕੁਝ ਰਕਮ ਰੀਜ਼ਰਵ ਅਲੱਗ ਕਰ ਦੇਵੋ। ਇਹ ਪ੍ਰਣ ਕਰ ਲਵੋ, ਕਿ ਕਿਤਨੀ ਵੀ ਲੋੜ ਪਵੇ, ਇਹ ਰਕਮ ਵਪਾਰ ਵਿਚ ਨਹੀਂ ਲਾਉਣੀ। ਕਦੀ ਔਖ-ਸੌਖ ਆਵੇ ਤਦੋਂ ਤੁਸੀਂ ਘਾਬਰੋਗੇ ਨਹੀਂ, ਦੁਖੀ ਨਹੀਂ ਹੋਵੋਗੇ। ਰੀਜ਼ਰਵ ਪਾਸ ਹੋਣ ਨਾਲ ਦਿਲ ਨੂੰ ਤਸੱਲੀ ਰਹੇਗੀ। ਤੀਸਰੀ ਗੱਲ ਇਹ ਜੋ ਇਹ ਦੇਖਿਆ ਹੈ , ਜਦੋਂ ਮਾਇਆ

ਆ ਜਾਵੇ, ਚਾਂਦੀ ਸੋਨਾ ਆ ਜਾਵੇ, ਤਦੋਂ ਲੋਕਾਂ ਦਾ ਦਿਲ ਵੀ ਮੈਟਲ ਦਾ ਹੋ ਜਾਂਦਾ ਹੈ। ਦਿਲ ਮੈਟਲ ਦਾ ਹੋ ਜਾਣ ਕਰਕੇ ਉਹ ਦੂਜੇ ਦੇ ਦੁਖ ਸੁਖ ਨੂੰ ਆਂਢੀ ਗੁਆਂਢੀ ਦੇ ਦੁਖ ਸੁਖ ਨੂੰ ਮਹਿਸੂਸ ਨਹੀਂ ਕਰਦਾ। ਮੇਰਾ ਜੀ ਕਰਦਾ ਹੈ ਤੁਸੀਂ ਦਿਲ ਨੂੰ ਗੋਸ਼ਤ ਦਾ ਰਖਣ ਦੀ ਕੋਸ਼ਸ਼ ਕਰੋਗੇ। ਜਦੋਂ ਦਿਲ ਨਰਮ ਹੋ ਜਾਵੇ, ਉਹ ਦੂਜੇ ਦੀ ਪੀੜਾ ਨੂੰ ਮਹਿਸੂਸ ਕਰਦਾ ਹੈ।

27. 1936-37 ਦੀ ਗਲ ਹੈ ਬੀਬੀ ਜੈ ਜੀ ਮਿਸਿਜ਼ ਅਜੀਤ ਸਿੰਘ ਲਾਹੌਰ ਵਾਲੇ ਕੁਝ ਘੰਟਿਆਂ ਲਈ ਭਾਈ ਸਾਹਿਬ ਦੇ ਦਰਸ਼ਨ ਲਈ ਅੰਮ੍ਰਿਤਸਰ ਆਏ। ਮਿਸਿਜ਼ ਚੈਟਰਜੀ ਵੀ ਉਨ੍ਹਾਂ ਦੇ ਨਾਲ ਆਏ। ਇਹ ਨੌਂ ਬਜੇ ਦੇ ਕਰੀਬ ਭਾਈ ਸਾਹਿਬ ਦੇ ਨਿਵਾਸ ਅਸਥਾਨ ਤੇ ਪੁਜ ਗਈਆਂ। ਭਾਈ ਸਾਹਿਬ ਚੀਫ ਖਾਲਸਾ ਦੀਵਾਨ ਦੀ ਮੀਟਿੰਗ ਤੇ ਗਏ ਹੋਏ ਸਨ।ਉਹ 11 ਵਜੇ ਵਾਪਸ ਆਏ। ਭਾਈ ਸਾਹਿਬ ਨੇ ਉਨ੍ਹਾਂ ਨੂੰ ਨਾਮ ਬਾਣੀ ਦਾ ਉਪਦੇਸ਼ ਦਿਤਾ। ਕੁਝ ਦੇਰ ਪਿਛੋਂ ਇਹ ਬੀਬੀਆਂ ਵਾਪਸ ਜਾਣ ਲਈ ਤਿਆਰ ਹੋ ਪਈਆਂ। ਭਾਈ ਸਾਹਿਬ ਨੇ ਕਿਹਾ ਹੁਣ ਪ੍ਰਸ਼ਾਦਿ ਦਾ ਵੇਲਾ ਹੈ ਤੇ ਪ੍ਰਸ਼ਾਦਿ ਛਕ ਕੇ ਜਾਓ। ਜੈ ਜੀ ਨੇ ਕਿਹਾ ਕਿ ਕਾਰ ਸਰਦਾਰ ਜੀ ਨੂੰ ਜਲਦੀ ਚਾਹੀਦੀ ਸੀ, ਇਸ ਲਈ ਹੋਰ ਰੁਕਣਾ ਠੀਕ ਨਹੀਂ। ਆਪ ਨੇ ਕਿਹਾ ਕਿ ਦੇਰੀ ਤਾਂ ਹੋ ਹੀ ਗਈ ਹੈ, ਹੁਣ ਪ੍ਰਸ਼ਾਦਿ ਛਕ ਕੇ ਹੀ ਜਾਓ। ਮਿਸਿਜ਼ ਚੈਟਰਜੀ ਨੇ ਕਿਹਾ, "ਮੈਂ ਜਬ ਤਕ ਠਾਕਰ ਜੀ ਕੋ ਭੋਗ ਨਾ ਲਗਾਊਂ, ਅੰਨ ਗ੍ਰਹਿਣ ਨਹੀਂ ਕਰਤੀ।" ਉਸ ਨੇ ਦੋ ਵਾਰੀ ਇਸ ਤਰ੍ਹਾਂ ਦੇ ਅਖਰ ਕਹੇ। ਜੈ ਜੀ ਨੇ ਉਸ ਨੂੰ ਜ਼ਰਾ ਜ਼ੋਰ ਦੇ ਕੇ ਆਖਿਆ ਕਿ ਮਹਾਂ ਪੁਰਸ਼ ਪਏ ਆਖਦੇ ਹਨ ਨਾਂਹ ਨਹੀਂ ਕਰੀਦੀ। ਭਾਈ ਸਾਹਿਬ ਨੇ ਦੇਖ ਲਿਆ ਅਤੇ ਜੈ ਜੀ ਨੂੰ ਕਿਹਾ ਕਿ ਜਿਸ ਤਰ੍ਹਾਂ ਕਿਸੀ ਦਾ ਨਿਸਚਾ ਹੋਵੇ, ਦਖਲ ਨਹੀਂ ਦੇਈਦਾ। ਮਿਸਿਜ਼ ਚੈਟਰਜੀ ਨੇ ਕਿਹਾ, "ਮੈਂ ਪ੍ਰਸ਼ਾਦਿ ਸਾਥ ਲੇ ਜਾਊਂਗੀ।" ਭਾਈ ਸਾਹਿਬ ਨੇ ਜੈ ਜੀ ਨੂੰ ਕਿਹਾ ਕਿ ਪ੍ਰਸ਼ਾਦਿ ਜਲਦੀ ਤਿਆਰ ਕਰਵਾ ਦੇਂਦੇ ਹਾਂ ਜੋ ਤੁਸੀਂ ਜਲਦੀ ਜਾ ਸਕੋ। ਆਪ ਰਸੋਈ ਵਿਚ ਗਏ। ਅਗੇ ਆਪ ਇਕ ਵਜੇ ਤਕ ਪ੍ਰਸ਼ਾਦਾ ਛਕਦੇ ਸਨ, ਅੱਜ 12 ਵਜੇ ਆ ਗਿਆ। ਜਦੋਂ ਮੇਜ਼ ਪਰ ਬੈਠੇ ਤਾਂ ਮਿਸਿਜ਼ ਚੈਟਰਜੀ ਨੂੰ ਕਿਹਾ ਕਿ ਠਾਕੁਰ ਜੀ ਕੋ ਭੋਗ ਤੋ ਲਗ ਚੁਕਾ ਹੈ, ਆਪ ਭੀ ਪ੍ਰਸ਼ਾਦਾ ਛਕ ਲੇਵੇਂ। ਮਿਸਿਜ਼ ਚੈਟਰਜੀ ਨੇ ਕਿਹਾ ਕਿ ਜਿਸ ਤਰ੍ਹਾਂ ਆਪ ਦਾ ਜੀਅ ਕਰੇ। ਪ੍ਰਸ਼ਾਦਿ ਛਕ ਕੇ ਉਹ ਟੁਰ ਪਈਆਂ। ਘਰ ਪੁਜ ਕੇ ਮਿਸਿਜ਼ ਚੈਟਰਜੀ ਜਲਦੀ ਨਾਲ ਗੁਸਲਖਾਨੇ ਵਿਚ ਗਈ, ਜੋ ਹੱਥ ਮੂੰਹ ਧੋ ਕੇ ਠਾਕੁਰ ਜੀ ਨੂੰ ਭੋਗ ਲਗਾਵੇ। ਉਸ ਦੀ ਲੜਕੀ ਨੇ ਕਿਹਾ, "ਮਮੀ ਠਾਕੁਰ ਜੀ ਕੋ ਭੋਗ ਮੈਂ ਨੇ ਲਗਾ ਦੀਆ ਹੈ। ਡੈਡੀ ਆ ਗਏ ਥੇ ਔਰ ਵੁਹ ਖਾਨਾ ਮਾਂਗ ਰਹੇ ਥੇ। ਜੈਸੇ ਆਪ ਭੋਗ

ਲਗਾਤੀ ਥੀਂ ਵੈਸੇ ਹੀ ਮੈਂ ਨੇ ਭੋਗ ਲਗਾ ਕੇ ਡੈਡੀ ਕੋ ਖਾਨਾ ਦੇ ਦੀਆ ਹੈ।" ਇਹ ਸੁਣ ਕੇ ਮਿਸਿਜ਼ ਚੈਟਰਜੀ ਰੋਣ ਲੱਗ ਪਈ, ਬੜੀ ਰੋਈ। ਘਰ ਵਾਲਾ ਉਸ ਤੋਂ ਪੁਛੇ ਕਿ ਕੀ ਗੱਲ ਹੈ। ਉਸ ਨੇ ਸਾਰੀ ਗੱਲ ਦੱਸੀ। ਜੋ ਬੜੀ ਭੁੱਲ ਹੋਈ ਹੈ। ਪਿਆਰੇ ਗੁਰਮੁਖ ਜੀ ਨੇ ਕਿਹਾ ਸੀ ਜੋ ਠਾਕੁਰ ਜੀ ਨੂੰ ਭੋਗ ਲਗ ਚੁਕਾ ਹੈ, ਪਰ ਮੈਨੂੰ ਯਕੀਨ ਨਾ ਆਇਆ। ਹੁਣ ਜਦ ਤਕ ਜਾ ਕੇ ਮੁਆਫੀ ਨਾ ਮੰਗਾਂਗੀ, ਤਸੱਲੀ ਨਹੀਂ ਹੋਵੇਗੀ। ਉਸ ਤੋਂ ਪਿਛੋਂ ਇਹ ਪਤੀ ਪਤਨੀ ਭਾਈ ਸਾਹਿਬ ਪਾਸ ਆਉਂਦੇ ਰਹੇ ਹਨ।

28. ਇਕ ਵਾਰੀ ਦੀ ਗੱਲ ਹੈ ਕਿ ਕਈ ਲੋਕ ਭਾਈ ਸਾਹਿਬ ਪਾਸ ਆਏ। ਭਾਈ ਸਾਹਿਬ ਜੀ ਨੇ ਕਿਹਾ ਕਿ ਤੁਸੀਂ ਮੈਨੂੰ ਐਵੇਂ ਔਖਿਆਂ ਕਰਦੇ ਹੋ। ਦੂਰੋਂ ਦੂਰੋਂ ਕੰਮ ਛੱਡ ਕੇ ਖੇਚਲ ਕਰ ਕੇ ਆਉਂਦੇ ਹੋ। ਮੈਂ ਤਾਂ ਕੋਈ ਗੱਲ ਵੀ ਲੁਕਾ ਕੇ ਨਹੀਂ ਰੱਖੀ। ਜੋ ਮੈਨੂੰ ਗੁਰੂ ਨਾਨਕ ਦੇਵ ਜੀ ਦੇ ਦਰੋਂ ਮਿਲਿਆ ਹੈ, ਸਭੋ ਕੁਝ ਮੈਂ ਲਿਖ ਦਿਤਾ ਹੈ। ਜੋ ਗੱਲਾਂ ਮੇਰੇ ਤਜਰਬੇ ਵਿਚ ਆਈਆਂ ਹਨ, ਸਭ ਲਿਖ ਦਿਤੀਆਂ ਹਨ। ਪਰ ਤੁਸੀਂ ਪੜ੍ਹਦੇ ਨਹੀਂ, ਖੋਜ ਨਹੀਂ ਕਰਦੇ। ਆਪ ਨੇ ਇਹ ਤੁਕ ਪੜ੍ਹੀ :

*ਫਰੀਦਾ ਜੇ ਮੈਂ ਹੋਂਦਾ ਵਾਰਿਆ ਮਿਤਾ ਆਇੜਿਆਂ॥*
*ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ॥*

ਸ੍ਰ: ਮਨਮੋਹਣ ਸਿੰਘ ਜੀ ਪਾਸ ਬੈਠੇ ਸਨ, ਉਨ੍ਹਾਂ ਨੇ ਕਿਹਾ ਕਿ ਇਸ ਦੇ ਅਰਥ ਸੋਨੂੰ ਸਮਝਾਉ। ਭਾਈ ਸਾਹਿਬ ਨੇ ਕਿਹਾ ਕਿ ਫਰੀਦ ਜੀ ਆਖਦੇ ਹਨ, ਜੇ ਮੈਂ ਆਪਣੇ ਮਿਤਰਾਂ ਪਾਸੋਂ, ਜੋ ਮੇਰੇ ਪਾਸ ਆਉਂਦੇ ਹਨ, ਕੋਈ ਚੀਜ਼ ਪਾਸ ਹੁੰਦੀ ਛੁਪਾ ਰਖੀ ਹੈ, ਤਦੋਂ ਮੇਰਾ ਹੇੜਾ (ਸਰੀਰ) ਇਵੇਂ ਜਲੇ, ਜਿਸ ਤਰ੍ਹਾਂ ਮਜੀਠ ਨੂੰ ਅੰਗਿਆਰਾਂ ਉਪਰ ਪਾਵੋ, ਤਦੋਂ ਧੁਖਦੀ ਹੈ, ਬਲਦੀ ਨਹੀਂ। ਇਹ ਅਖਰ ਕਹਿ ਕੇ ਆਪ ਦੇ ਨੇਤਰ ਵੀ ਭਰ ਆਏ ਅਤੇ ਸੁਣਨ ਵਾਲੇ ਸਾਰੇ ਕੰਬ ਗਏ।

29. ਸਰਗੋਧੇ ਸਿਖ ਐਜੂਕੇਸ਼ਨਲ ਕਾਨਫ੍ਰੰਸ ਸੀ। ਸੰਤ ਸੰਗਤ ਸਿੰਘ ਜੀ ਪ੍ਰਚਾਰ ਲਈ ਹਮੇਸ਼ਾ ਦੀ ਤਰ੍ਹਾਂ ਪਹਿਲਾਂ ਹੀ ਪੁੱਜੇ ਹੋਏ ਸਨ। ਉਨ੍ਹਾਂ ਦਿਨਾਂ ਵਿਚ ਬਾਰਸ਼ਾਂ ਹੋ ਰਹੀਆਂ ਸਨ। ਝੜੀ ਅਜਿਹੀ ਲੱਗੀ ਕਿ ਬੰਦ ਹੋਣ ਨੂੰ ਹੀ ਨਾ ਆਵੇ। ਸਾਰੇ ਪ੍ਰਬੰਧਕ ਘਬਰਾ ਰਹੇ ਸਨ ਕਿ ਦਿਨ ਕੁਝ ਨਹੀਂ ਰਹੇ ਅਤੇ ਪਰਬੰਧ ਕਿਵੇਂ ਹੋਵੇਗਾ। ਵੀਚਾਰ ਹੋਈ ਜੋ ਭਾਈ ਸਾਹਿਬ ਜੀ ਨੂੰ ਤਾਰਾਂ ਭੇਜੀਆਂ ਜਾਣ ਕਿ ਤਾਰੀਖਾਂ ਬਦਲ ਦਿਤੀਆਂ ਜਾਣ। ਪ੍ਰਬੰਧਕ ਸੰਤ

ਸੰਗਤ ਸਿੰਘ ਜੀ ਪਾਸ ਗਏ ਕਿ ਦੱਸੋ ਕਿਵੇਂ ਹੋਸੀ। ਉਨ੍ਹਾਂ ਨੇ ਕਿਹਾ ਕਿ ਇੰਦਰ ਨੂੰ ਇਕ ਦਿਨ ਹੋਰ ਦੇਵੋ। ਦਾਤੇ ਦੇ ਰੰਗ ਕਿ ਦੂਜੇ ਦਿਨ ਬਾਰਸ਼ ਬੰਦ ਹੋ ਗਈ। ਭਾਈ ਸਾਹਿਬ ਜੀ ਵੀ ਉਥੇ ਪੁਜੇ। ਕਿਸੀ ਨੇ ਪੁਛਿਆ ਕਿ ਕੀ ਅਰਦਾਸ ਕਰਨੀ ਚਾਹੀਦੀ ਹੈ ਕਿ ਨਹੀਂ? ਭਾਈ ਸਾਹਿਬ ਨੇ ਕਿਹਾ, "ਮੈਂ ਤਾਂ ਕਰਦਾ ਹਾਂ। ਸਰਗੋਧੇ ਤੋਂ ਕਾਫੀ ਤਾਰਾਂ ਮੇਰੇ ਪਾਸ ਪੁਜੀਆਂ ਕਿ ਬਾਰਸ਼ ਬੰਦ ਨਹੀਂ ਹੋ ਰਹੀ। ਕਾਨਫ੍ਰੰਸ ਦਾ ਪ੍ਰਬੰਧ ਨਹੀਂ ਹੋ ਸਕਦਾ। ਮੈਂ ਕੜਾਹ ਪ੍ਰਸ਼ਾਦਿ ਜੀ ਤਿਆਰ ਕਰ ਕੇ ਗੁਰੂ ਰਾਮ ਦਾਸ ਜੀ ਦੇ ਚਰਨਾਂ ਵਿਚ ਗਿਆ ਅਤੇ ਉਥੇ ਪੁਜ ਕੇ ਅਰਦਾਸ ਕੀਤੀ। ਵਾਹਿਗੁਰੂ ਜੀ ਦੀ ਮਿਹਰ ਹੋਈ ਤੇ ਬਾਰਸ਼ ਬੰਦ ਹੋ ਗਈ"।

30. ਸਰਗੋਧੇ ਦੇ ਦੋ ਸੱਜਣ ਭਾਈ ਸੁਧ ਸਿੰਘ ਨੂੰ ਕਹਿਣ ਲਗੇ ਕਿ ਉਹ ਉਨ੍ਹਾਂ ਨਾਲ ਅੰਮ੍ਰਿਤਸਰ ਚੱਲਣ। ਜਿਨ੍ਹਾਂ ਦੇ ਬਚਨ ਸੁਣਾਂਦੇ ਹੋ ਉਨ੍ਹਾਂ ਦੇ ਦਰਸ਼ਨ ਕਰਾ ਦੇਵੋ। ਭਾਈ ਸੁਧ ਸਿੰਘ ਜੀ ਦੁਬਿਧਾ ਵਿਚ ਸਨ ਕਿ ਕੀ ਕਰਾਂ ਕਿਉਂ ਕਿ ਉਨ੍ਹਾਂ ਨੂੰ ਭਾਈ ਸਾਹਿਬ ਦਾ ਹੁਕਮ ਸੀ ਕਿ ਉਨ੍ਹਾਂ ਦਾ ਕੋਈ ਨਵਾਂ ਵਾਕਫ਼ ਨਾ ਬਣਾਉ। ਭਾਈ ਸੁਧ ਸਿੰਘ ਜੀ ਦਾ ਉਨ੍ਹਾਂ ਨਾਲ ਰੋਜ਼ ਵਾਹ ਪੈਂਦਾ ਸੀ। ਉਨ੍ਹਾਂ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਨਾਲ ਨਹੀਂ ਚੱਲ ਸਕਦਾ, ਪਰ ਤੁਸੀਂ ਅਰਦਾਸਾ ਸੋਧ ਕੇ ਵਾਹਿਗੁਰੂ ਵਾਹਿਗੁਰੂ ਕਰਦੇ ਤੁਰ ਪਵੋ। ਜਦੋਂ ਉਹ ਸੱਜਣ ਅੰਮ੍ਰਿਤਸਰ ਪੁਜੇ ਤਾਂ ਭਾਈ ਸਾਹਿਬ ਛਾਪੇਖਾਨੇ ਵਿਚ ਕੰਮ ਕਰ ਰਹੇ ਸਨ। ਉਨ੍ਹਾਂ ਦਸਿਆ ਕਿ ਭਾਈ ਸੁਧ ਸਿੰਘ ਨੇ ਉਨ੍ਹਾਂ ਨੂੰ ਭੇਜਿਆ ਹੈ। ਭਾਈ ਸਾਹਿਬ ਉਨ੍ਹਾਂ ਨੂੰ ਉਪਰ ਲੈ ਗਏ। ਬਚਨ ਕਰਦੇ ਰਹੇ। ਕੁਝ ਸਮਾਂ ਪਿਛੋਂ ਭਾਈ ਸੁਧ ਸਿੰਘ ਜੀ ਭਾਈ ਸਾਹਿਬ ਨੂੰ ਅੰਮ੍ਰਿਤਸਰ ਮਿਲੇ ਤਾਂ ਉਨ੍ਹਾਂ ਨੇ ਕਿਹਾ ਕਿ ਜੋ ਦੋ ਆਦਮੀ ਤੁਸੀਂ ਭੇਜੇ ਹਨ, ਅਸੀਂ ਉਨ੍ਹਾਂ ਨੂੰ ਉਪਰ ਲੈ ਆਏ ਸੀ। ਇਕ ਤਾਂ ਚੁਬਾਰੇ ਚੜ੍ਹਿਆ ਹੋਇਆ ਸੀ, ਦੂਜਾ ਵਿਚਾਰਾ ਦਲਹੀਜ਼ ਵਿਚ ਹੀ ਖਲੋ ਗਿਆ। ਅਸੀਂ ਬਾਂਹ ਪਕੜ ਕੇ ਅੰਦਰ ਕਰ ਲਿਆ। ਭਾਈ ਸਾਹਿਬ ਨੇ ਭਾਈ ਸੁਧ ਸਿੰਘ ਤੋਂ ਪੁਛਿਆ ਕਿ ਕੀ ਤੁਸੀਂ ਮਤਲਬ ਸਮਝ ਗਏ ਹੋ। ਅਗੋਂ ਭਾਈ ਸੁਧ ਸਿੰਘ ਜੀ ਨੇ ਬੇਨਤੀ ਕੀਤੀ, ਨਹੀਂ ਮਹਾਰਾਜ ਨਹੀਂ ਸਮਝਿਆ। ਭਾਈ ਸਾਹਿਬ ਨੇ ਫਿਰ ਕਿਹਾ ਕਿ ਇਕ ਸੱਜਣ ਸਮਝਦਾ ਸੀ ਕਿ ਉਹ ਕੁਝ ਹੈ, ਉਹ ਕੁਝ ਕਰਦਾ ਹੈ, ਉਹ ਕਿਧਰੇ ਪਹੁੰਚਿਆ ਹੈ, ਉਹ ਤਾਂ ਅੰਦਰ ਝਟ ਆ ਗਿਆ। ਦੂਜਾ ਵਿਚਾਰ। ਸਹਿਮ ਵਿਚ ਦਲਹੀਜ਼ ਵਿਚ ਆ ਕੇ ਖੜਾ ਹੋ ਗਿਆ। ਅਸੀਂ ਪਿਆਰ ਨਾਲ ਪਕੜ ਕੇ ਅੰਦਰ ਕਰ ਲਿਆ। ਦਸੋ ਜੋ ਚੁਬਾਰੇ ਉਪਰ ਹੈ, ਉਸ ਦੇ ਪਾਸ ਤਾਂ ਪਹੁੰਚਣਾ ਮੁਸ਼ਕਲ ਹੈ। ਕੋਈ ਚੁਬਾਰੇ ਪਰ ਜਾ ਚੜ੍ਹੇ, ਤਦੋਂ ਹੀ ਉਸ ਨੂੰ ਮਿਲੇ। ਅਸੀਂ ਹੇਠਾਂ ਹੋਏ। ਜੋ ਹੇਠਾਂ ਸੀ, ਉਹ ਜੀਉ ਪਿਆ ਅਤੇ ਨਾਮ ਜਾਰੀ ਹੋ ਗਿਆ।

31. ਮਲਕ ਇਕਬਾਲ ਸਿੰਘ ਸਪੁਤ੍ਰ ਮਲਕ ਮੋਹਣ ਸਿੰਘ ਰਾਵਲਪਿੰਡੀ ਵਾਲਿਆਂ ਦਾ ਵਿਵਾਹ ਸੀ। ਜੰਞ ਰਾਵਲਪਿੰਡੀ ਤੋਂ ਲਾਹੌਰ ਆਈ। ਭਾਈ ਸੁਧ ਸਿੰਘ ਵਿਆਹ ਪੜ੍ਹਾਉਣ ਲਈ ਵੀ ਉਥੇ ਪੁਜੇ। ਉਨ੍ਹਾਂ ਦਾ ਦਿਲ ਕੀਤਾ ਕਿ ਦੋ-ਤਿੰਨ ਘੰਟਿਆਂ ਲਈ ਭਾਈ ਸਾਹਿਬ ਪਾਸ ਅੰਮ੍ਰਿਤਸਰ ਤੋਂ ਹੋ ਆਈਏ। ਜਦੋਂ ਮਲਕ ਸਾਹਿਬ ਨੂੰ ਪਤਾ ਲੱਗਾ ਤਾਂ ਹੱਥ ਜੋੜ ਕੇ ਉਨ੍ਹਾਂ ਨੇ ਭਾਈ ਸੁਧ ਸਿੰਘ ਨੂੰ ਕਿਹਾ ਕਿ ਭਾਈ ਸਾਹਿਬ ਨੂੰ ਬੇਨਤੀ ਕਰਨਾ ਕਿ ਆਪਣੇ ਬਾਗ ਦੇ ਕੁਝ ਫੁਲ ਦੇਣ, ਕਿਉਂ ਜੋ ਵਿਆਹ ਦੇ ਸਮੇਂ ਜੋੜੀ ਨੂੰ ਸੇਹਰੇ ਪਾਉਣੇ ਹਨ। ਜਦੋਂ ਭਾਈ ਸੁਧ ਸਿੰਘ ਅੰਮ੍ਰਿਤਸਰ ਭਾਈ ਸਾਹਿਬ ਪਾਸ ਪੁਜੇ ਤਾਂ ਉਹ ਅਗੇ ਫੁਲ ਤੋੜ ਰਹੇ ਸਨ। ਭਾਈ ਸਾਹਿਬ ਨੇ ਭਾਈ ਸੁਧ ਸਿੰਘ ਨੂੰ ਕਿਹਾ ਕਿ ਤੁਸੀਂ ਵਿਆਹ ਤੇ ਲਾਹੌਰ ਆਏ ਹੋ। ਅਗੋਂ ਉਨ੍ਹਾਂ ਕਿਹਾ ਹਾਂ ਜੀ ਲਾਹੌਰ ਆਏ ਹਾਂ। ਅਗੋਂ ਭਾਈ ਸਾਹਿਬ ਨੇ ਕਿਹਾ ਕਿ ਇਹ ਫੁਲ ਨਾਲ ਲੈ ਜਾਣੇ ਅਤੇ ਰਾਜ ਦੀ ਝੋਲੀ ਵਿਚ ਪਾ ਦੇਣੇ। ਉਹ ਆਪ ਸੇਹਰੇ ਪ੍ਰੋ ਕੇ ਜੋੜੀ ਨੂੰ ਪਾ ਦੇਸਣ। ਭਾਈ ਸੁਧ ਸਿੰਘ ਜੀ ਹੈਰਾਨ ਹੋਏ ਅਤੇ ਮੋਹਨ ਸਿੰਘ ਦੀ ਬੇਨਤੀ ਦੱਸੀ।

32. ਭਾਈ ਪ੍ਰਧਾਨ ਸਿੰਘ ਜੀ ਰਾਗੀ ਭਾਈ ਸਾਹਿਬ ਪਾਸ ਗਏ ਹੋਏ ਸਨ। ਸਵੇਰ ਦਾ ਵੇਲਾ ਸੀ। ਭਾਈ ਸਾਹਿਬ ਸਵੇਰ ਦੀ ਸੈਰ ਦੇ ਚੱਕਰ ਲਗਾ ਰਹੇ ਸ਼ਨ। ਬਾਹਰ ਉਥੇ ਹੀ ਬੈਂਚ ਤੇ ਅਖਬਾਰ ਪਈ ਹੋਈ ਸੀ। ਭਾਈ ਪ੍ਰਧਾਨ ਸਿੰਘ ਨੇ ਅਖਬਾਰ ਚੁਕ ਕੇ ਪੜ੍ਹਨੀ ਸ਼ੁਰੂ ਕਰ ਦਿਤੀ। ਭਾਈ ਸਾਹਿਬ ਉਨ੍ਹਾਂ ਪਾਸੋਂ ਲੰਘੇ ਅਤੇ ਅਖਬਾਰ ਉਨ੍ਹਾਂ ਦੇ ਹੱਥ ਵਿਚੋਂ ਲੈ ਲਈ। ਇਕ ਅੱਧ ਸੁਰਖੀ ਦੇਖੀ ਅਤੇ ਅਖਬਾਰ ਬੈਂਚ ਪਰ ਰੱਖਕੇ ਚੱਕਰ ਲਗਾਣ ਲਗ ਪਏ। ਭਾਈ ਪ੍ਰਧਾਨ ਸਿੰਘ ਨੇ ਫਿਰ ਅਖਬਾਰ ਚੁਕ ਕੇ ਪੜ੍ਹਨੀ ਸ਼ੁਰੂ ਕਰ ਦਿਤੀ। ਭਾਈ ਸਾਹਿਬ ਨੇ ਫਿਰ ਅਖਬਾਰ ਲੈ ਕੇ ਬੈਂਚ ਉਤੇ ਰਖ ਦਿਤੀ ਅਤੇ ਸੈਰ ਦੇ ਚੱਕਰ ਲਗਾਉਣ ਲਗ ਪਏ। ਤੀਜੀ ਵਾਰ ਫਿਰ ਇੰਜ ਹੀ ਹੋਇਆ। ਭਾਈ ਸਾਹਿਬ ਨੇ ਭਾਈ ਪ੍ਰਧਾਨ ਸਿੰਘ ਨੂੰ ਕਿਹਾ ਕਿ ਅੰਦਰ ਇਕ ਸਰੋਵਰ ਹੈ, ਜੋ ਉਸ ਵਿਚ ਇਕ ਬੂੰਦ ਬੂੰਦ ਵੀ ਪਾਂਦੇ ਰਹੀਏ, ਤਦੋਂ ਸਮਾਂ ਪਾ ਕੇ ਉਸ ਸਰੋਵਰ ਵਿਚ ਬਹੁਤ ਸਾਰਾ ਪਾਣੀ ਜਮਾ ਹੋ ਜਾਵੇਗਾ। ਅਸੀਂ ਸਮਝਦੇ ਨਹੀਂ, ਦਮ ਬਿਰਥੇ ਗੀਵਾ ਰਹੇ ਹਾਂ। ਦਮਾਂ ਨੂੰ ਸੰਭਾਲਣਾ ਚਾਹੀਦਾ ਹੈ।

33. ਭਾਈ ਸਾਹਿਬ ਇਕ ਵਾਰੀ ਦਿੱਲੀ ਆਏ। ਇੱਕ ਫੌਜੀ ਅਫਸਰ, ਮੇਜਰ ਪ੍ਰੇਮ ਸਿੰਘ ਨਾਲ, ਭਾਈ ਸਾਹਿਬ ਨੂੰ ਮਿਲਣ ਆਏ। ਉਹ ਫੌਜੀ ਅਫਸਰ ਭਾਈ ਸਾਹਿਬ ਨਾਲ ਕੋਈ ਗੱਲ ਕਰਨੀ ਚਾਹੁੰਦੇ ਸਨ। ਮੇਜਰ ਪ੍ਰੇਮ ਸਿੰਘ ਨੇ ਭਾਈ ਸਾਹਿਬ ਦੀ ਫੌਜੀ ਅਫਸਰ ਨਾਲ ਜਾਣ-ਪਛਾਣ ਕਰਾਈ। ਭਾਈ ਸਾਹਿਬ

ਨੇ ਕਿਹਾ, ਸਿੰਘ ਸਾਹਿਬ ਜੀ ਅੰਗ੍ਰੇਜ਼ ਚਲੇ ਗਏ, ਅਤੇ ਉਹ ਆਪਣੀਆਂ ਭੈੜੀਆਂ ਗੱਲਾਂ ਛੋੜ ਗਏ। ਅਸਾਂ ਨੇ ਉਨ੍ਹਾਂ ਦੇ ਗੁਣ ਨਹੀਂ ਲਏ, ਭੈੜੀਆਂ ਗੱਲਾਂ ਲੈ ਲਈਆਂ ਹਨ। ਇਹ ਜੋ ਦੂਜੀਆਂ ਔਰਤਾਂ ਨਾਲ ਨਾਚ ਕਰਨਾ ਹੈ, ਇਹ ਤਾਂ 'ਕਾਮ' ਨੂੰ ਸੱਦਾ ਦੇਣਾ ਹੈ। ਦੱਸੋ ਇਹ ਕੋਈ ਚੰਗੀ ਗੱਲ ਹੈ। ਫੌਜੀ ਅਫਸਰ ਇਹ ਸੁਣ ਕੇ ਹੈਰਾਨ ਹੋ ਗਿਆ। ਉਹ ਏਹੀ ਗੱਲ ਪੁਛਣੀ ਚਾਹੁੰਦਾ ਸੀ, ਪਰ ਝਕਦਾ ਸੀ ਕਿ ਇਹ ਗੰਦੀ ਗੱਲ ਕਿਵੇਂ ਕਰਾਂ। ਆਪ ਨੇ ਕਿਰਪਾ ਕਰ ਕੇ ਉਸ ਦੀ ਅੰਦਰਲੀ ਪੁੱਛ ਦਾ ਉੱਤਰ ਦੇ ਦਿਤਾ। ਫੌਜੀ ਅਫਸਰ ਨੇ ਵਾਪਸੀ ਤੇ ਪ੍ਰੇਮ ਸਿੰਘ ਨੂੰ ਦੱਸਿਆ ਕਿ ਮੈਂ ਇਹ ਪੁਛ ਲੈ ਕੇ ਆਇਆ ਸੀ, ਜਿਸ ਦਾ ਜਵਾਬ ਮਿਲ ਗਿਆ ਹੈ।

34. ਮਲਕਾਣੀ ਭਾਗਾਂ ਜੀ ਮੇਰਠ ਤੋਂ ਦਿੱਲੀ ਆਏ ਹੋਏ ਸਨ। ਉਨ੍ਹਾਂ ਨੇ ਵਾਪਸ ਮੇਰਠ ਜਾਣਾ ਸੀ, ਇਸ ਲਈ ਉਨ੍ਹਾਂ ਦੇ ਜਾਣ ਦੀ ਚਿਠੀ ਮੇਰਠ ਲਿਖ ਦਿਤੀ ਗਈ। ਭਾਈ ਸਾਹਿਬ ਦਿੱਲੀ ਪੁਜੇ। ਜਦੋਂ ਇਨ੍ਹਾਂ ਨੂੰ ਪਤਾ ਲੱਗਾ ਤਾਂ ਉਹ ਦਰਸ਼ਨਾਂ ਲਈ ਭਾਈ ਸਾਹਿਬ ਪਾਸ ਗਈ। ਦਰਸ਼ਨ ਕੀਤੇ ਅਤੇ ਨਿਹਾਲ ਹੋਈ। ਉਨ੍ਹਾਂ ਨੇ ਸਵੇਰੇ ਮੇਰਠ ਚਲੇ ਜਾਣਾ ਸੀ। ਉਸ ਨੇ ਦਿਲ ਵਿਚ ਸੋਚਿਆ ਕਿ ਘਰ ਜਾ ਕੇ ਕਹ੍ਹਾਂਗੀ ਕਿ ਅਜੇ ਤਿੰਨ, ਚਾਰ ਦਿਨ ਮੇਰਠ ਨਹੀਂ ਜਾਂਦੀ। ਪਰ ਪੁਤਰ ਨਾ ਮੰਨਿਆ। ਉਨ੍ਹਾਂ ਕਿਹਾ ਕਿ ਤੁਸੀਂ ਦਰਸ਼ਨ ਕਰ ਲਏ ਹਨ, ਇਸ ਲਈ ਤੁਸੀਂ ਮੇਰਠ ਚਲੇ ਜਾਓ; ਕਿਉਂ ਜੋ ਮੇਰਠ ਚਿਠੀ ਲਿਖ ਦਿਤੀ ਹੋਈ ਹੈ। ਇਹ ਰੋਂਦੇ ਰੋਂਦੇ ਮੇਰਠ ਚਲੇ ਗਏ। ਇਨ੍ਹਾਂ ਨੇ ਅੰਦਰ ਹੀ ਅੰਦਰ ਆਖਿਆ "ਜੇ ਮੈਨੂੰ ਪਤਾ ਹੁੰਦਾ ਕਿ ਮੈਂ ਨਹੀਂ ਰਹਿ ਸਕਣਾ, ਤਾਂ ਭਾਈ ਸਾਹਿਬ ਨੂੰ ਦੱਸ ਕੇ ਆਉਂਦੀ ਅਤੇ ਅਸੀਸ ਲੈਂਦੀ। ਮੇਰੇ ਅਭਾਗ ਜੋ ਮੈਂ ਰੱਜ ਕੇ ਦਰਸ਼ਨ ਵੀ ਨਹੀਂ ਕੀਤੇ।" ਖਿਆਲ ਆਵੇ ਜੋ ਭਾਈ ਸਾਹਿਬ ਨੂੰ ਚਿਠੀ ਲਿਖੇ। ਫਿਰ ਇਹ ਸੋਚ ਕੇ ਕਿ ਇਹ ਬੇਅਦਬੀ ਹੈ ਤਾਂ ਰੁਕ ਜਾਂਦੇ। ਇਸ ਤਰ੍ਹਾਂ ਇਸੀ ਕਸ਼ਮਕਸ਼ ਵਿਚ ਦੋ ਦਿਨ ਗੁਜ਼ਰ ਗਏ। ਤੀਜੇ ਦਿਨ ਬੜੀ ਪ੍ਰਬਲ ਖਿੱਚ ਪਈ। ਚਿਠੀ ਲਿਖਣੀ ਸ਼ੁਰੂ ਕੀਤੀ। ਦੋ ਲਾਈਨਾਂ ਹੀ ਲਿਖੀਆਂ ਸਨ। ਪਿਛੋਂ ਕਿਸੇ ਨੇ ਆ ਕੇ ਕਿਹਾ, "ਬੇ ਜੀ ਸਤਿ ਸ੍ਰੀ ਅਕਾਲ।" ਕੀਹ ਦੇਖਣ ਜੋ ਮਹਾਂ ਪੁਰਸ਼ ਗੁਰੂ ਦੇ ਪਿਆਰੇ ਆ ਪੁਜੇ ਹਨ। ਉਨ੍ਹਾਂ ਦੀਆਂ ਭੁਬਾਂ ਨਿਕਲ ਗਈਆਂ ਅਤੇ ਰੋਂਦਿਆਂ ਕਿਹਾ ਕਿ ਹੱਥ ਵਿਚ ਪੈਡ ਸੀ, ਮੈਂ ਹੁਣੇ ਹੀ ਆਪ ਵਲ ਚਿਠੀ ਲਿਖਣੀ ਸ਼ੁਰੂ ਕੀਤੀ ਸੀ। ਭਾਈ ਸਾਹਿਬ ਨੇ ਹੱਸ ਕੇ ਕਿਹਾ, "ਬੇ ਜੀ, ਆਪ ਦੀਆਂ ਲਿਖੀਆਂ ਜਾਂ ਅਣਲਿਖੀਆਂ ਚਿਠੀਆਂ ਸਾਨੂੰ ਦਿੱਲੀ ਪਹੁੰਚਦੀਆਂ ਰਹੀਆਂ ਹਨ। ਭਾਈ ਸਾਹਿਬ ਉਥੇ ਇਕ ਘੰਟਾ ਠਹਿਰ ਕੇ ਚਲੇ ਗਏ।

35. ਭਾਈ ਸਾਹਿਬ ਪੰਜਾਬ ਅਸੈਂਬਲੀ ਦੇ ਮੈਂਬਰ ਚੁਣੇ ਗਏ। ਜਦੋਂ ਪਹਿਲਾ ਸੈਸ਼ਨ ਅਟੈਂਡ ਕਰ ਕੇ ਆਏ ਤਾਂ ਆਪ ਨੇ ਫੁਰਮਾਇਆ, "ਮੈਨੂੰ ਹੁਣ ਪਤਾ ਲੱਗਾ ਹੈ ਕਿ ਗੁਰੂ ਦਾਤਾ ਨੇ ਮੈਨੂੰ ਮੈਂਬਰ ਕਿਉਂ ਬਣਾਇਆ ਹੈ।" "ਹਰਿ ਸਿਮਰਨੁ ਕੀ ਸਗਲੀ ਬੇਲਾ, ਹਰਿ ਸਿਮਰਨੁ ਬਹੁ ਮਾਹਿ ਇਕੇਲਾ"। ਇਸ ਸ਼ਬਦ ਦਾ ਅਮਲੀ ਅਰਥ ਸਮਝਾਣ ਲਈ। ਹੁਣ ਮੈਨੂੰ ਤਜਰਬਾ ਹੋਇਆ ਹੈ। ਗੁਰੂ ਦਾ ਸਿਖ ਗੁਰੂ ਦੀ ਰਹਿਮਤ ਨਾਲ ਬਹੁ ਮਾਂਹਿ ਅਕੇਲਾ ਕਿਵੇਂ ਰਹਿ ਸਕਦਾ ਹੈ। ਕਿਸੀ ਚਾਉ ਅਤੇ ਖੁਸ਼ੀ ਵਿਚ ਸਨ।

ਭਾਈ ਧੰਨਾ ਸਿੰਘ ਜੀ ਫਰੂਕੇ ਦੇ ਰਹਿਣ ਵਾਲੇ ਸਨ। ਭਾਈ ਹੀਰਾ ਸਿੰਘ ਜੀ ਰਾਗੀ ਦਾ ਇਨ੍ਹਾਂ ਦੇ ਘਰ ਆਉਣ ਜਾਣ ਸੀ। ਭਾਈ ਹੀਰਾ ਸਿੰਘ ਜੀ ਭਾਈ ਸਾਹਿਬ ਬਾਰੇ ਉਨ੍ਹਾਂ ਦੇ ਘਰ ਜ਼ਿਕਰ ਕਰਦੇ ਅਤੇ ਲੋਕਾਂ ਦੇ ਮਨਾਂ ਨੂੰ ਉਚਾ ਚੁਕਣ ਦੀਆਂ ਗੱਲਾਂ ਦਸਦੇ। ਭਾਈ ਧੰਨਾ ਸਿੰਘ ਦੇ ਘਰ ਵਾਲੀ ਨੂੰ ਭਾਈ ਸਾਹਿਬ ਜੀ ਤੇ ਸ਼ਰਧਾ ਹੋ ਗਈ। ਉਹ ਅੰਮ੍ਰਿਤਸਰ ਉਨ੍ਹਾਂ ਦੇ ਦਰਸ਼ਨਾਂ ਲਈ ਆਈ। ਇਸ ਨੇ ਪੰਜ ਪੌਂਡ ਭਾਈ ਸਾਹਿਬ ਨੂੰ ਭੇਟਾ ਕੀਤੇ। ਇਹ ਜਾਣਦੀ ਨਹੀਂ ਸੀ ਕਿ ਭਾਈ ਸਾਹਿਬ ਪੈਸੇ ਨਹੀਂ ਲੈਂਦੇ। ਭਾਈ ਸਾਹਿਬ ਨੇ ਕਿਹਾ "ਬੀਬੀ ਅਸੀਂ ਕਿਸੀ ਪਾਸੋਂ ਕੁਝ ਨਹੀਂ ਲੈਂਦੇ"। ਬੀਬੀ ਨੇ ਕਿਹਾ, "ਮੈਂ ਸ਼ਰਧਾ ਕਰ ਕੇ ਲਿਆਈ ਹਾਂ"। ਭਾਈ ਸਾਹਿਬ ਨੇ ਕਿਹਾ, "ਇਹ ਚੁਕ ਲਵੋ ਅਸੀਂ ਕਦੀ ਵੀ ਕਿਸੀ ਪਾਸੋਂ ਕੁਝ ਨਹੀਂ ਲੈਂਦੇ।" ਉਥੇ ਹੋਰ ਸੰਗਤਾਂ ਆ ਗਈਆਂ। ਆਪ ਬਚਨ ਕਰਨ ਲਗ ਪਏ। ਉਹ ਬੀਬੀ ਚੁਪ ਕਰ ਕੇ ਚਲੀ ਗਈ। ਜਦੋਂ ਆਪ ਵਿਹਲੇ ਹੋਏ ਤਾਂ ਦੇਖਿਆ ਕਿ ਪੰਜ ਪੌਂਡ ਉਥੇ ਹੀ ਪਏ ਹੋਏ ਹਨ। ਭਾਈ ਸਾਹਿਬ ਨੂੰ ਪਤਾ ਨਹੀਂ ਸੀ, ਉਹ ਬੀਬੀ ਕਿਥੇ ਠਹਿਰੀ ਹੋਈ ਹੈ, ਜੋ ਪੈਸੇ ਵਾਪਸ ਭੇਜ ਦਿਤੇ ਜਾਣ। ਆਪ ਪੰਜ ਪੌਂਡ ਵੇਚ ਕੇ ਰਕਮ ਪੰਜਾਬ ਸਿੰਧ ਬੈਂਕ ਵਿਚ ਧੰਨਾ ਸਿੰਘ ਦੀ ਘਰ ਵਾਲੀ ਦੇ ਨਾਮ ਆਪਣੀ ਰਾਹੀਂ ਸੇਵਿੰਗ ਬੈਂਕ ਅਕਾਊਂਟ ਵਿਚ ਜਮਾਂ ਕਰਵਾ ਦਿਤੀ। ਇਹ ਗੱਲ ਬਹੁਤ ਪੁਰਾਣੀ ਹੈ। ਜਦੋਂ ਆਪ ਹਾਲ ਬਾਜ਼ਾਰ ਵਿਚ ਰਹਿੰਦੇ ਸਨ। ਸੂਦ ਪੈ ਕੇ ਰਕਮ ਵਧਦੀ ਗਈ। ਦੇਸ਼ ਦੀ ਵੰਡ ਹੋ ਗਈ। ਧੰਨਾ ਸਿੰਘ ਪ੍ਰਵਾਰ ਕਿਥੇ ਗਿਆ, ਪਤਾ ਨਹੀਂ ਸੀ। ਸੇਵਿੰਗ ਬੈਂਕ ਅਕਾਊਂਟ ਵਿਚ ਕੋਈ ਮਿਆਦ ਹੁੰਦੀ ਹੈ, ਜੇ ਕਰ ਕੁਝ ਅਰਸਾ ਕੋਈ ਖਾਤਾ ਚਾਲੂ ਨਾ ਰਖੇ, ਤਦੋਂ ਨੋਟਸ ਦੇਂਦੇ ਹਨ। ਬੈਂਕ ਵਾਲਿਆਂ ਨੇ ਭਾਈ ਸਾਹਿਬ ਤੋਂ ਪਤਾ ਪੁਛਿਆ। ਕੁਝ ਚਿਰ ਕੋਸ਼ਸ਼ ਕਰਨ ਤੋਂ ਪਿਛੋਂ ਪਤਾ ਲਗ ਗਿਆ, ਜੋ ਇਹ ਪ੍ਰਵਾਰ ਗੰਗਾ ਨਗਰ ਰਾਜਿਸਥਾਨ ਵਿਚ ਬੈਠਾ ਹੈ। ਇਹ ਰਕਮ 3000 ਦੇ ਕਰੀਬ ਹੋ

ਗਈ। ਧੰਨਾ ਸਿੰਘ ਅਤੇ ਉਸ ਦੀ ਪਤਨੀ ਬਿਰਧ ਹੋ ਗਏ ਸਨ। ਦੇਸ਼ ਦੀ ਵੰਡ ਨਾਲ ਉਨ੍ਹਾਂ ਦੀ ਮਾਇਕ ਅਵਸਥਾ ਵੀ ਕਮਜ਼ੋਰ ਹੋ ਗਈ ਸੀ। ਜਦੋਂ ਬੈਂਕ ਵਲੋਂ ਚਿਠੀ ਗੰਗਾ ਨਗਰ ਗਈ, ਤੇ ਚਿਠੀ ਧੰਨਾ ਸਿੰਘ ਨੂੰ ਮਿਲੀ ਤਾਂ ਉਸ ਨੂੰ ਚਿਠੀ ਦੇਖ ਕੇ ਗੁਸਾ ਚੜ੍ਹ ਗਿਆ। ਉਸ ਨੇ ਗੁਸੇ ਵਿਚ ਆਪਣੀ ਪਤਨੀ ਨੂੰ ਕਿਹਾ, "ਮੇਰੇ ਤੋਂ ਚੋਰੀ ਬੈਂਕ ਵਿਚ ਰੁਪਏ ਜਮ੍ਹਾ ਕਰਵਾਏ ਹੋਏ ਹਨ।" ਪਤਨੀ ਇਨਕਾਰ ਕਰੇ। ਧੰਨਾ ਸਿੰਘ ਉਸ ਨੂੰ ਚਿਠੀ ਦਿਖਾਵੇ ਕਿ ਬੈਂਕ ਕਦੀ ਐਵੇਂ ਪੈਸੇ ਵੰਡਦੇ ਹਨ। ਪਤਨੀ ਨੇ ਕਿਹਾ, ਮੈਂ ਬੈਂਕ ਵੀ ਨਹੀਂ ਗਈ। ਦੋਵੇਂ ਅੰਮ੍ਰਿਤਸਰ ਆਏ। ਚਿਠੀ ਲੈ ਕੇ ਬੈਂਕ ਗਏ। ਉਥੋਂ ਪਤਾ ਲਗਾ ਕਿ ਇਹ ਹਿਸਾਬ ਭਾਈ ਸਾਹਿਬ ਦੀ ਰਾਹੀਂ ਖੁਲ੍ਹਾ ਹੈ। ਭਾਈ ਸਾਹਿਬ ਜੀ ਪਾਸ ਗਏ ਅਤੇ ਜਾ ਕੇ ਦਰਸ਼ਨ ਕੀਤੇ। ਸਾਰੀ ਗੱਲ ਦੱਸੀ। ਭਾਈ ਸਾਹਿਬ ਨੂੰ ਯਾਦ ਆ ਗਈ। ਆਪ ਨੇ ਪੰਜ ਪੌਂਡ ਵਾਲੀ ਗੱਲ ਭਾਈ ਧੰਨਾ ਸਿੰਘ ਨੂੰ ਦੱਸੀ। ਪਤੀ ਪਤਨੀ ਦੋਵੇਂ ਹੈਰਾਨ ਹੋ ਗਏ। ਘਰ ਵਾਲੀ ਆਖੇ, ਮੈਂ ਤਾਂ ਇਹ ਮਥਾ ਟੇਕਿਆ ਸੀ। ਇਹ ਸਾਰੀ ਚੀਜ਼ ਕਿਸ ਤਰ੍ਹਾਂ ਹੋਈ। ਧੰਨਾ ਸਿੰਘ 3000 ਦੀ ਰਕਮ ਦੇਖ ਕੇ ਲਲਚਾਵੇ। ਉਹ ਤੰਗ ਵੀ ਸੀ। ਭਾਈ ਸਾਹਿਬ ਨੇ ਕਿਹਾ ਕਿ ਇਹ ਆਪ ਦੀ ਚੀਜ਼ ਹੈ, ਤੁਸੀਂ ਵਰਤੋਂ। ਬੈਂਕ ਵਿਚੋਂ ਰਕਮ ਤਦੋਂ ਮਿਲ ਸਕਦੀ ਸੀ ਜਦੋਂ ਆਪ ਸਹੀ ਪਾਣ। ਆਪ ਨੇ ਜੋ ਲਿਖਣਾ ਸੀ, ਲਿਖ ਦਿਤਾ। ਉਹ ਬੈਂਕ ਵਿਚੋਂ ਰੁਪਏ ਲੈ ਕੇ ਖੁਸ਼ੀ ਖੁਸ਼ੀ ਘਰ ਗਏ। ਦੰਪਤੀ ਦੇ ਅੰਦਰ ਅਜੀਬ ਕਿਸਮ ਦੀ ਸ਼ਰਧਾ ਸੀ। ਇਹ ਅਸਮਾਨੀ ਸਹਾਇਤਾ ਦੇਖ ਕੇ ਅਚੰਭਾ ਹੁੰਦੇ ਸਨ ਅਤੇ ਸ਼ੁਕਰ ਸ਼ੁਕਰ ਕਰਦੇ ਸਨ।

37. ਭਾਈ ਸੁਧ ਸਿੰਘ ਜੀ ਰਾਗੀ ਭਾਈ ਸਾਹਿਬ ਪਾਸ ਆਏ। ਉਨ੍ਹਾਂ ਬੇਨਤੀ ਕੀਤੀ ਕਿ ਕਿਸੀ ਸਮੇਂ ਖਰਚੇ ਤੋਂ ਬਚਾ ਬਚਾ ਕੇ ਰਖੀ ਇਹ ਰਕਮ 1100 ਰੁਪਏ ਹੋ ਗਈ ਹੈ। ਇਸ ਨੂੰ ਕਿਸੀ ਸ਼ੁਭ ਕੰਮ ਤੇ ਖਰਚ ਕਰ ਦੇਵੋ। ਭਾਈ ਸਾਹਿਬ ਨੇ ਸਮਝਾਇਆ, ਤੁਸੀਂ ਇਸ ਨੂੰ ਪਾਸ ਰਖੋ। ਪਰ ਭਾਈ ਸੁਧ ਸਿੰਘ ਜੀ ਨਾ ਮੰਨੇ। ਇਹ ਰਕਮ ਛਡ ਕੇ ਚਲੇ ਗਏ। ਭਾਈ ਸਾਹਿਬ ਨੇ ਇਹ ਰਕਮ ਪੰਜਾਬ ਸਿੰਧ ਬੈਂਕ ਵਿਚ ਭਾਈ ਸੁਧ ਸਿੰਘ ਦੇ ਨਾਮ ਆਪਣੀ ਰਾਹੀਂ ਸੇਵਿੰਗ ਬੈਂਕ ਹਿਸਾਬ ਵਿਚ ਜਮਾਂ ਕਰਵਾ ਦਿਤੀ। ਇਹ ਗੱਲ ਵੀ ਪੁਰਾਣੀ ਹੈ। ਭਾਈ ਸੁਧ ਸਿੰਘ ਨੂੰ ਚੇਤਾ ਵੀ ਨਹੀਂ ਸੀ। ਬੈਂਕ ਵਲੋਂ ਭਾਈ ਸੁਧ ਸਿੰਘ ਜੀ ਨੂੰ ਚਿਠੀ ਗਈ ਕਿ ਇਹ ਰਕਮ 3200 ਰੁਪਏ ਦੇ ਕਰੀਬ ਹੈ।

38. ਭਾਈ ਸੁਧ ਸਿੰਘ ਜੀ ਭਾਈ ਸਾਹਿਬ ਪਾਸ ਗਏ ਅਤੇ ਚਿਠੀ ਦੱਸੀ। ਬਿਨੈ ਕੀਤੀ, "ਮੈਂ ਇਹ ਰਕਮ ਕਿਸੇ ਸ਼ੁਭ ਕੰਮ ਤੇ ਖਰਚ ਕਰਨ ਲਈ ਦਿਤੀ ਸੀ।

 www.sikhbookclub.com

ਮੈਨੂੰ ਪਤਾ ਨਹੀਂ ਆਪ ਨੇ ਜਮਾ ਕਰਵਾ ਦਿਤੇ ਸਨ। ਮੈਂ ਤੇ ਭੇਟਾ ਕਰ ਕੇ ਸ਼ੁਕਰ ਵੀ ਕਰਦਾ ਰਿਹਾ ਹਾਂ। ਇਹ ਮੇਰੀ ਚੀਜ਼ ਨਹੀਂ, ਮੈਂ ਨਹੀਂ ਲੈਣੀ। ਜਿਸ ਭਾਵਨਾ ਨਾਲ ਪੇਸ਼ ਕੀਤੀ ਹੈ, ਉਸੀ ਤਰ੍ਹਾਂ ਕਿਧਰੇ ਖਰਚ ਕਰੋ।" ਭਾਈ ਸਾਹਿਬ ਦੇ ਸਮਝਾਉਣ ਉਤੇ ਵੀ ਉਹ ਨਾ ਮੰਨੇ। ਫਿਰ ਭਾਈ ਸਾਹਿਬ ਨੇ ਕਿਹਾ ਕਿ ਬੈਂਕ ਨੂੰ ਲਿਖੋ, ਮੈਂ ਇਹ ਰਕਮ "ਖਾਲਸਾ ਸਮਾਚਾਰ" ਨੂੰ ਦੇਣਾ ਚਾਹੁੰਦਾ ਹਾਂ। ਭਾਈ ਸੁਧ ਸਿੰਘ ਨੇ ਬੈਂਕ ਨੂੰ ਚਿਠੀ ਲਿਖ ਦਿਤੀ ਅਤੇ ਹਿਸਾਬ ਸਾਫ ਹੋ ਗਿਆ।

ਮਹਾਰਾਜਾ ਰਿਪੁਦਮਨ ਸਿੰਘ ਜਦੋਂ ਅਜੇ ਟਿੱਕਾ ਸਨ ਤਾਂ ਉਸ ਨੇ 'ਰਾਣਾ ਸੂਰਤ ਸਿੰਘ' ਪੜ੍ਹਿਆ। ਮਹਾਰਾਜਾ ਨੇ ਭਾਈ ਸਾਹਿਬ ਨੂੰ ਕਿਹਾ ਕਿ ਪੰਜ ਲਖ ਰੁਪਏ ਲੈ ਲਵੋ ਅਤੇ ਰਾਣਾ ਸੂਰਤ ਸਿੰਘ ਦੇ ਕਾਪੀ ਰਾਈਟ ਉਨ੍ਹਾਂ ਨੂੰ ਦੇ ਦੇਵੋ। ਆਪ ਨੇ ਸਾਫ ਇਨਕਾਰ ਕਰ ਦਿਤਾ। ਮਹਾਰਾਜਾ ਨੇ ਕਿਹਾ ਕਿ ਆਪ ਨੂੰ ਹੋਰ ਕੋਈ ਅਜਿਹਾ ਨਹੀਂ ਮਿਲੇਗਾ ਜੋ ਆਪ ਨੂੰ ਇਸ ਕਿਤਾਬ ਦੇ ਪੰਜ ਲਖ ਰੁਪਏ ਪੇਸ਼ ਕਰੇ। ਭਾਈ ਸਾਹਿਬ ਨੇ ਉਤਰ ਵਿਚ ਆਖਿਆ ਕਿ ਤੁਹਾਨੂੰ ਵੀ ਕੋਈ ਐਸਾ ਆਦਮੀ ਨਹੀਂ ਮਿਲੇਗਾ, ਜੋ ਪੰਜ ਲਖ ਰੁਪਏ ਨੂੰ ਲੱਤ ਮਾਰ ਦੇਵੇ।

39. ਛਾਪੇ ਖਾਨੇ ਵਾਲੇ ਮਕਾਨ ਦੀ ਗੱਲ ਹੈ। ਮਲਕ ਤੇਜਾ ਸਿੰਘ ਭਾਈ ਸਾਹਿਬ ਪਾਸ ਆਏ ਹੋਏ ਸਨ। ਉਨ੍ਹਾਂ ਨੇ ਰਾਤੀਂ ਗੱਡੀ ਤੇ ਜਾਣਾ ਸੀ। ਭਾਈ ਸਾਹਿਬ ਐਸੇ ਵਜਦ ਵਿਚ ਆਏ ਕਿ ਰਹਿਮਤ ਦਾ ਹੜ੍ਹ ਆ ਗਿਆ। ਮਲਕ ਜੀ ਚਰਨਾਂ ਵਿਚ ਬੈਠੇ ਰੋ ਰਹੇ ਸਨ। ਇਕ ਘੰਟਾ ਗੁਜ਼ਰ ਗਿਆ। ਭਾਈ ਸਾਹਿਬ ਨੇ ਕਿਹਾ, ਮਲਕ ਜੀ ਗੱਡੀ ਤਾਂ ਚਲੀ ਗਈ ਹੋਸੀ। ਸਵੇਰੇ ਆਪ ਦੀ ਹਾਜ਼ਰੀ ਹੈ। ਮਲਕ ਜੀ ਨੇ ਕਿਹਾ ਕਿ ਜਾਂਦਾ ਹਾਂ, ਸ਼ਾਇਦ ਪਹੁੰਚ ਜਾਵਾਂ। ਸਟੇਸ਼ਨ ਤੇ ਛੋੜਣ ਲਈ ਨਾਲ ਭਾਈ ਇੰਦਰ ਸਿੰਘ ਨੂੰ ਭੇਜਿਆ। ਵਾਪਸ ਆ ਕੇ ਭਾਈ ਇੰਦਰ ਸਿੰਘ ਨੇ ਦਸਿਆ ਕਿ ਗੱਡੀ ਇਕ ਘੰਟਾ ਲੇਟ ਸੀ। ਜਦੋਂ ਸਟੇਸ਼ਨ ਤੇ ਪੁਜੇ ਤਦ ਗੱਡੀ ਪਲੇਟਫਾਰਮ ਤੇ ਆਈ ਸੀ।

40. ਬੀਬੀ ਸੰਤ ਜੀ ਜਦੋਂ ਨਵੀਂ ਨਵੀਂ ਭਾਈ ਸਾਹਿਬ ਪਾਸ ਗਈ ਤਾਂ ਉਸ ਨੇ ਦੇਖਿਆ ਕਿ ਭਾਈ ਸਾਹਿਬ ਚਾਰ ਸਿਰਹਾਣੇ ਰਖ ਕੇ ਸੌਂਦੇ ਹਨ। ਉਹ ਹੈਰਾਨ ਹੁੰਦੀ ਸੀ ਕਿ ਆਦਮੀ ਚਾਰ ਸਿਰਹਾਣੇ ਰਖ ਕੇ ਕਿਵੇਂ ਸੌਂ ਸਕਦਾ ਹੈ। ਉਸ ਨੂੰ ਪੁਛਣ ਦੀ ਹਿੰਮਤ ਨਹੀਂ ਸੀ। ਬੀਬੀ ਨੇ ਭਾਈ ਹੀਰਾ ਸਿੰਘ ਰਾਗੀ ਪਾਸੋਂ ਇਹ ਗੱਲ ਪੁਛੀ। ਉਨ੍ਹਾਂ ਨੇ ਦਸਿਆ ਕਿ ਬੀਬੀ ਇਹ ਸਾਡੇ ਘਰ ਦੀ ਰੀਤ ਹੈ। ਗੁਰੂ ਅਮਰਦਾਸ ਸਾਹਿਬ ਵੀ ਚਾਰ ਸਿਰਹਾਣੇ ਰਖ ਕੇ ਸੌਂਦੇ ਸਨ। ਕਿਸੀ ਸਿਖ ਨੇ ਗੁਰੂ ਜੀ ਨੂੰ ਪੁਛਿਆ, ਤਾਂ ਆਪ ਨੇ ਫੁਰਮਾਇਆ ਕਿ ਕੋਸ਼ਸ਼ ਕਰਦੇ ਹਾਂ, ਪਿਠ ਮੰਜੀ ਨਾਲ ਨਾ ਲਗੇ, ਜੋ ਗਾਹੜੀ ਨੀਂਦ ਨਾ ਆਵੇ। ਫਿਰ ਵੀ ਜਦੋਂ

 www.sikhbookclub.com

ਗੁਰੂ ਅਮਰਦਾਸ ਜੀ ਨੂੰ ਨੀਂਦ ਆਵੇ ਤਦੋਂ ਕਿੱਲੀ ਪਕੜ ਕੇ ਕਿੱਲੀ ਦੇ ਆਸਰੇ ਖੜੋ ਕੇ ਰਾਤ ਬਿਤਾ ਦੇਂਦੇ ਸਨ। ਉਹ ਕਿੱਲੀ ਅਜੇ ਵੀ ਗੋਇੰਦਵਾਲ ਸਾਹਿਬ ਹੈ। ਬੀਬੀ! ਇਥੇ ਵੀ ਇਹੀ ਕੋਸ਼ਸ਼ ਹੈ ਕਿ ਗਾਹੜੀ ਨੀਂਦ ਨਾ ਆਵੇ।

41. ਬੀਬੀ ਸੰਤ ਜੀ ਜਦੋਂ ਪਹਿਲੀ ਵਾਰੀ ਭਾਈ ਸਾਹਿਬ ਪਾਸ ਗਈ ਤਾਂ ਲੁਧਿਆਣੇ (ਕਪੜੇ। ਦਾ ਨਾਮ) ਦੀ ਸਲਵਾਰ ਕਮੀਜ਼ ਪਾਂਦੀ ਸੀ ਅਤੇ ਸਿਰ ਤੇ ਮਾਰਕੀਨ ਦਾ ਦੁਪੱਟਾ ਰਖਦੀ ਸੀ। ਇਹ ਪਹਿਰਾਵਾ ਵਿਧਵਾ ਹੋਣ ਕਾਰਨ ਸੀ। ਭਾਈ ਸਾਹਿਬ ਨੇ ਪੁਛਿਆ ਤੇਰਾ ਗੁਰੂ ਨਾਨਕ ਨੂੰ ਮਿਲਣ ਦਾ ਜੀਅ ਕਰਦਾ ਹੈ। ਬੀਬੀ ਨੇ ਉਤਰ ਦਿਤਾ, ਹਾਂ ਜੀ ਮਿਲਣ ਨੂੰ ਜੀ ਕਰਦਾ ਹੈ। ਭਾਈ ਸਾਹਿਬ ਨੇ ਪੁਛਿਆ ਕਿ ਕਪੜੇ ਕਿਤਨੇ ਦਿਨਾਂ ਪਿਛੋਂ ਬਦਲਦੇ ਹੋ। ਬੀਬੀ ਨੇ ਉਤਰ ਦਿਤਾ ਕਿ ਤੀਜੇ ਚੌਥੇ ਦਿਨ ਪਿਛੋਂ ਬਦਲਦੀ ਹਾਂ। ਫਿਰ ਪੁਛਿਆ ਕੇਸੀਂ ਇਸ਼ਨਾਨ ਕਰਦੇ ਹੋ? ਬੀਬੀ ਨੇ ਉਤਰ ਦਿਤਾ 15, 16, 17 ਦਿਨਾਂ ਪਿਛੋਂ ਕਰਦੀ ਹਾਂ ਅਤੇ ਕੰਘਾ, ਜਦੋਂ ਕੇਸ ਧੋਂਦੀ ਹਾਂ, ਉਸੀ ਦਿਨ ਕਰਦੀ ਹਾਂ ਫਿਰ ਨਹੀਂ ਕਰਦੀ। ਭਾਈ ਸਾਹਿਬ ਨੇ ਫੁਰਮਾਇਆ ਕਿ ਜਿਸ ਦਾ ਸਰੀਰ ਹੀ ਇਤਨਾ ਮੈਲਾ ਹੈ, ਉਸ ਦਾ ਮਨ ਕਿਤਨਾ ਮੈਲਾ ਹੋਵੇਗਾ। ਦਸੋ ਗੰਦੇ ਸਰੀਰ ਅਤੇ ਮੈਲੇ ਮਨ ਵਿਚ ਸਤਿਗੁਰੂ ਜੀ ਕਿਸ ਤਰ੍ਹਾਂ ਫੇਰਾ ਮਾਰ ਸਕਦੇ ਹਨ। ਭਾਈ ਸਾਹਿਬ ਨੇ ਫਿਰ ਫੁਰਮਾਇਆ ਕਿ ਹੇਠਲੇ ਕਪੜੇ ਰੋਜ਼ ਬਦਲੋ, ਉਤਲੇ ਭਾਵੇਂ ਦੂਜੇ, ਤੀਜੇ ਦਿਨ ਬਦਲੋ। ਕੇਸ ਹਰ ਹਫਤੇ ਧੋਵੋ, ਕੰਘਾ ਰੋਜ਼ ਕਰੋ, 11 ਪਾਠ ਸ੍ਰੀ ਜਪੁਜੀ ਸਾਹਿਬ ਦੇ ਰੋਜ਼ ਕਰੋ। ਬੀਬੀ ਨੇ ਹੁਕਮ ਦੀ ਪਾਲਨਾ ਸ਼ੁਰੂ ਕਰ ਦਿਤੀ। ਉਸ ਨੂੰ ਇਵੇਂ ਜਾਪੇ ਕਿ ਸਰੀਰ ਦੇ ਨਾਲ ਨਾਲ ਮਨ ਵੀ ਸ਼ੁਧ ਹੋ ਰਿਹਾ ਹੈ। ਕੁਝ ਚਿਰ ਪਿਛੋਂ ਜਦੋਂ ਫਿਰ ਬੀਬੀ ਭਾਈ ਸਾਹਿਬ ਨੂੰ ਮਿਲੀ ਤਾਂ ਭਾਈ ਸਾਹਿਬ ਨੇ ਬਚਨ ਕੀਤਾ ਕਿ ਸੁਖਮਨੀ ਸਾਹਿਬ ਦਾ ਪਾਠ ਕੀਤਾ ਕਰੋ। ਬੀਬੀ ਨੇ ਕਿਹਾ ਕਿ ਇਹ ਬੜੀ ਵਡੀ ਬਾਣੀ ਹੈ, ਜ਼ਬਾਨੀ ਯਾਦ ਨਹੀਂ ਹੈ। ਇਤਨੀ ਦੇਰ ਗੁਟਕਾ ਪਕੜ ਕੇ ਬੈਠੀ ਰਵਾਂ, ਤਦੋਂ ਸੌਹਰਾ ਸਾਹਿਬ ਬੁਰਾ ਭਲਾ ਕਹਿੰਦੇ ਹਨ। ਭਾਈ ਸਾਹਿਬ ਨੇ ਕਿਹਾ, ਤੁਸੀਂ ਸ਼ੁਰੂ ਤੇ ਕਰੋ। ਕੁਝ ਦਿਨ ਕਰੋ। ਫਿਰ ਆਪ ਦੀਆਂ ਇਤਨੀਆਂ ਭੈਣਾਂ ਹਨ। ਗੁਟਕਾ ਕਿਸੇ ਦੇ ਹੱਥ ਵਿਚ ਦੇ ਦੇਵੋ, ਆਪ ਜ਼ਬਾਨੀ ਪੜ੍ਹੀ ਜਾਵੋ। ਗੁਰੂ ਕਰੇਗਾ ਕੁਝ ਦਿਨਾਂ ਵਿਚ ਸੁਖਮਨੀ ਕੰਠ ਹੋ ਜਾਵੇਗੀ। 10,15 ਦਿਨਾਂ ਵਿਚ ਮਹਾਂਪੁਰਸ਼ਾਂ ਦੇ ਬਚਨ ਦਾ ਸਦਕਾ ਬੀਬੀ ਨੂੰ ਸੁਖਮਨੀ ਸਾਹਿਬ ਕੰਠ ਹੋ ਗਈ।

 www.sikhbookclub.com

42. ਬੀਬੀ ਸੰਤ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਜਦੋਂ ਘਰ ਸੀ ਤਦੋਂ ਆਪ ਦੀ ਬੜੀ ਖਿਚ ਪੈਂਦੀ ਸੀ। ਹੁਣ ਚਰਨਾਂ ਵਿਚ ਆ ਕੇ ਸਹਿਜ ਸੁਭਾ ਹੈ। ਭਾਈ ਸਾਹਿਬ ਨੇ ਉਤਰ ਦਿਤਾ, ਜਦੋਂ ਸੁਰਮਾ ਸ਼ੀਸ਼ੀ ਵਿਚ ਪਿਆ ਹੈ, ਤਦੋਂ ਦਿਸਦਾ ਹੈ ਤੇ ਜਦੋਂ ਅਖਾਂ ਵਿਚ ਪਾ ਲਿਆ, ਫਿਰ ਸ਼ੀਸ਼ੀ ਦੀ ਤਰ੍ਹਾਂ ਤਾਂ ਨਹੀਂ ਦਿਸ ਸਕਦਾ।

43. ਬੀਬੀ ਸੰਤ ਜੀ ਡੇਹਰਾਦੂਨ ਭਾਈ ਸਾਹਿਬ ਦੇ ਦਰਸ਼ਨਾਂ ਨੂੰ ਗਏ। ਕਿਸੀ ਸਾਥੀ ਨੇ ਬੀਬੀ ਜੀ ਨੂੰ ਕੋਈ ਗੱਲ ਕਹੀ, ਜੋ ਉਸ ਦੇ ਅੰਦਰ ਪੁਜ ਗਈ। ਭਾਈ ਸਾਹਿਬ ਨੇ ਉਸ ਨੂੰ ਉਦਾਸ ਦੇਖਿਆ ਤੇ ਪੁਛਿਆ ਕਿ ਕੀ ਗੱਲ ਹੈ। ਉਹ ਰੋ ਪਈ। ਸ਼ਾਮ ਨੂੰ ਭਾਈ ਸਾਹਿਬ ਬੀਬੀ ਨੂੰ ਸੈਰ ਲਈ ਲੈ ਗਏ। ਇਕ ਪੁਲੀ ਆਈ ਤੇ ਉਸ ਉਤੇ ਬੈਠ ਗਏ। ਭਾਈ ਸਾਹਿਬ ਨੇ ਬੀਬੀ ਤੋਂ ਪੁੱਛਿਆ ਕਿ ਤੂੰ ਉਦਾਸ ਕਿਉਂ ਹੈਂ। ਬੀਬੀ ਫਿਰ ਰੋ ਪਈ। ਦੋ ਮਿੰਟ ਚੁਪ ਰਹੇ। ਪੁਲੀ ਦੇ ਪਿਛਲੇ ਪਾਸੇ ਕਿਸੀ ਜ਼ਿਮੀਂਦਾਰ ਨੇ ਕੰਡੇ ਇਕਠੇ ਕੀਤੇ ਹੋਏ ਸਨ। ਬੀਬੀ ਤੋਂ ਪੁਛਿਆ ਕਿ ਕੀ ਤੁਸੀਂ ਕੰਡਿਆਂ ਤੋਂ ਪਾਰ ਹੋ ਸਕਦੇ ਹੋ। ਦੱਸੋ ਕਿਸ ਤਰ੍ਹਾਂ ਕਰੋਗੇ। ਬੀਬੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਦਸੋ ਕਿਵੇਂ ਕਰਾਂ? ਭਾਈ ਸਾਹਿਬ ਨੇ ਕਿਹਾ ਕਿ ਬੂਟ ਪਾ ਕੇ ਪੈਰ ਢਕ ਲਵੋ, ਇਕ ਪੈਰ ਕੰਡਿਆਂ ਵਿਚ ਰਖੋ ਤੇ ਛਾਲ ਮਾਰ ਕੇ ਪਾਰ ਹੋ ਜਾਵੋ। ਜੇ ਚੱਪਲ ਪਾ ਕੇ ਪੈਰ ਧਰੋਗੇ, ਤਦੋਂ ਪੈਰ ਛਿਲੇ ਜਾਣਗੇ।

ਇਸੀ ਤਰ੍ਹਾਂ ਦੁਨੀਆਂ ਦੇ ਕੰਡੇ ਤੁਸੀਂ ਖਤਮ ਨਹੀਂ ਕਰ ਸਕਦੇ। ਕੰਡੇ ਪਿਛੇ ਵੀ ਸਨ, ਹੁਣ ਵੀ ਹਨ ਅਤੇ ਅਗੋਂ ਵੀ ਹੋਣਗੇ। ਜੇ ਤੁਸੀਂ ਦਿਲ ਨੂੰ ਨਾਮ ਦੇ ਨਾਲ ਢਕ ਲਵੋ, ਤਦ ਕੰਡਾ ਅੰਦਰ ਚੋਭ ਨਹੀਂ ਦੇਵੇਗਾ। ਇਹ ਢੰਗ ਹੈ ਦੁਨੀਆਂ ਦੇ ਕੰਡਿਆਂ ਤੋਂ ਬਚਣ ਦਾ।

44. ਬੰਬਈ ਵਿਚ ਦੋ ਸਿੰਧੀ ਬੀਬੀਆਂ ਭਾਈ ਸਾਹਿਬ ਪਾਸ ਆਈਆਂ। ਇਕ ਨੇ ਕਿਹਾ ਕਿ ਕਈ ਸਾਲਾਂ ਤੋਂ ਉਹ ਕ੍ਰਿਸ਼ਨ ਦੀ ਮੂਰਤੀ ਦੀ ਪੂਜਾ ਕਰ ਰਹੀ ਹੈ, ਦਰਸ਼ਨ ਨਹੀਂ ਹੋਏ। ਦੂਜੀ ਨੇ ਕਿਹਾ ਕਿ ਉਹ ਕਈ ਸਾਲਾਂ ਤੋਂ ਰਾਮ ਦੀ ਮੂਰਤੀ ਦੀ ਪੂਜਾ ਕਰ ਰਹੀ ਹੈ, ਪ੍ਰੰਤੂ ਦਰਸ਼ਨ ਨਹੀਂ ਹੋਏ। ਸੁਣਿਆ ਹੈ ਕਿ ਜਦੋਂ ਤੁਸੀਂ ਕਿਰਪਾ ਕਰਦੇ ਹੋ ਦਰਸ਼ਨ ਹੋ ਜਾਂਦੇ ਹਨ। ਮਿਹਰ ਕਰੋ। ਬੀਬੀ ਸੀਤਾ ਵੀ ਉਸ ਸਮੇਂ ਉਥੇ ਬੈਠੀ ਹੋਈ ਸੀ। ਉਹ ਇਹ ਸੁਣ ਕੇ ਥੋਹੜੀ ਜਿਹੀ ਮੁਸਕਰਾਈ। ਭਾਈ ਸਾਹਿਬ ਜੀ ਨੇ ਉਨ੍ਹਾਂ ਬੀਬੀਆਂ ਨੂੰ ਕਿਹਾ ਕਿ ਆਪੋ ਆਪਣਾ ਪਹਿਰਾ ਹੁੰਦਾ ਹੈ। ਜਦੋਂ ਅੰਗ੍ਰੇਜ਼ ਸਨ ਤਦੋਂ

ਉਨ੍ਹਾਂ ਦਾ ਸਿਕਾ ਚਲਦਾ ਸੀ, ਹੁਣ ਉਨ੍ਹਾਂ ਦੇ ਸਿਕੇ ਦੀ ਕੋਈ ਕੀਮਤ ਨਹੀਂ। ਹੁਣ ਗੁਰੂ ਨਾਨਕ ਦਾ ਪਹਿਰਾ ਹੈ। ਰਾਮ, ਕ੍ਰਿਸ਼ਨ ਜੀ ਦਾ ਪਹਿਰਾ ਨਹੀਂ। ਜਦੋਂ ਉਨ੍ਹਾਂ ਦਾ ਪਹਿਰਾ ਸੀ, ਸਭ ਕੁਝ ਉਹ ਹੀ ਸਨ। ਤੁਸੀਂ ਗੁਰੂ ਨਾਨਕ ਨੂੰ ਹਿਰਦੇ ਵਿਚ ਵਸਾਉ। ਵਾਹਿਗੁਰੂ ਦਾ ਜਾਪ ਕਰੋ। ਬੀਬੀ ਸੀਤਾ ਵਲ ਇਸ਼ਾਰਾ ਕਰ ਕੇ ਭਾਈ ਸਾਹਿਬ ਨੇ ਕਿਹਾ ਕਿ ਇਸ ਬੀਬੀ ਤੋਂ ਪੁਛੋ ਇਹ ਕਿਉਂ ਹੱਸੀ ਹੈ। ਬੀਬੀਆਂ ਨੇ ਬੀਬੀ ਸੀਤਾ ਤੋਂ ਪੁਛਿਆ ਤਾਂ ਉਸ ਨੇ ਦਸਿਆ ਕਿ ਉਹ ਵੀ ਉਨ੍ਹਾਂ ਦੀ ਤਰ੍ਹਾਂ ਕ੍ਰਿਸ਼ਨ ਜੀ ਦੀ ਪੁਜਾਰੀ ਸੀ। ਜਦੋਂ ਉਸ ਨੇ ਭਾਈ ਸਾਹਿਬ ਜੀ ਦੇ ਸਤਿਸੰਗ ਦੀ ਰਾਹੀਂ ਗੁਰੂ ਨਾਨਕ ਦੇਵ ਜੀ ਨੂੰ ਅੰਦਰ ਵਸਾਇਆ ਤਾਂ ਹੁਣ ਉਹ ਇਹ ਮਹਿਸੂਸ ਕਰਦੀ ਹੈ ਕਿ ਕ੍ਰਿਸ਼ਨ ਜੀ ਉਸ ਦੇ ਪਿਛੇ ਪਿਛੇ ਫਿਰ ਰਹੇ ਹਨ। ਇਹ ਸੁਣ ਕੇ ਉਹ ਬੀਬੀਆਂ ਹੈਰਾਨ ਹੋ ਗਈਆਂ ਤੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨਾਲ ਜੁੜ ਗਈਆਂ।

45. ਭਾਈ ਸਾਹਿਬ ਬੰਬਈ ਵਿਚ ਆਪਣੇ ਕਮਰੇ ਵਿਚ ਬੈਠੇ ਹੋਏ ਸਨ। ਉਹ ਬਾਹਰ ਆਏ ਤਦੋਂ ਕਿਹਾ ਜੋ ਛਾਤੀ ਵਿਚ ਸਖਤ ਦਰਦ ਉਠਿਆ ਹੈ। ਛਾਤੀ ਉਪਰ ਹੱਥ ਰਖਿਆ ਹੋਇਆ ਸੀ। ਕੀ ਦੇਖਦੇ ਹਨ ਬਾਹਰਲੇ ਕਮਰੇ ਵਿਚ ਗੁਰਬਾਣੀ ਦੀ ਸੈਂਚੀ ਪਰ ਕਿਸੇ ਨੇ ਕੋਈ ਹੋਰ ਕਿਤਾਬ ਰਖੀ ਹੋਈ ਹੈ। ਪੁਛਿਆ ਇਹ ਬੇਅਦਬੀ ਕਿਸ ਨੇ ਕੀਤੀ ਹੈ। ਸਤਿਕਾਰ ਨਾਲ ਉਹ ਗੁਰਬਾਣੀ ਦੀ ਸੈਂਚੀ ਉਠਾਈ, ਨਮਸਕਾਰ ਕੀਤੀ ਅਤੇ ਅੰਦਰ ਲੈ ਗਏ। ਦਰਦ ਹਟ ਗਿਆ।

46. ਇਕ ਦਿਨ ਸ੍ਰ: ਰਾਮ ਸਿੰਘ ਅੰਮ੍ਰਿਤਸਰ ਵਿਚ ਭਾਈ ਸਾਹਿਬ ਪਾਸ ਬੈਠੇ ਸਨ ਅਤੇ ਉਨ੍ਹਾਂ ਕੋਈ ਫਿਲਾਸਫੀ ਉਤੇ ਪ੍ਰਸ਼ਨ ਕੀਤਾ। ਭਾਈ ਸਾਹਿਬ ਜੀ ਨੇ ਫੁਰਮਾਇਆ ਕਿ ਰਾਮ ਸਿੰਘ ਜੀ ਤੁਸੀਂ ਇਨ੍ਹਾਂ ਗੱਲਾਂ ਵਿਚੋਂ ਕੀ ਲੈਣਾ ਹੈ। ਇਹ ਗੁੰਝਲਦਾਰ ਗੱਲਾਂ ਹਨ। ਭਾਵੇਂ ਗੁਰੂ ਆਸ਼ੇ ਅਨੁਸਾਰ ਹਨ। ਪਰ ਤੁਸੀਂ ਗ੍ਰਿਹਸਤੀ ਹੋ, ਟੱਬਰਦਾਰ ਹੋ, ਤੁਸੀਂ ਸਾਰਾ ਦਿਨ ਦੁਕਾਨਦਾਰੀ ਕਰਨੀ ਹੈ, ਬੱਚੇ ਪਾਲਣੇ ਹਨ, ਪੜ੍ਹਾਉਣੇ ਹਨ। ਹੋਰ ਦਰਜਨਾਂ ਜ਼ੁਮੇਵਾਰੀਆਂ ਆਪਦੇ ਸਿਰ ਹਨ। ਤੁਸੀਂ ਇਸ ਉਲਝਨ ਵਿਚ ਨਾ ਫਸੋ। ਆਪ ਦਾ ਤਾਂ ਇਹ ਕੰਮ ਹੈ "ਕਹੁ ਕਬੀਰ ਅਖਰ ਦੁਇ ਭਾਖ॥ ਹੋਇਗਾ ਖਸਮੁ ਤ ਲੇਇਗਾ ਰਾਖਿ।" ਕੀੜੀ ਦੇ ਅੰਦਰ ਸੁੰਘਣ ਸ਼ਕਤੀ ਪ੍ਰਬਲ ਹੁੰਦੀ ਹੈ। ਕੀੜੀ ਨੂੰ ਖੁਸ਼ਬੂ ਆ ਜਾਂਦੀ ਹੈ, ਉਹ ਉਸ ਖੁਸ਼ਬੂ ਪਰ ਟੁਰ ਪੈਂਦੀ ਹੈ। ਖੁਸ਼ਬੂ ਦੀ ਸੇਧ ਪਰ ਟੁਰਦੀ ਜਾਂਦੀ ਹੈ। ਅਖੀਰ ਚੀਨੀ ਦੇ ਪਾਸ ਪੁਜ ਜਾਂਦੀ ਹੈ। ਉਥੋਂ ਚੀਨੀ ਦਾ ਕਿਣਕਾ ਮੂੰਹ ਵਿਚ ਲੈ ਕੇ ਮੁੜ ਪੈਂਦੀ

 www.sikhbookclub.com

ਹੈ। ਟਿਕਾਣੇ ਆ ਕੇ ਉਸ ਚੀਨੀ ਦੇ ਸਵਾਦ ਨੂੰ ਮਾਣਦੀ ਹੈ। ਦੂਜੀ ਕੀੜੀ ਚੀਨੀ ਦੇ ਢੇਰ ਪਾਸ ਪੁਜ ਕੇ ਸੋਚੀਂ ਪੈ ਜਾਂਦੀ ਹੈ। ਹੁਣ ਘਰ ਮੁੜ ਕੇ ਜਾਵਾਂ, ਕੀ ਕਰਾਂ। ਚੀਨੀ ਦੇ ਢੇਰ ਨੂੰ ਕਿਵੇਂ ਛੋੜ ਜਾਵਾਂ, ਸੋਚੀਂ ਪੈ ਜਾਂਦੀ ਹੈ। ਪ੍ਰਾਪਤ ਵਸਤੂ ਦਾ ਸੁਖ ਨਹੀਂ ਮਾਣਦੀ। ਹਲਵਾਈ ਆਉਂਦਾ ਹੈ, ਚੀਨੀ ਚੁਕ ਕੇ ਕੜਾਹ ਵਿਚ ਪਾ ਦੇਂਦਾ ਹੈ। ਉਹ ਸੋਚਾਂ ਸੋਚਦੀ ਉਥੇ ਹੀ ਖਤਮ ਹੋ ਜਾਂਦੀ ਹੈ। ਰਾਮ ਸਿੰਘ ਜੀ ਤੁਸੀਂ ਨਾਮ ਦੀ ਖੁਸ਼ਬੂ ਪਿਛੇ ਟੁਰ ਪਵੋ। ਜਦੋਂ ਟੁਰ ਪਵੋਗੇ, ਘਾਲ ਕਰੋਗੇ, ਤਲਾਸ਼ ਕਰੋਗੇ, ਸਤਿਸੰਗ ਵਿਚੋਂ, ਮਹਾਂ ਪੁਰਸ਼ਾਂ ਦੇ ਚਰਨਾਂ ਵਿਚੋਂ ਨਾਮ ਦਾ ਕਿਣਕਾ ਮਿਲੇਗਾ। ਨਾਮ ਦੇ ਕਿਣਕੇ ਨੂੰ ਅੰਦਰ ਵਸਾਉ। ਆਪ ਦੇ ਅੰਦਰ ਖੁਸ਼ਬੂ ਪੈਦਾ ਹੋ ਜਾਵੇਗੀ ਤੇ ਸੌਖੇ ਹੀ ਗੁਰੂ ਨਾਨਕ ਦੇ ਚਰਨਾਂ ਨਾਲ ਲਿਵ ਲਗ ਜਾਵੇਗੀ।

47. ਸ੍ਰੀ ਢੇਡਾ ਰਾਮ ਜੀ ਬੰਬਈ ਤੋਂ ਭਾਈ ਸਾਹਿਬ ਪਾਸ ਆਏ ਹੋਏ ਸਨ, ਉਨ੍ਹਾਂ ਵਾਪਸ ਬੰਬਈ ਜਾਣਾ ਸੀ। ਉਹ ਟੁਰਨ ਲਈ ਤਿਆਰ ਬੈਠੇ ਸਨ। ਭਾਈ ਸਾਹਿਬ ਜੀ ਨੇ ਕਿਹਾ ਢੇਡਾ ਰਾਮ ਜੀ ਅੱਜ ਨਾ ਜਾਉ। ਸਾਡਾ ਜੀਅ ਨਹੀਂ ਕਰਦਾ ਕਿ ਤੁਸੀਂ ਅੱਜ ਜਾਵੋ। ਉਹ ਰੁਕ ਗਏ। ਕਰਤਾਰ ਦੇ ਰੰਗ, ਜੋ ਉਸੀ ਗਡੀ ਦਾ ਅਗੇ ਜਾ ਕੇ ਐਕਸੀਡੈਂਟ ਹੋਇਆ।

48. ਇਕ ਦਿਨ ਬੀਬੀ ਸੰਤ ਜੀ ਸੋਚਾਂ ਵਿੱਚ ਸੀ, ਉਸ ਦਾ ਚਿਤ ਖੇੜੇ ਵਿਚ ਨਹੀਂ ਸੀ। ਉਹ ਬਾਹਰੋਂ ਆਈ ਡਾਕ ਭਾਈ ਸਾਹਿਬ ਪਾਸ ਲੈ ਕੇ ਗਈ। ਭਾਈ ਸਾਹਿਬ ਨੇ ਉਸ ਨੂੰ ਮੂਹੜੇ ਤੇ ਬੈਠਣ ਦਾ ਇਸ਼ਾਰਾ ਕੀਤਾ। ਮੂਹੜੇ ਉਤੇ ਕੁਝ ਕਿਤਾਬਾਂ ਅਤੇ ਹੋਰ ਚੀਜ਼ਾਂ ਪਈਆਂ ਹੋਈਆਂ ਸਨ। ਬੀਬੀ ਨੇ ਉਹ ਚੀਜ਼ਾਂ ਮੂਹੜੇ ਤੋਂ ਚੁਕ ਕੇ ਦੂਜੀ ਥਾਂ ਟਿਕਾ ਦਿਤੀਆਂ ਅਤੇ ਆਪ ਮੂਹੜੇ ਤੇ ਬੈਠ ਗਈ। ਭਾਈ ਸਾਹਿਬ ਨੇ ਉਸ ਨੂੰ ਸਮਝਾਇਆ ਕਿ ਜਿਸ ਤਰ੍ਹਾਂ ਮੂਹੜੇ ਪਰ ਪਈਆਂ ਚੀਜਾਂ ਦੂਜੀ ਥਾਂ ਟਿਕਾ ਕੇ ਆਪਣੇ ਬੈਠਣ ਦੀ ਥਾਂ ਬਣਾ ਲਈ ਹੈ, ਇਸੀ ਤਰ੍ਹਾਂ ਮਨ ਵਿਚ ਸੋਚਾਂ ਜਾਂ ਹੋਰ ਫਿਕਰ ਹੋਵਣ ਤਾਂ ਉਨ੍ਹਾਂ ਨੂੰ ਦੂਜੀ ਥਾਂ ਟਿਕਾ ਕੇ ਖਾਲੀ ਕਰ ਲਿਆ ਅਤੇ ਉਥੇ ਨਾਮ ਨੂੰ ਵਸਾ ਲਿਆ।

49. ਭਾਈ ਸੁਧ ਸਿੰਘ ਜੀ ਆਪਣੇ ਸਾਥੀਆਂ ਸਮੇਤ ਹਾਲ ਬਾਜ਼ਾਰ ਭਾਈ ਸਾਹਿਬ ਜੀ ਦੇ ਘਰ ਦੀਆਂ ਪੌੜੀਆਂ ਚੜ੍ਹ ਰਹੇ ਸਨ। ਅਗੇ ਦਰਵਾਜ਼ਾ ਬੰਦ ਸੀ। ਪਿਛੋਂ ਭਾਈ ਸਾਹਿਬ ਆ ਗਏ। ਭਾਈ ਸੁਧ ਸਿੰਘ ਦੇ ਸਾਥੀਆਂ ਨੂੰ ਇਸ਼ਾਰਾ ਕਰ ਕੇ ਰੋਕਿਆ। ਆਪ ਨੇ ਅਗੇ ਜਾ ਕੇ ਭਾਈ ਸੁਧ ਸਿੰਘ ਦੀਆਂ ਅਖਾਂ ਉਪਰ ਹੱਥ ਧਰ ਦਿਤਾ। ਭਾਈ ਪ੍ਰਧਾਨ

ਸਿੰਘ ਨੇ ਭਾਈ ਸੁਧ ਸਿੰਘ ਨੂੰ ਕਿਹਾ ਕਿ ਬੁਝੋ ਕੌਣ ਹੈ। ਉਨ੍ਹਾਂ ਨੇ ਕਿਹਾ ਬੁਝ ਤਾਂ ਮੈਂ ਲਿਆ ਹੈ, ਪਰ ਜਫੀ ਵਿਚੋਂ ਛੋੜਨ ਤਦ ਹੀ ਚਰਨਾਂ ਤੇ ਸੀਸ ਰਖਾਂ। ਭਾਈ ਸੁਧ ਸਿੰਘ ਦਾ ਸਰੀਰ ਸ਼ੁਕਰ ਵਿਚ ਕੰਬ ਰਿਹਾ ਸੀ। ਉਸ ਦਿਨ ਸ਼ੁਕਰ ਵਿਚ ਉਨ੍ਹਾਂ ਨੇ ਇਹ ਬੰਦ ਲਿਖਿਆ :-

ਖੁਲ੍ਹੀ ਜਫੀ ਤੇ ਨਾਲ ਹੀ ਨੈਣ ਖੁਲ੍ਹੇ, ਪਿਛੇ ਪ੍ਰਤਿਆ ਤਕਿਆ ਨਾਲ ਨੈਣਾਂ।
ਸਦਕੇ ਜਾਵਾਂ ਦਾਤਾ ਤੇਰੀਆਂ ਰਹਿਮਤਾਂ ਦੇ, ਨੀਵੇਂ ਮੈਲਿਆਂ ਨੂੰ ਗਲ ਲਾ ਲੈਣਾ।
ਤੇਰਾ ਬਿਰਦ ਅਚਰਜ ਹੈ ਦਇਆ ਸਾਗਰ, ਲਿਆ ਦਰ ਤੇਰੇ ਪਰ ਮੰਗ ਰਹਿਣਾ।
ਚਰਨ ਧੂੜ ਹੋਵਾਂ ਤੇਰੇ ਸੇਵਕਾਂ ਦੀ, ਨਾ ਵਿਛੋੜ ਸਾਨੂੰ ਅੰਗ ਸੰਗ ਰਹਿਣਾ।

50. ਇਕ ਵਾਰੀ ਸ੍ਰ: ਕਰਤਾਰ ਸਿੰਘ ਉਪਦੇਸ਼ਕ ਚੀਫ ਖਾਲਸਾ ਦੀਵਾਨ ਭਾਈ ਸਾਹਿਬ ਦੀ ਕੋਠੀ ਆਏ। ਉਨ੍ਹਾਂ ਦਾ ਕੋਟ ਪੁਰਾਣਾ ਸੀ ਅਤੇ ਬਾਂਹ ਤੋਂ ਫਟਿਆ ਹੋਇਆ ਸੀ। ਭਾਈ ਸਾਹਿਬ ਜੀ ਨੇ ਪੱਟੀ ਦਾ ਨਵਾਂ ਕੋਟ ਪਾਇਆ ਹੋਇਆ ਸੀ। ਕੋਟ ਉਤਾਰ ਕੇ ਕਰਤਾਰ ਸਿੰਘ ਨੂੰ ਕਿਹਾ ਕਿ ਜ਼ਰਾ ਇਹ ਪਾ ਕੇ ਵਿਖਾ। ਉਨ੍ਹਾਂ ਨੇ ਹੁਕਮ ਮੰਨ ਕੇ ਕੋਟ ਪਾਇਆ। ਭਾਈ ਸਾਹਿਬ ਨੇ ਕਿਹਾ ਕਿ ਦੇਖੋ ਕੈਸਾ ਫਿਟ ਆ ਗਿਆ ਹੈ। ਕਰਤਾਰ ਸਿੰਘ ਕੋਟ ਉਤਾਰਨ ਲਗੇ ਤਾਂ ਭਾਈ ਸਾਹਿਬ ਨੇ ਕਿਹਾ ਕਿ ਹੁਣ ਉਤਾਰਨਾ ਨਹੀਂ। ਇਹ ਆਪ ਦੀ ਭੇਟਾ ਹੈ। ਕਰਤਾਰ ਸਿੰਘ ਸ਼ੁਕਰ ਕਰਕੇ ਨਵਾਂ ਕੋਟ ਪਹਿਨ ਕੇ ਤੇ ਪੁਰਾਣਾ ਨਾਲ ਲੈ ਕੇ ਘਰ ਚਲੇ ਗਏ।

51. ਭਾਈ ਸਾਹਿਬ ਜਦੋਂ ਹਾਲ ਬਾਜ਼ਾਰ ਰਹਿੰਦੇ ਸਨ ਤਾਂ ਉਨ੍ਹਾਂ ਦੇ ਮਕਾਨ ਦੇ ਸਾਹਮਣੇ ਇਕ ਦਿਨ ਬੰਬੂਕਾਟ ਦੀ ਟੱਕਰ ਹੋ ਗਈ। ਸਵਾਰੀਆਂ ਗਿਰ ਗਈਆਂ। ਉਨ੍ਹਾਂ ਵਿਚ ਇਕ ਬੁਢੀ ਮਾਈ ਸੀ, ਉਹ ਬੇਹੋਸ਼ ਹੋ ਗਈ। ਰੌਲਾ ਪੈ ਗਿਆ। ਲੋਕੀ ਇਕਠੇ ਹੋ ਗਏ। ਸਾਰਿਆਂ ਦਾ ਖਿਆਲ ਸੀ ਕਿ ਬੁਢੀ ਮਰ ਗਈ ਹੈ। ਭਾਈ ਸਾਹਿਬ ਨੇ ਉਪਰੋਂ ਦੇਖਿਆ ਤਾਂ ਦੌੜਦੇ ਹੋਏ ਹੇਠਾਂ ਆ ਗਏ। ਭੀੜ ਤਾਂ ਤਮਾਸ਼ਾ ਦੇਖ ਰਹੀ ਸੀ। ਆਪ ਸੜਕ ਪਰ ਬੈਠ ਗਏ। ਮਾਈ ਦਾ ਸਿਰ ਆਪਣੇ ਪੱਟਾਂ ਉਪਰ ਰਖਿਆ। ਆਪ ਨੇ ਮਾਈ ਨੂੰ ਘੁਟਿਆ, ਇਕ ਹੋਰ ਸੱਜਣ ਨਾਲ ਲਗ ਗਿਆ। ਮੂੰਹ ਵਿਚ ਪਾਣੀ ਪਾਇਆ। ਮਾਈ ਨੇ ਅੱਖਾਂ ਖੋਹਲੀਆਂ। ਆਪ ਨੇ ਪੁਛਿਆ ਮਾਤਾ ਜੀ ਹੁਣ ਠੀਕ ਹੋ। ਮਾਈ ਬੋਲੀ, ਬੱਚਾ ਕੁਝ ਠੀਕ ਹਾਂ। ਘਰੋਂ ਦੁਧ ਦਾ ਗਿਲਾਸ ਮੰਗਵਾਇਆ ਅਤੇ ਮਾਈ ਨੂੰ ਕਿਹਾ, ਮਾਤਾ ਜੀ ਦੁਧ ਪੀ ਲਵੋ। ਮਾਈ ਨਾ ਨਾ ਕਰੇ। ਉਸ ਨੇ ਦਸਿਆ ਕਿ ਜਦੋਂ ਦਾ ਉਸ ਦਾ

ਪਤੀ ਗੁਜ਼ਰਿਆ ਹੈ, ਪੰਦਰਾਂ ਸਾਲ ਹੋ ਗਏ ਹਨ ਉਸ ਨੇ ਦੁਧ ਨਹੀਂ ਪੀਤਾ। ਭਾਈ ਸਾਹਿਬ ਨੇ ਕਿਹਾ, "ਮਾਈ ਮੈਂ ਤੇਰਾ ਬੱਚਾ ਹਾਂ, ਮੇਰਾ ਵੀ ਹੱਕ ਹੈ। ਤੁਸੀਂ ਗਿਰੇ ਹੋ, ਬੇਹੋਸ਼ ਹੋ ਗਏ ਸੀ। ਸਰੀਰ ਕਮਜ਼ੋਰ ਹੈ, ਦੁਧ ਪੀਸੋ ਤਦੋਂ ਤਾਕਤ ਆਵੇਗੀ। ਬੱਚੇ ਦੇ ਆਖੇ ਲਗ ਕੇ ਪੀ ਲਵੋ।" ਮਾਈ ਨੂੰ ਦੁਧ ਪਿਆਇਆ ਤੇ ਮਾਈ ਚੇਤੰਨ ਹੋ ਗਈ। ਮਾਈ ਦੇ ਸਾਥੀ ਖੜੇ ਸਨ। ਭਾਈ ਸਾਹਿਬ ਨੇ ਬੰਬੂਕਾਟ ਮੰਗਵਾ ਕੇ ਉਨ੍ਹਾਂ ਨਾਲ ਮਾਈ ਨੂੰ ਟੋਰ ਦਿਤਾ।

52. 1953 ਦੀ ਗੱਲ ਹੈ ਉਦੋਂ ਸ: ਸੰਤ ਸਿੰਘ ਚੀਫ ਖਾਲਸਾ ਦੀਵਾਨ ਦੇ ਯਤੀਮ ਖਾਨੇ ਦੇ ਇਨਚਾਰਜ ਸਨ। ਉਨ੍ਹਾਂ ਨੇ ਕਿਸੇ ਗੱਲੋਂ ਅਸਤੀਫਾ ਦੇ ਦਿਤਾ। ਜਦੋਂ ਭਾਈ ਸਾਹਿਬ ਨੂੰ ਪਤਾ ਲੱਗਾ ਤਾਂ ਸ: ਸੰਤ ਸਿੰਘ ਜੀ ਨੂੰ ਆਪਣੀ ਕੋਠੀ ਬੁਲਾਇਆ। ਭਾਈ ਸਾਹਿਬ ਨੇ ਸ: ਸੰਤ ਸਿੰਘ ਨੂੰ ਪਿਆਰ ਕੀਤਾ ਅਤੇ ਸਮਝਾਇਆ। ਭਾਈ ਸਾਹਿਬ ਨੇ ਕਿਹਾ ਕਿ ਦੇਖ ਤੇਰੇ ਉਪਰ ਗੁਰੂ ਦੀ ਮਿਹਰ ਹੈ। ਗੁਰੂ ਨੇ ਰੋਟੀ ਖਾਣ ਨੂੰ ਚੰਗੀ ਦਿਤੀ ਹੋਈ ਹੈ। ਗੁਰੂ ਦਾਤੇ ਨੇ ਹੀ ਬਖਸ਼ੀ ਹੈ। ਕੀ ਪਤਾ ਇਸ ਸੇਵਾ ਦੇ ਸਦਕੇ ਹੀ ਬਖਸ਼ੀ ਹੋਵੇ? ਸੇਵਾ ਮਿਲਦੀ ਨਹੀਂ। ਦੇਵਤੇ ਸੇਵਾ ਲਈ ਸਹਿਕਦੇ ਹਨ। ਤੁਸੀਂ ਦੁਨੀਆਂ ਦੇ ਕਾਰਨ ਸੇਵਾ ਨੂੰ ਲੱਤ ਮਾਰਦੇ ਹੋ। ਗੁਰੂ ਦੇ ਭਉ ਵਿਚ ਆਵੋ, ਸੇਵਾ ਥੀਂ ਮੂੰਹ ਨਾ ਮੋੜੋ। ਸ੍ਰਦਾਰ ਜੀ ਅਗੋਂ ਬੋਲ ਨਾ ਸਕੇ ਅਤੇ ਆਪਣਾ ਅਸਤੀਫਾ ਵਾਪਸ ਲੈ ਲਿਆ।

53. ਬੀਬੀ ਪ੍ਰੇਮ ਬੰਬਈ ਵਿਚ ਰਹਿੰਦੀ ਸੀ। ਉਸ ਦੇ ਘਰ ਵਾਲੇ ਦਾ ਨਾਂ ਤ੍ਰਲੋਚਨ ਸੀ। ਉਹ ਬੜੇ ਅਮੀਰ ਸਨ। ਤ੍ਰਲੋਚਨ ਦੀ ਮਾਂ ਗੁਰਸਿਖੀ ਦੇ ਪਿਆਰ ਵਾਲੀ ਸੀ। ਘਰ ਵਿਚ ਬਾਬਾ ਜੀ ਦਾ ਪ੍ਰਕਾਸ਼ ਕਰਦੀ ਸੀ। ਪੁੱਤਰ ਦਾ ਵਿਆਹ ਕੀਤਾ। ਜਦੋਂ ਡੋਲੀ ਘਰ ਆਈ ਤਾਂ ਚਾਈਂ ਚਾਈਂ ਜੋੜੀ ਨੂੰ ਬਾਬਾ ਜੀ ਦੇ ਕਮਰੇ ਵਿਚ ਲੈ ਗਈ। ਕੜਾਹ ਪ੍ਰਸ਼ਾਦਿ ਤਿਆਰ ਸੀ। ਤ੍ਰਲੋਚਨ ਦੀ ਮਾਂ ਨੇ ਸਿਦਕ ਨਾਲ ਅਰਦਾਸ ਕੀਤੀ। ਨੂੰਹ (ਪ੍ਰੇਮ) ਨੇ ਪ੍ਰਸ਼ਾਦਿ ਲੈਣ ਤੋਂ ਇਨਕਾਰ ਕਰ ਦਿਤਾ। ਸੱਸ ਨੇ ਪਿਆਰ ਨਾਲ ਕਿਹਾ ਕਿ ਬੇਟਾ ਪ੍ਰਸ਼ਾਦਿ ਲੈਣ ਥੀਂ ਨਾਂਹ ਨਹੀਂ ਕਰੀਦੀ। ਉਸ ਨੇ ਪ੍ਰਸ਼ਾਦਿ ਲੈ ਲਿਆ। ਪਰ ਅੱਖ ਬਚਾ ਕੇ ਦਰਵਾਜ਼ੇ ਦੇ ਪਿਛੇ ਸੁਟ ਦਿਤਾ। ਜਦੋਂ ਸੱਸ ਨੂੰ ਇਹ ਪਤਾ ਲਗਾ ਤਾਂ ਉਹ ਬੇਹੋਸ਼ ਹੋ ਗਈ। ਪ੍ਰੇਮ ਤੇ ਤ੍ਰਲੋਚਨ ਦਾ ਜੀਵਨ ਬੜਾ ਮਾਡਰਨ ਸੀ। ਕਲੱਬਾਂ ਵਿਚ ਜਾਣਾ, ਡਾਨਸ ਕਰਨੇ, ਸਵਿਮਿੰਗ ਕਰਨੇ। ਦਿਨ ਵਿਚ ਕਈ ਵਾਰੀ ਸਾਹੜੀਆਂ ਬਦਲਣੀਆਂ। ਦੰਪਤੀ ਦਾ ਜੀਵਨ ਇਸ ਤਰ੍ਹਾਂ ਦੁਨਿਆਵੀ ਐਸ਼ ਵਿਚ ਗੁਜ਼ਰਦਾ ਰਿਹਾ। ਸਿਵਾਏ ਐਸ਼ ਦੇ ਪਤਾ ਹੀ ਨਹੀਂ ਕਿ ਹੋਰ ਕੋਈ ਦੁਨੀਆਂ ਵੀ ਹੈ। ਪ੍ਰੇਮ ਦੀ ਸੱਸ ਇਸੀ ਦੁਖ ਵਿਚ ਗੁਰਪੁਰੀ ਸਿਧਾਰ

ਗਈ। ਪ੍ਰੇਮ ਕਹੇ ਕਿ ਬਾਬਾ ਜੀ ਨੂੰ ਕੌਣ ਸੰਭਾਲੇ। ਘਰ ਵਾਲੇ ਦੀ ਸਲਾਹ ਨਾਲ ਬਾਬਾ ਜੀ ਦੀ ਬੀੜ ਉਸ ਨੇ ਨਨਾਣ ਦੇ ਘਰ ਭੇਜ ਦਿਤੀ। ਸਮਾਂ ਗੁਜ਼ਰਿਆ, ਇਕ ਵਾਰੀ ਭਾਈ ਸਾਹਿਬ ਬੰਬਈ ਪੁਜੇ ਹੋਏ ਸਨ। ਪ੍ਰੇਮ ਦੀ ਕੋਈ ਸਹੇਲੀ ਉਸ ਨੂੰ ਉਸ਼ਾ ਕਿਰਨ (ਭਾਈ ਢੇਡਾ ਰਾਮ ਜੀ ਦੇ ਘਰ) ਲੈ ਗਈ, ਜਿਥੇ ਭਾਈ ਸਾਹਿਬ ਠਹਿਰੇ ਹੋਏ ਸਨ। ਸ਼ਾਮੀ ਜਦੋਂ ਸਾਰੀ ਸੰਗਤ ਜਾਂਦੀ ਸੀ, ਉਥੇ ਕੀਰਤਨ ਹੁੰਦਾ ਸੀ। ਇਸ ਉਪਰ ਭਾਈ ਸਾਹਿਬ ਜੀ ਦੇ ਦਰਸ਼ਨਾਂ ਦਾ ਬੜਾ ਪ੍ਰਭਾਵ ਪਿਆ। ਇਸ ਦੇ ਅੰਦਰ ਖਿਚ ਪੈਦਾ ਹੋ ਗਈ। ਦੋ, ਤਿੰਨ ਦਿਨ ਆਪਣੇ ਆਪ ਸੰਗਤ ਵਿਚ ਜਾਂਦੀ ਰਹੀ। ਜਦੋਂ ਸਮਾਪਤੀ ਹੁੰਦੀ ਸੀ, ਭਾਈ ਸਾਹਿਬ ਆਪਣੇ ਕਮਰੇ ਵਿਚ ਚਲੇ ਜਾਂਦੇ ਸਨ। ਹੁਕਮ ਬਿਨਾ ਕੋਈ ਅੰਦਰ ਨਹੀਂ ਜਾ ਸਕਦਾ ਸੀ।

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*

ਇਕ ਦਿਨ ਜਦੋਂ ਭਾਈ ਸਾਹਿਬ ਕੀਰਤਨ ਤੋਂ ਪਿਛੋਂ ਆਪਣੇ ਕਮਰੇ ਵਿਚ ਗਏ ਤਾਂ ਪ੍ਰੇਮ ਵੀ ਬਿਨਾ ਪੁਛੇ ਅੰਦਰ ਚਲੀ ਗਈ। ਆਪ ਨੇ ਪੁਛਿਆ, ਬੀਬੀ ਤੁਸੀਂ ਕਿਸ ਤਰ੍ਹਾਂ ਆਏ ਹੋ, ਕੁਝ ਪੁਛਣਾ ਹੈ। ਪ੍ਰੇਮ ਨੇ ਕਿਹਾ, ਜੀਉ ਆਪਣੀ ਪਛਾਣ ਕਰਾਣ ਆਈ ਹਾਂ। ਭਾਈ ਸਾਹਿਬ ਨੇ ਕਿਹਾ ਕਿ ਤੁਸੀਂ ਜਾਣ ਪਛਾਣ ਕੀ ਕਰਾਉਣੀ ਹੈ। ਅਸੀਂ ਆਪ ਦੇ ਪਿਛਲੇ ਜਨਮ ਦੇ ਵਾਕਫ ਹਾਂ। ਪਿਛਲਾ ਜਨਮ ਆਪ ਦਾ ਫਲਾਣੀ ਥਾਂ ਤੇ ਫਲਾਣੇ ਘਰ ਸੀ, ਹੁਣ ਤੁਸੀਂ ਛੇਤੀ ਜਨਮ ਲੈ ਲਿਆ ਹੈ। ਹੁਣ ਤੁਸੀਂ ਅੰਮ੍ਰਿਤਸਰ ਦੀ ਲੂਣ ਮੰਡੀ, ਫਲਾਣੀ ਗਲੀ ਤੇ ਫਲਾਣੇ ਸੱਜਣ ਦੇ ਘਰ ਜਨਮ ਲਿਆ ਹੈ। ਇਹ ਸੁਣ ਕੇ ਪ੍ਰੇਮ ਹੈਰਾਨ ਹੋ ਗਈ। ਕੁਝ ਘਾਬਰੀ, ਚਰਨਾਂ ਤੇ ਡਿਗ ਪਈ। ਭਾਈ ਸਾਹਿਬ ਨੇ ਪਿਆਰ ਕੀਤਾ, ਥਾਪੜੀ ਦਿਤੀ। ਉਸ ਨੂੰ ਫਕੀਰ ਦੀ ਛੋਹ ਮਿਲੀ, ਜੀਵਨ ਬਦਲ ਗਿਆ। ਨਾਮ ਦੀ ਦਾਤ ਪ੍ਰਾਪਤ ਹੋ ਗਈ। ਬਾਅਦ ਵਿਚ ਪਤੀ ਵੀ ਭਾਈ ਸਾਹਿਬ ਪਾਸ ਆਇਆ। ਦੋਵੇਂ ਸਤਿਸੰਗੀ ਹੋ ਗਏ ਅਤੇ ਲਗੇ ਗੁਰੂ ਗੁਰੂ ਜਪਣ। ਪਤਨੀ ਪਤੀ ਨੂੰ ਕਹੇ ਕਿ ਭਾਈ ਸਾਹਿਬ ਨੂੰ ਘਰ ਸੱਦਣਾ ਹੈ। ਉਹ ਵਿਚਾਰ ਕਰਨ ਕਿ ਜਦ ਤਕ ਬਾਬਾ ਜੀ ਦਾ ਘਰ ਪ੍ਰਕਾਸ਼ ਨਾ ਹੋਵੇ ਕਿਵੇਂ ਉਨ੍ਹਾਂ ਨੂੰ ਬੁਲਾਵਾਂ। ਕਮਰਾ ਤਿਆਰ ਕਰਵਾਇਆ ਅਤੇ ਬਾਬਾ ਜੀ ਦਾ ਪ੍ਰਕਾਸ਼ ਕੀਤਾ। ਬੇਨਤੀ ਕਰ ਕੇ ਭਾਈ ਸਾਹਿਬ ਨੂੰ ਚਾਹ ਪਰ ਸੱਦਿਆ। ਭਾਈ ਸਾਹਿਬ ਆਏ ਅਤੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਪੁਛਿਆ ਕਿ ਬਾਬਾ ਜੀ ਦਾ ਕਮਰਾ ਕਿਹੜਾ ਹੈ। ਭਾਈ ਸਾਹਿਬ ਨੇ ਬਾਬਾ ਜੀ ਦੇ ਦਰਸ਼ਨ ਕੀਤੇ। ਕੁਝ ਛਕਿਆ ਅਤੇ ਦੰਪਤੀ ਨੂੰ ਅਸੀਸਾਂ ਦਿਤੀਆਂ। ਭਾਈ ਸਾਹਿਬ ਦੀ ਇਨ੍ਹਾਂ ਤੇ ਬੜੀ ਬਖਸ਼ਸ਼ ਹੋਈ।

 www.sikhbookclub.com

54. ਭਾਈ ਸ਼ੁਧ ਸਿੰਘ ਜੀ ਦੂਜੀ ਵਾਰੀ ਭਾਈ ਸਾਹਿਬ ਨੂੰ ਉਚੇਚੇ ਮਿਲਣ ਲਈ ਅੰਮ੍ਰਿਤਸਰ ਆਏ।ਉਹ ਆਪਣੇ ਨਾਲ ਇਕ ਸ਼ਹਿਦ ਦੀ ਬੋਤਲ ਵੀ ਲਿਆਏ। ਭਾਈ ਸਾਹਿਬ ਨੇ ਪੁਛਿਆ ਕਿ ਇਹ ਕੀ ਹੈ। ਭਾਈ ਸੁਧ ਸਿੰਘ ਨੇ ਦਸਿਆ ਕਿ ਇਹ ਉਨ੍ਹਾਂ ਦੇ ਪਾਸੇ ਦੀ ਸੌਗਾਤ ਹੈ। ਭਾਈ ਸਾਹਿਬ ਚੁਪ ਹੋ ਗਏ। ਉਹ ਖੁਸ਼ ਨਹੀਂ ਹੋਏ। ਭਾਈ ਸਾਹਿਬ ਨੇ ਕਿਹਾ ਕਿ ਇਸ ਨੂੰ ਯਤੀਮਖਾਨੇ ਭੇਜ ਦੇਈਏ, ਅਸੀਂ ਪਸੰਦ ਨਹੀਂ ਕਰਦੇ। ਇਸ ਤਰ੍ਹਾਂ ਭਾਈਚਾਰਾ ਬਣ ਜਾਂਦਾ ਹੈ, ਭਾਈਚਾਰਾ ਨਾ ਬਣਾਵੋ। ਨਿਰੋਲ ਸਤਿਸੰਗ ਦਾ ਪਿਆਰ ਰਖੋ। ਦਿਲ ਧੋ ਕੇ ਲਿਆਵੋ, ਦਿਲ ਸਚਾ ਸੁਚਾ ਨਾਮ ਨਾਲ ਭਰ ਕੇ ਲਿਆਵੋ, ਤਾਂ ਮੈਨੂੰ ਜ਼ਿਆਦਾ ਖੁਸ਼ੀ ਹੋਵੇਗੀ। ਇਹ ਸੁਣ ਕੇ ਭਾਈ ਸੁਧ ਸਿੰਘ ਜੀ ਉਦਾਸ ਹੋ ਗਏ। ਉਨ੍ਹਾਂ ਨੂੰ ਉਦਾਸ ਦੇਖ ਕੇ ਭਾਈ ਸਾਹਿਬ ਨੇ ਕਿਹਾ, ਉਦਾਸ ਨਾ ਹੋਵੋ, ਇਸ ਦਫਾ ਅਸੀਂ ਰਖ ਲੈਂਦੇ ਹਾਂ, ਪਰ ਅਗੋਂ ਖੇਚਲ ਨਾ ਕਰਨੀ।

55. ਮਹੰਤ ਤਖਤ ਸਿੰਘ ਕਿਸੇ ਪਿੰਡ ਕੀਰਤਨ ਕਰਨ ਗਏ ਹੋਏ ਸਨ। ਗੱਡੀ ਤੋਂ ਉਤਰ ਕੇ ਅਗੋਂ ਟਾਂਗੇ ਤੇ ਜਾਣਾ ਪੈਂਦਾ ਸੀ। ਵਾਪਸੀ ਤੇ ਟਾਂਗੇ ਤੇ ਆਏ ਅਤੇ ਟਾਂਗੇ ਵਾਲੇ ਨੇ ਰਸਤੇ ਵਿਚ ਕਿਹਾ, "ਸ੍ਰਦਾਰ ਜੀ ਮੈਂ ਰੋਟੀ ਖਾ ਲਵਾਂ।" ਇਕ ਖੂਹ ਤੇ ਉਹ ਰੋਟੀ ਖਾਣ ਲਈ ਬਹਿ ਗਿਆ।ਉਸ ਨੇ ਰੋਟੀ ਕਢੀ, ਰੋਟੀ ਮਿੱਸੀ ਸੀ ਅਤੇ ਬੜੀ ਸੋਹਣੀ ਪੱਕੀ ਹੋਈ ਸੀ। ਰੋਟੀ ਨੂੰ ਵੇਖ ਕੇ ਮਹੰਤ ਦਾ ਵੀ ਜੀਅ ਕਰੇ ਕਿ ਇਹ ਰੋਟੀ ਖਾਵਾਂ, ਉਸ ਨੇ ਐਸੀ ਮਿੱਸੀ ਰੋਟੀ ਅਗੇ ਨਹੀਂ ਦੇਖੀ ਸੀ। ਪਰ ਟਾਂਗੇ ਵਾਲਾ ਮੁਸਲਮਾਨ ਸੀ, ਜੇ ਕਰ ਹਿੰਦੂ ਹੁੰਦਾ ਤਾਂ ਉਹ ਜ਼ਰੂਰ ਰੋਟੀ ਲੈ ਕੇ ਖਾਂਦੇ। ਮਹੰਤ ਭਾਈ ਸਾਹਿਬ ਪਾਸ ਆਇਆ ਅਤੇ ਮਿੱਸੀ ਰੋਟੀ ਦੀ ਸਾਰੀ ਗੱਲ ਦੱਸੀ। ਭਾਈ ਸਾਹਿਬ ਨੇ ਕਿਹਾ ਕਿ ਅਸੀਂ ਤੁਹਾਨੂੰ ਮਿੱਸੀ ਰੋਟੀ ਖੁਆਈਏ ਤਾਂ ਤੁਹਾਨੂੰ ਉਹ ਰੋਟੀ ਭੁਲ ਜਾਵੇਗੀ। ਸ਼ਾਮ ਦੇ ਤਿੰਨ ਵਜੇ ਦਾ ਵੇਲਾ ਸੀ। ਭਾਈ ਸਾਹਿਬ ਉਪਰ ਚੌਂਕੇ ਵਿਚ ਆ ਗਏ। ਪਿਆਜ਼ ਵਗੈਰਾ ਕਟਿਆ, ਵੇਸਣ ਲਿਆ ਅਤੇ ਆਟਾ ਤਿਆਰ ਕੀਤਾ। ਤੰਦੂਰ ਵਿਚ ਬਾਲਣ ਪਵਾ ਦਿਤਾ। ਕਈ ਬੀਬੀਆਂ ਉਥੇ ਖੜੀਆਂ ਸਨ, ਪਰ ਕਿਸੇ ਨੂੰ ਵੀ ਹੱਥ ਨਾ ਲਾਉਣ ਦਿਤਾ। ਭਾਈ ਸਾਹਿਬ ਨੇ ਆਪ ਰੋਟੀ ਤੰਦੂਰ ਨਾਲ ਲਾਈ। ਚੋਪੜ ਕੇ ਸਭ ਤੋਂ ਪਹਿਲਾਂ ਮਹੰਤ ਨੂੰ ਦਿਤੀ। ਭਾਈ ਸਾਹਿਬ ਨੇ ਕਿਹਾ ਕਿ ਦਸ ਮਹੰਤਾ ਉਹੋ ਜਿਹੀ ਹੈ? ਮਹੰਤ ਹੈਰਾਨ ਹੋਵੇ ਅਤੇ ਹੱਸੇ, ਉਸ ਨੇ ਕਿਹਾ ਕਿ ਸ਼ਕਲ ਤਾਂ ਉਸ ਤੋਂ ਵੀ ਸੋਹਣੀ ਹੈ, ਸਵਾਦ ਵੀ ਕਮਾਲ ਦਾ ਹੈ। ਭਾਵੇਂ ਰੋਟੀ ਦਾ ਸਮਾਂ ਨਹੀਂ ਸੀ, ਫਿਰ ਵੀ ਸਾਰਿਆਂ ਨੇ ਇਕ ਇਕ ਰੋਟੀ ਖਾਧੀ। ਭਾਈ

 www.sikhbookclub.com

ਸਾਹਿਬ ਨੇ ਆਪ ਵੀ ਖਾਧੀ। ਬਚਪਨ ਵਿਚ ਨਾਨਾ ਜੀ ਵਲੋਂ ਦਿਤੀ ਗਈ ਸਿਖਲਾਈ ਦਾ ਇਹ ਫਲ ਸੀ।

56. ਅੰਮ੍ਰਿਤਸਰ ਵਿਚ ਸੰਤ ਮਿਸਰਾ ਸਿੰਘ ਜੀ ਨਿਰਮਲੇ ਦੇ ਡੇਰੇ ਸਾਧੂ ਭਾਈ ਸਾਹਿਬ ਦਾ ਲਿਖਿਆ ਟ੍ਰੈਕਟ "ਪ੍ਰੀਤਮ ਜੀ" ਪੜ੍ਹ ਰਹੇ ਸਨ। ਇਹ ਟ੍ਰੈਕਟ ਪੜ੍ਹ ਕੇ ਉਹ ਰੋ ਰਹੇ ਸਨ। ਸੰਤ ਮਿਸਰਾ ਸਿੰਘ ਜੀ ਦਾ ਬੜਾ ਮਸ਼ਹੂਰ ਡੇਰਾ ਹੈ, ਇਸ ਡੇਰੇ ਦੇ ਸਾਧੂ ਬੜੇ ਵਿਦਵਾਨ ਹਨ। ਸੰਤ ਮਿਸਰਾ ਸਿੰਘ ਜੀ ਬੜੇ ਨਾਮੀ ਪੁਰਸ਼ ਸਨ। ਸਾਧੂ ਇਸ ਟ੍ਰੈਕਟ ਤੋਂ ਬੜੇ ਪ੍ਰਭਾਵਤ ਹੋਏ ਤੇ ਕਹਿਣ ਲਗੇ ਕਿ ਭਾਵੇਂ ਇਸ ਟ੍ਰੈਕਟ ਤੇ ਨਾਮ ਨਹੀਂ ਲਿਖਿਆ ਪਰ ਸਾਨੂੰ ਪਤਾ ਹੈ ਕਿ ਇਹ ਕਿਸ ਨੇ ਲਿਖਿਆ ਹੈ।ਉਸ ਮਹਾਂਪੁਰਸ਼ ਦੇ ਦਰਸ਼ਨ ਕਰਨੇ ਚਾਹੀਦੇ ਹਨ। 8,10 ਸਾਧੂਆਂ ਦਾ ਟੋਲਾ ਭਾਈ ਸਾਹਿਬ ਪਾਸ ਪੁਜਾ। ਸਾਧੂਆਂ ਨੂੰ ਉਤੇ ਕਮਰੇ ਵਿਚ ਲੈ ਜਾਇਆ ਗਿਆ ਅਤੇ ਸਤਿਕਾਰ ਨਾਲ ਬਠਾਇਆ ਗਿਆ। ਸਾਧੂਆਂ ਨੇ ਦਸਿਆ ਕਿ "ਪ੍ਰੀਤਮ ਜੀ" ਟ੍ਰੈਕਟ ਪੜ੍ਹ ਕੇ ਬੜੇ ਸੁਖੀ ਹੋਏ ਹਾਂ। ਦਰਸ਼ਨ ਦਾ ਚਾਉ ਉਪਜਿਆ ਅਤੇ ਦਰਸ਼ਨਾਂ ਲਈ ਆ ਗਏ ਹਾਂ। ਅਸੀਂ ਸੁਣਦੇ ਸੀ ਕਿ ਤੁਸੀਂ ਪੰਜਾਬੀ ਦੇ ਪ੍ਰਸਿਧ ਲਿਖਾਰੀ ਹੋ, ਪਰ ਇਸ ਟ੍ਰੈਕਟ ਵਿਚ ਤਾਂ ਸੰਸਕ੍ਰਿਤ ਦੇ ਵੀ ਤੁਸੀਂ ਬੜੇ ਸ਼ਲੋਕ ਦਿਤੇ ਹਨ। ਸਾਨੂੰ ਨਹੀਂ ਪਤਾ ਸੀ ਕਿ ਤੁਸੀਂ ਸੰਸਕ੍ਰਿਤ ਦੇ ਵੀ ਪੰਡਤ ਹੋ। ਭਾਈ ਸਾਹਿਬ ਨੇ ਸਹਿਜ ਸੁਭਾ ਫੁਰਮਾਇਆ, ਕੌਣ ਸੰਸਕ੍ਰਿਤ ਦਾ ਪੰਡਤ ਹੈ। ਇਹ ਤਾਂ ਕੋਈ ਕਲਮ ਪਕੜ ਕੇ ਲਿਖਵਾਂਦਾ ਹੈ, ਤੇ ਲਿਖੀ ਜਾਂਦੇ ਹਾਂ। ਇਕ ਸਾਧੂ ਨੇ ਪੁਛਿਆ ਕਿ ਮੁਕਤੀ ਕਿਵੇਂ ਪ੍ਰਾਪਤ ਹੋਵੇ। ਭਾਈ ਸਾਹਿਬ ਨੇ ਕਿਹਾ, ਇਹ ਕੋਈ ਔਖੀ ਗੱਲ ਹੈ। ਅਸੀਂ ਛੇ ਸਾਲ ਦੇ ਸੀ, ਮਾਂ ਦੇ ਨਾਲ ਮਸਿਆ ਉਤੇ ਤਰਨ ਤਾਰਨ ਜਾ ਰਹੇ ਸੀ। ਰਸਤੇ ਵਿਚ ਇਕ ਮੰਗਤਾ ਆ ਗਿਆ। ਬੰਬੂਕਾਟ ਦੇ ਨਾਲ ਦੌੜਦਾ ਦੌੜਦਾ, ਵਾਸਤੇ ਪਾ ਕੇ ਪੈਸੇ ਮੰਗੇ। ਹੇ ਮਾਤਾ ਤੈਨੂੰ ਸ਼ਿਵ ਜੀ ਦਾ ਵਾਸਤਾ ਹੈ, ਹੇ ਮਾਤਾ ਤੈਨੂੰ ਰਾਮ ਚੰਦਰ ਦਾ ਵਾਸਤਾ ਹੈ, ਹੇ ਮਾਤਾ ਤੈਨੂੰ ਗੁਰੂ ਦਾ ਵਾਸਤਾ ਹੈ, ਪੈਸਾ ਦੇਹ। ਮਾਤਾ ਸੁਣਦੀ ਰਹੀ। ਘੋੜਾ ਦੌੜਦਾ ਰਿਹਾ। ਜਦੋਂ ਮੰਗਤੇ ਨੇ ਕਿਹਾ, ਮਾਈ ਏਸ ਬੱਚੇ ਦਾ ਵਾਸਤਾ ਈ।ਜਦੋਂ ਬੱਚੇ ਦਾ ਵਾਸਤਾ ਸੁਣਿਆ, ਮਾਤਾ ਬਿਹਬਲ ਹੋ ਗਈ। ਘਬਰਾਹਟ ਵਿਚ ਭੁਲ ਗਈ ਕਿ ਪੈਸੇ ਕਿਥੇ ਰਖੇ ਹਨ। ਬੰਬੂਕਾਟ ਵਾਲੇ ਨੂੰ ਕਿਹਾ, ਵੀਰਾ ਜ਼ਰਾ ਠਹਿਰੀਂ। ਕਾਹਲੀ ਵਿਚ ਮਾਤਾ ਨੂੰ ਅਠੰਨੀ ਮਿਲੀ ਤੇ ਮੰਗਤੇ ਨੂੰ ਸੁਟੀ। ਹੇ ਸੰਤੋ ਅਸੀਂ ਗੁਰੂ ਅੰਗਦ ਜੀ ਦਾ ਜਾਪ ਕਰਾਂਗੇ, ਉਨ੍ਹਾਂ ਦੀ ਖੁਸ਼ੀ ਲਵਾਂਗੇ। ਇਹ ਖੁਸ਼ੀ ਗੱਲ ਨਾਲ ਨਹੀਂ ਮਿਲਦੀ। ਘਾਲ, ਪਿਆਰ, ਮੁਸ਼ੱਕਤ ਨਾਲ ਮਿਲਦੀ ਹੈ। ਜਦੋਂ ਗੁਰੂ ਅੰਗਦ ਦੇਵ ਜੀ ਨੂੰ ਰੀਝਾ ਲਵਾਂਗੇ, ਤਦ ਗੁਰੂ ਅੰਗਦ ਦੇਵ

 www.sikhbookclub.com

ਜੀ ਨੂੰ ਗੁਰੂ ਨਾਨਕ ਦਾ ਵਾਸਤਾ ਪਾ ਕੇ ਮੁਕਤੀ ਮੰਗਾਂਗੇ। ਗੁਰੂ ਅੰਗਦ ਜੀ ਤਰੁਠ ਕੇ ਸਾਡੀ ਝੋਲੀ ਵਿਚ ਮੁਕਤੀ ਪਾ ਦੇਣਗੇ।

ਪਰ ਇਹ ਚੇਤੇ ਰਖਣਾ ਕਿ ਗੁਰੂ ਕਾ ਸਿਖ ਮੁਕਤੀ ਨਹੀਂ ਮੰਗਦਾ। ਬਾਣੀ ਵਿਚ ਇਸ ਦਾ ਕਈ ਥਾਂ ਵਰਨਣ ਆਇਆ ਹੈ। ਕੁਝ ਚਿਰ ਸੰਤਾਂ ਨਾਲ ਵਿਚਾਰ ਹੁੰਦੀ ਰਹੀ। ਉਹ ਬੜੀ ਖੁਸ਼ੀ ਖੁਸ਼ੀ ਸ਼ੁਕਰਾਨੇ ਕਰਦੇ ਗਏ।

57. ਇਕ ਸੱਜਣ ਭਾਈ ਸਾਹਿਬ ਨੂੰ ਮਿਲਣ ਆਇਆ। ਉਸ ਨੇ ਕਿਸੀ ਸਤਿਸੰਗੀ ਦੀ ਸ਼ਕਾਇਤ ਕੀਤੀ। ਭਾਈ ਸਾਹਿਬ ਜ਼ਰਾ ਉਦਾਸ ਹੋਏ ਅਤੇ ਫੁਰਮਾਇਆ ਕਿ ਤੁਸੀਂ ਡਰਾਇੰਗ ਰੂਮ ਵਿਚ ਬੈਠੇ ਹੋ, ਜੋ ਸੋਹਣੀਆਂ ਸੋਹਣੀਆਂ ਚੀਜ਼ਾਂ ਨਾਲ ਸਜਿਆ ਹੈ। ਤੁਸੀਂ ਇਨ੍ਹਾਂ ਨਵੀਆਂ ਨਵੀਆਂ ਚੀਜ਼ਾਂ ਸੋਹਣੇ ਢੰਗ ਨਾਲ ਰਖੀਆਂ ਨੂੰ ਦੇਖ ਕੇ ਖੁਸ਼ ਕਿਉਂ ਨਹੀਂ ਹੁੰਦੇ। ਤੁਸੀਂ (Lavatory) ਟੱਟੀ ਵਲ ਕਿਉਂ ਜਾਂਦੇ ਹੋ। ਉਹ ਤਾਂ ਜ਼ਰੂਰ ਗੰਦੀ ਹੋਵੇਗੀ। ਤੁਸੀਂ ਉਧਰ ਧਿਆਨ ਹੀ ਕਿਉਂ ਕਰਦੇ ਹੋ। ਇਸੀ ਤਰ੍ਹਾਂ ਕੌਣ ਬੰਦਾ ਪੂਰਾ ਹੈ। ਹਰ ਇਕ ਵਿਚ ਕੋਈ ਨਾ ਕੋਈ ਕਮਜ਼ੋਰੀ ਜ਼ਰੂਰ ਹੋਵੇਗੀ। ਤੁਸੀਂ ਗੁਣ ਦੇਖੋ। ਉਹ ਸੱਜਣ ਸ਼ਰਮਿੰਦਾ ਹੋ ਕੇ ਗਿਆ।

58. ਭਾਈ ਸਾਹਿਬ ਜੀ ਦੇ ਪ੍ਰੇਮੀ ਉਨ੍ਹਾਂ ਨੂੰ ਆਪਣਾ ਦਸਵੰਧ ਭੇਜਦੇ ਕਿ ਇਸ ਨੂੰ ਕਿਸੇ ਸ਼ੁਭ ਕੰਮ ਤੇ ਖਰਚ ਕਰ ਦੇਵੋ। ਇਕ ਦਿਨ ਭਾਈ ਸਾਹਿਬ ਨੇ ਕਿਹਾ ਕਿ ਖੂਹ ਗਿੜਦਾ ਹੈ, ਟਿੰਡਾਂ ਦੀ ਰਾਹੀਂ ਪਾਣੀ ਨਿਸਾਰ ਵਿਚ ਜਾਂਦਾ ਹੈ। ਅਗੋਂ ਨਿਸਾਰ ਆਪਣੇ ਪਾਸ ਕੁਝ ਨਹੀਂ ਰਖਦੀ ਆਡਾਂ ਦੀ ਰਾਹੀਂ ਖੇਤਾਂ ਵਿਚ ਭੇਜ ਦਿੰਦੀ ਹੈ। ਮਗਰ ਫਿਰ ਵੀ ਨਿਸਾਰ ਦੇ ਅੰਦਰ ਜੰਗਾਲ, ਸਾਵਲ ਲਗ ਜਾਂਦੀ ਹੈ। ਇਸੀ ਤਰ੍ਹਾਂ ਅਸੀਂ ਲੋਕਾਂ ਦੀਆਂ ਦਿਤੀਆਂ ਰਕਮਾਂ ਸ਼ੁਭ ਕੰਮਾਂ ਨੂੰ ਭੇਜ ਦੇਂਦੇ ਹਾਂ। ਕਈ ਵਾਰੀ ਮਨੀਆਰਡਰ ਫੀਸ ਵੀ ਪਾਸੋਂ ਦੇਣੀ ਪੈਂਦੀ ਹੈ। ਮਗਰ ਫਿਰ ਵੀ ਮਨ ਨੂੰ ਜੰਗਾਲ ਲਗ ਜਾਂਦਾ ਹੈ।

59. ਇਸ ਪੁਸਤਕ ਦੇ ਲੇਖਕ ਦੇ ਪਿਤਾ ਜੀ ਦੀ ਭੂਆ ਸੀ।ਉਸ ਦਾ ਨਾਮ ਹਰਿ ਦਿਤੀ ਸੀ। ਉਸ ਦੀ ਸ਼ਾਦੀ ਰਾਏ ਬਹਾਦਰ ਝਾਂਗੀ ਰਾਮ P.C.S. ਨਾਲ ਹੋਈ। 1910-11 ਵਿਚ ਲਾਹੌਰ ਵਿਚ ਦੇਵ ਸਮਾਜ ਦਾ ਬੜਾ ਜ਼ੋਰ ਸੀ। ਲਾਹੌਰ ਦੀ ਬਰਾਂਚ ਦਾ ਇਨਚਾਰਜ ਝਾਂਗੀ ਰਾਮ ਸੀ। ਇਹ ਦੋਵੇਂ ਪਤੀ ਪਤਨੀ ਦੇਵ ਸਮਾਜ ਦਾ ਬੜਾ

ਪ੍ਰਚਾਰ ਕਰਦੇ। ਲੈਕਚਰ ਦੇਂਦੇ। ਸੈਂਕੜੇ ਆਦਮੀਆਂ ਨੂੰ ਉਨ੍ਹਾਂ ਨੇ ਦੇਵ ਸਮਾਜੀ ਬਣਾਇਆ ਹੋਵੇਗਾ। ਦੇਵ ਸਮਾਜੀ ਨਾਸਤਕ ਹੁੰਦੇ ਹਨ। ਰੱਬ ਨੂੰ ਨਹੀਂ ਮੰਨਦੇ। ਜਵਾਨ ਲੜਕੇ ਉਨ੍ਹਾਂ ਦੇ ਢਾਹੇ ਚੜ੍ਹ ਜਾਂਦੇ ਅਤੇ ਨਾਸਤਕ ਹੋ ਜਾਂਦੇ। ਉਨ੍ਹਾਂ ਦਿਨਾਂ ਵਿਚ ਭਾਈ ਸਾਹਿਬ ਜੀ ਨੇ "ਖਾਲਸਾ ਸਮਾਚਾਰ" ਵਿਚ ਦੇਵ ਸਮਾਜ ਵਿਰੁਧ ਦਰਜਨਾਂ ਲੇਖ ਲਿਖੇ ਤਾਂ ਜੋ ਘਟੋ ਘਟ ਸਿੱਖ ਤਾਂ ਇਸ ਹੜ੍ਹ ਤੋਂ ਬਚ ਜਾਣ। ਫਿਰ ਵੀ ਕਈ ਸਿੱਖ ਦੇਵ ਸਮਾਜੀ ਹੋ ਗਏ। ਰਾਏ ਬਹਾਦਰ ਝਾਂਗੀ ਰਾਮ ਅਮੀਰ ਆਦਮੀ ਸਨ। ਸਮਾਂ ਗੁਜ਼ਰਦਾ ਗਿਆ। ਇਨ੍ਹਾਂ ਦੀਆਂ ਤਿੰਨ ਲੜਕੀਆਂ ਬੜੇ ਅਮੀਰਾਂ ਦੇ ਘਰ ਵਿਆਹੀਆਂ ਗਈਆਂ। ਦੇਸ਼ ਦੀ ਵੰਡ ਹੋ ਗਈ। ਘਰ ਬਾਰ ਜਾਇਦਾਦ ਉਥੇ ਹੀ ਰਹਿ ਗਏ। ਮੇਰੀ ਬਦਲੀ ਦਿੱਲੀ ਹੋ ਗਈ ਅਤੇ ਮੈਂ ਦਿੱਲੀ ਛਾਵਣੀ ਵਿਚ ਰਹਿੰਦਾ ਸੀ। ਮੈਂ ਤੁਗ਼ਲਕਆਬਾਦ (ਦਿੱਲੀ ਦੇ ਨੇੜੇ) ਇਕ ਕੈਂਪ ਉਪਰ ਗਿਆ ਸੀ। ਉਥੇ ਲੜਕੀਆਂ ਦਾ ਸਕੂਲ ਦੇਖਿਆ। ਪਿੰਡਾਂ ਦੀਆਂ ਲੜਕੀਆਂ ਪੜ੍ਹਦੀਆਂ ਸਨ। ਅੰਦਰ ਚਲੇ ਗਏ। ਪਤਾ ਚਲਿਆ ਕਿ ਉਥੇ ਇਕ ਬਿਰਧ ਮਾਤਾ ਅਤੇ ਉਸ ਦੀ ਇਕ ਲੜਕੀ ਪੜ੍ਹਾਉਂਦੀਆਂ ਹਨ। ਪੁਛ ਕਰਨ ਤੇ ਪਤਾ ਚਲਿਆ ਕਿ ਉਹ ਬੁਢੀ ਮੇਰੇ ਪਿਤਾ ਜੀ ਦੀ ਭੂਆ ਸੀ। ਲਾਹੌਰ ਦੀ ਅਮੀਰੀ ਦੇਸ਼ ਦੀ ਵੰਡ ਨੇ ਖਤਮ ਕਰ ਦਿਤੀ ਸੀ। ਮੈਂ ਭੂਆ ਜੀ ਨੂੰ ਆਪਣੇ ਘਰ ਲੈ ਗਿਆ। 80 ਸਾਲ ਦੇ ਲਗ ਪਗ ਉਨ੍ਹਾਂ ਦੀ ਆਯੂ ਸੀ। ਵੇਲਾ ਦੇਖ ਕੇ ਮੈਂ ਉਨ੍ਹਾਂ ਨੂੰ "ਅਸ਼ਟ ਗੁਰ ਚਮਤਕਾਰ" ਪੜ੍ਹਨ ਨੂੰ ਦਿਤਾ। ਉਹ ਉਸ ਨੂੰ ਪੜ੍ਹਦੇ ਅਤੇ ਰੋਂਦੇ। ਗੱਲ ਬਾਤ ਹਿੰਦੀ ਵਿਚ ਕਰਦੇ ਸਨ। ਯੇ ਕਿਸ ਨੇ ਲਿਖਾ ਹੈ, ਕੌਨ ਹੈ, ਕਹਾਂ ਹੈ, ਸਰੀਰ ਮੇਂ ਹੈ, ਉਨ੍ਹਾਂ ਨੇ ਕਈ ਸਵਾਲ ਪੁਛੇ। ਮੈਂ ਟਾਲ ਜਾਵਾਂ। ਜਦੋਂ ਇਹ ਪੜ੍ਹ ਚੁਕੇ ਤਾਂ ਮੈਂ ਉਨ੍ਹਾਂ ਨੂੰ 'ਗੁਰੂ ਨਾਨਕ ਚਮਤਕਾਰ' ਦਿਤਾ। ਉਹ ਪੜ੍ਹਨ ਤੇ ਫਿਰ ਰੋਵਨ। ਮਿੰਨਤ ਨਾਲ ਕਹਿਣ, "ਮੁਝ ਕੋ ਦਰਸ਼ਨ ਕਰਾਉ।" ਭਾਈ ਸਾਹਿਬ ਜੀ ਦੀਆਂ ਲਿਖਤਾਂ ਨੇ ਉਨ੍ਹਾਂ ਤੇ ਬੜਾ ਡੂੰਘਾ ਪ੍ਰਭਾਵ ਪਾਇਆ। ਉਹ ਬਾਣੀ ਪੜ੍ਹਨ ਲਗ ਪਏ ਅਤੇ ਬਾਬਾ ਜੀ ਦਾ ਪਾਠ ਵੀ ਕਰਨ ਲਗ ਪਏ। ਭਾਈ ਸਾਹਿਬ ਇਕ ਵਾਰੀ ਦਿੱਲੀ ਆਏ ਹੋਏ ਸਨ ਤਾਂ ਉਨ੍ਹਾਂ ਨੇ ਦਾਸ ਦੇ ਗ੍ਰਿਹਿ ਵਿਖੇ ਵੀ ਦਰਸ਼ਨ ਦਿਤੇ। ਮੈਂ ਕੰਮ ਤੇ ਗਿਆ ਹੋਇਆ ਸੀ। ਮੇਰੀ ਪਤਨੀ ਜਸਵੰਤ ਬਾਜ਼ਾਰ ਗਏ ਹੋਏ ਸਨ। ਘਰ ਵਿਚ ਇਹ ਭੂਆ ਜੀ ਹੀ ਸਨ। ਉਨ੍ਹਾਂ ਨੇ ਭਾਈ ਸਾਹਿਬ ਨੂੰ ਇਹ ਕਹਿ ਕੇ ਅੰਦਰ ਬਿਠਾਇਆ, "ਅਭੀ ਆ ਜਾਤੇ ਹੈਂ, ਬੈਠੋ।" ਕੁਝ ਮਿੰਟ ਪਿਛੋਂ ਜਸਵੰਤ ਆ ਗਈ ਉਨ੍ਹਾਂ ਨੇ ਮੈਨੂੰ ਫ਼ੂਨ ਕੀਤੀ। ਮੈਂ O.C. ਤੋਂ ਪੁਛੇ ਬਗੈਰ ਨਹੀਂ ਆ ਸਕਦਾ ਸੀ। ਕੁਝ ਦੇਰੀ ਲਗ ਗਈ। ਜਦੋਂ ਮੈਂ ਘਰ ਪੁਜਿਆ ਤਾਂ ਉਹ ਕੇਵਲ 5 ਮਿੰਟ ਹੀ ਠਹਿਰੇ। ਪਿਛੋਂ ਮੈਂ ਭੂਆ ਜੀ ਨੂੰ ਦੱਸਿਆ, ਉਹ ਬੜੇ ਰੋਏ। "ਮੁਝ ਕੋ

 . www.sikhbookclub.com

ਬਤਾਇਆ ਨਹੀਂ, ਮੈਂ ਚਰਨ ਪਰਸਤੀ।" ਭਾਈ ਸਾਹਿਬ ਨੇ ਦੂਜੇ ਦਿਨ ਟੁਰ ਜਾਣਾ ਸੀ। ਭੂਆ ਜੀ ਦਾ ਜੀਵਨ ਪਲਟਦਾ ਗਿਆ। ਜਦੋਂ ਮੈਂ ਅੰਮ੍ਰਿਤਸਰ ਗਿਆ ਤਾਂ ਉਨ੍ਹਾਂ ਨਾਲ ਸਾਰਾ ਜ਼ਿਕਰ ਕੀਤਾ। ਭਾਈ ਸਾਹਿਬ ਦੇ ਨੇਤਰਾਂ ਵਿਚੋਂ ਛੰਮਾਂ ਛੰਮ ਆਂਸੂ ਗਿਰਨ ਲਗ ਪਏ। ਉਹ ਕਿਸੇ ਸ਼ੁਕਰ ਵਿਚ ਚਲੇ ਗਏ। ਬਚਨ ਕੀਤਾ ਕਿ ਦੁਸ਼ਮਨ ਦੇ ਕੈਂਪ ਦੀ ਇਕ ਬਾਹੀ ਗੁਰੂ ਮਿਹਰ ਸਦਕਾ ਗਿਰ ਗਈ। ਉਹ ਇਤਨੇ ਪ੍ਰਸੰਨ ਹੋਏ ਕਿ ਮੈਂ ਹੈਰਾਨ ਹੋ ਗਿਆ। ਪਿਛੋਂ ਮੇਰੀ ਬਦਲੀ ਮੇਰਠ ਹੋ ਗਈ। ਮੈਂ ਭੂਆ ਜੀ ਨੂੰ ਨਾਲ ਲੈ ਗਿਆ। ਭਾਈ ਸਾਹਿਬ ਜੀ ਡੇਹਰੇ ਜਾਂਦਿਆਂ ਸਾਡੇ ਪਾਸ ਆਏ। ਮੈਂ ਭੂਆ ਜੀ ਨੂੰ ਆਪਦੇ ਪਾਸ ਲੈ ਗਿਆ। ਜਾਣ-ਪਛਾਣ ਕਰਵਾਈ। ਬ੍ਰਿਧ ਭੂਆ ਭਾਈ ਸਾਹਿਬ ਜੀ ਦੇ ਚਰਨਾਂ ਉਪਰ ਢਹਿ ਪਈ। ਉਹ ਬੜੀ ਰੋਈ। ਪੁਛਣ ਲਗੀ, "ਯੇ ਕੈਸੇ ਲਿਖਤੇ ਹੋ, ਕੌਨ ਲਿਖਾਤਾ ਹੈ।" ਭਾਈ ਸਾਹਿਬ ਨੇ ਪਿਆਰ ਕੀਤਾ। ਸੀਸ ਉਪਰ ਹੱਥ ਰਖਿਆ, ਕੁਝ ਬਚਨ ਕੀਤੇ। ਭੂਆ ਜੀ ਸੁਖੀ ਹੋ ਗਏ।

60. ਇਕ ਵਾਰੀ ਬੀਬੀ ਸੰਤ ਨੇ ਭਾਈ ਸਾਹਿਬ ਪਾਸ ਬੇਨਤੀ ਕੀਤੀ ਕਿ ਜਦੋਂ ਆਪ ਜੀ ਦੇ ਦਰਸ਼ਨ ਕਰ ਕੇ ਵਾਪਸ ਜਾਈਦਾ ਹੈ ਤਾਂ ਦਿਲ ਬੜਾ ਦੁਖੀ ਹੁੰਦਾ ਹੈ। ਬੜੀ ਖਿਚ ਪੈਂਦੀ ਹੈ। ਭਾਈ ਸਾਹਿਬ ਨੇ ਫੁਰਮਾਇਆ ਕਿ ਕਦੀ ਰੇਲ ਗੱਡੀ ਦੇਖੀ ਹੈ। ਇਕ ਡਬਾ ਦੂਜੇ ਡਬੇ ਨਾਲ ਜੁੜਿਆ ਨਹੀਂ ਹੁੰਦਾ। ਥੋਹੜਾ ਫਾਸਲਾ ਹੁੰਦਾ ਹੈ। ਵਿਚਕਾਰ ਚੇਨ ਹੁੰਦੀ ਹੈ। ਜੇਕਰ ਦੋਵੇਂ ਡਬੇ ਜੁੜੇ ਹੋਵਣ ਤਦੋਂ ਰੇਲ ਚੱਲ ਵੀ ਨਾ ਸਕੇ। ਏਸ ਲਈ ਥੋਹੜੀ ਵਿਥ ਪਰ ਰਹਿਣਾ ਹੀ ਸੁਖਦਾਈ ਹੈ।

61. ਭਾਈ ਸਾਹਿਬ ਦੀ ਲਾਇਬਰੇਰੀ ਨੂੰ ਇਕ ਵਾਰੀ ਅੱਗ ਲੱਗ ਗਈ ਸੀ। ਕਾਫੀ ਕਿਤਾਬਾਂ ਸੜ ਕੇ ਸਵਾਹ ਹੋ ਗਈਆਂ। ਉਨ੍ਹਾਂ ਵਿਚ ਕਈ ਹੱਥ ਲਿਖਤਾਂ ਅਤੇ ਕਈ ਦੁਰਲਭ ਪੁਸਤਕਾਂ ਸਨ। ਭਾਈ ਸਾਹਿਬ ਉਸ ਸਮੇਂ ਕਸੌਲੀ ਸਨ। ਭਾਈ ਸਾਹਿਬ ਨੂੰ ਭਾਈ ਮਹਾਂ ਸਿੰਘ ਨੇ ਉਦਾਸੀ ਭਰੀ ਚਿੱਠੀ ਲਿਖੀ। ਭਾਈ ਸਾਹਿਬ ਨੇ ਪੱਤ੍ਰ ਪੜ੍ਹਿਆ ਅਤੇ ਕਿਸੇ ਨਾਲ ਉਸ ਦਾ ਜ਼ਿਕਰ ਤਕ ਵੀ ਨਹੀਂ ਕੀਤਾ। ਨਾ ਹੀ ਕਿਸੇ ਨੇ ਆਪ ਨੂੰ ਉਦਾਸ ਦੇਖਿਆ। ਭਾਈ ਸਾਹਿਬ ਨੇ ਭਾਈ ਮਹਾਂ ਸਿੰਘ ਨੂੰ ਚਿਠੀ ਦਾ ਉੱਤਰ ਦਿਤਾ, ਜਿਸ ਵਿਚ ਕੇਵਲ ਗੁਰਬਾਣੀ ਦੀ ਇਹ ਤੁਕ ਹੀ ਸੀ।

*"ਮੀਤੁ ਕਰੈ ਸੋਈ ਹਮ ਮਾਨਾ॥*
*ਮੀਤ ਕੇ ਕਰਤਬ ਕੁਸਲ ਸਮਾਨਾ॥"*

ਬੀਬੀ ਬੀਨਾ ਜੀ ਉਸ ਸਮੇਂ ਉਥੇ ਸਨ। ਭਾਈ ਸਾਹਿਬ ਨੇ ਉਹ ਚਿੱਠੀ ਬੀਬੀ ਨੂੰ ਡਾਕ ਵਿਚ ਪਾਉਣ ਲਈ ਦਿਤੀ। ਜਦੋਂ ਉਸ ਨੇ ਪੜ੍ਹੀ ਤਾਂ ਉਹ ਹੈਰਾਨ ਕਿ ਇਹ ਕਿਸ ਗੱਲ ਦਾ ਉੱਤਰ ਹੈ। ਬੀਬੀ ਨੂੰ ਪੁਛਣ ਦੀ ਹਿੰਮਤ ਨਹੀਂ ਸੀ। ਜਦੋਂ ਭਾਈ ਸਾਹਿਬ ਆਰਾਮ ਕਰਨ ਲਈ ਗਏ, ਤਦੋਂ ਬੀਬੀ ਨੇ ਭਾਈ ਮਹਾਂ ਸਿੰਘ ਦੀ ਚਿਠੀ ਮੇਜ਼ ਉਤੇ ਪਈ ਵੇਖੀ ਅਤੇ ਉਸ ਨੂੰ ਪੜ੍ਹਿਆ। ਉਹ ਚਿਠੀ ਪੜ੍ਹ ਕੇ ਉਦਾਸ ਹੋਈ ਅਤੇ ਰੋਂਦੀ ਰਹੀ। ਜਦੋਂ ਭਾਈ ਸਾਹਿਬ ਆਰਾਮ ਕਰ ਕੇ ਉਠੇ ਤਾਂ ਬੀਬੀ ਦੀ ਉਦਾਸੀ ਦਾ ਕਾਰਨ ਪੁਛਿਆ। ਬੀਬੀ ਦੇ ਦੱਸਣ ਉਤੇ ਭਾਈ ਸਾਹਿਬ ਨੇ ਕਿਹਾ ਕਿ ਕੀ ਮੇਰਾ ਉੱਤਰ ਪੜ੍ਹ ਕੇ ਵੀ ਉਦਾਸੀ ਦੀ ਗੁੰਜਾਇਸ਼ ਹੈ। ਇਹ ਸੁਣ ਕੇ ਸਾਰੇ ਹੈਰਾਨ ਰਹਿ ਗਏ।

62. ਇਕ ਵਾਰ ਭਾਈ ਸਾਹਿਬ ਨੇ ਬੀਬੀ ਬੀਨਾਂ ਨੂੰ ਇਹ ਗੱਲ ਸੁਣਾਈ :

"ਕੋਈ ਸੰਤ ਸਨ ਜੋ ਹਰਿਦਵਾਰ ਜਾਂ ਰਿਸ਼ੀ ਕੇਸ਼ ਰਹਿੰਦੇ ਸਨ। ਜਦੋਂ ਉਹ ਗੰਗਾ ਇਸ਼ਨਾਨ ਕਰਕੇ ਆਉਂਦੇ ਅਤੇ ਬਾਜ਼ਾਰ ਵਿਚੋਂ ਲੰਘਦੇ ਤਾਂ ਇਕ ਦਰਜ਼ੀ ਆਪਣੀ ਦੁਕਾਨ ਤੋਂ ਨਿਕਲ ਕੇ ਉਨ੍ਹਾਂ ਉਪਰ ਥੁਕ ਦੇਂਦਾ। ਸੰਤ ਚੁਪ ਕਰਕੇ ਫਿਰ ਗੰਗਾ ਦਾ ਇਸ਼ਨਾਨ ਕਰਨ ਚਲੇ ਜਾਂਦੇ। ਇਸ਼ਨਾਨ ਕਰ ਕੇ ਵਾਪਸ ਘਰ ਜਾਂਦੇ। ਦੋ ਦਿਨ ਇਵੇਂ ਹੀ ਕੀਤਾ। ਅਗਲੇ ਦਿਨ ਦੋ ਵਾਰੀ ਥੁਕ ਸੁਟਿਆ, ਉਹ ਬਿਨਾਂ ਬੋਲੇ ਫਿਰ ਇਸ਼ਨਾਨ ਕਰਨ ਚਲੇ ਗਏ। ਦਰਜ਼ੀ ਨੂੰ ਕੁਝ ਵੀ ਨਹੀਂ ਕਿਹਾ। ਦਰਜ਼ੀ ਵੀ ਹੈਰਾਨ ਸੀ ਅਤੇ ਕਹਿਣ ਲੱਗਾ ਕਿ ਇਹ ਵੀ ਅਜੀਬ ਆਦਮੀ ਹੈ। ਉਸ ਮੂਰਖ ਦਰਜ਼ੀ ਨੇ ਕਿਹਾ ਕਿ ਅੱਜ ਇਸ ਨੂੰ ਖੂਬ ਤੰਗ ਕਰਨਾ ਹੈ। ਸੰਤ ਜਿਤਨੀ ਵਾਰ ਇਸ਼ਨਾਨ ਕਰ ਕੇ ਆਉਂਦੇ ਉਹ ਉਨ੍ਹਾਂ ਪਰ ਥੁਕ ਸੁਟ ਦੇਂਦਾ। ਸੰਤ ਜੀ ਚੁਪ ਕਿਸੇ ਰੰਗ ਵਿਚ ਰੱਤੇ ਕਈ ਵਾਰੀ ਇਸ਼ਨਾਨ ਕਰਨ ਗਏ। ਉਸ ਅਕਾਲ ਪੁਰਖ ਦੇ ਚੋਜ ਜੋ ਦਰਜ਼ੀ ਦਾ ਮੂੰਹ ਸੁਕ ਗਿਆ। ਕੋਸ਼ਸ਼ ਕਰਨ ਤੇ ਵੀ ਥੁਕ ਨਾ ਆਵੇ। ਜੀਭ ਲੱਕੜ ਵਾਂਗ ਹੋ ਗਈ। ਉਹ ਸੰਤਾਂ ਦੇ ਚਰਨਾਂ ਉਪਰ ਡਿਗ ਪਿਆ ਅਤੇ ਬੇਨਤੀ ਕੀਤੀ ਕਿ ਦੱਸੋ ਮੈਂ ਆਪ ਨੂੰ ਬਿਨਾ ਕਾਰਨ ਦੇ ਬੜਾ ਤੰਗ ਕੀਤਾ ਹੈ ਪਰ ਤੁਸੀਂ ਮੂੰਹ ਤੋਂ ਬੋਲੇ ਵੀ ਨਹੀਂ। ਮੈਨੂੰ ਬੁਰਾ ਨਹੀਂ ਕਿਹਾ, ਮਨ੍ਹਾਂ ਨਹੀਂ ਕੀਤਾ। ਅੱਜ ਰਬ ਦੇ ਰੰਗ ਮੇਰਾ ਮੂੰਹ ਬਿਲਕੁਲ ਸੁਕ ਗਿਆ ਹੈ। ਕੋਸ਼ਿਸ਼ ਕਰਦਾ ਵੀ ਹਾਂ ਤਾਂ ਵੀ ਥੁਕ ਪੈਦਾ ਨਹੀਂ ਹੁੰਦਾ। ਸੰਤਾਂ ਨੇ ਉੱਤਰ ਦਿਤਾ, ਸਾਨੂੰ ਭਰੋਸਾ ਸੀ ਕਿ ਨੇਕੀ ਦਾ ਅੰਤ ਨਹੀਂ, ਬਦੀ ਦਾ ਅੰਤ ਹੈ। ਹੁਣ ਤੂੰ ਆਪ ਦੇਖ, ਸਾਡੇ ਸਬਰ ਨੂੰ ਫਲ ਲੱਗਾ ਹੈ। ਬਦੀ ਦਾ ਅੰਤ ਹੋ ਗਿਆ ਹੈ। ਉਹ ਦਰਜ਼ੀ ਰੋਇਆ ਅਤੇ ਸੰਤਾਂ ਦੇ ਚਰਨਾਂ ਤੇ ਡਿਗ ਪਿਆ। ਉਸ ਨੇ ਕਿਹਾ ਕਿ ਬਖਸ਼ ਲਵੋ ਅਤੇ ਚਰਨੀ ਲਾ ਲਵੋ।

ਭਾਈ ਸਾਹਿਬ ਦੇ ਜੀਵਨ ਦਾ ਤਜਰਬਾ ਹੈ ਕਿ ਨੇਕੀ ਦਾ ਅੰਤ ਨਹੀਂ, ਪਰ ਬਦੀ ਦਾ ਅੰਤ ਹੈ। ਪਰ ਬਰਦਾਸ਼ਤ ਕਰਨਾ ਬੜਾ ਔਖਾ ਹੈ। ਜਿਸ ਉਪਰ ਮਿਹਰ ਹੋਵੇ, ਉਹ ਹੀ ਬਰਦਾਸ਼ਤ ਕਰ ਸਕਦਾ ਹੈ।

63. ਬੜੀ ਦੇਰ ਦੀ ਗੱਲ ਹੈ ਕਿ ਮਾਡਰਨ ਰੀਵੀਊ ਕਲਕੱਤਾ ਵਿਚ ਇਕ ਚਿਠੀ ਛਪੀ ਕਿ ਪ੍ਰੋ: ਪੂਰਨ ਸਿੰਘ ਪਾਸੋਂ ਭਾਈ ਸਾਹਿਬ ਜੀ ਨੂੰ Inspiration ਮਿਲਦਾ ਹੈ ਤਦੋਂ ਭਾਈ ਸਾਹਿਬ ਕਵਿਤਾ ਲਿਖਦੇ ਹਨ। ਪ੍ਰੋ: ਸਾਹਿਬ ਤਾਂ ਗੁਜ਼ਰ ਚੁਕੇ ਸਨ, ਪਰ ਭਾਈ ਸਾਹਿਬ ਦਾ ਸਰੀਰ ਸੀ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਿਨ੍ਹਾਂ ਦਿਨਾਂ ਵਿਚ ਅਭਿਨੰਦਨ ਗ੍ਰੰਥ ਲਿਖਿਆ ਜਾ ਰਿਹਾ ਸੀ। ਜੋ ਕਮੇਟੀ ਇਸ ਗ੍ਰੰਥ ਲਈ ਬਣੀ ਹੋਈ ਸੀ, ਉਸ ਨੇ ਇਸ ਮਾਡਰਨ ਰੀਵੀਊ ਦੇ ਲੇਖ ਬਾਰੇ ਵੀਚਾਰ ਕੀਤੀ। ਇਹ ਫੈਸਲਾ ਕੀਤਾ ਗਿਆ ਕਿ ਪ੍ਰੋ: ਸਾਹਿਬ ਦੀ ਸੁਪਤਨੀ ਬੀਬੀ ਮਾਇਆ ਜੀ ਅਤੇ ਉਨ੍ਹਾਂ ਦੇ ਲੜਕੇ ਮਦਨ ਮੋਹਨ ਸਿੰਘ ਨੂੰ ਚਿਠੀਆਂ ਲਿਖੀਆਂ ਜਾਣ ਤਾਂ ਜੋ ਉਹ ਮਾਡਰਨ ਰੀਵੀਊ ਦੇ ਲੇਖ ਦੀ ਤਰਦੀਦ ਕਰਨ। ਪਰ ਉਨ੍ਹਾਂ ਵਲੋਂ ਕੋਈ ਉੱਤਰ ਨਾ ਆਇਆ। ਪਿਛਲੇ ਸਮੇਂ, ਇਕ ਵਾਰੀ ਦੀ ਗੱਲ ਹੈ ਕਿ ਭਾਈ ਸਾਹਿਬ ਆਪਣੇ ਕਮਰੇ ਵਿਚ ਬੈਠੇ ਸਨ ਅਤੇ ਪ੍ਰੋ: ਸਾਹਿਬ ਵੀ ਉਨ੍ਹਾਂ ਪਾਸ ਸਨ। ਭਾਈ ਸਾਹਿਬ ਨੇ ਪ੍ਰੋ: ਸਾਹਿਬ ਨੂੰ ਕਿਹਾ ਕਿ ਪੂਰਨ ਸਿੰਘ ਜੀ ਲੋਕੀ ਆਖਦੇ ਹਨ ਕਿ ਜਦੋਂ ਪੂਰਨ ਸਿੰਘ ਭਾਈ ਸਾਹਿਬ ਪਾਸ ਆਵੇ, ਉਸ ਦੇ ਪਾਸੋਂ ਇਨਸਪਾਇਰੇਸ਼ਨ ਮਿਲਦਾ ਹੈ, ਤਦੋਂ ਕਵਿਤਾ ਲਿਖਦੇ ਹਨ। ਇਹ ਸੁਣ ਕੇ ਪ੍ਰੋ: ਸਾਹਿਬ ਰੋ ਪਏ। ਉਠ ਕੇ ਆਪ ਦਰਵਾਜ਼ੇ ਅਗੇ ਜੋ ਪਾਇਦਾਨ ਪਿਆ ਸੀ, ਉਹ ਚੁਕ ਕੇ ਉਥੋਂ ਮਿਟੀ ਦੀ ਚੂੰਢੀ ਭਰ ਕੇ ਲੈ ਆਏ। ਆਪਣੀ ਤਲੀ ਉਤੇ ਉਹ ਮਿਟੀ ਰਖ ਕੇ ਰੋਂਦਿਆਂ ਬਿਨੈ ਕੀਤੀ ਕਿ ਮੈਂ ਤਾਂ ਇਸ ਦਰ ਦੀ ਮਿਟੀ ਯੋਗ ਵੀ ਨਹੀਂ ਹਾਂ। ਲੋਕਾਂ ਨੂੰ ਕੀ ਪਤਾ ਹੈ।* (* ਪ੍ਰੋ: ਪੂਰਨ ਸਿੰਘ ਜੀ ਦੇ ਆਪਣੇ ਖਿਆਲ ਪੜਨੇ ਹੋਣ ਤਾਂ ਦੇਖੋ ਪੱਨਾ 84-88)

64. ਇਕ ਵਾਰੀ ਇਸ ਪੁਸਤਕ ਦਾ ਲੇਖਕ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਗਿਆ। ਸਰਦੀ ਦਾ ਮੌਸਮ ਸੀ। ਭਾਈ ਸਾਹਿਬ ਗੋਲ ਕਮਰੇ ਵਿਚ ਬੈਠੇ ਸਨ ਅਤੇ ਅੰਦਰ ਅੰਗੀਠੀ ਬਲ ਰਹੀ ਸੀ। ਭਾਈ ਸਾਹਿਬ ਨੇ ਗੋਦੇ ਨੂੰ ਕਿਹਾ ਕਿ ਉਹ ਹਾਰਮੋਨੀਅਮ ਲੈ ਆਏ। ਵਾਜਾ ਆ ਗਿਆ ਤਾਂ ਭਾਈ ਸਾਹਿਬ ਨੇ ਮੈਨੂੰ ਹੁਕਮ ਕੀਤਾ ਕਿ ਕੋਈ ਸ਼ਬਦ ਸੁਣਾਉ। ਮੈਂ ਕਿਦਾਰਾ ਰਾਗ ਵਿਚ 'ਪ੍ਰੀਤਮੁ ਦੇਹੁ ਮਿਲਾਈ ਮਾਈ ਮੋਹਿ ਪ੍ਰੀਤਮ

ਦੇਹੁ ਮਿਲਾਈ, ਪ੍ਰੀਤਮ ਦੇਹੁ ਮਿਲਾਈ" ਸ਼ਬਦ ਪੜ੍ਹਨਾ ਸ਼ੁਰੂ ਕੀਤਾ। ਭਾਈ ਸਾਹਿਬ ਨੇ ਬੱਤੀਆਂ ਬੁਝਾ ਦਿਤੀਆਂ। ਮੈਂ ਵਾਜਾ ਬੜਾ ਧੀਮਾ ਰਖ ਕੇ ਧੀਮੀ ਆਵਾਜ਼ ਵਿਚ 10, 15 ਵਾਰੀ ਇਹਾ ਤੁਕ 'ਪ੍ਰੀਤਮ ਦੇਹੁ ਮਿਲਾਈ' ਪੜ੍ਹੀ। ਕਦੀ ਇਹ ਵੀ ਪੜ੍ਹਿਆ 'ਸਗਲ ਸਹੇਲੀ ਸੁਖ ਭਰਿ ਸੂਤੀ ਜਿਹ ਘਰਿ ਲਾਲੁ ਬਸਾਈ। ਪ੍ਰੀਤਮ ਦੇਹੁ ਮਿਲਾਈ ਮੇਰੀ ਮਾਈ ਪ੍ਰੀਤਮ ਦੇਹੁ ਮੈਂ ਜੀ ਮਿਲਾਈ।' ਮੈਨੂੰ ਵੀ ਸਵਾਦ ਆ ਗਿਆ। ਪ੍ਰੇਮ ਨਾਲ ਪੜ੍ਹਦਾ ਰਿਹਾ। ਜਿਸ ਸਮੇਂ ਮੈਂ ਸ਼ਬਦ ਸ਼ੁਰੂ ਕੀਤਾ ਸੀ, ਉਸ ਵੇਲੇ ਹੋਰ ਕੋਈ ਅੰਦਰ ਨਹੀਂ ਸੀ। ਭਾਈ ਸਾਹਿਬ ਸ਼ਬਦ ਵਿਚ ਜੁੜ ਗਏ ਅਤੇ ਮੈਂ ਵੀ ਹੌਲੀ ਹੌਲੀ ਟੂੰ ਟੂੰ ਕਰਦਾ ਰਿਹਾ। ਸ਼ਬਦ ਸੱਤ ਵਜੇ ਸ਼ੁਰੂ ਹੋਕੇ ਸਾਢੇ **ਸੱਤ** ਵਜੇ ਸਮਾਪਤ ਹੋ ਚੁਕਾ ਸੀ, ਪਰ ਭਾਈ ਸਾਹਿਬ ਦਸ ਵਜੇ ਤਕ ਸਮਾਧੀ ਵਿਚ ਕਿਸੀ ਉਚੇ ਰੰਗ ਵਿਚ ਜੁੜੇ ਰਹੇ। ਜਦੋਂ ਨੇਤ੍ਰ ਖੋਹਲੇ, ਬੱਤੀ ਜਗਾਈ, ਦੇਖਿਆ ਦਸ ਬਜ ਚੁਕੇ ਸਨ। ਭਾਈ ਸਾਹਿਬ ਨੇ ਫੁਰਮਾਇਆ ਕਿ ਗੁਲੇਰੀਆ ਜੀ ਇਹ ਸਾਧੂਆਂ ਵਾਲੀ ਧੁਨ ਕਿਥੋਂ ਸਿਖੀ ਹੈ। ਮੈਂ ਉਤਰ ਦਿਤਾ ਕਿ ਇਸ ਦੀ ਸੋਝੀ ਆਪ ਜੀ ਦੀ ਪਾਵਨ ਸੰਗਤ ਵਿਚੋਂ ਹੋਈ ਹੈ।

65. ਦੇਸ਼ ਦੀ ਵੰਡ ਸਮੇਂ ਭਾਈ ਪ੍ਰਧਾਨ ਸਿੰਘ ਫਿਰੂਕੇ ਵਾਲਿਆਂ ਦਾ ਪ੍ਰਵਾਰ ਉਜੜ ਕੇ ਕਿਸੀ ਕੈਂਪ ਵਿਚ ਠਹਿਰੀਆ। ਸਾਰਾ ਪ੍ਰਵਾਰ ਬੜਾ ਦੁਖੀ ਅਤੇ ਉਦਾਸ ਸੀ। ਉਨ੍ਹਾਂ ਦਾ ਛੋਟਾ ਲੜਕਾ ਭਾਈ ਸਾਹਿਬ ਪਾਸ ਆਇਆ ਅਤੇ ਉਸ ਨੇ ਭਾਈ ਸਾਹਿਬ ਅਗੇ ਸਵਾਲ ਕੀਤਾ ਕਿ ਗੁਰੂ ਦੇ ਦਰ ਕੀਰਤਨ ਕਰਨ ਵਾਲਿਆਂ ਨੂੰ ਏਹ ਮੁਸੀਬਤ ਕਿਉਂ? ਜਾਣੇ ਗੁਰੂ ਕਦੋਂ ਤਕ ਕੈਂਪਾਂ ਵਿਚ ਰੁਲਣਾ ਪਵੇਗਾ? ਭਾਈ ਸਾਹਿਬ ਨੇ ਉੱਤਰ ਦਿਤਾ ਕਿ ਆਪ ਨੂੰ ਪਤਾ ਨਹੀਂ ਕਿਧਰੇ ਬੈਠਿਆਂ ਆਪ ਦੀ ਲੱਤ ਉਤੇ ਕੀੜੀਆਂ ਚੜ੍ਹ ਗਈਆਂ। ਇਕ ਕੀੜੇ ਨੇ ਆਪ ਨੂੰ ਵਢਿਆ। ਤੁਸੀਂ ਸਹਿਜ ਸੁਭਾ ਹੱਥ ਨਾਲ ਮਲਿਆ, ਤਦੋਂ ਕਈ ਕੀੜੀਆਂ ਮਰ ਗਈਆਂ। ਵਢਿਆ ਇਕ ਨੇ ਸੀ, ਪਰ ਕਈ ਮਰ ਗਈਆਂ। ਦਸੋ ਕਿਉਂ ਮਰ ਗਈਆਂ। ਤੁਸੀਂ ਮੈਨੂੰ ਇਹ ਸਵਾਲ ਕੀਤਾ ਹੈ, ਮੇਰਾ ਗੁਰੂ ਦਾਤਾ ਇਹ ਆਖਦਾ ਹੈ :-

*"ਹਰਿ ਕੀ ਗਤਿ ਨਹਿ ਕੋਊ ਜਾਨੈ॥*
*ਜੋਗੀ ਜਤੀ ਤਪੀ ਪਚਿ ਹਾਰੇ*
*ਅਰੁ ਬਹੁ ਲੋਗ ਸਿਆਨੇ॥*

ਜਦੋਂ ਗੁਰੂ ਇਹ ਕਹਿੰਦਾ ਹੈ ਤਾਂ ਭਾਣਾ ਮੰਨੋ। ਦਿਲ ਨਾ ਹਾਰੋ, ਹਿੰਮਤ ਕਰੋ। ਜਰਨੈਲ ਚਿਮਨੀ ਪਾਸ ਜਾਉ, ਮੇਰੀ ਚਿਟ ਲੈ ਜਾਉ। ਉਸ ਦੀ ਮਦਦ ਮੰਗੋ। ਲੜਕਾ

ਹੁਕਮ ਮੰਨ ਕੇ ਚਿਮਨੀ ਸਾਹਿਬ ਪਾਸ ਗਿਆ। ਭਾਈ ਸਾਹਿਬ ਵਾਲੀ ਚਿਟ ਅਤੇ ਆਪਣਾ ਕਾਰਡ ਉਸ ਨੇ ਅੰਦਰ ਭੇਜਿਆ। ਉਸ ਨੇ ਉਸ ਨੂੰ ਸੱਦ ਲਿਆ। ਜੋ ਗੱਲ ਭਾਈ ਸਾਹਿਬ ਨਾਲ ਹੋਈ ਸੀ, ਉਹ ਉਸ ਨੇ ਉਥੇ ਕਹਿ ਸੁਣਾਈ। ਜਨਰਲ ਚਿਮਨੀ ਨੇ ਕਿਹਾ ਕਿ ਕੀ ਚਾਹੁੰਦੇ ਹੋ? ਲੜਕੇ ਨੇ ਕਿਹਾ ਕਿ ਕੋਈ ਟਿਕਾਣਾ ਮਿਲ ਜਾਵੇ, ਜਿਥੇ ਬੈਠ ਜਾਈਏ। ਜਰਨੈਲ ਚਿਮਨੀ ਨੇ ਕਿਹਾ "ਦਿੱਲੀ ਨਾ ਜਾਣਾ, ਉਥੇ ਬੜੀ ਦੁਨੀਆਂ ਗਈ ਹੈ। ਉਥੇ ਠਿਕਾਣਾ ਬੜਾ ਔਖਾ ਹੈ। ਮੇਰੀ ਰਾਏ ਹੈ, ਮੇਰਠ ਜਾਉ, ਛੋਟੀ ਥਾਂ ਹੈ, ਸਸਤੀ ਵੀ ਹੈ। ਪ੍ਰਬੰਧ ਵੀ ਜਲਦੀ ਹੋ ਜਾਵੇਗਾ"। ਲੜਕਾ ਮੰਨ ਗਿਆ। ਜਰਨੈਲ ਚਿਮਨੀ ਨੇ ਉਸ ਨੂੰ ਚਿਠੀ ਦਿਤੀ। ਉਹ ਮੇਰਠ ਆ ਗਏ ਅਤੇ ਇਕ ਚੰਗਾ ਮਕਾਨ ਮਿਲ ਗਿਆ।

66. ਬੰਬਈ ਵਿਚ ਮਿਸਟਰ ਚੋਪੜਾ ਇਨਸ਼ੋਰੈਂਸ ਕੰਪਨੀ ਦੇ ਇਕ ਵਡੇ ਅਫਸਰ ਸਨ। ਉਨ੍ਹਾਂ ਦੀ ਪਤਨੀ ਭਾਈ ਸਾਹਿਬ ਦੇ ਸਤਿਸੰਗ ਵਿਚ ਆਉਣ ਲਗੀ। ਇਕ ਦਿਨ ਭਾਈ ਸਾਹਿਬ ਨੇ ਉਨ੍ਹਾਂ ਤੋਂ ਪੁਛਿਆ ਕਿ ਕੀ ਉਨ੍ਹਾਂ ਦੇ ਘਰ ਬਾਬਾ ਜੀ ਦਾ ਪ੍ਰਕਾਸ਼ ਹੁੰਦਾ ਹੈ? ਉਹ ਚੁਪ ਰਹੀ, ਬੋਲੀ ਨਹੀਂ। ਭਾਈ ਸਾਹਿਬ ਨੇ ਸਮਝਿਆ ਕਿ ਥਾਂ ਦੀ ਘਾਟ ਕਰ ਕੇ ਹਾਮੀ ਨਹੀਂ ਭਰੀ। ਭਾਈ ਸਾਹਿਬ ਉਸ ਨੂੰ ਬਾਂਹ ਤੋਂ ਪਕੜ ਕੇ ਢੋਡਾ ਰਾਮ ਜੀ ਦੇ ਘਰ ਬਾਬਾ ਜੀ ਦੇ ਕਮਰੇ ਵਿਚ ਲੈ ਗਏ। ਉਸ ਨੂੰ ਕਿਹਾ ਕਿ ਦੇਖੋ ਇਨ੍ਹਾਂ ਨੇ ਵੀ ਤਾਂ ਬਾਬਾ ਜੀ ਦੇ ਪ੍ਰਕਾਸ਼ ਲਈ ਥਾਂ ਰਖੀ ਹੋਈ ਹੈ। ਡੋਢਾ ਰਾਮ ਦਾ ਕਮਰਾ ਦੇਖ ਕੇ ਵੀ ਉਸ ਬੀਬੀ ਨੇ ਘਰ ਬਾਬਾ ਜੀ ਦਾ ਪ੍ਰਕਾਸ਼ ਕਰਨ ਦਾ ਇਕਰਾਰ ਨਾ ਕੀਤਾ। ਭਾਈ ਸਾਹਿਬ ਮਿਹਰ ਵਿਚ ਆਏ ਅਤੇ ਕਿਹਾ "ਤੁਸੀਂ ਘਰ ਬਾਬਾ ਜੀ ਦਾ ਪ੍ਰਕਾਸ਼ ਕਰੋ, ਅਸੀਂ ਉਥੇ ਆਵਾਂਗੇ।" ਬੀਬੀ ਇਹ ਸੋਚਦੀ ਸੀ ਕਿ ਉਸ ਦੇ ਘਰ ਵਾਲਾ ਲਗਾਤਾਰ ਸਿਗਰਟ (Chain Smoker) ਪੀਂਦਾ ਹੈ ਅਤੇ ਫਲੈਟ ਵੀ ਛੋਟਾ ਹੈ। ਜਦੋਂ ਉਸ ਦਾ ਪਤੀ ਸਿਗਰਟ ਪੀਂਦਾ ਹੈ ਤਾਂ ਸਾਰੇ ਘਰ ਵਿਚ ਧੂੰਆਂ ਫੈਲ ਜਾਂਦਾ ਹੈ। ਪਿਆਰੇ ਬਾਬਾ ਜੀ ਦੀ ਬੇਅਦਬੀ ਹੋਵੇਗੀ। ਉਹ ਘਰ ਵਾਲੇ ਦੀ ਸ਼ਕਾਇਤ ਵੀ ਭਾਈ ਸਾਹਿਬ ਜੀ ਪਾਸ ਨਹੀਂ ਕਰਨਾ ਚਾਹੁੰਦੀ ਸੀ, ਇਸ ਲਈ ਉਹ ਚੁਪ ਰਹੀ। ਪਰ ਭਾਈ ਸਾਹਿਬ ਦਾ ਇਹ ਬਚਨ ਕਿ, ਪ੍ਰਕਾਸ਼ ਕਰੋ ਅਸੀਂ ਆਪ ਦੇ ਘਰ ਆਵਾਂਗੇ, ਮਨ ਵਿਚ ਬੜਾ ਚਾਉ ਆਵੇ। ਉਸ ਬੀਬੀ ਨੇ ਘਰ ਵਾਲੇ ਨਾਲ ਸਲਾਹ ਕੀਤੀ ਕਿ ਪਾਰਟੀਸ਼ਨ ਪਵਾ ਦਿਉ, ਤਦੋਂ ਬਾਬਾ ਜੀ ਦਾ ਪ੍ਰਕਾਸ਼ ਕਰੀਏ। ਸਾਰਾ ਪ੍ਰਬੰਧ ਹੋ ਗਿਆ ਅਤੇ ਅੰਮ੍ਰਿਤਸਰ ਤੋਂ ਬਾਬਾ ਜੀ ਦੀ ਬੀੜ ਵੀ ਮੰਗਵਾਈ। ਕੜਾਹ ਪ੍ਰਸ਼ਾਦਿ ਕਰ ਕੇ ਪ੍ਰਕਾਸ਼ ਕੀਤਾ। ਉਹ ਬੀਬੀ ਬਾਬਾ ਜੀ ਦੇ ਕਮਰੇ ਵਿਚ ਸੀ। ਉਧਰ ਘਰ ਵਾਲਾ ਸਿਗਰਟ ਪੀ ਰਿਹਾ ਸੀ।

ਸਾਰਾ ਘਰ ਧੂੰਏਂ ਨਾਲ ਭਰ ਗਿਆ। ਬਾਬਾ ਜੀ ਦੇ ਕਮਰੇ ਵਿਚ ਵੀ ਧੂੰਆਂ ਆ ਗਿਆ ਸੀ। ਬੀਬੀ ਪ੍ਰਕਾਸ਼ ਹੋਏ ਦੀ ਖੁਸ਼ੀ ਵਿਚ ਅਰਦਾਸ ਕਰ ਰਹੀ ਸੀ, ਧੂੰਆਂ ਦੇਖ ਕੇ ਜ਼ਾਰ ਜ਼ਾਰ ਰੋਣ ਲੱਗੀ। ਗੁਰੂ ਨਾਨਕ ਦੇ ਚਰਨਾਂ ਵਿਚ ਅਰਜ਼ੋਈ ਕੀਤੀ ਕਿ ਦਾਤਾ ਜੀਉ ਬਖਸ਼ ਲਵੋ। ਦੇਖਦੀ ਹਾਂ ਕਿ ਬੇਅਦਬੀ ਹੋ ਰਹੀ ਹੈ। ਪਰ ਪਰਵੱਸ ਹਾਂ। ਬਖਸ਼ ਲਵੋ ਉਹ ਕਾਫ਼ੀ ਦੇਰ ਇਸ ਤਰ੍ਹਾਂ ਅਰਜ਼ੋਈਆਂ ਕਰਦੀ ਰਹੀ। ਰੋਂਦੀ ਰੋਂਦੀ ਜਦੋਂ ਬਾਹਰ ਆਈ, ਤਦੋਂ ਘਰ ਵਾਲੇ ਨੇ ਕਿਹਾ, "ਤੁਸੀਂ ਪ੍ਰਕਾਸ਼ ਕਰ ਕੇ ਅਰਦਾਸ ਕਰ ਰਹੇ ਸੀ, ਮੈਂ ਸਿਗਰਟ ਪੀ ਰਿਹਾ ਸੀ। ਮੈਨੂੰ ਕਿਸੀ ਦੀ ਪ੍ਰੇਰਨਾ ਦਾ ਸਦਕਾ ਖਿਆਲ ਆਇਆ ਕਿ ਇਹ ਤਾਂ ਬੇਅਦਬੀ ਹੋ ਰਹੀ ਹੈ। ਗੁਰੂ ਜੀ ਮੇਰੇ ਘਰ ਆਏ ਹਨ। ਮੈਂ ਖਿੜਕੀ ਵਿਚੋਂ ਸਿਗਰਟ ਬਾਹਰ ਸੁਟਿਆ ਤੇ ਪ੍ਰਣ ਕੀਤਾ ਕਿ ਅਗੋਂ ਤੋਂ ਸਿਗਰਟ ਨਹੀਂ ਪੀਵਾਂਗਾ। ਇਹ ਬੀਬੀ ਬੜੀ ਰੋਈ ਅਤੇ ਪਤੀ ਦੇ ਚਰਨਾਂ ਉਤੇ ਢਹਿ ਪਈ। ਉਹ ਚੁਪ ਕਰਾਵੇ ਅਤੇ ਉਹ ਹੋਰ ਰੋਵੇ। ਜੋ ਗੱਲ ਬਾਤ ਭਾਈ ਸਾਹਿਬ ਜੀ ਨਾਲ ਹੋਈ ਸੀ ਉਹ ਉਸ ਨੇ ਪਤੀ ਨੂੰ ਨਹੀਂ ਦੱਸੀ ਸੀ। ਉਸ ਦਿਨ ਵਾਲੀ ਉਹ ਸਾਰੀ ਗੱਲ ਪਤੀ ਨੂੰ ਦੱਸੀ। ਪਤਨੀ ਭਾਈ ਸਾਹਿਬ ਪਾਸ ਗਈ ਅਤੇ ਬੇਨਤੀ ਕੀਤੀ ਕਿ ਘਰ ਬਾਬਾ ਜੀ ਦਾ ਪ੍ਰਕਾਸ਼ ਹੋ ਗਿਆ ਹੈ, ਹੁਣ ਚਰਨ ਪਾਉ। ਨੀਯਤ ਸਮੇਂ ਅਤੇ ਦਿਨ ਉਤੇ ਭਾਈ ਸਾਹਿਬ ਉਸ ਦੇ ਘਰ ਗਏ। ਪਤਨੀ ਨੇ ਪਤੀ ਦੇ ਸਾਹਮਣੇ ਰੋ ਰੋ ਕੇ ਸਾਰੀ ਗੱਲ ਦਸੀ ਕਿ ਉਹ ਪ੍ਰਕਾਸ਼ ਲਈ ਕਿਉਂ ਹਾਮੀ ਨਹੀਂ ਭਰਦੀ ਸੀ। ਇਸ ਦੇ ਪਤੀ ਤੇ ਬੜਾ ਪ੍ਰਭਾਵ ਪਿਆ ਅਤੇ ਉਹ ਵੀ ਸਤਿਸੰਗੀ ਹੋ ਗਿਆ। ਇਹ ਦੋਵੇਂ ਗੁਰੂ ਦੀ ਯਾਦ ਵਾਲੇ ਹੋਏ।

67. ਇਕ ਵਾਰੀ ਮਹੰਤ ਤਖਤ ਸਿੰਘ ਰਾਗੀ ਭਾਈ ਸਾਹਿਬ ਪਾਸ ਆਏ ਅਤੇ ਉਸ ਨੇ ਦੱਸਿਆ ਕਿ ਉਹ ਕਿਸੇ ਮਜ਼ਾਰ ਪਾਸੋਂ ਲੰਘ ਰਹੇ ਸਨ। ਉਥੇ ਇਕ ਬਜ਼ਾਰੀ ਔਰਤ ਗਾ ਰਹੀ ਸੀ। ਉਹਦੀ ਤਰਜ਼ ਬਹੁਤ ਸੁੰਦਰ ਸੀ। ਉਹ ਛੁਪ ਕੇ ਖੜੇ ਰਹੇ ਅਤੇ ਸੁਣਦੇ ਰਹੇ। ਉਹ, ਉਹ ਸੁਰ ਪਕਾਉਂਦੇ ਰਹੇ। ਉਨ੍ਹਾਂ ਨੇ ਭਾਈ ਸਾਹਿਬ ਨੂੰ ਉਹੀ ਗਾਣਾ ਉਸੀ ਸੁਰ ਵਿਚ ਸੁਣਾਇਆ :-

*ਮੇਰਾ ਤਨ, ਮਨ, ਧਨ, ਇਸ ਰਾਂਝੇ ਦਾ ਮਾਲ,*
*ਰਾਂਝੇ ਦਾ ਮਾਲ ਇਸ ਰਾਂਝੇ ਦਾ ਮਾਲ।*
*ਕਾਜ਼ੀਆ ਵੇ ਕਾਹਨੂੰ ਕਰਨਾ ਹੈ ਝੇਰਾ,*
*ਕੀਹ ਖੁਸ਼ੀਆਂ ਜਿਥੇ ਗ਼ਮ ਦਾ ਡੇਰਾ।*

 www.sikhbookclub.com

*ਹੀਰ ਝੰਗ ਸਿਆਲਾਂ ਦੀ ਜੱਟੀ,*
*ਰਾਂਝੇ ਦਾ ਮਾਲ, ਇਸ ਰਾਂਝੇ ਦਾ ਮਾਲ।*

ਮਹੰਤ ਜੀ ਨੇ ਟਿਕਾਉ ਵਿਚ ਪੂਰੇ ਰਾਗ ਵਿਚ ਗਾਇਆ। ਭਾਈ ਸਾਹਿਬ ਨੂੰ ਇਹ ਸੁਰ ਚੰਗੀ ਲੱਗੀ। ਉਨ੍ਹਾਂ ਨੇ ਬੀਬੀ ਸੰਤ ਨੂੰ ਕਿਹਾ ਕਿ ਮਹੰਤ ਜੀ ਨੂੰ ਇਕ ਪਾਸੇ ਲੈ ਜਾਓ ਅਤੇ ਉਨ੍ਹਾਂ ਪਾਸੋਂ ਇਹ ਸੁਰ ਦੋ, ਚਾਰ ਵਾਰ ਸੁਣੋ, ਤੇ ਫੇਰ ਮਹੰਤ ਜੀ ਨੂੰ ਸੁਣਾਓ। ਤਾਂ ਜੋ ਪੂਰੀ ਨਕਲ ਕਰ ਸਕੋ। ਬੀਬੀ ਨੇ ਇਹ ਤਰਜ਼ ਸਿਖ ਲਈ ਅਤੇ ਭਾਈ ਸਾਹਿਬ ਨੂੰ ਕਿਹਾ ਕਿ ਮੈਂ ਨੇ ਸਿਖ ਲਈ ਹੈ ਅਤੇ ਮਹੰਤ ਜੀ ਨੂੰ ਸੁਣਾ ਦਿਤਾ ਹੈ। ਉਹ ਕਹਿੰਦੇ ਹਨ ਕਿ ਠੀਕ ਹੈ।

ਭਾਈ ਸਾਹਿਬ ਜਦੋਂ ਇਕਾਂਤ ਵਿਚ ਬੈਠੇ ਤਾਂ ਇਹ ਸੁਰ ਬੀਬੀ ਸੰਤ ਤੋਂ ਸੁਣੀ। ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਨੇੜੇ ਸੀ। ਆਪ ਗੁਰਪੁਰਬ ਲਈ ਗੀਤ ਲਿਖਣ ਦੀ ਸੋਚ ਰਹੇ ਸਨ। ਇਸੀ ਸੁਰ ਤੇ ਇਹ ਗੀਤ ਲਿਖਿਆ :-

*ਮੇਰਾ ਤਨ ਮਨ ਧਨ, ਕਲਗੀ ਵਾਲੇ ਦਾ ਮਾਲ,*
*ਕਲਗੀ ਵਾਲੇ ਦਾ ਮਾਲ ਉਸ ਸੋਹਣੇ ਦਾ ਮਾਲ।*
*ਆ ਸਤਿਗੁਰ ਹੁਣ ਪਾ ਜਾਈਂ ਫੇਰਾ,*
*ਹਾਰ ਗਈਆਂ ਨਿਤ ਕਰਦੀ ਮੈਂ ਜੇਰਾ।*
*ਮੈਂ ਜਾਸਾਂ ਨੀ ਮਾਏਂ ਆਪਣੇ ਸਤਿਗੁਰ ਦੇ ਨਾਲ,*
*ਹੋੜ ਨਾ ਮਾਏ ਦੂਣੀ ਅੱਗ ਨਾ ਬਾਲ।*
*ਮੇਰਾ ਤਨ ਮਨ ਧਨ ਕਲਗੀ ਵਾਲੇ ਦਾ ਮਾਲ।*

68. ਬੀਬੀ ਮਾਇਆ ਜੀ ਟੀਚਰ ਹੁਸ਼ਿਆਰਪੁਰ ਟ੍ਰੇਨਿੰਗ ਲੈ ਰਹੀ ਸੀ ਤਾਂ ਉਹ ਭਾਈ ਸਾਹਿਬ ਪਾਸ ਆਈ।ਭਾਈ ਸਾਹਿਬ ਜੀ ਨੇ ਪੁਛਿਆ ਕਿ ਮਾਇਆ ਨਿਤਨੇਮ ਤਾਂ ਜਾਰੀ ਹੈ। ਉਸ ਨੇ ਉਤਰ ਦਿਤਾ ਕਿ ਪੜ੍ਹਾਈ ਕਰਨੀ ਪੈਂਦੀ ਹੈ। ਇਸ ਲਈ ਸੁਖਮਨੀ ਸਾਹਿਬ ਦਾ ਪਾਠ ਨਹੀਂ ਕਰ ਸਕਦੀ। ਭਾਈ ਸਾਹਿਬ ਨੇ ਕਿਹਾ ਕਿ ਜਦੋਂ ਪਾਸ ਹੋ ਜਾਵੋਗੇ ਤਾਂ ਸੁਖਮਨੀ ਨੂੰ ਫਿਰ ਪਕੜ ਲੈਣਾ।

ਕੁਝ ਚਿਰ ਪਿਛੋਂ ਉਹ ਫਿਰ ਭਾਈ ਸਾਹਿਬ ਪਾਸ ਆਈ। ਭਾਈ ਸਾਹਿਬ ਜੀ ਨੇ ਤਦੋਂ ਫਿਰ ਉਸ ਤੋਂ ਪੁਛਿਆ ਕਿ ਨਿਤ ਨੇਮ ਪੂਰਾ ਕਰਦੇ ਹੋ। ਉਸ ਨੇ ਉਤਰ ਦਿਤਾ ਕਿ ਆਪ ਜੀ ਦੀ ਕਿਰਪਾ ਨਾਲ ਕਰਦੀ ਹਾਂ। ਆਪ ਨੇ ਪੁਛਿਆ ਕਿ ਮਾਇਆ ਬਾਣੀ ਪੜ੍ਹਦਿਆਂ ਅੰਦਰ ਕੁਝ ਹੁੰਦਾ ਹੈ। ਉਸ ਨੇ ਕਿਹਾ ਕਿ ਉਹ ਮੂਰਖ ਅੰਨਪੜ੍ਹ ਹੈ, ਕੁਝ


www.sikhbookclub.com

ਪਤਾ ਨਹੀਂ। ਇਕ ਗੱਲ ਦਾ ਪਤਾ ਹੈ ਕਿ ਸਵਾਦ ਆਉਂਦਾ ਹੈ। ਭਾਈ ਸਾਹਿਬ ਖੁਸ਼ ਹੋ ਗਏ। ਉਨ੍ਹਾਂ ਕਿਹਾ ਕਿ ਰਾਜੇ ਰਾਜ ਭਾਗ ਹੀਰੇ ਮੋਤੀ ਛੱਡ ਕੇ ਇਸ ਸਵਾਦ ਦੀ ਖਾਤਰ ਜੰਗਲਾਂ ਵਿਚ ਚਲੇ ਜਾਂਦੇ ਹਨ, ਫਿਰ ਵੀ ਇਹ ਸਵਾਦ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦਾ ਹੈ। ਤੁਸੀਂ ਕਿਤਨੇ ਭਾਗਾਂ ਵਾਲੇ ਹੋ ਕਿ ਤੁਹਾਨੂੰ ਬਾਣੀ ਵਿਚੋਂ ਸਵਾਦ ਆਉਂਦਾ ਹੈ।

69. ਸ: ਹਰਬੰਸ ਸਿੰਘ ਅਟਾਰੀ ਵਾਲੇ ਭਾਈ ਸਾਹਿਬ ਦੇ ਮਿੱਤਰ ਸਨ। ਉਹ ਭਾਈ ਸਾਹਿਬ ਨੂੰ ਮਿਲਣ ਆਏ। ਇਹ ਖੁਲ੍ਹੇ ਡੁਲ੍ਹੇ ਆਦਮੀ ਸਨ। ਭਾਈ ਸਾਹਿਬ ਨੂੰ ਪਿਆਰ ਨਾਲ ਜੱਫੀ ਪਾ ਲਈ। ਕਹਿਣ ਲਗੇ, "ਭਾਈ ਸਾਹਿਬ ਜੀ ਤੁਸੀਂ ਇਤਰ ਲਗਾਉਂਦੇ ਹੋ।" ਭਾਈ ਸਾਹਿਬ ਨੇ ਉਤਰ ਦਿਤਾ ਕਿ ਅਸੀਂ ਕਦੇ ਵੀ ਇਹ ਇਸਤੇਮਾਲ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਆਪ ਜੀ ਪਾਸੋਂ ਇਤਰ ਦੀ ਖੁਸ਼ਬੂ ਆ ਰਹੀ ਹੈ। ਭਾਈ ਸਾਹਿਬ ਨੇ ਕਿਹਾ ਕਿ ਮੈਨੂੰ ਤਾਂ ਨਹੀਂ ਆ ਰਹੀ। ਉਨ੍ਹਾਂ ਨੇ ਫਿਰ ਕਿਹਾ ਕਿ ਬੜੀ ਖੁਸ਼ਬੂ ਆ ਰਹੀ ਹੈ। ਭਾਈ ਸਾਹਿਬ ਨੇ ਕਿਹਾ ਕਿ ਗੁਰਬਾਣੀ ਵਿਚ ਲਿਖਿਆ ਹੈ :-

*ਜਨੁ ਨਾਨਕੁ ਮੁਸ਼ਕ ਝਕੋਲਿਆ,*

ਸਰਦਾਰ ਸਾਹਿਬ ਨੇ ਕਿਹਾ ਕਿ ਕੀ ਇਹ ਦਸ਼ਾ ਉਨ੍ਹਾਂ ਨੂੰ ਵੀ ਪ੍ਰਾਪਤ ਹੋ ਸਕਦੀ ਹੈ। ਭਾਈ ਸਾਹਿਬ ਜੀ ਨੇ ਉਤਰ ਦਿਤਾ ਕਿਉਂ ਨਹੀਂ? ਨਾਮ ਵਿਚ ਲਗਾਤਾਰ ਜੁੜ ਜਾਉ। ਪਰ ਇਹ ਦਿਨਾਂ ਦੀ ਗੱਲ ਨਹੀਂ, ਮਹੀਨਿਆਂ ਦੀ ਗੱਲ ਹੈ। ਕਰੋ ਉਦਮ, ਨਾਮ ਨਾਲ ਜੁੜ ਜਾਉ, ਨਾਮ ਦਾ ਰੂਪ ਹੋ ਜਾਉ। ਕਦੀ ਐਸੀ ਦਸ਼ਾ ਦੇਖੋਗੇ।" ਸਰਦਾਰ ਜੀ ਉਸੀ ਦਿਨ ਤੋਂ ਨਾਮ ਨਾਲ ਲਗ ਪਏ।

70. ਭਾਈ ਸਾਹਿਬ ਜੀ ਦਾ ਜਨਮ ਦਿਨ ਸੀ। ਸ੍ਰੀ ਲਖਸ਼ਵੀਰ ਮੁਜ਼ਤਿਰ ਚਾਹਿਲ ਤੋਂ ਆਏ ਹੋਏ ਸਨ। ਸਵੇਰ ਨੂੰ ਜਦੋਂ ਸੰਗਤ ਬਾਬਾ ਜੀ ਦੇ ਕਮਰੇ ਵਿਚ ਸੀ, ਉਸ ਨੇ ਕਿਹਾ ਕਿ ਉਸ ਨੇ ਇਕ ਫਾਰਸੀ ਕਵਿਤਾ ਭਾਈ ਸਾਹਿਬ ਜੀ ਦੇ ਜਨਮ ਦਿਨ ਲਈ ਲਿਖੀ ਹੈ, ਉਹ ਪੜ੍ਹੇ? ਭਾਈ ਸਾਹਿਬ ਨੇ ਕੋਈ ਉਤਰ ਨਾ ਦਿਤਾ। ਉਸ ਨੇ ਇਕ ਵਾਰੀ ਫਿਰ ਪੁਛਿਆ, ਭਾਈ ਸਾਹਿਬ ਨੇ ਅਣਸੁਣੀ ਕਰ ਦਿਤੀ। ਦੂਜੇ ਦਿਨ ਸ਼ਾਮ ਨੂੰ ਬੈਠੇ ਸਨ ਤਾਂ ਉਸ ਨੇ ਫਿਰ ਬੇਨਤੀ ਕੀਤੀ। ਭਾਈ ਸਾਹਿਬ ਨੇ ਇਹ ਗੱਲ ਉਸ ਨੂੰ ਸੁਣਾਈ: "ਕਿਸੀ ਮੁਰੀਦ ਨੇ ਮੁਰਸ਼ਦ ਦੀ ਉਪਮਾ ਵਿਚ ਇਕ ਕਵਿਤਾ ਲਿਖੀ। ਉਸ ਨੇ ਤੇਰੇ

 www.sikhbookclub.com

ਵਾਂਗ ਮਜ਼ਬੂਰ ਹੋ ਕੇ ਮੁਰਸ਼ਦ ਪਾਸੋਂ ਸੁਣਾਉਣ ਦੀ ਆਗਿਆ ਲਈ। ਮੁਰਸ਼ਦ ਨੇ ਸੁਣ ਕੇ ਕਿਹਾ, ਬੱਸ ਹੋਰ ਕਿਸੀ ਨੂੰ ਨਾ ਸੁਣਾਈਂ, ਇਹ ਹੁਕਮ ਹੈ। ਵਿਚਾਰੇ ਦੇ ਅੰਦਰ ਪਿਆਰ ਸੀ। ਜੀਅ ਉਛਲੇ, ਚਾਉ ਪੈਦਾ ਹੋਵੇ, ਕਿਸ ਨੂੰ ਸੁਣਾਵਾਂ। ਪਰ ਮੁਰਸ਼ਦ ਦਾ ਹੁਕਮ ਸੀ, ਕਿਸੀ ਨੂੰ ਨਹੀਂ ਸੁਣਾਂਈ। ਉਸ ਪਾਸੋਂ ਰਿਹਾ ਨਾ ਗਿਆ ਅਤੇ ਉਹ ਖੂਹ ਉਤੇ ਗਿਆ ਅਤੇ ਖੂਹ ਦੇ ਅੰਦਰ ਮੂੰਹ ਕਰ ਕੇ ਕਿਹਾ ਖੂਹ ਮੀਆਂ, ਇਹ ਕਵਿਤਾ ਸੁਣ। ਮੈਨੂੰ ਪਤਾ ਹੈ ਕਿ ਤੂੰ ਕਿਸੀ ਹੋਰ ਨੂੰ ਨਹੀਂ ਸੁਣਾਵੇਂਗਾ। ਖੂਹ ਵਿਚ ਮੂੰਹ ਕਰ ਕੇ ਕਵਿਤਾ ਪੜ੍ਹੀ। ਆਪਣਾ ਚਾਉ ਪੂਰਾ ਕੀਤਾ"।

ਫਿਰ ਭਾਈ ਸਾਹਿਬ ਨੇ ਕਿਹਾ ਲੈ ਭਾਈ ਸੁਣਾ। ਉਸ ਨੇ ਕਵਿਤਾ ਪੜ੍ਹ ਕੇ ਸੁਣਾਈ। ਆਪ ਨੇ ਉਸ ਦਾ ਸਤਿਕਾਰ ਕੀਤਾ। ਉਹ ਕਿਸੀ ਚਾਉ ਵਿਚ ਸੀ, ਦੋ, ਤਿੰਨ ਦਿਨ ਉਹ ਉਥੇ ਰਿਹਾ। ਉਸ ਨੂੰ ਟੁਰਨ ਸਮੇਂ ਭਾਈ ਸਾਹਿਬ ਨੇ ਪ੍ਰਸ਼ਾਦਿ ਦਿਤਾ। ਉਸ ਦੀਆਂ ਅਖਾਂ ਵਿਚੋਂ ਨੀਰ ਵਗ ਰਿਹਾ ਸੀ। ਬੀਬੀ ਰਾਜ ਉਸ ਦੇ ਨਾਲ ਗੱਲਾਂ ਕਰਦੀ ਕਰਦੀ ਗੇਟ ਤਕ ਗਈ। ਭਾਈ ਸਾਹਿਬ ਨੇ ਗੇਟ ਤਕ ਕਈ ਵਾਰੀ ਉਸ ਦੀ ਪਿਠ ਵਲ ਵੇਖਿਆ। ਜਦੋਂ ਬੀਬੀ ਰਾਜ ਵਾਪਸ ਆਈ ਤਾਂ ਭਾਈ ਸਾਹਿਬ ਨੇ ਕਿਹਾ ਰਾਜ ਜੀ, ਉਹ ਕਿਵੇਂ ਭਾਰੇ ਦਿਲ ਨਾਲ ਟੁਰਿਆ ਸੀ, ਨੇਤ੍ਰ ਵਹਿ ਰਹੇ ਸਨ, ਤੁਸੀਂ ਉਸ ਦੇ ਨਾਲ ਟੁਰ ਪਏ। ਜਾਣੇ ਗੁਰੂ, ਕਿੰਨ੍ਹਾਂ ਗੱਲਾਂ ਵਿਚ ਲਗਾ ਲਿਆ। ਭਾਈ ਸਾਹਿਬ ਨੇ ਕਿਹਾ ਕਿ ਕਈ ਵਾਰੀ ਅਸੀਂ ਉਸ ਦੀ ਪਿਠ ਨੂੰ ਦੇਖਿਆ। ਜੇ ਕਰ ਤੁਸੀਂ ਉਸ ਨੂੰ ਗੱਲੀਂ ਨਾ ਲਾਂਦੇ ਉਹ ਵੀ ਕਿਤਨੀ ਵਾਰੀ ਮੁੜ ਮੁੜ ਕੇ ਦੇਖਦਾ। ਭਾਈ ਸਾਹਿਬ ਨੇ ਉਸੀ ਵੇਲੇ ਇਹ ਕਵਿਤਾ ਲਿਖ ਕੇ ਸੁਣਾਈ :-

*ਸਰ ਤੋਂ ਪਾਣੀ ਪੀ, ਮੋਰ ਮੁੜੇ ਮੁਖ ਨਾ ਫਿਰੇ।*
*ਸਨਮੁਖ ਰਖੇ ਜੀਅ, ਭੁਖਾ ਕੇ ਤ੍ਰਿਪਤਾਸਿਆ।*

ਭਾਈ ਸਾਹਿਬ ਨੇ ਦਸਿਆ, ਮੋਰ ਜਦੋਂ ਨਦੀ ਪਰ ਪਾਣੀ ਪੀਣ ਜਾਂਦਾ ਹੈ। ਜਾਂਦਿਆਂ ਤਾਂ ਨਦੀ ਦੇ ਸਨਮੁਖ ਹੋਇਆ। ਪਰ ਪਾਣੀ ਪੀ ਕੇ ਵੀ ਸ਼ੁਕਰ ਵਿਚ ਨਦੀ ਵਲ ਪਿਠ ਨਹੀਂ ਕਰਦਾ। ਪੁਠੇ ਪੈਰੀਂ ਕਿਤਨੀ ਦੂਰ ਤਕ ਟੁਰਦਾ ਜਾਂਦਾ ਹੈ।

71. ਮਾਈ ਇੰਦਰ ਕੌਰ ਇਕ ਵਾਰੀ ਡੇਹਰਾਦੂਨ ਆਈ। ਉਸ ਨੇ ਮੱਝ ਰਖੀ ਹੋਈ ਸੀ। ਉਹ ਦੁਧ ਦੀ ਬਰਫੀ ਬਣਾ ਕੇ ਨਾਲ ਲਿਆਈ। ਸਵੇਰ ਦੇ ਸਮੇਂ ਕੋਲ ਕੋਈ ਨਹੀਂ ਸੀ। ਭਾਈ ਸਾਹਿਬ ਨੇ ਇੰਦਰ ਕੌਰ ਨੂੰ ਕਿਹਾ ਕਿ ਤੂੰ ਬਰਫੀ ਲਿਆਈ ਸੀ। ਉਸ

ਨੇ ਬਰਫੀ ਦੇ ਦੋ ਟੁਕੜੇ ਪੇਸ਼ ਕੀਤੇ। ਭਾਈ ਸਾਹਿਬ ਨੇ ਉਹ ਛਕ ਲਏ ਅਤੇ ਹੋਰ ਮੰਗੀ। ਹੋਰ ਆਈ ਅਤੇ ਉਹ ਵੀ ਛਕ ਲਈ। ਤੀਜੀ ਵਾਰ ਫਿਰ ਮੰਗੀ, ਉਹ ਵੀ ਛਕ ਲਈ। ਬੀਬੀ ਹੈਰਾਨ ਜੋ ਭਾਈ ਸਾਹਿਬ ਬੜੀ ਥੋਹੜੀ ਚੀਜ਼ ਛਕਦੇ ਹਨ, ਇਸ ਵਿਚ ਕੋਈ ਭੇਦ ਹੈ। ਸ਼ਾਮ ਨੂੰ ਸਾਰੇ ਇਕਠੇ ਚਾਹ ਛਕ ਰਹੇ ਸਨ। ਮਲਕ ਸਾਹਿਬ ਵੀ ਉਥੇ ਪੁਜੇ ਹੋਏ ਸਨ। ਭਾਈ ਸਾਹਿਬ ਨੇ ਕਿਹਾ ਕਿ ਇੰਦਰ ਕੌਰ ਬਰਫੀ ਲਿਆਈ ਸੀ, ਉਹ ਵੀ ਮੰਗਵਾਉ। ਬਰਫੀ ਆਈ। ਮਲਕ ਜੀ ਨੇ ਇਕ ਟੁਕੜਾ ਲਿਆ, ਜਦੋਂ ਮੂੰਹ ਵਿਚ ਪਾਇਆ ਤਾਂ ਨਕ ਚਾੜ੍ਹਿਆ। ਭਾਈ ਸਾਹਿਬ ਨੇ ਉਸ ਨੂੰ ਦੇਖ ਲਿਆ। ਉਸ ਨੇ ਕਿਹਾ ਕਿ ਇਹ ਤਾਂ ਲੂਣੀ ਹੈ। ਉਨ੍ਹਾਂ ਦਾ ਖਿਆਲ ਸੀ ਕਿ ਸ਼ਾਇਦ ਇਹ ਖਰਾਬ ਹੋ ਗਈ ਹੈ, ਇਸ ਲਈ ਇਸ ਦਾ ਸਵਾਦ ਬਦਲ ਗਿਆ ਹੈ। ਭਾਈ ਸਾਹਿਬ ਨੇ ਕਿਹਾ ਕਿ ਸ਼ੱਕ ਨਾ ਕਰੋ, ਵੈਸੇ ਬਰਫੀ ਸਭ ਤਰ੍ਹਾਂ ਠੀਕ ਹੈ। ਮੱਝ ਖਾਂਹਗੜ ਹੈ, ਜਦੋਂ ਮੱਝ ਦੀ ਇਹ ਸਟੇਜ ਆਵੇ, ਤਦੋਂ ਦੁਧ ਕੁਝ ਲੂਣਾ ਹੋ ਜਾਂਦਾ ਹੈ। ਇਸ ਲਈ ਲੂਣੀ ਹੈ। ਅਸੀਂ ਬੜੀ ਖਾਧੀ ਹੈ, ਪਰ ਕੰਬਖਤ ਖਤਮ ਹੀ ਨਹੀਂ ਹੋਈ। ਇਸ ਲਈ ਜ਼ਿਆਦਾ ਛਕੀ ਜੋ ਖਤਮ ਹੋ ਜਾਵੇ। ਹੋਰ ਕਿਸੀ ਵਾਸਤੇ ਰਹੇ ਹੀ ਨਾ, ਅਤੇ ਨਾ ਹੀ ਇਹ ਬੀਬੀ ਉਦਾਸ ਹੋਵੇ। ਫਿਰ ਭਾਈ ਸਾਹਿਬ ਨੇ ਇਕ ਗੱਲ ਸੁਣਾਈ। ਕਿਸੀ ਸੰਤ ਜੀ ਦਾ ਪ੍ਰਸ਼ਾਦਾ ਕਿਸੀ ਪ੍ਰੇਮੀ ਨੇ ਆਖਿਆ। ਰਾਇਤੇ ਵਿਚ ਜੋ ਘੀਆ ਪਾਇਆ ਸੀ। ਉਹ ਕੁਦਰਤਨ ਕੌੜਾ ਸੀ। ਸੰਤ ਜੀ ਨੇ ਕੌਲੀਆਂ ਭਰ ਭਰ ਕੇ ਰਾਇਤੇ ਦੀਆਂ ਪੀਤੀਆਂ। ਬਾਕੀ ਚੇਲਿਆਂ ਨੇ ਸੰਤਾਂ ਵਲ ਵੇਖ ਕੇ ਨੱਕ ਚਾੜ੍ਹ ਕੇ ਇਕ ਕੌਲੀ ਖਤਮ ਕੀਤੀ। ਜਦੋਂ ਘਰ ਵਾਲਿਆਂ ਨੇ ਪ੍ਰਸ਼ਾਦਾ ਛਕਿਆ, ਤਦੋਂ ਰਾਇਤਾ ਕੋੜਾ ਜ਼ਹਿਰ ਸੀ। ਉਹ ਬੜੇ ਸ਼ਰਮਿੰਦਾ ਹੋ ਕੇ ਸੰਤਾਂ ਪਾਸੋਂ ਖਿਮਾ ਮੰਗਣ ਆਏ। ਸੰਤਾਂ ਨੇ ਕਿਹਾ ਕਿ ਉਨ੍ਹਾਂ ਨਾਲ ਉਨ੍ਹਾਂ ਦੇ ਚੇਲਿਆਂ ਨੇ ਮਿਲਵਰਤਣ ਨਹੀਂ ਕੀਤੀ। ਜਿਵੇਂ ਉਨ੍ਹਾਂ ਨੇ ਤਿੰਨ ਚਾਰ ਕੌਲੀਆਂ ਰਾਇਤੇ ਦੀਆਂ ਪੀ ਲਈਆਂ ਸਨ, ਜੇ ਕਰ ਚੇਲੇ ਵੀ ਇਵੇਂ ਕਰਦੇ ਤਦੋਂ ਰਾਇਤਾ ਖਤਮ ਹੋ ਜਾਣਾ ਸੀ ਅਤੇ ਆਪ ਦੇ ਨੋਟਿਸ ਵਿਚ ਨਾ ਆਉਂਦਾ। ਤੁਸੀਂ ਉਦਾਸ ਨਾ ਹੋਵੋ। ਚਾਹੁੰਦੇ ਅਸੀਂ ਇਹ ਹੀ ਸੀ, ਪਰ ਇਹ ਹੋ ਨਹੀਂ ਸਕਿਆ।

 www.sikhbookclub.com

# ਸ਼ਰਾਕਤ ਦਾ ਸੱਚਾ ਤੇ ਸੁੱਚਾ ਵਿਹਾਰ

ਭਾਈ ਸਾਹਿਬ ਜੀ ਨੇ ਭਾਈ ਵਜ਼ੀਰ ਸਿੰਘ ਨਾਲ ਮਿਲ ਕੇ ਪ੍ਰੈਸ ਖੋਹਲਿਆ। ਇਸ ਪ੍ਰੈਸ ਦਾ ਨਾਂ ਭਾਈ ਸਾਹਿਬ ਨੇ ਆਪਣੇ ਨਾਂ ਤੇ ਨਹੀਂ ਰਖਿਆ, ਸਗੋਂ ਭਾਈਵਾਲ ਦੇ ਨਾਂ 'ਤੇ 'ਵਜ਼ੀਰ ਹਿੰਦ ਪ੍ਰੈਸ' ਰਖਿਆ। ਜਦੋਂ ਪ੍ਰੈਸ ਚੱਲ ਪਿਆ ਤਾਂ ਭਾਈ ਸਾਹਿਬ ਦੇ ਮਨ ਕਈ ਪ੍ਰਕਾਰ ਦੀਆਂ ਮਸ਼ੀਨਾਂ ਮੰਗਵਾ ਕੇ ਲਗਾਉਣ ਦਾ ਫੁਰਨਾ ਫੁਰਿਆ। ਗੁਰੂ ਬਾਬੇ ਦੀ ਮਿਹਰ ਸਦਕਾ ਖਿਆਲ ਵਿਚ ਆਈਆਂ ਸਭ ਮਸ਼ੀਨਾਂ ਲੱਗ ਗਈਆਂ। ਭਾਈ ਸਾਹਿਬ ਇਹ ਦੇਖ ਕੇ ਉਸ ਦਾਤੇ ਦਾ ਬੜਾ ਸ਼ੁਕਰ ਕਰਦੇ ਸਨ। ਉਸ ਸਮੇਂ ਇਸ ਪ੍ਰੈਸ ਦੇ ਮੁਕਾਬਲੇ ਤੇ ਪੰਜਾਬ ਭਰ ਵਿਚ ਹੋਰ ਕੋਈ ਦੂਜਾ ਪੰਜਾਬੀ ਪ੍ਰੈਸ ਨਹੀਂ ਸੀ। ਭਾਈ ਵਜ਼ੀਰ ਸਿੰਘ ਜੀ 1908 ਵਿਚ ਚੜ੍ਹਾਈ ਕਰ ਗਏ। ਦੁਨਿਆਵੀ ਤਰੀਕੇ ਅਨੁਸਾਰ ਜੇ ਕਰ ਇਕ ਭਾਈਵਾਲ ਦੀ ਮਿਰਤੂ ਹੋ ਜਾਵੇ ਤਾਂ ਸ਼ਰਾਕਤ ਨਾਮਾ ਆਪਣੇ ਆਪ ਖਤਮ ਹੋ ਜਾਂਦਾ ਹੈ। ਪਰ ਇਥੇ ਜਦੋਂ ਤਕ ਪ੍ਰੈਸ ਵੇਚਿਆ ਨਹੀਂ ਗਿਆ, ਭਾਈ ਸਾਹਿਬ ਜੀ ਨੇ ਉਨ੍ਹਾਂ ਦੀ ਸ਼ਰਾਕਤ ਜਾਰੀ ਰਖੀ। ਪ੍ਰੈਸ ਵਿਚੋਂ ਜੋ ਵੀ ਮੁਨਾਫਾ ਹੁੰਦਾ, ਭਾਈ ਵਜ਼ੀਰ ਸਿੰਘ ਦਾ ਹਿੱਸਾ ਉਨ੍ਹਾਂ ਦੇ ਖਾਤੇ ਵਿਚ ਜਮਾ ਹੁੰਦਾ ਰਹਿੰਦਾ। ਭਾਈ ਵਜ਼ੀਰ ਸਿੰਘ ਦੇ ਦੋ ਲੜਕੇ ਅਤੇ ਦੋ ਲੜਕੀਆਂ ਸਨ। ਖਰਚਾ ਘਰ ਦਾ ਪ੍ਰੈਸ ਵਿਚੋਂ ਜਾਂਦਾ ਸੀ। ਲੜਕੀਆਂ ਦੇ ਜਵਾਨ ਹੋਣ ਉਤੇ ਭਾਈ ਸਾਹਿਬ ਜੀ ਨੇ ਆਪ ਖਰਚ ਕਰ ਕੇ ਅਤੇ ਸਿਰ ਉਪਰ ਹੋ ਕੇ ਵਿਆਹ ਕਰਵਾਏ। ਵੱਡਾ ਲੜਕਾ ਸ੍ਰ: ਤ੍ਰਿਲੋਚਨ ਸਿੰਘ ਜਦੋਂ ਮੈਟ੍ਰਿਕ ਪਾਸ ਹੋ ਗਿਆ ਤਾਂ ਉਸ ਨੂੰ ਆਪਣੇ ਘਰ ਹਾਲ ਬਾਜ਼ਾਰ ਵਿਚ ਸੱਦ ਲਿਆ। ਉਹ ਲੜਕਾ ਪੁੱਤਰਾਂ ਵਾਂਗ ਭਾਈ ਸਾਹਿਬ ਜੀ ਪਾਸ ਰਿਹਾ ਅਤੇ ਉਥੋਂ ਹੀ ਖਾਲਸਾ ਕਾਲਜ ਜਾਂਦਾ ਰਿਹਾ। ਜਦੋਂ ਬੀ. ਏ. ਦਾ ਇਮਤਿਹਾਨ ਪਾਸ ਕਰ ਲਿਆ ਤਾਂ ਉਸ ਨੇ ਵਲਾਇਤ ਜਾਣ ਦੀ ਇੱਛਾ ਪ੍ਰਗਟ

ਕੀਤੀ। ਭਾਈ ਸਾਹਿਬ ਨੇ ਉਸ ਨੂੰ ਸਮਝਾਇਆ ਕਿ ਤੁਸੀਂ ਕਬੀਲਦਾਰ ਹੋ, ਆਪ ਦੇ ਸਿਰ ਜ਼ਿਮੇਵਾਰੀਆਂ ਹਨ। ਇਕ ਛੋਟਾ ਭਰਾ ਆਪ ਦਾ ਹੋਰ ਹੈ, ਜੋ ਪੜ੍ਹਦਾ ਨਹੀਂ ਉਸ ਦਾ ਵੀ ਸੋਚਣਾ ਹੈ। ਵਲਾਇਤ ਦਾ ਖਰਚਾ ਤੁਸੀਂ ਕਰ ਨਹੀਂ ਸਕਦੇ।

ਸ੍ਰ: ਤ੍ਰਿਲੋਚਨ ਸਿੰਘ ਨੇ ਰਿਸ਼ਤੇਦਾਰਾਂ ਪਾਸੋਂ ਰੁਪਏ ਦਾ ਪ੍ਰਬੰਧ ਕਰ ਕੇ ਵਲਾਇਤ ਜਾਣ ਦੀ ਤਿਆਰੀ ਕਰ ਹੀ ਲਈ ਅਤੇ ਭਾਈ ਸਾਹਿਬ ਜੀ ਤੋਂ ਆਗਿਆ ਲਏ ਬਿਨਾਂ, ਇਸ ਡਰ ਤੋਂ ਕਿ ਰੋਕ ਹੀ ਨਾ ਦੇਣ, ਟੁਰ ਗਿਆ। ਉਸ ਨੇ ਬੰਬਈ ਜਾ ਕੇ ਭਾਈ ਸਾਹਿਬ ਨੂੰ ਚਿਠੀ ਲਿਖੀ ਕਿ ਕੋਸ਼ਿਸ਼ ਕਰ ਕੇ ਰੁਪਏ ਦਾ ਪ੍ਰਬੰਧ ਕਰ ਲਿਆ ਹੈ, ਆਪ ਤੋਂ ਆਗਿਆ ਨਹੀਂ ਲਈ ਕਿ ਸ਼ਾਇਦ ਆਪ ਰੋਕ ਨਾ ਦੇਵੋ। ਸੋਚਦਾ ਹਾਂ ਕਿ ਜੋ ਡਾਕਟਰੇਟ ਕਰ ਆਵਾਂ ਤਾਂ ਭਵਿਖ ਬਣ ਜਾਏਗਾ, ਨਹੀਂ ਤਾਂ ਸਾਰੀ ਉਮਰ ਮਾਸਟਰੀ ਕਰਦਾ ਰਹਾਂਗਾ। ਆਪ ਕਿਰਪਾ ਕਰਕੇ ਬਖਸ਼ ਲਵੋ ਅਤੇ ਅਸੀਸ ਦੇਵੋ ਕਿ ਸਫਲਤਾ ਪ੍ਰਾਪਤ ਹੋਵੇ। ਭਾਈ ਸਾਹਿਬ ਨੇ ਖੁਸ਼ੀ ਵਿਚ ਆਗਿਆ ਬਖਸ਼ੀ ਅਤੇ ਸਫਲਤਾ ਦੀ ਅਸੀਸ ਦਿਤੀ। ਭਾਈ ਸਾਹਿਬ ਨੇ ਇਕ ਗੱਲ ਬੜੇ ਜ਼ੋਰਦਾਰ ਅਖਰਾਂ ਵਿਚ ਲਿਖੀ ਕਿ ਤੂੰ ਜਿਸ ਸ਼ਕਲ ਵਿਚ ਚਲਿਆ ਹੈਂ, ਉਸੇ ਸ਼ਕਲ ਵਿਚ ਵਾਪਸ ਆਉਣਾ ਹੋਵੇਗਾ ਤੇ ਜੇ ਇਸ ਦੇ ਉਲਟ ਗੱਲ ਕੀਤੀ ਤਾਂ ਫਿਰ ਸਾਡੇ ਮੱਥੇ ਨਹੀਂ ਲਗਣਾ।

ਸ੍ਰ: ਵਜ਼ੀਰ ਸਿੰਘ ਦਾ ਛੋਟਾ ਲੜਕਾ ਜੋ ਵਿਹਲਾ ਰਹਿੰਦਾ ਸੀ, ਭਾਈ ਸਾਹਿਬ ਨੇ ਉਸ ਲਈ ਬੜੇ ਯਤਨ ਕੀਤੇ ਕਿ ਉਹ ਪ੍ਰੈਸ ਦੇ ਕੰਮ ਤੇ ਹੀ ਲੱਗ ਜਾਏ। ਉਹ ਨਾ ਪੜ੍ਹਿਆ ਅਤੇ ਨਾ ਹੀ ਉਸ ਨੇ ਕੋਈ ਕੰਮ ਸਿਖਿਆ। ਪਰ ਆਪ ਉਸ ਦੀ ਪ੍ਰਤਿਪਾਲਣਾ ਕਰਦੇ ਰਹੇ। ਜਦੋਂ ਸ੍ਰ: ਤ੍ਰਿਲੋਚਨ ਸਿੰਘ ਵਲਾਇਤ ਤੋਂ ਡਾਕਟਰੇਟ ਦੀ ਡਿਗਰੀ ਲੈ ਕੇ ਵਾਪਸ ਆਏ, ਤਦੋਂ ਆਪ ਨੇ ਪ੍ਰੈਸ ਵੇਚ ਦਿਤਾ ਅਤੇ ਸ੍ਰ: ਵਜ਼ੀਰ ਸਿੰਘ ਦੇ ਹਿਸੇ ਦੀ ਰਕਮ ਸ੍ਰ: ਤ੍ਰਿਲੋਚਨ ਸਿੰਘ ਨੂੰ ਦੇ ਦਿਤੀ।

 www.sikhbookclub.com

# ਭਾਗ ਤੀਜਾ

## ਸੰਵਰੇ ਹੋਏ ਜੀਵਨ

# 1. ਸਰਦਾਰ ਮਨਮੋਹਨ ਸਿੰਘ ਜੀ

ਸਰੀਰ ਕਰਕੇ ਹਰ ਕੋਈ ਤੁਰਦਾ ਫਿਰਦਾ ਨਜ਼ਰੀਂ ਆਉਂਦਾ ਹੈ। ਪਰ ਕੋਈ ਵਿਰਲਾ ਹੀ ਹੁੰਦਾ ਹੈ ਜਿਸ ਦੀ ਜੋਤ ਸਰੀਰ ਅੰਦਰ ਜਾਗਦੀ ਪ੍ਰਤੀਤ ਹੁੰਦੀ ਹੈ। ਚਿੱਤ ਦੇ ਸੰਸਕਾਰਾਂ ਨਾਲ ਜੁੜੇ ਲੱਖਾਂ ਹੀ ਕਾਰ-ਵਿਹਾਰ ਵਿਚ ਖੁਭੇ ਨਜ਼ਰ ਆਉਂਦੇ ਹਨ ਪਰ ਚਿੱਤ ਵਿਚ ਨਾਰਾਇਣ ਨੂੰ ਸਿਮਰਦੇ, ਰੱਬੀ ਕਾਰ ਵਿਚ ਜੁਟੇ ਵਿਰਲੇ ਹੀ ਹਨ। ਗੁਰਮੁਖ ਪਿਆਰੇ ਭਾਪਾ ਮਨਮੋਹਨ ਸਿੰਘ ਜੀ ਦੀ ਲਿਵ ਆਮ ਤੌਰ ਤੇ ਵਾਹਿਗੁਰੂ ਜੀ ਦੇ ਚਰਨਾਂ ਨਾਲ ਜੁੜੀ ਰਹਿੰਦੀ ਅਤੇ ਉਹ ਖਿੜਾਓ ਵਿਚ ਰਹਿੰਦੇ। ਆਪ ਜੀ ਦੇ ਸਨਮੁਖ ਹੋਣ ਵਾਲੇ ਵਿਅਕਤੀ ਵੀ ਇਕ ਅਲੌਕਿਕ ਅਨੰਦ ਪ੍ਰਾਪਤ ਕਰਦੇ। ਆਪ ਇਸ ਗੱਲ ਨੂੰ ਵੀ ਸਦਾ ਯਾਦ ਰਖਦੇ, ਬਾਰ ਬਾਰ ਦੁਹਰਾਉਂਦੇ ਕਿ ਇਹ ਖੇੜੇ ਦੀ ਜੁਗਤਿ ਉਹਨਾਂ ਗੁਰੂ ਨਾਨਕ ਦੇਵ ਜੀ ਦੇ ਬਖਸ਼ੇ ਹੋਏ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਸੰਗਤ ਅਤੇ ਕ੍ਰਿਪਾ ਦ੍ਰਿਸ਼ਟੀ ਤੋਂ ਪ੍ਰਾਪਤ ਕੀਤੀ ਹੈ। ਗੁਰਬਾਣੀ ਦੇ ਪਾਠ ਅਤੇ ਵਿਚਾਰ ਦੇ ਨਾਲ ਨਾਲ ਭਾਈ ਸਾਹਿਬ ਜੀ ਦੀਆਂ ਰਚਨਾਵਾਂ ਦਾ ਅਧਿਐਨ ਵੀ ਉਨ੍ਹਾਂ ਕੀਤਾ ਹੋਇਆ ਸੀ। ਭਾਈ ਸਾਹਿਬ ਜੀ ਦੀਆਂ ਲਿਖਤਾਂ ਦੇ ਹਵਾਲੇ ਨਾਲ ਗੁਰੂ ਘਰ ਦੀ ਸਿਫਤ ਸਲਾਹੁਤਾ ਕਰਦੇ ਰਹਿੰਦੇ, ਹਰ ਪਲ, ਹਰ ਸਵਾਸ।

ਅੱਜ ਉਹ ਗੁਰਮੁਖ ਪਿਆਰੇ ਭਾਪਾ ਮਨਮੋਹਨ ਸਿੰਘ ਜੀ ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਜਨਵਰੀ 14, 1983 ਵਾਲੇ ਦਿਨ ਜਦੋਂ ਸੂਰਜ ਪੱਛਮ ਦੀ ਗੋਦੀ ਵਿਚ ਮੂੰਹ ਲੁਕਾਣ ਲੱਗਾ ਸੀ, ਆਪ ਜੀ ਪਉੜੀਆਂ ਤੋਂ ਜ਼ਰਾ ਤਿਲ੍ਹਕ ਗਏ, ਮਾਹੌਲ ਤ੍ਰਭਕ ਗਿਆ ਅਤੇ ਸਭ ਪਾਸੇ ਚਿੰਤਾ ਦੀ ਲਹਿਰ ਦੌੜ ਗਈ। ਆਪ ਦੀ ਸਿਹਤਯਾਬੀ ਲਈ ਨੇਤਰ ਅਰਦਾਸ ਵਿਚ ਜੁੜਨ ਲੱਗੇ, ਬੁੱਲ੍ਹ ਪ੍ਰਾਰਥਨਾ ਵਿਚ

ਫਰਕਣ ਲੱਗੇ, ਪਰ ਜੋ ਕਰਤਾਰ ਨੇ ਧੁਰੋਂ ਲਿਖਿਆ ਹੈ ਉਸ ਵਿਚ ਰਾਈ ਜਾਂ ਤਿਲ ਦਾ ਵੀ ਫਰਕ ਨਹੀਂ ਪੈਂਦਾ। ਪੰਚ ਭੌਤਿਕ ਸਰੀਰ ਤੋਂ ਰੂਹ ਉਡਾਰੀ ਲਾ ਗਈ ਅਤੇ ਬਿਰਾਜੀ ਉਹਨਾਂ ਚਰਨਾਂ ਵਿਚ ਜਿਹਨਾਂ ਦਾ ਧਿਆਨ ਹਰ ਪਲ ਹਰ ਸਵਾਸ ਉਹ ਕਰਦੇ ਰਹਿੰਦੇ ਸਨ। ਸੰਬੰਧੀ, ਹਮਦਰਦ ਅਤੇ ਨਿਕਟ-ਵਰਤੀ ਸਭ ਸ਼ੋਕ ਗ੍ਰਸਤ ਹੋਏ ਉਹਨਾਂ ਦੇ ਅੰਤਿਮ ਦਰਸ਼ਨਾਂ ਲਈ ਜੁੜਦੇ ਗਏ। ਪਰਿਵਾਰ ਵਿਚ ਇਹ ਵਿਛੋੜਾ ਅਸਹਿ ਸੀ, ਦਿਲ ਉਸ ਹਰਕਤ ਨੂੰ ਉਸ ਖਿੜਾਓ ਅਤੇ ਉਸ ਰੂਹਾਨੀ ਲਹਿਰ ਨੂੰ ਭਾਲਦਾ ਸੀ ਜੋ ਅਹਿੱਲ ਸਰੀਰ ਅੰਦਰੋਂ ਪਰਵਾਜ਼ ਕਰ ਗਈ ਸੀ।

ਗੁਰਮੁਖ ਪਿਆਰੇ ਭਾਪਾ ਮਨਮੋਹਨ ਸਿੰਘ ਜੀ ਦੀ ਸ਼ਖਸੀਅਤ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਰੰਗ ਵਿਚ ਪੂਰਨ ਤੌਰ ਤੇ ਰੰਗੀ ਹੋਈ ਸੀ। ਉਹ ਐਬਟਾਬਾਦ ਵਿਚ ਜੰਮੇ, ਪਲੇ ਤੇ ਵਡੇ ਹੋਏ ਓਹਨਾ ਦਾ ਜਨਮ 30 ਅਪ੍ਰੈਲ, 1893 ਵਿਚ ਹੋਇਆ। ਉਹਨਾਂ ਦੇ ਪਿਤਾ ਸ: ਪ੍ਰੇਮ ਸਿੰਘ ਜੀ ਉਥੇ ਠੇਕੇਦਾਰੀ ਦਾ ਕਾਰੋਬਾਰ ਕਰਦੇ ਹੁੰਦੇ ਸਨ, ਇਹਨਾਂ ਦੇ ਵੱਡੇ ਵੀਰ ਸ: ਦਮੋਦਰ ਸਿੰਘ, ਸ: ਰਘੁਨੰਦਨ ਸਿੰਘ, ਅਤੇ ਛੋਟਾ ਵੀਰ ਸ: ਮਨੋਹਰ ਸਿੰਘ ਅਤੇ ਇਕ ਭੈਣ ਬੀਬੀ ਹਰਨਾਮ ਕੌਰ ਨਾਲ ਹੀ ਸਨ। ਘਰ ਦੇ ਮਾਹੌਲ ਬਾਰੇ ਆਪ ਇਕ ਥਾਂ ਲਿਖਦੇ ਹਨ ਕਿ ਉਹਨਾਂ ਦਾ ਪਰਿਵਾਰ ਭਾਵੇਂ ਸਿੱਖ ਪਰਿਵਾਰ ਸੀ ਪਰ ਪਿਤਾ ਜੀ ਦੇ ਵਿਚਾਰ ਸਨਾਤਨੀ ਸਨ। ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ ਪਰ ਪਿਤਾ ਜੀ ਘਰ ਵਿਚ ਕਥਾ ਰਾਮਾਇਣ ਦੀ ਕੀਤਾ ਕਰਦੇ ਸਨ ਤੇ ਸਾਰਾ ਪਰਿਵਾਰ ਬੈਠ ਕੇ ਸੁਣਦਾ, ਸਰਾਧ ਵੀ ਕਰਾਉਂਦੇ ਅਤੇ ਕਾਰ-ਵਿਹਾਰ ਵਿਚ ਬ੍ਰਾਹਮਣ ਵੀ ਹਾਜ਼ਿਰ ਹੁੰਦਾ।

ਪਰ ਜਿਵੇਂ ਪਰਿਵਾਰ ਅੰਦਰ ਸਿੱਖੀ ਪ੍ਰਭਾਵ ਪ੍ਰਪੱਕ ਹੋਇਆ ਉਸ ਦੀ ਕਹਾਣੀ ਵੀ ਵਚਿਤਰ ਹੈ, ਆਪ ਜੀ ਦਸਦੇ ਹਨ :

"ਮੇਰੀ ਉਮਰ 10-11 ਸਾਲ ਦੀ ਹੋਵੇਗੀ ਜਦ ਕਿ 1902, 1903 ਵਿਚ ਸਤਿਕਾਰ ਯੋਗ ਭਾਈ ਸਾਹਿਬ ਜੀ ਦੀਆਂ ਪੁਸਤਕਾਂ 'ਸੁੰਦਰੀ' 'ਬਿਜੈ ਸਿੰਘ' ਤੇ ਕੁਝ ਹੋਰ ਟਰੈਕਟ ਪੜ੍ਹੇ। ਇਨ੍ਹਾਂ ਨੂੰ ਜਦ ਮੈਂ ਪੜ੍ਹਾਂ ਦਿਲ ਬੜਾ ਦ੍ਰਵਣਤਾ ਵਿਚ ਚਲਾ ਜਾਏ। ਮੇਰੇ ਨਾਲ ਇਸ ਪਠਨ ਪਾਠਨ ਵਿਚ ਸਹਾਇਕ ਮੇਰੀ ਭਰਜਾਈ, ਵੀਰ ਦਮੋਦਰ ਸਿੰਘ ਦੀ ਪਹਿਲੀ ਪਤਨੀ, ਬੀਬੀ ਈਸ਼ਰ ਕੌਰ ਸੀ ਜਿਸ ਦਾ ਪਤੀ ਜਾਪਾਨ ਗਿਆ ਹੋਇਆ ਸੀ। ਉਸ ਦੇ ਹਿਰਦੇ ਵਿਚ ਬਿਰਹਾ ਦੀ ਪੀੜ ਸੀ, ਜਿਸ ਨੂੰ ਇਹ ਸਾਹਿਤਜ ਠੰਢਾਂ ਪਾਉਂਦਾ ਸੀ। ਅਸੀਂ ਆਖੀਏ ਐਸੀਆਂ ਕਿਤਾਬਾਂ ਕੌਣ ਲਿਖ ਰਹੇ ਹਨ, ਉਪਰ ਨਾਮ ਕਿਸੇ ਦਾ ਨਹੀਂ, ਪਰ ਬਿਨਾਂ ਨਾਮ ਪਤੇ ਦੇ ਸਾਡੇ ਦਿਲਾਂ ਨੂੰ ਲੇਖਕ ਜੀ ਦੇ ਦਰਸ਼ਨਾਂ ਦੀ ਧੂਹ ਪਵੇ। ਉਨ੍ਹਾਂ ਦਿਨਾਂ ਵਿਚ ਸਰਦਾਰ

 www.sikhbookclub.com

ਤੇਜਾ ਸਿੰਘ ਜੀ ਪੋਸਟ ਮਾਸਟਰ ਜੋ ਪ੍ਰੋ: ਪੂਰਨ ਸਿੰਘ ਜੀ ਦੇ ਭਣਵੱਯੇ ਸਨ, ਐਬਟਾਬਾਦ ਵਿਚ ਹੀ ਲਗੇ ਹੋਏ ਸਨ। ਸਹਜ ਸੁਭਾਵ ਉਨ੍ਹਾਂ ਨਾਲ ਗੱਲ ਹੋਈ ਤਾਂ ਉਨ੍ਹਾਂ ਨੇ ਬੜੇ ਸਤਿਕਾਰ ਤੇ ਮਾਣ ਨਾਲ ਦਸਿਆ ਕਿ ਇਨ੍ਹਾਂ ਪੁਸਤਕਾਂ ਦੇ ਲੇਖਕ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਹਨ ਜੋ ਅੰਮ੍ਰਿਤਸਰ ਜੀ ਨਿਵਾਸ ਰਖਦੇ ਹਨ। ਨਾਮ ਸੁਣਦਿਆਂ ਅਗੰਮੀ ਧੂਹ ਪਈ ਕਿ ਕਿਵੇਂ ਇਨ੍ਹਾਂ ਦੇ ਦਰਸ਼ਨ ਕਰੀਏ।"

ਦਰਸ਼ਨ ਕਰਨ ਦੀ ਸਿੱਕ ਨੇ ਭਾਈ ਸਾਹਿਬ ਦੇ ਸਾਹਿਤ ਨੂੰ ਪੂਰੀ ਤਰ੍ਹਾਂ ਵਾਚਣ ਅਤੇ ਮਾਨਣ ਦੀ ਇੱਛਾ ਹੋਰ ਤੀਬਰ ਕਰ ਦਿਤੀ। 'ਖ਼ਾਲਸਾ ਸਮਾਚਾਰ' ਅਤੇ ਟਰੈਕਟ ਜਦੋਂ ਘਰ ਵਿਚ ਪੜ੍ਹੇ ਜਾਣ ਲੱਗੇ ਤਾਂ ਘਰ ਦਾ ਵਾਤਾਵਰਨ ਹੀ ਬਦਲ ਗਿਆ। ਉਹਨਾਂ ਦੇ ਪਿਤਾ ਜੀ ਦੀ ਨਜ਼ਰ ਕਮਜ਼ੋਰ ਸੀ, ਇਸ ਲਈ ਉਹ ਭਾਪਾ ਮਨਮੋਹਨ ਸਿੰਘ ਹੋਰਾਂ ਨੂੰ ਕਹਿੰਦੇ ਕਿ ਪੜ੍ਹ ਕੇ ਸੁਣਾਵੇ। ਇਸ ਪ੍ਰਕਾਰ ਉਹਨਾਂ ਦੇ ਮਨ ਦੀ ਇਕ ਇਛਾ ਪੂਰੀ ਹੋਈ ਜੋ ਉਹਨਾਂ ਪਿਤਾ ਜੀ ਸ: ਪ੍ਰੇਮ ਸਿੰਘ ਜੀ ਨੂੰ ਖ਼ਾਲਸਾ ਟ੍ਰੈਕਟ ਸੋਸਾਇਟੀ ਦੇ ਕਈ ਟ੍ਰੈਕਟ ਪੜ੍ਹ ਕੇ ਸੁਣਾਏ। ਸਿੱਖਾਂ ਦੀਆਂ ਕੁਰਬਾਨੀਆਂ ਉਹਨਾਂ ਦੇ ਦਿਲ ਤੇ ਡੂੰਘੀ ਛਾਪ ਲਾਈ ਜਾਣ। ਸਿਖੀ ਦੀ ਮਹਾਨਤਾ ਸੁਣ ਸੁਣ ਕੇ ਉਹ ਦ੍ਰਵ ਦ੍ਰਵ ਹੋ ਜਾਣ। ਅੱਖੀਆਂ ਵਿਚ ਭਾਵੁਕਤਾ ਦੇ ਮੋਤੀ ਛਲਕਣ। ਪਰਿਵਾਰ ਅੰਦਰ ਇਸ ਗੁਰਸਿੱਖੀ ਦੇ ਪ੍ਰਭਾਵ ਸਦਕਾ ਭਾਪਾ ਮਨਮੋਹਨ ਸਿੰਘ ਜੀ ਅੰਦਰ ਭਾਈ ਸਾਹਿਬ ਜੀ ਦੀ ਸ਼ਖਸੀਅਤ ਲਈ ਅਮੁਕ ਪਿਆਰ ਉਮਡਿਆ, ਪਰ ਕੋਈ ਤਦਬੀਰ ਅਜਿਹੀ ਨ ਬਣੇ ਜਿਸ ਨਾਲ ਸੰਪਰਕ ਹੋ ਸਕੇ। ਪਰ ਵਿਧਾਤਾ ਦੇ ਰੰਗ ਭੀ ਨਿਆਰੇ ਹਨ। ਸਮਾਂ ਬਣਿਆਂ ਜੋ ਸਾਲਾਂ ਬੱਧੀ ਧੁਰ ਅੰਦਰ ਲੱਗੀ ਲਟਕ ਰੂਪਮਾਨ ਹੋਣ ਲੱਗੀ, ਭਾਪਾ ਮਨਮੋਹਨ ਸਿੰਘ ਜੀ ਦੀ ਡਾਇਰੀ ਦੇ ਪੰਨਿਆਂ ਵਿਚ ਇਸ ਘਟਨਾ ਦਾ ਵਰਨਣ ਇਸ ਪ੍ਰਕਾਰ ਹੈ :-

"ਸਤਿਗੁਰੂ ਦੀ ਮਿਹਰ ਹੋਈ 'ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖ ਰਸਿਕ ਬੈਰਾਗੀ' 1911 ਵਿਚ ਮੈਨੂੰ ਪਿਤਾ ਜੀ ਨੇ ਕੋਹਮਰੀ ਭੇਜਿਆ। ਮੈਂ ਮਾਲ ਰੋਡ ਤੇ ਰਿਹਾਇਸ਼ ਰਖੀ।

ਸਰਦਾਰ ਸੁੰਦਰ ਸਿੰਘ ਜੀ ਮਜੀਠੀਏ, ਸਤਿਕਾਰ ਯੋਗ ਭਾਈ ਸਾਹਿਬ, ਸਰਦਾਰ ਤ੍ਰਿਲੋਚਨ ਸਿੰਘ ਜੀ, ਮਹੰਤ ਤਖਤ ਸਿੰਘ ਜੀ ਤੇ ਡਾਕਟਰ ਦੀਵਾਨ ਸਿੰਘ ਜੀ ਦੁੱਗਲ ਤੇ ਹੋਰ ਬਹੁਤ ਸਾਰੇ ਸੱਜਣ ਚੀਫ ਖਾਲਸਾ ਦੀਵਾਨ ਦੇ, ਕੋਹਮਰੀ ਪਹੁੰਚੇ ਤੇ ਸਰਦਾਰ ਸੁੰਦਰ ਸਿੰਘ ਜੀ ਮਜੀਠੀਆ ਦੀ ਕੋਠੀ ਠਹਿਰੇ। ਸ਼ਾਮ ਨੂੰ ਰੋਜ਼ ਇਹ ਸਾਰੇ ਸੱਜਣ ਸੈਰ ਲਈ ਪਿੰਡੀ ਪੁਆਇੰਟ ਦੇ ਪਾਸ ਜਾਂਦੇ ਹੁੰਦੇ ਸਨ। ਦਾਸ ਅਤੇ ਹੋਰ ਕਈ ਆਦਮੀ ਡਾਕਟਰ ਜਗਤ ਸਿੰਘ ਦੀ ਦੁਕਾਨ ਤੇ ਖੜੇ ਹੁੰਦੇ ਸਨ (ਜਿਥੇ ਮੇਰੀ ਰਿਹਾਇਸ਼ ਸੀ) ਅਸੀਂ ਇਕ ਦੂਜੇ ਨੂੰ ਪੁਛੀਏ ਕਿ

**ਏਹ** ਮਾਨਯੋਗ ਸੱਜਣ ਕੌਣ ਹਨ? ਵਾਕਫ ਸੱਜਣ ਇਸ਼ਾਰਾ ਕਰ ਕਰ ਦੱਸਣ ਕਿ ਇਹ ਫਲਾਣਾ ਸਰਦਾਰ ਹੈ ਤੇ ਔਹ ਫਲਾਣਾ। ਜਦੋਂ ਉਸ ਨੇ ਦਸਿਆ ਕਿ ਔਹ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਹਨ ਤਦੋਂ ਮੈਨੂੰ ਬੜੀ ਖ਼ੁਸ਼ੀ ਹੋਈ। ਉਨ੍ਹਾਂ ਲਈ ਸਤਿਕਾਰ ਤੇ ਖਿੱਚ ਤਾਂ ਪਹਿਲੇ ਹੀ ਮੌਜੂਦ ਸੀ ਦੂਰ ਖੜੇ ਹੀ ਨੈਣ ਬੰਦ ਕਰਕੇ ਨਮਸਕਾਰ ਕੀਤੀ। ਅਗੋਂ ਰੋਜ਼ ਹੀ ਜਦੋਂ ਉਨ੍ਹਾਂ ਨੇ ਓਥੋਂ ਦੀ ਲੰਘਣਾ ਅਸਾਂ ਦਰਸ਼ਨ ਕਰਨੇ ਤੇ ਸਤਿਕਾਰ ਭਰੇ ਨੈਣਾਂ ਨਾਲ ਨਮਸਕਾਰ ਕਰਨੀ।"

ਜਦੋਂ ਭਾਪਾ ਮਨਮੋਹਨ ਸਿੰਘ ਜੀ ਦੀ ਉਮਰ 12 ਸਾਲ ਦੀ ਸੀ, ਉਹਨਾਂ ਨੂੰ ਬੁਖਾਰ ਹੋ ਗਿਆ ਜੋ ਠੀਕ ਹੋਣ ਵਿਚ ਨਹੀਂ ਆਉਂਦਾ ਸੀ। ਇਹ ਬੀਮਾਰੀ 18-19 ਸਾਲ ਦੀ ਉਮਰ ਤੀਕ ਵੀ ਚਲਦੀ ਰਹੀ। ਇਸੇ ਕਾਰਨ ਉਹਨਾਂ ਨੂੰ ਕਈ ਪਹਾੜਾਂ ਅਤੇ ਸਮੁੰਦਰ ਕੰਢੇ ਦੇ ਪੌਣ ਪਾਣੀ ਦੀ ਸੈਰ ਲਈ ਭੇਜਿਆ ਜਾਂਦਾ ਸੀ। ਉਹਨਾਂ ਦੇ ਪਿਤਾ ਜੀ ਦਾ ਇਸ ਲਾਡਲੇ ਨਾਲ ਬਹੁਤ ਪਿਆਰ ਸੀ ਅਤੇ ਕਦੇ ਇਹਨਾਂ ਨੂੰ ਨਥਿਆ ਗਲੀ, ਕਦੀ ਕੋਹਮਰੀਠ ਕਦੀ ਕਰਾਚੀ ਸਮੁੰਦਰ ਕੰਢੇ ਡਾਕਟਰ ਦੀ ਸਲਾਹ ਨਾਲ ਭੇਜਦੇ ਰਹਿੰਦੇ ਸਨ। ਜਦੋਂ ਪਹਿਲੀ ਵਾਰ ਭਾਈ ਸਾਹਿਬ ਜੀ ਨਾਲ ਜਾਣ ਪਛਾਣ ਦਾ ਅਵਸਰ ਮਿਲਿਆ ਤਾਂ ਉਸ ਸਮੇਂ ਦੀ ਯਾਦ ਅਤੇ ਭਾਈ ਸਾਹਿਬ ਜੀ ਦੇ ਕਹੇ ਹੋਏ ਵਾਕ, ਜਿਨ੍ਹਾਂ ਨੂੰ ਆਪ ਕਈ ਵਾਰ ਦੁਹਰਾਂਦੇ ਰਹੇ, ਉਸ ਮਿਲਣੀ ਬਾਰੇ ਇਉਂ ਹਨ।

"ਕੁਝ ਦਿਨ ਬੀਤੇ ਤਦੋਂ ਅਸੀਂ ਇਕ ਪਾਰਟੀ ਕੁਲਡੰਨਾ ਦੀ ਬਾਵਲੀ ਪਰ ਪਿਕਨਿਕ ਕਰਨ ਗਏ ਹੋਏ ਸੀ। ਕੁਦਰਤਨ ਇਹ ਸਰਦਾਰਾਂ ਦੀ ਪਾਰਟੀ ਵੀ ਸੈਰ ਕਰਦੇ ਕਰਦੇ ਬਾਵਲੀ ਪਰ ਪਹੁੰਚ ਗਈ। ਬਾਵਲੀ ਦਾ ਪਾਣੀ ਬੜਾ ਠੰਡਾ ਸੀ, ਦੋ ਚਾਰ ਮਿੰਟ ਹੀ ਆਦਮੀ ਪਾਣੀ ਦੀ ਧਾਰ ਹੇਠ ਹੱਥ ਰਖ ਸਕਦਾ ਸੀ। ਘੜੀ ਵੇਖਕੇ ਸਾਰੇ ਵਾਰੀ ਵਾਰੀ ਪਾਣੀ ਹੇਠ ਹੱਥ ਰਖਦੇ ਰਹੇ। ਸਤਿਕਾਰ ਯੋਗ ਭਾਈ ਸਾਹਿਬ ਜੀ ਇਕ ਪਾਸੇ ਡਾ: ਦੀਵਾਨ ਸਿੰਘ ਜੀ ਦੇ ਨਾਲ ਖੜੇ ਸਨ। ਡਾਕਟਰ ਜੀ ਨੇ ਅਸਾਂ ਤਿੰਨਾਂ ਬਾਰੇ ਪਿਆਰੇ ਭਾਈ ਸਾਹਿਬ ਜੀ ਨੂੰ ਦਸਿਆ ਕਿ ਏਹ ਕੌਣ ਹਨ। ਮੇਰੀ ਬਾਬਤ ਦਸਿਆ ਕਿ ਇਹ ਐਬਟਾਬਾਦ ਤੋਂ ਆਇਆ ਹੈ, ਚੋਖੇ ਚਿਰ ਤੋਂ ਬੀਮਾਰ ਰਹਿੰਦਾ ਹੈ। ਮੈਂ ਬੀ ਮੁਆਇਨਾ ਕੀਤਾ ਹੈ, ਇਲਾਜ ਜਾਰੀ ਹੈ ਪਰ ਇਸ ਦੀ ਬੀਮਾਰੀ ਅਜੇ ਰੁਕੀ ਨਹੀਂ। ਇਹ ਗੱਲ ਤਕ ਕੇ ਅਸਾਂ ਜੋ ਫਲ ਅੰਗੂਰ ਬੱਗੂ ਗੋਸ਼ੇ ਆਦਿ ਨਾਲ ਲੈ ਗਏ ਸਾਂ ਬਾਵਲੀ ਦੇ ਜਲ ਨਾਲ ਧੋ ਕੇ ਥਾਲ ਵਿਚ ਪਾ ਕੇ ਸਭ ਤੋਂ ਪਹਿਲਾਂ ਸਰਦਾਰ ਸੁੰਦਰ ਸਿੰਘ ਜੀ ਮਜੀਠੀਆ ਦੇ ਪੇਸ਼ ਕੀਤੇ। ਪਰ ਉਹ ਨਾਂਹ ਨਾਂਹ ਕਰਦੇ ਰਹੇ। ਪਿਆਰੇ ਭਾਈ ਸਾਹਿਬ ਜੀ ਬੀ ਪਾਸ ਖੜੇ ਸਨ ਤਰੁਠੇ ਤੇ ਸਰਦਾਰ ਜੀ ਨੂੰ ਕਹਿਣ ਲਗੇ : ਕਾਕਾ ਕਿਸ ਪਿਆਰ ਨਾਲ ਧੋ ਕੇ ਫਲ ਲਿਆਇਆ ਹੈ ਦੋ ਦੋ ਦਾਣੇ ਲੈ ਲਵੋ। ਤਦ ਸਰਦਾਰ

ਜੀ ਨੇ ਲੈ ਲੀਤੇ ਤੇ ਫਿਰ ਭਾਈ ਸਾਹਿਬ ਜੀ ਨੇ ਲੀਤੇ ਤੇ ਮਗਰੋਂ ਹੋਰ ਸਾਰਿਆਂ ਨੇ ਲਏ। ਪਿਛੋਂ ਕਈ ਵਾਰ ਮਜ਼ਾਕ ਨਾਲ ਭਾਈ ਸਾਹਿਬ ਜੀ ਦਾਸ ਨੂੰ ਕਿਹਾ ਕਰਦੇ ਸਨ ਇਸ ਮੁੰਡੇ ਨੇ ਇਕ ਬੱਗੂ ਗੋਸ਼ਾ ਦੇ ਕੇ ਸਾਨੂੰ ਠੱਗ ਲਿਆ।"

ਮੇਰੀ ਮੁਲਾਕਾਤ ਭਾਪਾ ਮਨਮੋਹਨ ਸਿੰਘ ਜੀ ਨਾਲ ਲਾਹੌਰ ਅਨਾਰਕਲੀ ਬਾਜ਼ਾਰ ਵਿਚ ਉਹਨਾਂ ਦੇ ਕੈਲਾਸ਼ ਹੋਟਲ ਵਿਚ ਅੱਜ ਤੋਂ 50-52 ਵਰ੍ਹੇ ਪਹਿਲਾਂ ਹੋਈ ਸੀ। ਇਹ ਸਿਰਫ ਰਸਮੀ ਅਤੇ ਪਰਸਪਰ ਸਤਿਕਾਰ ਤੋਂ ਵਧ ਨਹੀਂ ਸੀ। 1942 ਵਿਚ ਮੈਂ ਫੌਜ ਵਿਚ ਚਲਾ ਗਿਆ। 1950 ਵਿਚ ਦਿੱਲੀ ਬਦਲੀ ਹੋਈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਜਦੋਂ ਦਿੱਲੀ ਆਉਂਦੇ ਤਾਂ ਉਹ ਆਪਣੇ ਸੁਭਾਅ ਅਨੁਸਾਰ ਹਰ ਸ਼ਾਮ ਹਵਾ ਖੋਰੀ ਜ਼ਰੂਰ ਕਰਦੇ। ਇਸ ਤਰ੍ਹਾਂ ਮੋਟਰ ਵਿਚ ਸੈਰ ਕਰਦੇ ਕਰਦੇ ਸ਼ਾਮ ਨੂੰ ਮੇਰੇ ਵਲ ਵੀ ਆ ਜਾਂਦੇ ਅਤੇ ਕੁਝ ਸਮਾਂ ਉਹਨਾਂ ਦੀ ਸੰਗਤ ਅਤੇ ਬਚਨ ਬਿਲਾਸ ਦਾ ਮਿਲ ਜਾਂਦਾ। ਉਹਨਾਂ ਦੇ ਨਾਲ ਕਈ ਵਾਰੀ ਭਾਪਾ ਮਨਮੋਹਨ ਸਿੰਘ ਜੀ ਵੀ ਹੁੰਦੇ। ਪੁਰਾਣਾ ਲਾਹੌਰ ਦਾ ਮਿਲਾਪ ਫਿਰ ਤਾਜ਼ਾ ਹੋ ਗਿਆ। ਭਾਪਾ ਮਨਮੋਹਨ ਸਿੰਘ ਜੀ ਤਾਂ ਭਾਈ ਸਾਹਿਬ ਜੀ ਦੇ ਸੰਪਰਕ ਨਾਲ ਸਦਾ ਖਿੜੇ ਰਹਿੰਦੇ। ਇਹਨਾਂ ਮੁਲਾਕਾਤਾਂ ਨਾਲ ਕਾਫੀ ਨੇੜ ਵਧਿਆ।

ਭਾਈ ਸਾਹਿਬ ਜੀ ਦੇਹਰਾਦੂਨ ਗਰਮੀਆਂ ਦੇ ਦਿਨਾਂ ਵਿਚ ਜਾਂਦੇ ਹੋਏ ਮੇਰੇ ਪਾਸ ਮੇਰਠ ਠਹਿਰ ਕੇ ਜਾਂਦੇ ਜਿਥੇ ਮੇਰੀ ਬਦਲੀ ਹੋ ਚੁਕੀ ਸੀ। ਭਾਪਾ ਮਨਮੋਹਨ ਸਿੰਘ ਜੀ ਉਹਨਾਂ ਦੇ ਆਉਣ ਤੋਂ ਪਹਿਲੇ ਹੀ ਮੇਰੇ ਪਾਸ ਪਹੁੰਚ ਜਾਂਦੇ। ਵੈਸੇ ਤਾਂ ਭਾਈ ਸਾਹਿਬ ਦੇ ਪ੍ਰੋਗਰਾਮ ਦਾ ਪਤਾ ਚੱਲ ਹੀ ਜਾਂਦਾ ਸੀ, ਪਰ ਭਾਪਾ ਮਨਮੋਹਨ ਸਿੰਘ ਤੇ ਦੰਪਤੀ ਦਾ ਆਉਣਾ ਇਹ ਦਰਸਾ ਦਿੰਦਾ ਕਿ ਭਾਈ ਸਾਹਿਬ ਜੀ ਆਉਣ ਵਾਲੇ ਹਨ। ਦੋਹਾਂ ਦੀ ਸੰਗਤ ਵਿਚ ਇਕ ਅਨੋਖਾ ਅਨੰਦ ਪ੍ਰਤੀਤ ਹੁੰਦਾ ਸੀ। ਸਾਰੇ ਮਿਲ ਕੇ ਭਾਈ ਸਾਹਿਬ ਦੇ ਸੁਆਗਤ ਲਈ ਘਰ ਨੂੰ ਸੁਹਣਾ ਬਣਾਉਂਦੇ। ਭਾਪਾ ਮਨਮੋਹਨ ਸਿੰਘ ਜੀ ਪਾਸ ਤਾਂ ਭਾਈ ਸਾਹਿਬ ਜੀ ਨਾਲ ਮਿਲਣੀਆਂ ਦਾ ਅਟੁਟ ਭੰਡਾਰ ਸੀ। ਘੰਟਿਆਂ ਬੱਧੀ ਚਿਹਰੇ ਤੇ ਗੰਭੀਰਤਾ, ਅੱਖਾਂ ਵਿਚ ਸੱਜਲਤਾ ਅਤੇ ਬੋਲ ਵਿਚ ਹਲੀਮੀ ਭਰ ਕੇ ਉਹ ਭਾਈ ਸਾਹਿਬ ਜੀ ਸੰਬੰਧੀ ਗੱਲਾਂ ਕਰਦੇ ਨ ਥਕਦੇ। ਜਿਸ ਗੁਰਮੁਖ ਦੇ ਹਸਤਕੰਵਲਾਂ ਨੇ ਭਾਪਾ ਜੀ ਦਾ ਦੁਖ ਯੁਵਕ ਅਵਸਥਾ ਵਿਚ ਦੂਰ ਕੀਤਾ ਸੀ ਉਸ ਨੂੰ ਸਦਾ ਇਉਂ ਯਾਦ ਕਰਦੇ :

"ਕੁਝ ਦਿਨਾਂ ਪਿਛੋਂ ਸਰਦਾਰ ਤੇਜਾ ਸਿੰਘ ਜੀ ਪੋਸਟ ਮਾਸਟਰ ਬਾੜੀਆਂ ਕੋਹਮਰੀ ਥੀਂ 6 ਮੀਲ ਨਥਿਆ ਗਲੀ ਦੀ ਸੜਕ ਪਰ ਪੋਸਟ ਮਾਸਟਰ ਆ ਲਗੇ। ਓਥੋਂ ਓਹ ਕੋਹਮਰੀ ਸਤਿਕਾਰਯੋਗ ਭਾਈ ਸਾਹਿਬ ਜੀ ਨੂੰ ਮਿਲਣ ਲਈ ਆਏ ਤੇ ਆਕੇ ਦਾਸ ਪਾਸ

ਠਹਿਰੇ। ਭਾਈ ਸਾਹਿਬ ਜੀ ਨੂੰ ਮਿਲਣ ਲਈ ਚੱਲੇ ਤਾਂ ਮੈਂ ਬੀ ਬੇਨਤੀ ਕੀਤੀ ਕਿ ਮੈਨੂੰ ਬੀ ਲੈ ਚਲੋ। ਅਸੀਂ ਦੋਵੇਂ ਸਰਦਾਰ ਮਜੀਠੀਆ ਜੀ ਦੀ ਕੋਠੀ ਪਹੁੰਚੇ। ਆਪ ਜੀ ਵਰਾਂਡੇ ਵਿਚ ਆ ਕੇ ਮਿਲੇ। ਕੁਰਸੀਆਂ ਪਰ ਬੈਠ ਗਏ। ਸ: ਤੇਜਾ ਸਿੰਘ ਜੀ ਨੇ ਮੇਰੀ ਜਾਣ ਪਛਾਣ ਕਰਾਈ ਕਿ ਇਹ ਮੇਰੇ ਚਾਚਾ ਪ੍ਰੇਮ ਸਿੰਘ ਜੀ ਦਾ ਲੜਕਾ ਹੈ, ਬੀਮਾਰ ਰਹਿੰਦਾ ਹੈ ਇਸ ਲਈ ਇਥੇ ਹਵਾ ਬਦਲੀ ਲਈ ਆਇਆ ਹੋਇਆ ਹੈ ਮੈਂ ਇਸੇ ਪਾਸ ਹੀ ਠਹਿਰਿਆ ਹਾਂ। ਪਿਆਰੇ ਭਾਈ ਸਾਹਿਬ ਜੀ ਨੇ ਸ: ਤੇਜਾ ਸਿੰਘ ਜੀ ਤੋਂ ਪੁਛਿਆ : 'ਬਾਣੀ ਪੜ੍ਹਦੇ ਹੋ?' ਉਨ੍ਹਾਂ ਨੇ ਕਿਹਾ, 'ਜੀ ਕਦੀ ਕਦੀ ਪੜ੍ਹਦਾ ਹਾਂ, ਸ਼ੁਰੂ ਕਰਦਾ ਹਾਂ, ਕੁਝ ਦਿਨ ਪੜ੍ਹਦਾ ਹਾਂ, ਫਿਰ ਜੀ ਉਚਾਟ ਹੋ ਜਾਂਦਾ ਹੈ, ਆਲਸ ਆ ਜਾਂਦਾ ਹੈ ਤਾਂ ਛਡ ਦਿੰਦਾ ਹਾਂ।'

ਆਪ ਨੇ ਫੁਰਮਾਇਆ, "ਤੇਜਾ ਸਿੰਘ ਜੀ ਕਪੜਾ ਮੈਲਾ ਹੋ ਜਾਂਦਾ ਹੈ, ਉਸ ਨੂੰ ਧੋਣ ਲਈ ਸਾਬਣ ਲਾਈਦਾ ਹੈ। ਜਦੋਂ ਸਾਬਣ ਕਪੜੇ ਵਿਚ ਹੁੰਦਾ ਹੈ, ਕਪੜਾ ਪਹਿਲੀ ਹਾਲਤ ਤੋਂ ਬੀ ਮੈਲਾ ਦਿਸਦਾ ਹੈ। ਕੋਈ ਆਪ ਜੈਸਾ ਆਦਮੀ ਹੋਵੇ ਤਾਂ ਅਗੇ ਨਾਲੋਂ ਬੀ ਮੈਲਾ ਕਪੜਾ ਦੇਖ ਕੇ ਘਬਰਾ ਜਾਵੇ ਤੇ ਕਪੜੇ ਨੂੰ ਹੀ ਚੁਕ ਕੇ ਬਾਹਰ ਸੁਟ ਦੇਵੇ। ਤਦੋਂ ਵੇਖੋ ਕਪੜਾ ਬੀ ਗਿਆ ਤੇ ਉਸ ਪਰ ਲਾਇਆ ਸਾਬਣ ਬੀ ਗਿਆ, ਨਾਲੇ ਮਿਹਨਤ ਅਜਾਈਂ ਗਈ। ਜੇ ਕੋਈ ਮੱਤ ਦੇਵੇ ਕਿ ਨਾ ਭਾਈ ਕਪੜਾ ਸੁਟੋ ਨਹੀਂ, ਹੋਰ ਕੋਸ਼ਸ਼ ਕਰੋ, ਕਪੜੇ ਨੂੰ ਮੁਕੀਆਂ ਮਾਰ ਕੇ ਕੁੱਟੋ, ਸਾਫ ਪਾਣੀ ਪਾ ਕੇ ਸਾਬਣ ਵਾਲਾ ਮੈਲਾ ਪਾਣੀ ਕੱਢ ਦਿਓ, ਕਪੜਾ ਸਾਫ ਹੋ ਕੇ ਖੁੰਬ ਵਾਂਗੂੰ ਚਿੱਟਾ ਹੋ ਜਾਏਗਾ। ਏਸੇ ਤਰ੍ਹਾਂ ਤੁਸੀਂ ਜਦੋਂ ਬਾਣੀ ਦੇ ਪਾਸੇ ਲਗਦੇ ਹੋ, ਮਨ ਤੋਂ ਪਾਪ ਕਰਮਾਂ ਦੀ ਮੈਲ ਉਤਰਨੀ ਸ਼ੁਰੂ ਹੁੰਦੀ ਹੈ। ਆਪ ਨੂੰ ਚਿਤ ਜ਼ਿਆਦਾ ਮੈਲਾ ਜਾਪਦਾ ਹੈ। ਤੁਸੀਂ ਬਜਾਏ ਉੱਦਮ ਕਰਕੇ ਲਗੇ ਰਹਿਣ ਦੇ ਬਾਣੀ ਪੜ੍ਹਨੀ ਹੀ ਛੋੜ ਦਿੰਦੇ ਹੋ, ਅਥਵਾ ਸਾਡੇ ਮਾੜੇ ਕਰਮ ਜਿਨ੍ਹਾਂ ਨੇ ਅੰਦਰ ਡੇਰਾ ਲਾਇਆ ਹੋਇਆ ਹੈ ਓਹ ਪੇਸ਼ ਨਹੀਂ ਚੱਲਣ ਦਿੰਦੇ। ਜਦੋਂ ਤੁਸੀਂ ਬਾਣੀ ਦੇ ਪਾਸੇ ਲਗਦੇ ਹੋ ਓਹ ਮਾੜੇ ਕਰਮ ਸਮਝਦੇ ਹਨ ਇਹ ਸਾਡੇ ਰਾਜ ਵਿਚੋਂ ਨਿਕਲ ਚਲਿਆ ਹੈ। ਸੋ ਓਹ ਜ਼ੋਰ ਪਾਉਂਦੇ ਹਨ ਕਿ ਇਸ ਨੂੰ ਆਪਣੇ ਅਧੀਨ ਹੀ ਰਖੀਏ। ਤੁਸੀਂ ਘਾਬਰ ਕੇ ਬਾਣੀ ਛੋੜ ਦਿੰਦੇ ਹੋ, ਸੋ ਭਾਈ ਚੈਤੰਨ ਹੋ ਕੇ ਤੇ ਉੱਦਮ ਕਰਕੇ ਬਾਣੀ ਦੇ ਪਾਸੇ ਲਗੇ ਰਹੋ, ਛਡੋ ਨਹੀਂ ਜਦੋਂ ਬਾਣੀ ਦਾ ਸਦਕਾ ਮਨ ਧੋਤਾ ਜਾਏਗਾ ਫਿਰ ਬਾਣੀ ਪਿਆਰੀ ਲਗੇਗੀ ਤੇ ਸੁਆਦ ਆਵੇਗਾ।

ਇਹ ਪਹਿਲੀ ਸਿਖਜਾ ਸੀ ਜੋ ਪਿਆਰੇ ਜੀ ਦੇ ਮੁਖਾਰਬਿੰਦ ਥੀਂ ਸੁਣੀ। ਮਹਾਂਪੁਰਖ ਜੀ ਦੇ ਮਿਠੇ ਉਪਦੇਸ਼ ਦਾ ਇਹ ਅਸਰ ਹੋਇਆ ਕਿ ਫਿਰ ਸ: ਤੇਜਾ ਸਿੰਘ ਜੀ ਨੇ

ਬਾਣੀ ਆਪਣੇ ਅੰਤਮ ਸੁਆਸਾਂ ਤਕ ਨਹੀਂ ਛਡੀ ਤੇ ਮੇਰੇ ਹਿਰਦੇ ਪਰ ਬੀ ਇਹ ਸਿਖਜਾ ਡੂੰਘੀ ਅੰਕਤ ਹੋ ਗਈ"।

ਕੋਹਮਰੀ ਵਿਚ ਲਗਪਗ ਹਰ ਰੋਜ਼ ਸਰਦਾਰ ਜੀ ਦਾ ਮੇਲ ਭਾਈ ਸਾਹਿਬ ਨਾਲ ਹੁੰਦਾ ਰਿਹਾ ਅਤੇ ਉਨ੍ਹਾਂ ਦੀ ਛੋਹ ਪ੍ਰਾਪਤ ਕਰਦੇ ਰਹੇ। ਜਦੋਂ ਸਰਦਾਰ ਜੀ ਐਬਟਾਬਾਦ ਵਾਪਸ ਪਰਤੇ ਤਾਂ ਉਨ੍ਹਾਂ ਨੂੰ ਮੁੜ ਉਥੇ ਬੁਖਾਰ ਹੋ ਗਿਆ। ਸਰਦੀਆਂ ਸ਼ੁਰੂ ਹੋ ਗਈਆਂ ਸਨ। ਉਹ ਕਰਾਚੀ ਜਾਣ ਲਈ ਤਿਆਰ ਹੋਏ। ਕਰਾਚੀ ਜਾਂਦਿਆਂ ਅਤੇ ਵਾਪਸ ਮੁੜਦਿਆਂ ਸਰਦਾਰ ਜੀ ਨੇ ਭਾਈ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਪਾਸ ਠਹਿਰੇ।

ਸਿਆਲਕੋਟ ਸਿਖ ਐਜੂਕੇਸ਼ਨਲ ਕਾਨਫ੍ਰੰਸ ਅਤੇ ਰਾਵਲਪਿੰਡੀ ਇਕ ਸ਼ਾਦੀ ਉਤੇ ਭਾਈ ਸਾਹਿਬ ਦੇ ਦਰਸ਼ਨ ਉਨ੍ਹਾਂ ਨੂੰ ਹੋਏ। ਭਾਈ ਸਾਹਿਬ ਐਬਟਾਬਾਦ ਸ: ਲਖਮੀ ਸਿੰਘ ਦੇ ਸੱਦੇ ਤੇ ਗਏ, ਜਿਥੇ ਕਿ ਓਹਨਾ ਦੀ ਪੁਤਰੀ ਬੀਬੀ ਸੰਤ ਜੀ ਬੁਖਾਰ ਤੋਂ ਰਾਜ਼ੀ ਹੋਏ ਸਨ। ਇਕ ਹਫਤਾ ਭਾਈ ਸਾਹਿਬ ਜੀ ਤੋਂ ਉਹ ਆਨੰਦ ਮਾਣਦੇ ਰਹੇ। ਇਕ ਦਿਨ ਭਾਈ ਸਾਹਿਬ ਜੀ ਨੇ ਸਰਦਾਰ ਜੀ ਨੂੰ ਕਿਹਾ ਕਿ ਜਾਉ ਅਤੇ ਬੀਬੀ ਤੇਜਾਂ ਨੂੰ ਬੁਲਾ ਲਿਆਉ। ਸਰਦਾਰ ਜੀ ਨੇ ਉੱਤਰ ਵਿਚ ਆਖਿਆ : "ਹੁਣ ਕਿਸ ਤਰ੍ਹਾਂ ਜਾਵਾਂ, ਉਨ੍ਹਾਂ ਦੇ ਵੱਡੇ ਵੱਡੇ ਕੁਤੇ ਹਨ ਜੋ ਦੂਰੋਂ ਪੈ ਜਾਂਦੇ ਹਨ, ਡਰ ਲਗਦਾ ਹੈ"। ਭਾਈ ਸਾਹਿਬ ਨੇ ਬਚਨ ਕੀਤਾ ਕਿ ਜਾਓ, ਫਰਿਸ਼ਤੇ ਤੇਰੀ ਰਾਖੀ ਕਰਨਗੇ, ਗੁਰੂ ਭਰੋਸਾ ਰਖ ਕੇ ਜਾਉ। ਸਰਦਾਰ ਜੀ ਚਲੇ ਗਏ ਅਤੇ ਬੁਲਾ ਕੇ ਲੈ ਆਏ ਅਤੇ ਫਿਰ ਮੁੜ ਕੇ ਛੋੜ ਵੀ ਆਏ। ਵਾਹਿਗੁਰੂ ਦੇ ਰੰਗ। ਜਾਂਦਿਆਂ ਆਉਂਦਿਆਂ ਉਨ੍ਹਾਂ ਨੂੰ ਕੋਈ ਕੁਤਾ ਨਾ ਮਿਲਿਆ। ਸਵੇਰੇ ਨੂੰ ਭਾਈ ਸਾਹਿਬ ਜਦੋਂ ਐਬਟਾਬਾਦ ਤੋਂ ਰਵਾਨਾ ਹੋਏ ਤਾਂ ਸਰਦਾਰ ਜੀ ਉਨ੍ਹਾਂ ਦੇ ਨਾਲ ਥਾਈਂ ਤਕ ਗਏ। ਜਦੋਂ ਅਲੱਗ ਹੋਣ ਲੱਗੇ ਤਾਂ ਸਰਦਾਰ ਜੀ ਤੋਂ ਪੁਛਿਆ ਕਿ ਕੀ ਉਸ ਦੇ ਪਾਸ ਕੋਈ ਨਿਜੀ ਰੁਪਏ ਹੁੰਦੇ ਹਨ? ਉਤਰ ਵਿਚ ਉਨ੍ਹਾਂ ਨੇ ਕਿਹਾ ਕਿ ਜੀ ਘੱਟ ਹੀ ਹੁੰਦੇ ਹਨ। ਆਪ ਨੇ ਆਪਣੇ ਖੀਸੇ ਵਿਚੋਂ ਚਾਂਦੀ ਦੇ ਦੋ ਰੁਪਏ ਕਢੇ ਅਤੇ ਸਰਦਾਰ ਜੀ ਨੂੰ ਦੇ ਕੇ ਕਿਹਾ ਕਿ ਇਕ ਰੁਪਿਆ ਸੰਤ ਜੀ ਨੂੰ ਦੇ ਦੇਣਾ ਤੇ ਦੂਜਾ ਜਿਥੇ ਆਪਣੇ ਰੁਪਏ ਰਖਦੇ ਹੋ ਉਥੇ ਰਖ ਦੇਣਾ। ਇਸ ਰੁਪਏ ਨਾਲ ਸਰਦਾਰ ਜੀ ਨੂੰ ਅਪਾਰ ਬਰਕਤਾਂ ਪ੍ਰਾਪਤ ਹੋਈਆਂ।

ਸਰਦਾਰ ਜੀ ਨੂੰ ਮੁੜ ਬੁਖਾਰ ਹੋ ਗਿਆ ਅਤੇ ਸਤੰਬਰ 1912 ਵਿਚ ਫਿਰ ਕੋਹਮਰੀ ਗਏ। ਭਾਈ ਸਾਹਿਬ ਵੀ ਸਹਿਤ ਪ੍ਰਵਾਰ ਦੇ ਉਥੇ ਪੁਜੇ। ਸਰਦਾਰ ਜੀ ਭਾਈ ਸਾਹਿਬ ਨਾਲ ਹੀ ਠਹਿਰੇ ਅਤੇ ਸਤਿਸੰਗ ਦਾ ਲਾਹਾ ਮਾਣਿਆ। ਅਕਤੂਬਰ ਦੇ ਮਹੀਨੇ ਕਾਫੀ ਸਰਦੀ ਸ਼ੁਰੂ ਹੋ ਗਈ ਸੀ ਅਤੇ ਵਾਪਸ ਪਰਤਣ ਦਾ ਵੀਚਾਰ ਹੋਇਆ।

 www.sikhbookclub.com

ਸਰਦਾਰ ਜੀ ਨੇ ਭਾਈ ਸਾਹਿਬ ਨੂੰ ਕਿਹਾ ਕਿ ਉਹ ਇਕ ਦਿਨ ਪਹਿਲਾਂ ਉਨ੍ਹਾਂ ਤੋਂ ਚਲਦੇ ਹਨ ਅਤੇ ਰਾਵਲ ਪਿੰਡੀ ਉਹ ਉਨ੍ਹਾਂ ਲਈ ਪ੍ਰਸ਼ਾਦਾ ਤਿਆਰ ਕਰਵਾ ਕੇ ਸਟੇਸ਼ਨ ਤੇ ਲਿਆਵਣਗੇ। ਉਨ੍ਹਾਂ ਦਿਨਾਂ ਵਿਚ ਸਰਦਾਰ ਜੀ ਦੇ ਵਡੇ ਭਰਾਤਾ ਦਾ ਵਿਆਹ ਸੀ ਅਤੇ ਸਾਰਾ ਪਰਿਵਾਰ ਰਾਵਲਪਿੰਡੀ ਪੁਜਾ ਹੋਇਆ ਸੀ। ਭਾਈ ਸਾਹਿਬ ਨੇ ਉੱਤਰ ਦਿਤਾ ਕਿ ਉਹ ਲਖਬੀਰ ਸਿੰਘ ਨੂੰ ਚਿਠੀ ਲਿਖ ਬੈਠੇ ਹਨ। ਜੇ ਕਰ ਪਹਿਲਾਂ ਆਖਦੇ ਤਾਂ ਉਸ ਨੂੰ ਨਾ ਲਿਖਦੇ। ਸੰਤ ਲਖਮੀਰ ਸਿੰਘ ਭਾਈ ਸਾਹਿਬ ਦੇ ਨਾਲ ਸਨ ਅਤੇ ਸੰਤ ਜੀ ਨੇ ਕਿਹਾ ਕਿ ਮਨਮੋਹਨ ਸਿੰਘ ਦੀ ਬੇਨਤੀ ਪ੍ਰਵਾਨ ਕਰੋ, ਜਿਸ ਤਰ੍ਹਾਂ ਦਾ ਪ੍ਰਸ਼ਾਦ ਇਹ ਤਿਆਰ ਕਰਵਾ ਕੇ ਲਿਆਵੇਗਾ, ਲਖਬੀਰ ਸਿੰਘ ਨਹੀਂ ਲਿਆ ਸਕਦਾ। ਦੋਹਾਂ ਪਾਸੋਂ ਲੈ ਕੇ ਵਰਤ ਲਵਾਂਗੇ। ਸਰਦਾਰ ਜੀ ਰਾਵਲਪਿੰਡੀ ਪੁਜ ਗਏ ਅਤੇ ਸ਼ਾਮ ਨੂੰ ਪ੍ਰਸ਼ਾਦਾ ਤਿਆਰ ਕਰਵਾ ਕੇ ਸਟੇਸ਼ਨ ਪਰ ਪੁਜ ਗਏ। ਲਖਬੀਰ ਸਿੰਘ ਵੀ ਮਹਿਰੇ ਦੀ ਵਹਿੰਗੀ ਉਤੇ ਪ੍ਰਸ਼ਾਦਾ ਰਖਵਾਇਆ ਹੋਇਆ, ਪੁਜ ਗਿਆ। ਇਨ੍ਹਾਂ ਦਾ ਪ੍ਰਵਾਰ ਮਰੀ ਗਿਆ ਹੋਇਆ ਸੀ, ਪ੍ਰਸ਼ਾਦਾ ਇਨ੍ਹਾਂ ਨੇ ਦੁਕਾਨਦਾਰ ਤੋਂ ਤਿਆਰ ਕਰਵਾਇਆ ਸੀ। ਉਹ ਪ੍ਰਸ਼ਾਦਾ ਦੇ ਕੇ ਚਲੇ ਗਏ। ਸਰਦਾਰ ਜੀ ਦੇ ਪਰਿਵਾਰ ਨੇ ਆਪ ਪ੍ਰਸ਼ਾਦਾ ਥਾਲਾਂ ਵਿਚ ਪਰੋਸ ਕੇ ਖੁਆਇਆ ਅਤੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਇਸ ਵੀ ਸੁਣਨ ਵਿਚ ਆਇਆ ਹੈ ਕਿ ਇਕ ਵਾਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਸਵੇਰ ਦੀ ਸੈਰ ਕਰਕੇ ਪਰਤ ਰਹੇ ਸਨ। ਉਹਨਾਂ ਆਪਣੇ ਮਿੱਤਰ ਨੂੰ ਕਿਹਾ ਕਿ ਉਹ ਘਰ ਚਲਾ ਜਾਵੇ ਕਿਉਂ ਜੋ ਉਹ ਥੋੜੀ ਦੇਰ ਠਹਿਰ ਕੇ ਆਉਣਗੇ। ਭਾਈ ਸਾਹਿਬ ਜੀ ਭਾਪਾ ਮਨਮੋਹਨ ਸਿੰਘ ਜੀ ਪਾਸ ਗਏ ਤੇ ਪੁਛਿਆ ਕਿ ਕੀ ਉਹ ਭਾਈ ਸਾਹਿਬ ਨਾਲ ਕੋਈ ਗੱਲਬਾਤ ਕਰਨਾ ਚਾਹੁੰਦੇ ਹਨ? ਭਾਪਾ ਮਨਮੋਹਨ ਸਿੰਘ ਜੀ ਬਹੁਤ ਹੀ ਪ੍ਰਭਾਵਿਤ ਹੋਏ ਅਤੇ ਕਿਹਾ ਕਿ ਉਹ ਕੁਝ ਸਿਖਣਾ ਚਾਹੁੰਦੇ ਹਨ, ਉਹਨਾਂ ਦੇ ਚਰਨਾਂ ਵਿਚ ਥਾਂ ਚਾਹੁੰਦੇ ਹਨ। ਭਾਈ ਸਾਹਿਬ ਜੀ ਨੇ ਕਿਹਾ : "ਨਾਨਕ ਨਦਰੀ ਨਦਰਿ ਨਿਹਾਲ॥" ਬੱਸ ਭਾਪਾ ਮਨਮੋਹਨ ਸਿੰਘ ਜੀ ਦੇ ਜੀਵਨ ਵਿਚ ਪਲਟਾ ਆ ਗਿਆ। ਕੁਝ ਹੀ ਦਿਨਾਂ ਪਿਛੋਂ ਭਾਪਾ ਮਨਮੋਹਨ ਸਿੰਘ ਜੀ ਦੀ ਬਿਮਾਰੀ ਦੂਰ ਹੋ ਗਈ ਅਤੇ ਉਹਨਾਂ ਦਾ ਨਵਾਂ ਜੀਵਨ ਅਰੰਭ ਹੋ ਗਿਆ। ਉਹਨਾਂ ਆਪਣਾ ਵਪਾਰ ਸ਼ੁਰੂ ਕੀਤਾ। ਪੂਰੀ ਰੁਚੀ ਲਾਈ। ਪਰਿਵਾਰ ਵਿਚ ਵੀ ਪੂਰਾ ਧਿਆਨ ਦਿਤਾ। ਪਰਿਵਾਰ ਦੇ ਜੀਆਂ ਨਾਲ ਮਿਲਕੇ ਐਬਟਾਬਾਦ, ਲਾਹੌਰ, ਦਿੱਲੀ ਅਤੇ ਮਦਰਾਸ ਵਿਚ ਕਾਰੋਬਾਰ ਕੀਤਾ। ਵਪਾਰ ਵਿਚ ਹਾਰ ਜਿਤ ਬਣੀ ਰਹਿੰਦੀ ਹੈ। ਪਰ ਭਾਪਾ ਮਨਮੋਹਨ ਸਿੰਘ ਜੀ ਨੇ ਮਹਾਂ ਪੁਰਸ਼ ਦੀ ਦਯਾ ਦ੍ਰਿਸ਼ਟੀ ਨਾਲ ਜੀਵਨ ਦੀਆਂ ਕਠਿਨਾਈਆਂ ਉਪਰ ਸਹਿਜ ਹੀ ਸਫਲਤਾ ਪ੍ਰਾਪਤ ਕੀਤੀ ਅਤੇ ਕਾਫੀ ਉਨਤੀ ਕੀਤੀ।

ਇਸ ਤੋਂ ਪਿਛੋਂ ਸਰਦਾਰ ਜੀ ਦਾ ਸਨੇਹ ਭਾਈ ਸਾਹਿਬ ਜੀ ਨਾਲ ਬਹੁਤ ਵਧਿਆ ਅਤੇ ਉਹ ਕਦੀ ਕਦੀ ਭਾਈ ਸਾਹਿਬ ਪਾਸ ਆਉਂਦੇ ਰਹੇ ਅਤੇ ਉਨ੍ਹਾਂ ਦੇ ਸਤਿਸੰਗ ਦਾ ਲਾਭ ਉਠਾਉਂਦੇ ਰਹੇ।

ਭਾਈ ਸਾਹਿਬ ਜੀ ਦੀ ਸਿਖਿਆ ਨਾਲ ਉਹਨਾਂ ਤੇ ਗੁਰਬਾਣੀ ਦਾ ਮਜੀਠੀ ਰੰਗ ਅਜਿਹਾ ਚੜ੍ਹਿਆ ਕਿ ਫਿਰ ਉਹਨਾਂ ਕਈ ਇਕ ਭਟਕਦੀਆਂ, ਸਿਸਕਦੀਆਂ ਅਤੇ ਤਰਸਦੀਆਂ ਰੂਹਾਂ ਦਾ ਮਿਲਾਪ ਵੀ ਭਾਈ ਸਾਹਿਬ ਜੀ ਦੇ ਨਾਲ ਕਰਵਾਇਆ। ਜਦੋਂ ਇਹਨਾਂ ਦੀ ਰੂਹ ਨਾਮ ਰੰਗ ਵਿਚ ਰੰਗੀਜਦੀ ਵੇਖੀ ਤਾਂ ਉਹਨਾਂ ਦੇ ਹਾਲਾਤ ਨੋਟ ਕਰਨੇ ਸ਼ੁਰੂ ਕੀਤੇ ਅਤੇ ਉਸ ਬਾਰੇ ਭਾਈ ਸਾਹਿਬ ਨਾਲ ਲੋੜੀਂਦੀ ਅਗਵਾਈ ਜਾਂ ਪੁਛ ਗਿੱਛ ਲਈ ਚਿੱਠੀ ਪੱਤਰ ਕਰਦੇ ਰਹੇ। ਇਸ ਆਸ਼ੇ ਨਾਲ ਕਿ ਹੋਰ ਵੀ ਅਜਿਹੀਆਂ ਰੂਹਾਂ ਵਰੋਸਾਈਆਂ ਜਾ ਸਕਣ, ਇਹ ਉਦਮ ਕੀਤਾ ਕਿ ਸਭ ਨੋਟ ਅਤੇ ਪੱਤਰ ਵਿਸ਼ੇਸ਼ ਕਾਪੀਆਂ ਉਪਰ ਉਤਾਰ ਲਏ। ਸਾਡਾ ਇਹ ਯਤਨ ਹੈ ਕਿ ਉਹ ਸਾਮਗ੍ਰੀ ਐਡਿਟ ਕਰਕੇ ਪਾਠਕਾਂ ਅਤੇ ਸ਼ਰਧਾਲੂਆਂ ਗੋਚਰੇ ਕੀਤੀ ਜਾਵੇ।

ਜਦੋਂ ਮੇਰੀ ਬਦਲੀ ਰੁੜਕੀ ਹੋਈ ਤਾਂ ਭਾਪਾ ਮਨਮੋਹਨ ਸਿੰਘ ਜੀ ਮੇਰੇ ਪਾਸ 15 ਦਿਨ ਦੇ ਕਰੀਬ ਰਹੇ। ਉਸ ਸਮੇਂ ਬਹੁਤ ਹੀ ਨੇੜੇ ਦੀ ਵਾਰਤਾਲਾਪ ਹੁੰਦੀ ਰਹੀ। ਪਰ ਮਜ਼ੇ ਦੀ ਗੱਲ ਇਹ ਹੈ ਕਿ ਉਹਨਾਂ ਨੇ ਕਦੇ ਕੋਈ ਦੁਨਿਆਵੀ ਔਖ ਜਾਂ ਸੌਖ ਦੀ ਗੱਲ ਨਹੀਂ ਤੋਰੀ, ਸਗੋਂ ਭਾਈ ਸਾਹਿਬ ਜੀ ਦੀ ਸਿਖਿਆ ਤੋਂ ਪ੍ਰਾਪਤ ਨਾਮ-ਰਸ ਦੀ ਲਗਨ, ਪ੍ਰਾਪਤੀ ਅਤੇ ਖੇੜੇ ਦੀ ਹੀ ਗੱਲ ਕੀਤੀ। ਗੱਲ ਕਰਦਿਆਂ ਸਦਾ ਗਰੀਬੀ ਦਾ ਲਹਿਜਾ ਰੱਖਿਆ ਕਿ ਮਤਾਂ ਹਉਂ ਕੀਤੇ ਕਰਾਏ ਨੂੰ ਖੇਰੂੰ ਖੇਰੂੰ ਕਰ ਦੇਵੇ। ਅੰਤ ਵਿਚ ਇਕ ਗੱਲ ਲਿਖਣੀ ਚਾਹਾਂਗਾ ਕਿ ਗੁਰਮੁਖ ਸਦਾ ਵਾਹਿਗੁਰੂ ਦੀ ਹਜ਼ੂਰੀ ਵਿਚ ਰਹਿੰਦਾ ਹੈ ਅਤੇ ਅਜਿਹੀ ਹਾਜ਼ਰੀ ਲਈ ਪਹਿਲਾ ਸਬਕ ਜੋ ਉਹਨਾਂ ਪਕਾਇਆ ਉਹ ਓਹਨਾ ਦਸਿਆ ਕਿ :-

"ਜਦੋਂ ਸਿਖ ਐਜੂਕੇਸ਼ਨਲ ਕਾਨਫਰੰਸ ਤੋਂ ਅੰਬਾਲੇ ਅਸੀਂ ਸਾਰੇ ਇਕੋ ਮਕਾਨ ਵਿਚ ਠਹਿਰੇ ਹੋਏ ਸਾਂ ਤਾਂ ਇਕ ਦਿਨ ਅੰਮ੍ਰਿਤ ਵੇਲੇ ਸ੍ਰ: ਤਿਰਲੋਚਨ ਸਿੰਘ ਜੀ ਜਪੁਜੀ ਸਾਹਿਬ ਦਾ ਪਾਠ ਟਹਿਲ ਕੇ ਜ਼ਰਾ ਉਚੀ ਉਚੀ ਕਰ ਰਹੇ ਸਨ। ਦਾਸ ਸੁਣ ਰਿਹਾ ਸੀ। ਕੋਈ ਤੁਕ ਤਾਂ ਪੰਜ ਵਾਰ ਪੜ੍ਹਨ, ਕੋਈ ਦੋ ਤਿੰਨ ਵਾਰ ਤੇ ਕੋਈ ਇਕ ਵਾਰੀ। ਮੈਂ ਪਿਆਰ ਨਾਲ ਸੁਣਦਾ ਰਿਹਾ। ਮੌਕਾ ਮਿਲਣ ਤੇ ਪਿਆਰੇ ਜੀ ਪਾਸੋਂ ਸਾਰੀ ਗੱਲ ਇਸ ਤਰ੍ਹਾਂ ਪਾਠ ਕਰਨ ਦੀ ਪੁਛੀ। ਆਪ ਜੀ ਨੇ ਉੱਤਰ ਦਿਤਾ ਕਿ ਸਰਦਾਰ ਜੀ ਕੋਸ਼ਿਸ਼ ਕਰਦੇ ਹਨ ਕਿ ਇਕ ਪਾਠ ਤਾਂ ਜਪੁਜੀ ਸਾਹਿਬ ਦਾ ਹਜ਼ੂਰੀ ਵਿਚ ਕਰੀਏ। ਜੋ ਤੁਕ ਹਜ਼ੂਰੀ ਵਿਚ ਨਹੀਂ ਪੜ੍ਹੀ ਜਾਂਦੀ ਬਾਰ ਬਾਰ ਪੜ੍ਹਦੇ

ਹਨ। ਜਦੋਂ ਜਾਪਦਾ ਹੈ ਕਿ ਤੁਕ ਗੁਰੂ ਨਾਨਕ ਦੇਵ ਜੀ ਨੂੰ ਸੁਣਾ ਲਈ ਹੈ, ਤਦੋਂ ਅੱਗੇ ਤੁਰਦੇ ਹਨ।"

"ਇਕ ਵਾਰੀ ਆਪ ਜੀ ਨੇ ਫੁਰਮਾਇਆ ਸੀ, ਮਨਮੋਹਨ ਸਿੰਘ ਬਾਣੀ ਦਾ ਪਾਠ ਜ਼ਰਾ ਉਚੀ ਕਰਨਾ ਚਾਹੀਦਾ ਹੈ, ਇਤਨਾਂ ਉਚੀ ਕਿ ਆਪਣੇ ਕੰਨ ਪਾਠ ਦੀ ਆਵਾਜ਼ ਸੁਣ ਸਕਣ, ਇਸ ਤਰ੍ਹਾਂ ਕਰਨ ਨਾਲ ਬਾਣੀ ਦੇ ਪਾਠ ਵਿਚ ਛੇਤੀ ਸਵਾਦ ਪੈ ਜਾਵੇਗਾ।"

14 ਜਨਵਰੀ 1983 ਦੀ ਸਵੇਰ, ਜਿਸ ਵੇਲੇ ਮੇਰੇ ਕੰਨੀ ਇਹ ਸੋਅ ਪਈ ਕਿ ਭਾਪਾ ਮਨਮੋਹਨ ਸਿੰਘ ਜੀ ਸਦੀਵੀ ਵਿਛੋੜਾ ਦੇ ਗਏ ਹਨ ਅਤੇ ਹੁਣ ਉਨ੍ਹਾਂ ਨਾਲ ਕੋਈ ਵਾਰਤਾਲਾਪ ਹੋਣ ਦੀ, ਮਿਲ ਬੈਠਣ ਤੇ ਪੁਰਾਣੀਆਂ ਯਾਦਾਂ ਸਾਂਝਾਂ ਕਰਨ ਦੀ ਬਜਾਏ ਉਹਨਾਂ ਦੇ ਸਾਂਭੇ ਭੰਡਾਰ ਰਾਹੀਂ ਹੀ ਉਹਨਾਂ ਦੀ ਅਦਿਖ ਸ਼ਖਸੀਅਤ ਨਾਲ ਕੁਛ ਪਲ ਬਿਤਾਏ ਜਾ ਸਕਣਗੇ ਤਾਂ ਅੱਖੀਆਂ ਮੁੰਦ ਗਈਆਂ। ਅੰਦਰ ਕੁਛ ਆਪ ਹੀ ਪਰੋਇਆ ਜਾਣ ਲੱਗਾ। ਅਜਿਹਾ ਕੁਝ ਜੋ ਅਣਦਿਸਦੇ ਦੀ ਝਲਕ ਮਾਰ ਸਕੇ। ਫਿਰ ਜ਼ਰਾ ਕਲਮ ਦੀ ਜੁੰਬਸ਼ ਹੋਈ ਤਾਂ ਇਉਂ ਅੰਤਿਮ ਸ਼ਰਧਾਂਜਲੀ ਉਲੀਕੀ ਗਈ :

*ਹਰੀ ਨਾਮ ਦੀ ਚਰਚਾ ਜਿਥੇ, ਬੈਠਾ ਸਾਜਨ ਸੋਹਣਾ।*
*ਪ੍ਰੀਤ ਪ੍ਰੇਮ ਸਹਿਜ ਧੁਨ ਉਪਜਨ, ਜਦ ਉਸ ਲਾਗੇ ਹੋਣਾ।*
*ਮਹਾਂ ਪੁਰਸ਼ ਤੋਂ ਆਪ ਵਰਸਿਆ ਹੋਰਨ ਇਸ ਵਰੋਸਾਇਆ।*
*ਅੱਜ ਉਹ ਅੱਖੀਓਂ ਉਹਲੇ ਹੋ ਗਿਆ ਸੰਤ ਸਾਧ ਮਨਮੋਹਣਾ।*

ਇਉਂ ਪ੍ਰਤੀਤ ਹੋਇਆ ਜਿਵੇਂ ਕੋਈ ਅਣਦਿਸਦੀ ਸੂਰਤ ਮੂਰਤੀਮਾਨ ਹੋ ਕੇ ਕੁਝ ਯਾਦ ਦਿਲਾ ਰਹੀ ਹੈ, ਤੇ ਇਕ ਛਿਣ ਵਿਚ ਉਹ ਮੂਰਤ ਅਲੋਪ ਹੋ ਗਈ ਤਾਂ ਦਿਲ ਦੀ ਹੂਕ ਨੇ ਗਾਵਿਆ –

*ਦੋ ਪਲ ਰਿਸ਼ਮਾਂ ਵਾਲੇ ਉਸ ਤੋਂ ਲੈ ਕੇ ਅਸਾਂ ਉਧਾਰੇ।*
*ਦਿਲ ਦੇ ਅੰਦਰ ਚਾਨਣ ਕੀਤਾ ਘੜੀਆਂ ਪਹਿਰ ਸਵਾਰੇ।*
*ਰੀਧ ਸੁਰੀਧੀ ਐਸੀ ਵੰਡੀ ਉਸ ਨੇ ਹੱਥ ਵਧਾ ਕੇ।*
*ਸ਼ੁਕਰਾਂ ਵਿਚ ਰਸਗੁਧੇ ਅੱਜ ਹੁਣ ਖਾਇ ਵਿਛੋੜਾ ਪਿਆਰੇ।*

 www.sikhbookclub.com

# 2. ਬੀਬੀ ਸੰਤ ਜੀ

ਬੀਬੀ ਸੰਤ ਐਬਟਾਬਾਦ ਦੇ ਰਈਸ ਸ੍ਰ: ਲਖਮੀ ਸਿੰਘ ਦੀ ਸਪੁਤ੍ਰੀ ਸੀ। ਉਸ ਦੀ ਸ਼ਾਦੀ ਲਹੌਰ ਦੇ ਮੰਨੇ ਪ੍ਰਮੰਨੇ ਆਰੀਆ ਸਮਾਜੀ ਭਗਤ ਈਸ਼ਰਦਾਸ ਜੀ ਐਡਵੋਕੇਟ ਦੇ ਵਡੇ ਸਪੁਤ੍ਰ ਭਗਤ ਉਤਮ ਚੰਦ ਨਾਲ ਹੋਈ। ਇਹ ਉਹ ਸਮਾਂ ਸੀ ਜਦੋਂ ਸਿਖ, ਸਨਾਤਨੀ ਸਿਖ ਅਖਵਾਂਦੇ ਸਨ ਤੇ ਰਿਸ਼ਤੇ ਨਾਤੇ ਇਸ ਤਰ੍ਹਾਂ ਕੇਸਾਂ ਧਾਰੀਆਂ ਅਤੇ ਸਹਿਜ ਧਾਰੀਆਂ ਵਿਚ ਆਮ ਹੋ ਜਾਂਦੇ ਸਨ। ਪਤੀ ਪਤਨੀ ਦਾ ਆਪੋ ਵਿਚ ਕਾਫੀ ਪਿਆਰ ਸੀ, ਪਰ ਹੁਕਮ ਵਾਹਿਗੁਰੂ ਦਾ ਕੁਝ ਸਾਲਾਂ ਪਿਛੋਂ ਭਗਤ ਉਤਮ ਚੰਦ ਜੀ ਵਾਹਿਗੁਰੂ ਨੂੰ ਪਿਆਰੇ ਹੋ ਗਏ। ਇਸ ਅੱਝਲ ਸੱਟ ਨਾਲ ਬੀਬੀ ਦਾ ਜੀਵਨ ਦੁਖਾਂ ਦੀ ਖਾਣ ਬਣ ਗਿਆ। ਬੀਬੀ ਜ਼ਿਆਦਾ ਸਮਾਂ ਆਪਣੇ ਪਿਤਾ ਜੀ ਪਾਸ ਐਬਟਾਬਾਦ ਹੀ ਰਹਿਣ ਲੱਗ ਪਈ। ਪਰਿਵਾਰ ਦਾ ਇਹ ਯਤਨ ਸੀ ਕਿ ਬੀਬੀ ਕਿਸੀ ਤਰ੍ਹਾਂ ਧਾਰਮਿਕ ਰੁਚੀ ਵਾਲੀ ਹੋ ਜਾਵੇ ਤਾਂ ਜੋ ਉਸ ਦਾ ਜੀਵਨ ਗੁਰਬਾਣੀ ਆਸਰੇ ਸੁਖੀ ਹੋ ਜਾਵੇ। ਬੀਬੀ ਨੂੰ ਕਿਸੇ ਸਤਿਸੰਗੀ ਪਾਸੋਂ ਪਤਾ ਚਲਿਆ ਕਿ ਭਾਈ ਵੀਰ ਸਿੰਘ ਜੀ ਇਕ ਅਜਿਹੀ ਹਸਤੀ ਹਨ ਜੋ ਦੁਖੀਆਂ ਦਾ ਦੁਖ ਦੂਰ ਕਰਨ ਲਈ ਨਾਮ ਬਾਣੀ ਦਾ ਲੜ ਫੜਾ ਕੇ ਤੁਲ੍ਹਾ ਦੇ ਸਕਦੇ ਹਨ, ਜਿਸ ਨਾਲ ਜੀਵਨ ਸੁਖਾਲਾ ਬਤੀਤ ਹੋ ਜਾਂਦਾ ਹੈ। ਭਾਈ ਸਾਹਿਬ ਜੀ ਦਾ ਲਿਖਤੀ ਸਾਹਿਤ ਬੀਬੀ ਪਹਿਲਾਂ ਹੀ ਪੜ੍ਹਦੀ ਸੀ, ਪਰ ਹੁਣ ਹੋਰ ਵਧੀਕ ਖਿਚ ਨਾਲ ਪੜ੍ਹਨ ਲੱਗੀ। ਦਰਸ਼ਨ ਕਰਨ ਦੀ ਲਾਲਸਾ ਵਧਣ ਲਗੀ।

ਬੀਬੀ ਆਪਣੀ ਨਨਾਣ ਦੀ ਸ਼ਾਦੀ ਤੇ ਐਬਟਾਬਾਦ ਤੋਂ ਲਾਹੌਰ ਆਈ। ਇਹ ਗਰਮੀ ਦਾ ਮੌਸਮ ਸੀ। ਬੀਬੀ ਨੂੰ ਇਥੇ ਸਖਤ ਮਰੋੜ ਲਗ ਗਏ, ਜਿਸ ਨਾਲ ਬਹੁਤ ਖ਼ੂਨ ਜਾਣ

ਲਗ ਪਿਆ, ਪਰ ਦਵਾਈ ਲੈਣ ਤੋਂ ਇਨਕਾਰ ਕਰ ਦਿਤਾ। ਬੀਮਾਰੀ ਦੇ ਕਾਰਨ ਸਹੁਰਿਆਂ ਨੇ ਐਬਟਾਬਾਦ ਠੰਢੀ ਥਾਵੇਂ ਭੇਜਣਾ ਮੰਨ ਲਿਆ। ਬੀਬੀ ਨੇ ਕਿਸੀ ਤਰ੍ਹਾਂ ਇਹ ਵੀ ਮਨਾ ਲਿਆ ਕਿ ਉਹ ਕੋਹਮਰੀ ਤੋਂ ਹੁੰਦੀ ਹੋਈ ਐਬਟਾਬਾਦ ਪੁਜੇਗੀ। ਬੀਬੀ ਨੂੰ ਇਹ ਪਤਾ ਚੱਲ ਗਿਆ ਸੀ ਕਿ ਭਾਈ ਸਾਹਿਬ ਕੋਹਮਰੀ ਪਧਾਰੇ ਹੋਏ ਹਨ ਅਤੇ ਹੋ ਸਕਦਾ ਹੈ ਕਿ ਉਨ੍ਹਾਂ ਦੇ ਦਰਸ਼ਨਾਂ ਦਾ ਅਵਸਰ ਮਿਲ ਜਾਵੇ। ਕੋਹਮਰੀ ਪੁਜ ਕੇ ਉਹ ਸਰਦਾਰ ਮਨਮੋਹਨ ਸਿੰਘ ਜੀ ਪਾਸ ਠਹਿਰੀ, ਜੋ ਹਵਾ ਪਾਣੀ ਬਦਲਣ ਲਈ ਉਥੇ ਪੁਜੇ ਹੋਏ ਸਨ। ਬੀਬੀ ਨੇ ਸਰਦਾਰ ਜੀ ਨੂੰ ਕਿਹਾ ਕਿ ਭਾਈ ਸਾਹਿਬ ਜੀ ਇਥੇ ਆਏ ਹੋਏ ਹਨ, ਯਤਨ ਕਰਕੇ ਉਨ੍ਹਾਂ ਨਾਲ ਮਿਲਾਪ ਦਾ ਰਾਹ ਲਭੋ। ਸ਼ਾਮ ਨੂੰ ਜਦੋਂ ਭਾਈ ਸਾਹਿਬ ਸੈਰ ਲਈ ਮਾਲ ਰੋਡ ਤੋਂ ਲੰਘੇ ਤਾਂ ਸਰਦਾਰ ਜੀ ਨੇ ਬੇਨਤੀ ਕੀਤੀ ਕਿ ਐਬਟਾਬਾਦ ਵਾਲੇ ਸ੍ਰ: ਲਖਮੀ ਸਿੰਘ ਜੀ ਦੀ ਲੜਕੀ ਸੰਤ ਇਥੇ ਆਈ ਹੋਈ ਹੈ ਅਤੇ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੀ ਹੈ। ਕਿਰਪਾ ਕਰਕੇ ਦੱਸੋ ਉਹ ਤੁਹਾਡੇ ਦਰਸ਼ਨ ਕਿਥੇ ਕਰ ਸਕਦੀ ਹੈ। ਭਾਈ ਸਾਹਿਬ ਨੇ ਉਤਰ ਦਿਤਾ, "ਕਲ੍ਹ ਸਵੇਰੇ ਤੁਸੀਂ ਮੈਨੂੰ ਇਥੇ ਮਿਲਣਾ ਮੈਂ ਤੁਹਾਡੇ ਨਾਲ ਚੱਲਾਂਗਾ"। ਬੀਬੀ ਇਹ ਖਬਰ ਸੁਣ ਕੇ ਬੜੀ ਪ੍ਰਸੰਨ ਹੋਈ। ਦੂਜੇ ਦਿਨ ਸਵੇਰੇ ਸਰਦਾਰ ਜੀ ਭਾਈ ਸਾਹਿਬ ਨੂੰ ਆਪਣੇ ਘਰ ਲੈ ਗਏ। ਇਸੀ ਤਰ੍ਹਾਂ ਉਹ ਸਵੇਰ ਦੀ ਸੈਰ ਤੋਂ ਉਪਰੰਤ ਰੋਜ਼ ਆਉਂਦੇ ਅਤੇ ਘੰਟਾ ਕੁਝ ਨਾਮ ਬਾਣੀ ਤੇ ਬਚਨ ਬਿਲਾਸ ਕਰਦੇ ਰਹਿੰਦੇ। ਇਨ੍ਹਾਂ ਬਚਨਾਂ ਨਾਲ ਬੀਬੀ ਦਾ ਜੀਵਨ ਪਲਟ ਗਿਆ ਅਤੇ ਜਿਥੇ ਉਹ ਪਹਿਲਾਂ ਜੀਵਨ ਨੂੰ ਬੇਲੋੜਾ ਸਮਝਦੀ ਸੀ, ਉਥੇ ਹੁਣ ਜੀਵਨ ਅਮੋਲਕ ਭਾਸਣ ਲੱਗ ਪਿਆ।

ਇਕ ਦਿਨ ਸਰਦਾਰ ਮਨਮੋਹਨ ਸਿੰਘ ਜੀ ਨੇ ਦਸਿਆ ਕਿ ਬੀਬੀ ਸੰਤ ਨੂੰ ਮਰੋੜ ਲਗੇ ਹੋਏ ਹਨ ਤੇ ਰੋਜ਼ ਖੂਨ ਆਉਂਦਾ ਹੈ। ਬੀਬੀ ਨੂੰ ਦਵਾਈ ਬਾਰੇ ਪੁਛਿਆ ਤਾਂ ਉਹ ਚੁਪ ਰਹੀ। ਭਾਈ ਸਾਹਿਬ ਨੇ ਕਿਹਾ ਕਿ ਬੀਬੀ ਜੀ ਜਦੋਂ ਰੋਜ਼ ਨਿਤ ਨੇਮ ਦਾ ਪਾਠ ਕਰਦੇ ਹੋ, ਉਸ ਸਮੇਂ ਇਕ ਕਟੋਰੀ ਵਿਚ ਪਾਣੀ ਪਾ ਕੇ ਪਾਸ ਰਖ ਲਿਆ ਕਰੋ। ਕਦੇ ਕਦੇ ਪਾਠ ਕਰਦਿਆਂ ਉਸ ਜਲ ਵਲ ਤਕ ਲਿਆ ਕਰੋ ਤੇ ਪਾਠ ਦੀ ਸਮਾਪਤੀ ਤੇ ਪਾਣੀ ਪੀ ਲਿਆ ਕਰੋ। ਦੂਜੇ ਦਿਨ ਤੋਂ ਹੀ ਬੀਬੀ ਨੇ ਇੰਜ ਕਰਨਾ ਸ਼ੁਰੂ ਕੀਤਾ ਅਤੇ ਚਾਰ ਪੰਜ ਦਿਨਾਂ ਵਿਚ ਹੀ ਨੌ-ਬਰ-ਨੌ ਹੋ ਗਈ। ਇਸ ਨਾਲ ਬੀਬੀ ਦੇ ਸਿਦਕ ਵਿਚ ਹੋਰ ਵਾਧਾ ਹੋਇਆ।

ਬੀਬੀ ਸੰਤ ਜੀ ਨੂੰ ਇਕ ਵਾਰੀ ਟਾਈਫਾਈਡ ਬੁਖਾਰ ਹੋ ਗਿਆ। ਰਾਜ਼ੀ ਤਾਂ ਹੋ ਗਏ, ਪਰ ਕਮਜ਼ੋਰੀ ਬਹੁਤ ਆ ਗਈ ਸੀ। ਬੀਬੀ ਜੀ ਦੇ ਪਿਤਾ ਸ੍ਰ: ਲਖਮੀ ਸਿੰਘ ਨੇ ਭਾਈ ਸਾਹਿਬ ਨੂੰ ਐਬਟਾਬਾਦ ਆਉਣ ਲਈ ਪੱਤ੍ਰ ਲਿਖਿਆ। ਭਾਈ ਸਾਹਿਬ ਐਬਟਾਬਾਦ ਆਏ ਅਤੇ ਇਕ ਹਫਤਾ ਉਥੇ ਰਹੇ। ਬੀਬੀ ਜੀ ਮਿਲ ਕੇ ਬੜੇ ਪ੍ਰਸੰਨ ਹੋਏ। ਉਥੋਂ ਟੁਰਦਿਆਂ ਭਾਈ

ਸਾਹਿਬ ਬੀਬੀ ਜੀ ਨੂੰ ਹੁਕਮ ਕਰ ਗਏ ਕਿ ਸ਼ਾਮ ਨੂੰ ਸਭ ਭੈਣਾਂ ਮਿਲ ਕੇ ਕੀਰਤਨ ਕਰਿਆ ਕਰਨਾ ਅਤੇ ਕੀਰਤਨ ਗੁਰੂ ਜੀ ਨੂੰ ਸੁਣਾ ਕੇ ਕਰਨਾ। ਬੀਬੀ ਜੀ ਨੇ ਇਸ ਨਿਯਮ ਨੂੰ ਨਿਭਾਇਆ ਅਤੇ ਕੀਰਤਨ ਦਾ ਰਸ ਮਾਣਿਆ। ਭਾਈ ਸਾਹਿਬ ਨੇ ਅੰਮ੍ਰਿਤਸਰ ਪੁਜ ਕੇ ਸਾਰਿਆਂ ਲਈ ਸਿਮਰਨੇ ਪਾਰਸਲ ਰਾਹੀਂ ਘੱਲੇ।

ਜਿਵੇਂ ਕਿ ਉਪਰ ਦਸਿਆ ਜਾ ਚੁਕਾ ਹੈ ਭਗਤ ਈਸ਼ਰ ਦਾਸ ਕੱਟੜ ਆਰੀਆ ਸਮਾਜੀ ਸਨ। ਬੀਬੀ ਨੂੰ ਭਾਈ ਸਾਹਿਬ ਜੀ ਨੂੰ ਮਿਲਣ ਜਾਣ ਦੀ ਇਜਾਜ਼ਤ ਨਹੀਂ ਸੀ। ਪਰ ਬੀਬੀ ਜੀ ਦੀ ਦੇਖਾ ਦੇਖੀ ਉਨ੍ਹਾਂ ਦੀਆਂ ਨਨਾਣਾਂ ਬੀਬੀ ਰਾਜ ਅਤੇ ਬੀਬੀ ਲੀਲਾ ਜੀ ਵੀ ਗੁਰਸਿਖੀ ਵਾਲੇ ਪਾਸੇ ਲਗ ਗਈਆਂ। ਉਨ੍ਹਾਂ ਦੀਆਂ ਸ਼ਾਦੀਆਂ ਵੀ ਸਿਖ ਘਰਾਣਿਆਂ ਵਿਚ ਹੋ ਗਈਆਂ। ਬੀਬੀ ਰਾਜ ਜੀ ਦੀ ਸ਼ਾਦੀ ਰਾਵਲਪਿੰਡੀ ਦੇ ਮਲਕ ਮੋਹਣ ਸਿੰਘ ਦੇ ਵਡੇ ਸਪੁਤ੍ਰ ਮਲਕ ਤੇਜਾ ਸਿੰਘ ਨਾਲ ਹੋ ਗਈ। ਬੀਬੀ ਜੀ ਦੇ ਅਰਦਾਸਿਆਂ ਨੇ ਕੱਟੜ ਆਰੀਆ ਸਮਾਜੀ ਭਗਤ ਈਸ਼ਰ ਦਾਸ ਨੂੰ ਵੀ ਗੁਰਸਿਖੀ ਦੇ ਸਿਦਕ ਵਿਚ ਲੈ ਆਂਦਾ। ਪਿਛੋਂ ਭਗਤ ਜੀ ਭਾਈ ਸਾਹਿਬ ਜੀ ਦੇ ਸਤਿਸੰਗ ਤੋਂ ਲਾਹਾ ਮਾਣਦੇ ਰਹੇ ਹਨ।

ਬੀਬੀ ਜੀ ਦਾ ਜੀਵਨ ਬਿਲਕੁਲ ਹੀ ਪਲਟ ਗਿਆ ਅਤੇ ਉਹ ਹਰ ਸਮੇਂ ਨਾਮ ਦੇ ਰੰਗ ਵਿਚ ਰੱਤੇ ਰਹਿਣ ਲਗ ਪਏ। ਉਹ ਭਾਈ ਸਾਹਿਬ ਜੀ ਦੇ ਬਹੁਤ ਹੀ ਨਿਕਟਵਰਤੀ ਰਹੇ ਹਨ। ਬੀਬੀ ਜੀ ਬਾਰੇ ਅਗੇ ਵੀ ਕਿਧਰੇ ਕਿਧਰੇ ਜ਼ਿਕਰ ਆਵੇਗਾ।

 www.sikhbookclub.com

# 3. ਸੰਤ ਲਖਮੀਰ ਸਿੰਘ ਜੀ

ਸੰਤ ਲਖਮੀਰ ਸਿੰਘ ਅਰਾਈਂ ਮੁਸਲਮਾਨ ਸਨ। ਇਹ ਪਿੰਡ ਬਕਾਪੁਰ (ਫਲੌਰ) ਦੇ ਰਹਿਣ ਵਾਲੇ ਸਨ। ਬਚਪਨ ਵਿਚ ਹੀ ਇਨ੍ਹਾਂ ਨੂੰ ਅੱਲਾ ਅੱਲਾ ਕਰਨ ਦਾ ਸ਼ੌਕ ਪੈ ਗਿਆ। ਪੈਲੀਆਂ ਵਿਚ ਫਿਰਦੇ ਫਿਰਦੇ ਅੱਲਾ ਅੱਲਾ ਕਰਦੇ ਰਹਿੰਦੇ ਸਨ। ਇਹ ਸਕੂਲ ਵਿਚ ਅਰਬੀ ਪੜ੍ਹਦੇ ਸਨ। ਇਕ ਦਿਨ ਇਹ ਰੇਲ ਦੇ ਫਾਟਕ ਪਾਸ ਗਏ। ਉਥੇ ਇਕ ਲਕੜੀ ਦਾ ਡੱਬਾ ਬਣਿਆ ਹੁੰਦਾ ਹੈ, ਜਿਸ ਦਾ ਅਗਲਾ ਹਿੱਸਾ ਖੁਲ੍ਹਾ ਹੁੰਦਾ ਹੈ ਅਤੇ ਦੋ ਪਾਸਿਆਂ ਵਲ ਛੋਟੀ ਮੋਰੀ ਜਿਹੀ ਹੁੰਦੀ ਹੈ। ਉਥੋਂ ਉਨ੍ਹਾਂ ਨੂੰ ਕੁਝ ਪੜ੍ਹਨ ਦੀ ਆਵਾਜ਼ ਆਈ। ਆਵਾਜ਼ ਸੁਣ ਕੇ ਉਨ੍ਹਾਂ ਨੇ ਮੋਰੀ ਵਿਚੋਂ ਦੇਖਿਆ। ਇਕ ਸ੍ਰਦਾਰ ਜੀ ਅੰਦਰ ਕੁਝ ਪੜ੍ਹ ਰਹੇ ਸਨ। ਉਨ੍ਹਾਂ ਨੂੰ ਕੁਝ ਚੰਗਾ ਜਿਹਾ ਲੱਗਾ। ਉਹ ਅਗਲੇ ਪਾਸੇ ਗਏ ਅਤੇ ਸ੍ਰਦਾਰ ਜੀ ਨੂੰ ਕਿਹਾ ਕਿ ਭਾਈਆ ਇਹ ਕੀ ਕਲਾਮ ਪੜ੍ਹ ਰਿਹਾ ਹੈਂ? ਸ੍ਰਦਾਰ ਜੀ ਨੇ ਉੱਤਰ ਦਿੱਤਾ ਕਿ ਇਹ ਗੁਰੂ ਨਾਨਕ ਦਾ ਕਲਾਮ ਹੈ। ਸ੍ਰਦਾਰ ਜੀ ਨੇ ਉਥੇ ਹੀ ਰਹਿਣ ਲਈ ਪਿਛਲੇ ਪਾਸੇ ਇਕ ਛਪਰੀ ਪਾਈ ਹੋਈ ਸੀ। ਉਥੇ ਬਾਬਾ ਜੀ ਦਾ ਪ੍ਰਕਾਸ਼ ਕਰਦਾ ਸੀ। ਉਨ੍ਹਾਂ ਨੂੰ ਇਹ ਕਲਾਮ ਚੰਗਾ ਲੱਗਿਆ। ਕਦੀ ਕਦੀ ਉਹ ਸ੍ਰਦਾਰ ਜੀ ਪਾਸ ਜਾ ਕੇ ਉਸ ਕਲਾਮ ਨੂੰ ਸੁਣਦੇ। ਉਨ੍ਹਾਂ ਨੇ ਸ੍ਰਦਾਰ ਜੀ ਨੂੰ ਬੇਨਤੀ ਕੀਤੀ ਕਿ ਪੰਜਾਬੀ ਅਖਰ ਪੜ੍ਹਾ ਦੇਵੋ। ਸ੍ਰਦਾਰ ਜੀ ਨੇ ਕਿਹਾ ਕਿ ਤੁਸੀਂ ਪੜ੍ਹੇ ਲਿਖੇ ਹੋ, ਆਸਾਨੀ ਨਾਲ ਸਿਖ ਜਾਉਗੇ। ਜ਼ਮੀਨ ਉਤੇ ਹੀ ਉਂਗਲਾਂ ਨਾਲ ਲਿਖ ਕੇ ਪਕਾਉਂਦੇ ਰਹੇ। ਦੂਜੇ ਦਿਨ ਉਨ੍ਹਾਂ ਨੇ ਲਗਾਂ ਮਾਤਰਾਂ ਜ਼ਮੀਨ ਉਤੇ ਪਾ ਦਿਤੀਆਂ। ਉਹ ਪੰਜਾਬੀ ਪੜ੍ਹ ਗਏ। ਸ੍ਰਦਾਰ ਜੀ ਨੇ ਉਨ੍ਹਾਂ ਨੂੰ ਗੁਟਕਾ ਦਿਤਾ ਅਤੇ ਉਹ ਪਾਠ ਕਰਨਾ ਸਿਖ ਗਏ ਅਤੇ ਪਾਠ ਕਰਨ ਲਗ ਪਏ। ਉਹ ਅਰਬੀ ਦੇ ਫ਼ਾਜ਼ਲ ਹੋ ਗਏ ਅਤੇ ਫਲੌਰ ਸਕੂਲ ਵਿਚ ਉਨ੍ਹਾਂ ਨੂੰ ਨੌਕਰੀ ਮਿਲ ਗਈ। ਉਨ੍ਹਾਂ ਦਾ ਪਰਿਵਾਰ

ਬਕਾਪੁਰ ਵਿਚ ਹੀ ਸੀ। ਉਹ ਗੁਰੂ ਗੁਰੂ ਜਪਦੇ ਰਹੇ ਅਤੇ ਬਾਬੇ ਦੀ ਮਿਹਰ ਸਦਕਾ ਉਹ ਸਹਿਤ ਪਰਿਵਾਰ ਦੇ ਸਿੰਘ ਸਜ ਗਏ। ਪਿੰਡ ਵਿਚ ਰੌਲਾ ਪੈ ਗਿਆ। ਡਰ ਇਹ ਸੀ ਕਿ ਕਿਧਰੇ ਫਸਾਦ ਹੀ ਨਾ ਹੋ ਜਾਵੇ। ਇਨ੍ਹਾਂ ਦੀ ਬਦਲੀ ਅੰਮ੍ਰਿਤਸਰ ਹੋ ਗਈ। ਉਹ ਪਰਿਵਾਰ ਸਮੇਤ ਅੰਮ੍ਰਿਤਸਰ ਆ ਗਏ। ਤਨਖਾਹ ਥੋਹੜੀ ਸੀ, ਇਸ ਲਈ ਅੰਮ੍ਰਿਤਸਰ ਦਾ ਖਰਚਾ ਪੂਰਾ ਨਾ ਹੋਵੇ। ਉਹ ਉਥੋਂ ਕੈਰੋਂ ਚਲੇ ਗਏ। ਗੁਰ ਸਿਖੀ ਦਾ ਪਿਅਰ ਵਧਦਾ ਗਿਆ। ਕੈਰੋਂ ਪਿੰਡ ਵਿਚ ਚੀਫ ਖਾਲਸਾ ਦੀਵਾਨ ਵਲੋਂ ਇਕ ਬੜਾ ਭਾਰੀ ਦੀਵਾਨ ਹੋਇਆ। ਜੋੜਿਆਂ ਵਿਚ ਜਾ ਖਲੋਤੇ ਅਤੇ ਆਪਣਾ ਹਾਲ ਦੱਸਿਆ। ਉਨ੍ਹਾਂ ਬੇਨਤੀ ਕੀਤੀ ਕਿ ਸਾਧ ਸੰਗਤ ਜੀ ਸਾਨੂੰ ਅੰਮ੍ਰਿਤ ਛਕਾਓ। ਗੁਰੂ ਗੋਬਿੰਦ ਸਿੰਘ ਜੀ ਦੀ ਚਰਨੀਂ ਲਾ ਲਵੋ। ਗੁਰੂ ਦੀ ਸੰਗਤ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਬੜੇ ਚਾਉ ਨਾਲ ਸਾਰੇ ਪਰਿਵਾਰ ਨੂੰ ਅੰਮ੍ਰਿਤ ਛਕਾਇਆ ਗਿਆ।

ਬਾਅਦ ਵਿਚ ਇਨ੍ਹਾਂ ਦਾ ਮੇਲ ਭਾਈ ਸਾਹਿਬ ਜੀ ਨਾਲ ਹੋਇਆ। ਭਾਈ ਸਾਹਿਬ ਜੀ ਦੇ ਮਿਲਾਪ ਨਾਲ ਨਾਮ ਦੀ ਕਣੀ ਇਨ੍ਹਾਂ ਦੇ ਅੰਦਰ ਵਸ ਗਈ। ਇਨ੍ਹਾਂ ਨੇ ਆਪਣੀ ਰਿਹਾਇਸ਼ ਅੰਮ੍ਰਿਤਸਰ ਕਰ ਲਈ। ਇਹ ਭਾਈ ਸਾਹਿਬ ਜੀ ਦੇ ਬਹੁਤ ਨੇੜੇ ਹੋਏ ਹਨ ਅਤੇ ਸਿਖੀ ਪ੍ਰਚਾਰ ਵਾਸਤੇ ਕਾਫੀ ਕੰਮ ਕੀਤਾ ਹੈ।

 www.sikhbookclub.com

# 4. ਪ੍ਰੋ: ਪੂਰਨ ਸਿੰਘ ਜੀ

ਪ੍ਰੋ: ਪੂਰਨ ਸਿੰਘ ਐਬਟਾਬਾਦ ਦੇ ਰਹਿਣ ਵਾਲੇ ਸਨ। ਉਹ ਸ਼ੁਰੂ ਤੋਂ ਉਚ ਖਿਆਲਾਂ ਅਤੇ ਉਚ ਦਿਮਾਗ਼ ਦੇ ਧਾਰਨੀ ਸਨ। ਮੁਢਲੀ ਪੜ੍ਹਾਈ ਉਨ੍ਹਾਂ ਨੇ ਬੜੀ ਯੋਗਤਾ ਨਾਲ ਪੂਰੀ ਕੀਤੀ। ਰਾਵਲਪਿੰਡੀ ਦੀ ਆਹਲੂਵਾਲੀਆ ਬਰਾਦਰੀ ਨੇ ਇਕ ਇਕੱਤਰਤਾ ਕਰਕੇ ਫੈਸਲਾ ਕੀਤਾ ਕਿ ਚੰਗੇ ਲਾਇਕ ਨੌਜਵਾਨ ਲੜਕੇ ਉਚੇਰੀ ਵਿਦਿਆ ਲਈ ਬਰਾਦਰੀ ਦੇ ਖਰਚੇ ਤੇ ਦੂਜੇ ਦੇਸ਼ਾਂ ਵਿਚ ਭੇਜੇ ਜਾਣ। ਪ੍ਰੋ: ਪੂਰਨ ਸਿੰਘ ਅਤੇ ਸ੍ਰ: ਦਮੋਦਰ ਸਿੰਘ (ਸ੍ਰਦਾਰ ਮਨਮੋਹਣ ਸਿੰਘ ਜੀ ਦੇ ਵਡੇ ਭਰਾਤਾ) ਇਸ ਪੜ੍ਹਾਈ ਲਈ ਚੁਣੇ ਗਏ ਅਤੇ 1900 ਵਿਚ ਉਨ੍ਹਾਂ ਨੂੰ ਜਾਪਾਨ ਭੇਜਿਆ ਗਿਆ। ਜਾਪਾਨ ਜਾ ਕੇ ਪੂਰਨ ਸਿੰਘ ਨੇ ਕੈਮਿਸਟਰੀ ਪੜ੍ਹਨ ਦਾ ਫ਼ੈਸਲਾ ਕੀਤਾ। ਲਗਪਗ ਡੇਢ ਸਾਲ ਪਿਛੋਂ ਉਨ੍ਹਾਂ ਦਾ ਮੇਲ ਸਵਾਮੀ ਰਾਮਤੀਰਥ ਨਾਲ ਹੋ ਗਿਆ ਅਤੇ ਉਸ ਦੇ ਅਸਰ ਹੇਠ ਆ ਕੇ ਆਪ ਨੇ ਕੇਸ ਕਤਲ ਕਰਵਾ ਦਿਤੇ ਅਤੇ ਸਾਧੂਆਂ ਦਾ ਬਾਣਾ ਧਾਰਨ ਕਰ ਲਿਆ। ਇਹ ਖਬਰਾਂ ਜਦੋਂ ਬਰਾਦਰੀ ਨੂੰ ਮਿਲੀਆਂ ਤਾਂ ਉਸ ਨੇ ਖਰਚਾ ਭੇਜਣਾ ਬੰਦ ਕਰ ਦਿਤਾ। ਪੂਰਨ ਸਿੰਘ ਸਾਧੂ ਦੇ ਵੇਸ ਵਿਚ 1903 ਜਾਂ 1904 ਵਿਚ ਵਾਪਸ ਦੇਸ ਪਰਤਿਆ। ਪਿਤਾ ਜੀ ਨੇ ਪੁਤ੍ਰ ਨੂੰ ਮੂੰਹ ਲਗਾਉਣ ਤੋਂ ਇਨਕਾਰ ਕੀਤਾ ਪਰ ਮਾਤਾ ਪੁਤਰ ਨੂੰ ਘਰ ਲੈ ਜਾਣ ਵਿਚ ਸਫਲ ਹੋ ਗਈ। ਪੂਰਨ ਸਿੰਘ ਦੀ ਭੈਣ ਹੀਰਾ ਅਤੇ ਉਸ ਦੇ ਪਤੀ ਸ੍ਰ: ਤੇਜਾ ਸਿੰਘ ਨੇ ਇਕ ਤਰ੍ਹਾਂ ਨਾਲ ਉਸ ਦਾ ਬਾਈਕਾਟ ਕੀਤਾ। ਸਮਾਂ ਗੁਜ਼ਰਦਾ ਗਿਆ ਅਤੇ ਪੂਰਨ ਸਿੰਘ ਸਾਧੂ ਤੋਂ ਗ੍ਰਹਿਸਤੀ ਬਣ ਗਿਆ ਅਤੇ ਹਿੰਦ ਦਾ ਪ੍ਰਸਿਧ ਫਾਰੈਸਟ ਕੈਮਿਸਟ ਹੋ ਕੇ ਡੇਹਰਾਦੂਨ ਰਹਿਣ ਲੱਗ ਪਿਆ।

 www.sikhbookclub.com

ਸ੍ਰ: ਤੇਜਾ ਸਿੰਘ ਦੇ ਅੰਦਰ ਇਹ ਚਾਉ ਸੀ ਕਿ ਇਤਨਾ ਲਾਇਕ ਵਿਦਵਾਨ ਮੁੜ ਸਿਖੀ ਵਿਚ ਪ੍ਰਵੇਸ਼ ਕਰੇ। 1912 ਵਿਚ ਸਿਖ ਐਜੂਕੇਸ਼ਨਲ ਕਾਨਫ੍ਰੰਸ ਸਿਆਲਕੋਟ ਹੋਣੀ ਨੀਯਤ ਹੋਈ ਅਤੇ ਉਹ ਉਥੇ ਪੋਸਟ ਮਾਸਟਰ ਲਗੇ ਹੋਏ ਸਨ। ਉਨ੍ਹਾਂ ਨੇ ਭਾਈ ਸਾਹਿਬ ਨੂੰ ਬਿਨੇ ਪੱਤ੍ਰ ਲਿਖਿਆ ਕਿ ਉਹ ਉਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਕਰਨਗੇ। ਭਾਈ ਸਾਹਿਬ ਨੇ ਸਵੀਕਾਰ ਕਰ ਲਿਆ। ਉਨ੍ਹਾਂ ਨੇ ਪ੍ਰੋ: ਪੂਰਨ ਸਿੰਘ ਨੂੰ ਵੀ ਆਉਣ ਲਈ ਲਿਖਿਆ। ਸ੍ਰ: ਤੇਜਾ ਸਿੰਘ ਭਾਈ ਸਾਹਿਬ ਨਾਲ ਪਹਿਲਾਂ ਇਕ ਦੋ ਵਾਰੀ ਪੂਰਨ ਸਿੰਘ ਬਾਰੇ ਜ਼ਿਕਰ ਕਰ ਚੁਕੇ ਸਨ। ਸ੍ਰ: ਤੇਜਾ ਸਿੰਘ ਨੂੰ ਆਸ ਸੀ ਕਿ ਭਾਈ ਸਾਹਿਬ ਦੇ ਮਿਲਾਪ ਨਾਲ ਪੂਰਨ ਸਿੰਘ ਉਤੇ ਸਿਖੀ ਦਾ ਡੂੰਘਾ ਪ੍ਰਭਾਵ ਪਏਗਾ।

ਸ੍ਰ: ਤੇਜਾ ਸਿੰਘ ਨੇ ਭਾਈ ਸਾਹਿਬ ਲਈ ਸ਼ਹਿਰ ਤੋਂ ਬਾਹਰਵਾਰ ਇਕ ਵੱਡੇ ਮਕਾਨ ਦਾ ਪ੍ਰਬੰਧ ਕੀਤਾ, ਕਿਉਂਕਿ ਉਨ੍ਹਾਂ ਨੂੰ ਆਸ ਸੀ ਕਿ ਉਨ੍ਹਾਂ ਨਾਲ ਹੋਰ ਵੀ ਸੱਜਣ ਹੋਣਗੇ। ਕਾਨਫ੍ਰੰਸ ਵਾਲੇ ਦਿਨ ਤੋਂ ਪਹਿਲਾਂ ਰਾਤ ਨੂੰ ਸ੍ਰ: ਤੇਜਾ ਸਿੰਘ ਪ੍ਰੋ: ਪੂਰਨ ਸਿੰਘ ਨੂੰ ਨਾਲ ਲੈ ਕੇ ਭਾਈ ਸਾਹਿਬ ਦੇ ਟਿਕਾਣੇ ਪੁਜੇ। ਰਾਤ ਦੇ ਨੌ ਬਜੇ ਤੋਂ 12 ਬਜੇ ਤਕ ਬਚਨ ਬਿਲਾਸ ਹੁੰਦੇ ਰਹੇ। ਪੂਰਨ ਸਿੰਘ ਜੀ ਸਵਾਲ ਕਰਦੇ ਰਹੇ ਅਤੇ ਭਾਈ ਸਾਹਿਬ ਉਨ੍ਹਾਂ ਦਾ ਉਤਰ ਦੇਂਦੇ ਰਹੇ। ਕੁਦਰਤ ਦੇ ਅਜੀਬ ਰੰਗ, 12 ਵਰ੍ਹਿਆਂ ਤੋਂ ਗੁਰਸਿਖੀ ਤੋਂ ਵਿਛੜੇ ਹੋਏ ਪੂਰਨ ਸਿੰਘ ਭਾਈ ਸਾਹਿਬ ਨਾਲ ਪਹਿਲੀ ਮਿਲਣੀ ਵਿਚ ਹੀ ਸਿਖੀ ਦੇ ਸਿਦਕ ਵਿਚ ਜਾਗ ਉਠੇ। ਦੂਜੇ ਦਿਨ ਪੰਡਾਲ ਵਿਚ ਪੂਰਨ ਸਿੰਘ ਦਾ ਪ੍ਰਭਾਵਸ਼ਾਲੀ ਭਾਸ਼ਣ ਹੋਇਆ। ਜੋ ਲੋਗ ਪੂਰਨ ਸਿੰਘ ਦੇ ਖਿਆਲਾਂ ਤੋਂ ਜਾਣੂੰ ਸਨ, ਭਾਸ਼ਨ ਸੁਣ ਕੇ ਹੈਰਾਨ ਹੋ ਗਏ ਕਿ ਰਾਤੋ ਰਾਤ ਇਹ ਕਿਹੜੀ ਕਰਾਮਾਤ ਵਰਤ ਗਈ ਹੈ। ਗੁਰਸਿਖੀ ਵਿਚ ਉਨ੍ਹਾਂ ਦਾ ਮੁੜ ਪਰਤਣਾ ਸੁਣ ਕੇ ਸਾਰੇ ਸਾਕ ਸਨੇਹੀ ਬੜੇ ਖੁਸ਼ ਹੋਏ। ਪ੍ਰੋ: ਸਾਹਿਬ ਦੇ ਭਾਸ਼ਨ ਦਾ ਖੁਲਾਸਾ ਇਸ ਪ੍ਰਕਾਰ ਹੈ :-

"ਮੈਨੂੰ ਏਥੇ ਪੰਡਾਲ ਵਿਚ ਬੈਠੇ ਹੋਏ ਨੂੰ ਪਹਿਲੀ ਪਾਤਸ਼ਾਹੀ ਸਤਿਗੁਰੂ ਨਾਨਕ ਦੇਵ ਜੀ ਤੇ ਕਲਗੀਆਂ ਵਾਲੇ ਪ੍ਰੀਤਮ ਜੀ ਦੀ ਜਾਗਦੀ ਜੋਤ ਦਿਸ ਰਹੀ ਹੈ, ਜੋ ਹਰ ਘੜੀ ਵੰਨੋ ਵੰਨੀ ਦੀ ਦਸ਼ਾ ਸਤਿਗੁਰਾਂ ਦਾ ਰੂਪ ਵਿਖਾ ਰਹੀ ਹੈ। ਜੋ ਵਿਦਿਆ ਸਤਿਗੁਰੂ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਹੈ ਉਹ ਹੋਰ ਕਿਧਰੋਂ ਮਿਲਣੀ ਅਸੰਭਵ ਹੈ। ਹੁਣ ਦੁਨੀਆਂ ਵਿਚੋਂ ਤਲਵਾਰਾਂ ਦੇ ਭੇੜ ਅਲੋਪ ਹੋ ਗਏ ਹਨ, ਹੁਣ ਦਿਮਾਗ਼ੀ ਜੰਗਾਂ ਸ਼ੁਰੂ ਹਨ। ਜੇ ਅਕਲ ਅਤੇ ਅਧਿਆਤਮਕ ਬਲ ਵਿਚ ਤੁਸੀਂ ਅਗੇ ਵਧੋਗੇ ਤਾਂ ਨਿਸਚੇ ਜਿੱਤ ਹੋਵੇਗੀ। ਅਧਿਆਤਮਕ ਵਿਦਿਆ ਤੋਂ ਕੋਰੀ ਵਿਦਿਆ ਨੂੰ ਮੈਂ ਨਹੀਂ ਮੰਨਦਾ।

 www.sikhbookclub.com

ਜੋ ਵਿਦਿਆ ਗੁਰੂ ਜੀ ਸਿਖਾਉਂਦੇ ਹਨ, ਉਹ ਦੱਸਦੀ ਹੈ ਕਿ "ਸਾਸਿ ਸਾਸਿ ਹਰਿ ਨਾਮੁ ਧਿਆਈਐ।" ਕੋਈ ਸਿਖ ਐਮ. ਏ. ਪਾਸ ਕਰਕੇ ਇਸ ਉਪਦੇਸ਼ ਨੂੰ ਭੁਲੇ ਤਾਂ ਮੈਂ ਉਸ ਦੀ ਐਮ.ਏ. ਨੂੰ ਨਿਸਫਲ ਜਾਣਦਾ ਹਾਂ। ਸਤਿਗੁਰੂ ਜੀ ਨੇ ਸਾਨੂੰ ਉਹ ਨੂਰ, ਉਸ ਚਾਨਣੇ ਦਾ ਘਰ ਬਣਾਇਆ ਹੈ, ਜਿਸ ਲਈ ਬੁੱਧ 38 ਸਾਲ ਜੰਗਲਾਂ ਵਿਚ ਤਪ ਕਰਦਾ ਰਿਹਾ, ਜਿਸ ਲਈ ਬਹਾਉਲਾ ਦੇ ਪੰਜਾਹ ਹਜ਼ਾਰ ਮੁਰੀਦ ਸ਼ਹੀਦ ਹੋ ਗਏ। ਇਸ ਨੂਰ ਨੂੰ ਵਧ ਤੋਂ ਵਧ ਵਰਤ ਕੇ ਦੁਨੀਆਂ ਨੂੰ ਸੁਧਾਰਨ ਦਾ ਖਿਆਲ ਕੇਵਲ ਤੁਹਾਡੇ ਦਿਲ ਵਿਚ ਹੀ ਆ ਸਕਦਾ ਹੈ। ਇਸ ਲਈ ਇਸ ਅਧਿਆਤਮਕ ਰਸ ਨਾਲ ਭਿੰਨੀ ਹੋਈ ਵਿਦਿਆ ਨੂੰ ਵਧਾਉਣਾ ਸਾਡਾ ਧਰਮ ਹੈ। ਇਹ ਨਾਮ ਹੀ ਹੈ ਜੋ ਹਰ ਘੜੀ ਸਾਨੂੰ ਪਵਿਤਰ ਕਰ ਰਿਹਾ ਹੈ।"

ਭਾਈ ਸਾਹਿਬ ਦੇ ਮੇਲ ਨਾਲ ਪ੍ਰੋ: ਪੂਰਨ ਸਿੰਘ ਦੇ ਖਿਆਲ ਪਲਟ ਚੁਕੇ ਸਨ ਅਤੇ ਗੁਰਸਿਖੀ ਪਿਆਰ ਜਾਗ ਪਿਆ ਸੀ। ਉਨ੍ਹਾਂ ਨੇ ਕੇਸ ਵੀ ਰਖ ਲਏ ਸਨ ਅਤੇ ਘਰ ਵਿਚ ਬਾਬਾ ਜੀ ਦਾ ਪ੍ਰਕਾਸ਼ ਵੀ ਹੋ ਗਿਆ ਸੀ। ਘਰ ਦੇ ਸਾਰੇ ਵਾਤਾਵਰਣ ਵਿਚ ਤਬਦੀਲੀ ਆ ਚੁਕੀ ਸੀ ਅਤੇ ਪਤੀ ਪਤਨੀ ਨਾਮ ਸਿਮਰਨ ਦੇ ਅਭਿਆਸ ਵਿਚ ਜੁਟ ਪਏ ਸਨ।

ਸ੍ਰ: ਤੇਜਾ ਸਿੰਘ, ਜਿਨ੍ਹਾਂ ਨੇ ਪੂਰਨ ਸਿੰਘ ਦਾ ਮੇਲ ਭਾਈ ਸਾਹਿਬ ਨਾਲ ਕਰਾਇਆ ਸੀ, ਅੰਮ੍ਰਿਤਸਰ ਆਏ ਅਤੇ ਭਾਈ ਸਾਹਿਬ ਨੂੰ ਮਿਲੇ। ਉਨ੍ਹਾਂ ਨੇ ਭਾਈ ਸਾਹਿਬ ਨੂੰ ਕਿਹਾ ਕਿ ਇਹ ਠੀਕ ਹੈ ਕਿ ਪੂਰਨ ਸਿੰਘ ਵਿਚ ਤਬਦੀਲੀ ਆ ਗਈ ਹੈ, ਉਸ ਦੇ ਖਿਆਲਾਤ ਬਦਲ ਗਏ ਹਨ, ਪਰ ਜਦ ਤਕ ਉਹ ਅੰਮ੍ਰਿਤ ਨਾ ਛਕਣ ਪਤਿਤ ਹਨ। ਰਹਿਤਨਾਮੇ ਦੱਸਦੇ ਹਨ ਕਿ ਪਤਿਤ ਨਾਲ ਨਹੀਂ ਵਰਤਣਾ। ਪਤਿਤ ਨਾਲ ਕੋਈ ਰੋਟੀ ਬੇਟੀ ਦੀ ਸਾਂਝ ਨਹੀਂ ਕਰਨੀ, ਪਰ ਆਪ ਦੇ ਘਰ ਵਿਚ ਉਹ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕ ਜਾਂਦਾ ਹੈ। ਇਹ ਗੱਲ ਚੰਗੀ ਨਹੀਂ, ਉਸ ਨੂੰ ਕਹੋ ਅੰਮ੍ਰਿਤ ਛਕ ਲਵੇ। ਆਪ ਸੁਣ ਕੇ ਕੁਝ ਦੇਰ ਚੁਪ ਰਹੇ, ਫਿਰ ਕਹਿਣ ਲਗੇ, "ਤੇਜਾ ਸਿੰਘ ਜੀ, ਜੋ ਗੱਲ ਅਸੂਲ ਦੀ ਕਹੀ ਹੈ, ਉਹ ਠੀਕ ਹੈ, ਪਰ ਹਾਲਾਤ ਐਸੇ ਹੋ ਗਏ ਹਨ ਕਿ ਮੈਂ ਆਪ ਪੂਰਨ ਸਿੰਘ ਨੂੰ ਨਾ ਆਖਾਂ, ਜੇ ਕਿਸੇ ਰਾਹੀਂ ਇਸ਼ਾਰਾ ਵੀ ਕਰਵਾਵਾਂ ਤਾਂ ਉਹ ਉਸੀ ਵੇਲੇ ਅੰਮ੍ਰਿਤ ਲ਼ਈ ਤਿਆਰ ਹੋ ਜਾਵੇਗਾ। ਮੈਂ ਸੋਚਦਾ ਹਾਂ ਕਿ ਕਿਉਂ ਕਵ੍ਹਾਂ, ਅੰਮ੍ਰਿਤ ਕੋਈ ਮਖੌਲ ਹੈ, ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ ਹੈ। ਮੈਂ ਚਾਹੁੰਦਾ ਹਾਂ ਕਿ ਉਹ ਅੰਮ੍ਰਿਤ ਲਈ ਆਪ ਤਰਲੇ ਕੱਢੇ ਤੇ ਮੈਂ ਆਖਾਂ ਕਿ ਪਹਿਲੇ ਅੰਮ੍ਰਿਤ ਲਈ ਤਿਆਰ ਤੇ ਹੋਵੋ।"

1913 ਵਿਚ ਅੰਬਾਲੇ ਵਿਖੇ ਵਿਦਿਅਕ ਕਾਨਫ੍ਰੰਸ ਹੋਈ। ਭਾਈ ਸਾਹਿਬ ਉਥੇ ਪੁਜੇ ਅਤੇ ਪ੍ਰੋ: ਪੂਰਨ ਸਿੰਘ ਵੀ ਪਰਿਵਾਰ ਸਮੇਤ ਡੇਹਰਾਦੂਨ ਤੋਂ ਉਥੇ ਪੁਜ ਗਏ। ਪ੍ਰੋ: ਸਾਹਿਬ ਨੇ ਬੜਾ ਪ੍ਰਭਾਵਸ਼ਾਲੀ ਭਾਸ਼ਨ ਦਿਤਾ। ਸਮਾਪਤੀ ਦੇ ਉਪਰੰਤ ਭਾਈ ਸਾਹਿਬ ਸਬਜੈਕਟ ਕਮੇਟੀ ਦੀ ਮੀਟਿੰਗ ਵਿਚ ਚਲੇ ਗਏ ਅਤੇ ਪੂਰਨ ਸਿੰਘ ਘਰ ਪਰਤੇ ਤਾਂ ਰੋਂਦੇ ਪਏ ਸਨ। ਸਿਧੇ ਭਾਈ ਸਾਹਿਬ ਦੇ ਕਮਰੇ ਵਿਚ ਚਲੇ ਗਏ ਅਤੇ ਉਚੀ ਉਚੀ ਰੋਣ ਲਗ ਪਏ। ਉਨ੍ਹਾਂ ਦੀ ਪਤਨੀ ਅੰਦਰ ਗਈ ਤਾਂ ਉਨ੍ਹਾਂ ਨੇ ਗੁਸੇ ਵਿਚ ਉਨ੍ਹਾਂ ਨੂੰ ਬਾਹਰ ਭੇਜ ਦਿਤਾ। ਭਾਈ ਸਾਹਿਬ ਜਦੋਂ ਵਾਪਸ ਆਏ ਤਾਂ ਉਨ੍ਹਾਂ ਨੂੰ ਪਤਾ ਚਲਿਆ ਕਿ ਪੂਰਨ ਸਿੰਘ ਉਨ੍ਹਾਂ ਦੇ ਕਮਰੇ ਵਿਚ ਫਰਸ਼ ਤੇ ਪਿਆ ਲਗ ਪਗ ਇਕ ਘੰਟੇ ਤੋਂ ਰੋ ਰਿਹਾ ਹੈ। ਆਪ ਅੰਦਰ ਗਏ ਅਤੇ ਫਰਸ਼ ਉਤੇ ਹੀ ਉਸ ਕੋਲ ਬੈਠ ਗਏ। ਉਨ੍ਹਾਂ ਨੇ ਪਿਆਰ ਕੀਤਾ ਅਤੇ ਕਾਰਨ ਪੁਛਿਆ। ਪ੍ਰੋ: ਸਾਹਿਬ ਨੇ ਉਤਰ ਦਿਤਾ, "ਜਦੋਂ ਦਾ ਭਾਸ਼ਨ ਦਿਤਾ ਹੈ, ਅੰਦਰੋਂ ਖਾਲੀ ਹੋ ਗਿਆ ਹਾਂ, ਨਾ ਹੀ ਅੰਦਰ ਉਤਸ਼ਾਹ ਹੈ ਅਤੇ ਨਾ ਨਾਮ ਯਾਦ ਹੈ। ਮੈਂ ਦੇਖਦਾ ਹਾਂ ਕਿ ਲੈਕਚਰ ਸ੍ਰ: ਜੋਧ ਸਿੰਘ, ਸ੍ਰ: ਹਰਬੰਸ ਸਿੰਘ ਅਤੇ ਕਈ ਹੋਰ ਸੱਜਣਾਂ ਨੇ ਦਿਤੇ ਹਨ, ਉਹ ਸਾਰੇ ਖੁਸ਼ੀ ਖੁਸ਼ੀ ਆਪਣੇ ਟਿਕਾਣੇ ਹਨ। ਮੇਰੀ ਇਹ ਦਸ਼ਾ ਕਿਉਂ ਹੈ? ਮੈਨੂੰ ਸਮਝ ਪੈਂਦੀ ਹੈ ਤੁਸੀਂ ਮੈਨੂੰ ਅੰਮ੍ਰਿਤ ਨਹੀਂ ਛਕਾਇਆ, ਇਸੀ ਕਰਕੇ ਮੇਰੀ ਇਹ ਹਾਲਤ ਹੋਈ ਹੈ। ਕਿਰਪਾ ਕਰੋ ਅਤੇ ਮੈਨੂੰ ਅੰਮ੍ਰਿਤ ਦੀ ਦਾਤ ਬਖਸ਼ੋ।" ਭਾਈ ਸਾਹਿਬ ਜੋਸ਼ ਵਿਚ ਆਏ ਅਤੇ ਕਹਿਣ ਲਗੇ ਕਿ ਕੀ ਤੁਸੀਂ ਆਪਣੇ ਆਪ ਨੂੰ ਅੰਮ੍ਰਿਤ ਲਈ ਤਿਆਰ ਕੀਤਾ ਹੈ? ਪੰਜ ਕਕਾਰਾਂ ਦੀ ਰਹਿਤ ਧਾਰਨ ਕੀਤੀ ਹੈ, ਪੰਜ ਬਾਣੀਆਂ ਦਾ ਪਾਠ ਰੋਜ਼ ਨਿਤ ਨੇਮ ਨਾਲ ਕਰਦੇ ਹੋ? ਇਹ ਅੰਮ੍ਰਿਤ ਕੋਈ ਮਖੌਲ ਨਹੀਂ, ਪਤਾਸਿਆਂ ਦਾ ਸ਼ਰਬਤ ਨਹੀਂ, ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਦਾ ਅੰਮ੍ਰਿਤ ਹੈ। ਤੁਸੀਂ ਆਪਣੇ ਆਪ ਨੂੰ ਅੰਮ੍ਰਿਤ ਲਈ ਤਿਆਰ ਕਰੋ। ਅੰਮ੍ਰਿਤ ਜ਼ਰੂਰ ਛਕਾਵਾਂਗੇ, ਪਰ ਤਦੋਂ, ਜਦੋਂ ਤੁਸੀਂ ਕਹੋਗੇ ਕਿ ਮੈਂ ਹੁਣ ਅੰਮ੍ਰਿਤ ਲਈ ਤਿਆਰ ਹਾਂ।

ਦੂਜੇ ਦਿਨ ਸਵੇਰੇ ਜਦੋਂ ਭਾਈ ਸਾਹਿਬ ਇਸ਼ਨਾਨ ਲਈ ਜਾਣ ਲਗੇ ਤਾਂ ਉਨ੍ਹਾਂ ਨੇ ਪ੍ਰੋ: ਸਾਹਿਬ ਦੀ ਪਤਨੀ ਬੀਬੀ ਮਾਇਆ ਨੂੰ ਕਿਹਾ ਕਿ ਪੂਰਨ ਸਿੰਘ ਅੰਮ੍ਰਿਤ ਦੀ ਯਾਚਨਾ ਕਰਦੇ ਹਨ, ਹੁਣ ਤੁਸੀਂ ਉਨ੍ਹਾਂ ਦੀ ਸਹਾਇਤਾ ਕਰੋ। ਪੰਜ ਕਕਾਰਾਂ ਦੀ ਰਹਿਤ ਧਾਰਨ ਕਰਵਾਉ ਅਤੇ ਪੰਜ ਬਾਣੀਆਂ ਦੇ ਪਾਠ ਦੇ ਨੇਮੀ ਬਣਾਉ। ਉਨ੍ਹਾਂ ਨੇ ਪੁਛਿਆ ਕਿ ਪੂਰਨ ਸਿੰਘ ਨੇ ਕਛਹਿਰਾ ਪਾਇਆ ਹੋਇਆ ਹੈ। ਉਤਰ ਨਾ ਵਿਚ ਮਿਲਣ ਤੇ ਆਪਣੇ ਸੂਟ ਕੇਸ ਵਿਚੋਂ ਕਛਹਿਰਾ ਮੰਗਾ ਕੇ ਦਿਤਾ ਤੇ ਕਿਹਾ ਕਿ ਇਸ਼ਨਾਨ ਕਰਕੇ ਕਛਹਿਰਾ ਅੱਜ ਹੀ ਪਾ ਲਵੇ। ਆਪਣੇ ਹੱਥ ਦਾ ਕੜਾ ਉਤਾਰ ਕੇ ਪਾਇਆ ਅਤੇ ਆਪ ਹੋਰ ਦੂਜਾ ਕੜਾ ਪਾ ਲਿਆ। ਇਸ ਤਰ੍ਹਾਂ ਰਹਿਤ ਆਪ ਨੇ ਸ਼ੁਰੂ ਕਰਵਾ ਦਿਤੀ। ਕਾਨਫ੍ਰੰਸ ਦੇ ਪੰਡਾਲ

 www.sikhbookclub.com

ਵਿਚ ਜਦ ਇਹ ਖੁਸ਼ਖਬਰੀ ਸੁਣਾਈ ਗਈ ਕਿ ਪੂਰਨ ਸਿੰਘ ਜੀ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ ਹਨ ਤੇ ਥੋਹੜੇ ਸਮੇਂ ਪਿਛੋਂ ਅੰਮ੍ਰਿਤ ਪਾਨ ਕਰ ਲੈਣਗੇ ਤਾਂ ਜੈਕਾਰੇ ਗਜਾਏ ਗਏ। ਕੁਝ ਮਹੀਨਿਆਂ ਪਿਛੋਂ ਪੁਜ ਕੇ ਸਾਰੇ ਪਰਿਵਾਰ ਸਮੇਤ ਆਪ ਨੇ ਅੰਮ੍ਰਿਤ ਪਾਨ ਕੀਤਾ।

ਪ੍ਰੋ: ਸਾਹਿਬ ਸਾਰੀ ਉਮਰ ਭਾਈ ਸਾਹਿਬ ਦੇ ਸਿਦਕੀ ਰਹੇ ਅਤੇ ਗੁਰਸਿਖੀ ਦੀਆਂ ਵਿਚਾਰਾਂ ਉਨ੍ਹਾਂ ਨਾਲ਼ ਕਰਦੇ ਰਹੇ। ਆਪ ਦਾ ਪੰਥ ਵਿਚ ਬਹੁਤ ਸਨਮਾਨ ਹੋਇਆ। ਆਪ ਭਾਈ ਸਾਹਿਬ ਨੂੰ ਪਿਤਾ ਸਮਾਨ ਸਤਿਕਾਰ ਦੇਂਦੇ ਸਨ। ਭਾਈ ਸਾਹਿਬ ਵੀ ਆਪ ਨੂੰ 'ਬਾਬੀ' ਹੀ ਸਦਿਆ ਕਰਦੇ ਸਨ। ਪ੍ਰੋ: ਸਾਹਿਬ ਨੇ ਆਪਣੀ ਪੁਸਤਕ, 'ਖੁਲ੍ਹੇ ਲੇਖ' ਦੀ ਭੂਮਿਕਾ ਵਿਚ ਆਪਣੇ ਦਿਲੀ ਭਾਵ ਇਸ ਤਰ੍ਹਾਂ ਪ੍ਰਗਟ ਕੀਤੇ ਹਨ :

"ਉਹ ਗੁਰੂ ਜੀ ਦੀ ਮਿਹਰ ਦਾ ਦਰਵਾਜ਼ਾ, ਜਿਥੋਂ ਮੈਂ ਨੱਸ ਕੇ ਚਲਾ ਗਿਆ ਸ਼ੀ, ਮੁੜ ਖੁਲ੍ਹਿਆ, ਮੈਨੂੰ ਅੰਦਰ ਮੁੜ ਦਾਖਲ ਕੀਤਾ ਗਿਆ। ਗੁਰੂ ਜੀ ਦੇ ਕੇਸ, ਸਿਖੀ ਸਿਦਕ ਤੇ ਗੁਰੂ ਜੀ ਦੇ ਚਰਨਾਂ ਦਾ ਪਿਆਰ ਮੈਨੂੰ ਮੁੜ ਮਿਲਿਆ। ਉਸ ਸੁਭਾਗ ਘੜੀ ਗੁਰੂ ਜੀ ਦੇ ਦਰ ਤੇ ਇਕ ਮਹਾਂ ਪੁਰਖ ਦੇ ਦੀਦਾਰ ਹੋਏ, ਅਤੇ ਆਪ ਦੇ ਕ੍ਰਿਪਾ ਕਟਾਖਯ ਨਾਲ ਪੰਜਾਬੀ ਸਹਿਤਯ ਦਾ ਸਾਰਾ ਬੋਧ ਤੇ ਗਿਆਨ ਦੀ ਉਡਾਰੀ ਆਈ। ਕਵਿਤਾ ਬੀ ਮਿਲੀ ਤੇ ਉਸੀ ਮਿਹਰ ਦੀ ਨਜ਼ਰ ਵਿਚ, ਉਸੀ ਮਿਠੇ ਸਾਧ ਬਚਨ ਵਿਚ ਮੈਨੂੰ ਪੰਜਾਬੀ ਬੋਲੀ ਆਪ ਮੁਹਾਰੀ ਆਈ, ਆਪ ਮੁਹਾਰੀ ਆਈ ਚੀਜ਼ ਦੇ ਔਗੁਣ ਸਭ ਸ਼ਖਸੀ ਹੁੰਦੇਂ ਹਨ ਤੇ ਗੁਣ ਕੁਲ ਉਸ ਬਖਸ਼ਣ ਵਾਲੇ ਦੇ। ਜੋ ਮੈਂ ਹਾਂ ਤੇ ਨਿਮਾਣਾ, ਦਰ ਭਿੱਖ ਮੰਗਤਾ, ਪਰ ਮੇਰੀ ਅੱਖ ਦੀ ਲਾਲੀ ਉਨ੍ਹਾਂ ਦੀ ਹੈ। ਮੇਰੇ ਦਿਲ ਵਿਚ ਜੋ ਇਕ ਮਘਦੀ ਹੀਰੇ ਦੀ ਕਣੀ ਚਮਕਦੀ ਹੈ, ਉਹ ਉਨ੍ਹਾਂ ਦੀ ਹੈ।"

ਪ੍ਰੋ: ਸਾਹਿਬ ਵਾਹਿਗੁਰੂ ਵਲੋਂ ਬਖਸ਼ੇ ਹੋਏ ਸਵਾਸਾਂ ਨੂੰ ਪੂਰਾ ਕਰ ਕੇ 31 ਮਾਰਚ 1931 ਨੂੰ ਵਾਹਿਗੁਰੂ ਜੀ ਦੀ ਗੋਦੀ ਵਿਚ ਜਾ ਬਿਰਾਜੇ। ਭਾਈ ਸਾਹਿਬ ਨੇ ਆਪਣੇ ਪਿਆਰੇ ਬਾਬੀ ਦੇ ਵਿਛੋੜੇ ਦੇ ਸਦਮੇ ਨੂੰ ਇਨ੍ਹਾਂ ਅਖਰਾਂ ਨਾਲ ਝਲਿਆ :-

*ਤੇਰੇ ਸੁਰਤ ਉਛਾਲੇ ਤੈਨੂੰ ਖਿੱਧੂ ਜਿਉਂ ਬੁੜਕਾਵਨ,*
*ਫਰਸ਼ੋਂ ਚੁਕ ਅਰਸ਼ ਵਲ ਤੇਰੇ, ਹੰਭਲੇ ਪਏ ਮਰਵਾਵਨ,*
*ਕਿਸੇ ਉਛਾਲੇ ਸਮੇਂ ਅਰਸ਼ ਦੇ ਆ ਗਈ ਹੱਥ ਕਲਾਈ।*
*ਖਿੱਚ ਉਤਾਹਾਂ ਲਿਆ ਤੁਧੇ ਨੂੰ ਬਾਗ਼ ਆਪਣੇ ਲਾਵਨ।*

# 5. ਭਾਈ ਹੀਰਾ ਸਿੰਘ ਜੀ ਰਾਗੀ

ਭਾਈ ਹੀਰਾ ਸਿੰਘ ਦੇ ਜਨਮ ਤੇ ਸੰਤ ਭਾਈ ਰਾਮ ਕਿਸ਼ਨ ਜੀ ਸੇਵਾ ਪੰਥੀ ਸ਼ਾਹਪੁਰ ਵਾਲਿਆਂ ਨੇ ਬੜੇ ਵਰ ਅਤੇ ਅਸੀਸਾਂ ਦਿਤੀਆਂ। ਆਪ ਦਾ ਜਨਮ* 1879 ਵਿਚ ਭਾਈ ਭਾਗ ਸਿੰਘ ਦੇ ਗ੍ਰਹਿ ਵਿਖੇ ਹੋਇਆ।

ਆਪ 10-11 ਸਾਲ ਦੀ ਉਮਰ ਵਿਚ ਸ੍ਰੀ ਅੰਮ੍ਰਿਤਸਰ ਆ ਗਏ ਅਤੇ ਵਜ਼ੀਰ ਹਿੰਦ ਪ੍ਰੈਸ ਵਿਚ ਕੰਪੋਜ਼ੀਟਰ ਦਾ ਕੰਮ ਸਿਖਣ ਲਈ ਮੁਲਾਜਮ ਹੋ ਗਏ। ਗੁਰੂ ਜੀ ਦੀ ਮਿਹਰ ਸਦਕਾ ਇਸ ਛੋਟੀ ਉਮਰੇ ਸੰਤਾਂ ਦੀ ਅਸੀਸ ਕਾਰਨ ਗੁਰੂ ਚਰਨਾਂ ਦਾ ਪਿਆਰ ਅੰਦਰ ਸੀ। ਦਿਨ ਭਰ ਪ੍ਰੈਸ ਵਿਚ ਕੰਮ ਕਰਦੇ ਅਤੇ ਰਾਤ ਨੂੰ ਢਾਈ ਤਿੰਨ ਵਜੇ ਉਠ ਕੇ ਸ੍ਰੀ ਦਰਬਾਰ ਸਾਹਿਬ ਜਾ ਕੇ ਸੇਵਾ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਹੀ ਗੁਰੂ ਚਰਨਾਂ ਦੇ ਭੌਰੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵੀ ਢਾਈ ਵਜੇ ਸ੍ਰੀ ਦਰਬਾਰ ਸਾਹਿਬ ਪੁਜ ਕੇ ਪ੍ਰਕਰਮਾ ਦੀ ਸੇਵਾ ਕਰਿਆ ਕਰਦੇ ਸਨ। ਆਪ ਜੀ ਇਸ ਛੋਟੇ ਬੱਚੇ ਨੂੰ ਇੰਨੀ ਸਵੇਰੇ ਸੇਵਾ ਕਰਦਾ ਦੇਖ ਕੇ ਪਸੀਜ ਗਏ। ਜਦੋਂ ਭਾਈ ਹੀਰਾ ਸਿੰਘ ਜੀ ਪ੍ਰੈਸ ਵਿਚ ਕੰਮ ਕਰਦੇ ਸਨ ਤਾਂ ਭਾਈ ਸਾਹਿਬ ਉਨ੍ਹਾਂ ਨੂੰ ਕੰਮ ਤੋਂ ਹਟਾ ਕੇ ਉਪਰ ਲੈ ਜਾਂਦੇ ਅਤੇ ਦੋ ਘੰਟੇ ਸੌਂ ਜਾਣ ਲਈ ਕਹਿੰਦੇ। ਚੂੰਕਿ ਨੀਂਦ ਬਹੁਤ ਆਈ ਹੁੰਦੀ ਸੀ। ਪਰ ਉਨ੍ਹਾਂ ਨਾਲ ਇਹੋ ਜਿਹੇ ਤਰਸ ਭਰੇ ਸਲੂਕ ਦੀ ਸਮਝ ਨਹੀਂ ਆਈ। ਉਹ ਸੋਚਦੇ ਕਿ ਇਹ ਕਿਹਾ ਜਿਹਾ ਤਰਸਵਾਨ ਮਾਲਕ ਹੈ ਤੇ ਮੇਰੇ ਨਾਲ ਇਹੋ ਜਿਹਾ ਵਖਰਾ ਸਲੂਕ ਕਿਉਂ

* ਮੇਜਰ ਬਲਵੰਤ ਸਿੰਘ ਅਨੁਸਾਰ ਓਹਨਾ ਦਾ ਜਨਮ 1879 ਵਿਚ ਹੋਇਆ ਸੀ।

 www.sikhbookclub.com

ਕਰਦਾ ਹੈ। ਭਾਈ ਸਾਹਿਬ ਜਿਸ ਰੂਪ ਵਿਚ ਦਰਬਾਰ ਸਾਹਿਬ ਜਾਂਦੇ ਸਨ, ਉਹ ਪਛਾਣੇ ਨਹੀਂ ਜਾਂਦੇ ਸਨ। ਭਾਈ ਸਾਹਿਬ ਲਈ ਸਤਿਕਾਰ ਉਨ੍ਹਾਂ ਅੰਦਰ ਹੋਰ ਵਧ ਗਿਆ। ਕੁਝ ਸਮੇਂ ਪਿਛੋਂ ਬੀਮਾਰ ਹੋ ਕੇ ਉਥੋਂ ਚਲੇ ਗਏ ਅਤੇ ਫਿਰ ਕੁਝ ਸਮੇਂ ਲਈ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਦੇ ਜੱਥੇ ਨਾਲ ਰਹੇ।

ਆਪ ਭਾਈ ਸਾਹਿਬ ਨੂੰ ਮਿਲਦੇ ਰਹਿੰਦੇ ਸਨ। ਆਪ ਜੀ ਦੇ ਕੀਰਤਨ ਵਿਚ ਕਾਫੀ ਰਸ ਪਿਆ। ਆਪ ਜੀ ਦੇ ਪੁਰ ਅਸਰ ਪ੍ਰਚਾਰ ਅਤੇ ਕੀਰਤਨ ਨਾਲ ਸੰਗਤਾਂ ਤੇ ਕਾਫੀ ਪ੍ਰਭਾਵ ਪਿਆ। ਆਪ ਨੇ ਹਜ਼ਾਰਾਂ ਨੂੰ ਸਿਖੀ ਮਾਰਗ ਪਰ ਟੋਰਿਆ। ਆਪ ਜੀ ਦਾ ਕੀਰਤਨ ਬੜਾ ਰਸੀਲਾ ਹੁੰਦਾ ਸੀ ਅਤੇ ਕਮਾਲ ਦੀ ਖਿੱਚ ਸੀ। ਦਸ ਦਸ ਹਜ਼ਾਰ ਦੀ ਸੰਗਤ ਨੂੰ ਗੁਰੂ ਚਰਨਾਂ ਦੇ ਪ੍ਰੇਮ ਵਿਚ ਬਿਹਬਲ ਕਰ ਦੇਂਦੇ ਸਨ। ਲਾਊਡ ਸਪੀਕਰ ਉਸ ਸਮੇਂ ਨਹੀਂ ਹੁੰਦੇ ਸਨ, ਪਰ ਆਪ ਜੀ ਦੀ ਆਵਾਜ਼ ਦੂਰ ਦੂਰ ਤਕ ਪਹੁੰਚਦੀ ਅਤੇ ਹਿਰਦਿਆਂ ਨੂੰ ਕੀਲਦੀ ਟੁਰੀ ਜਾਂਦੀ ਸੀ।

ਭਾਈ ਹੀਰਾ ਸਿੰਘ ਜੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਪਾਸ ਆ ਕੇ ਬੇਨਤੀ ਕਰਦੇ ਕਿ ਸਾਨੂੰ ਕਦੀ ਕਿਤੇ ਅਤੇ ਕਦੀ ਕਿਤੇ ਜਾਣਾ ਪੈਂਦਾ ਹੈ। ਲਗ ਪਗ ਹਰ ਰੋਜ਼ ਸਫ਼ਰ ਵਿਚ ਰਹਿੰਦੇ ਹਾਂ ਅਤੇ ਨਿਤਨੇਮ ਦਾ ਪੂਰਾ ਸਮਾਂ ਭੀ ਨਸੀਬ ਨਹੀਂ ਹੁੰਦਾ, ਅੰਦਰ ਮੈਲਾ ਮੈਲਾ ਦਿਸਦਾ ਹੈ। ਆਪ ਪਿਆਰ ਕਰ ਕੇ ਉਪਦੇਸ਼ ਦੇਂਦੇ, ਜੀਵਨ ਜਾਚ ਸਿਖਾਂਦੇ। ਆਪ ਪਿਆਰ ਨਾਲ ਆਪਣੇ ਅਜੀਜ਼ ਨੂੰ ਉੱਚਾ, ਨਵਾਂ ਨਰੋਆ, ਤਾਜ਼ਾ ਬਤਾਜ਼ਾ ਕਰਦੇ ਤੇ ਫਿਰ ਕੀਰਤਨ ਦਾ ਰਸ ਸੰਗਤਾਂ ਵਿਚ ਵੰਡਣ ਟੋਰ ਦੇਂਦੇ।

ਜਦੋਂ ਵੀ ਭਾਈ ਹੀਰਾ ਸਿੰਘ ਪ੍ਰਚਾਰ ਫੇਰੀ ਤੋਂ ਵਾਪਸ ਮੁੜਦੇ ਤਦੋਂ ਭਾਈ ਸਾਹਿਬ ਉਨ੍ਹਾਂ ਨੂੰ ਕਹਿੰਦੇ ਕਿ ਹੀਰਾ ਸਿੰਘ ਦਰਬਾਰ ਸਾਹਿਬ ਹੋ ਕੇ ਆਉ, ਕਿਉਂਕਿ ਤੁਹਾਡੀ ਸੁਰਤ ਮੈਲੀ ਹੋ ਰਹੀ ਹੈ। ਜਾਓ ਇਸ਼ਨਾਨ ਕਰੋ, ਅਰਦਾਸ ਕਰੋ ਅਤੇ ਭੁੱਲਾਂ ਬਖਸ਼ਾਵੋ। ਸੰਗਤਾਂ ਦੀ ਮਹਿਮਾਂ ਨੇ ਜੋ ਅੰਦਰ ਹਉਮੈ ਦੀ ਮੈਲ ਚੜ੍ਹਾ ਦਿਤੀ ਹੈ, ਧੋ ਕੇ ਨਿਰਮਲ ਕਰੋ।

ਇਕ ਵਾਰੀ ਭਾਈ ਸਾਹਿਬ ਨੇ ਫੁਰਮਾਇਆ, "ਹੀਰਾ ਸਿੰਘ ਤੇਰੇ ਕੀਰਤਨ ਤੇ ਵਕੱਤ੍ਰਤਾ ਨਾਲ ਜੇ ਦਸ ਹਜ਼ਾਰ ਆਦਮੀ ਦੋ ਦੋ ਅਥਰੂ ਵੀ ਕੇਰੇ ਤਾਂ ਤੇਰੀ ਸੁਰਤ ਤਾਂ ਸਾਫ ਹੋਵੇ ਜੇ ਤੂੰ ਚਾਲੀ ਹਜ਼ਾਰ ਅਥਰੂ ਕੇਰੇਂ। ਉਹ ਜੋ ਰੋਂਦੇ ਹਨ ਉਨ੍ਹਾਂ ਦਾ ਚਿਤ ਦ੍ਰਵਦਾ ਹੈ। ਤੂੰ ਉਨ੍ਹਾਂ ਨੂੰ ਆਪਣੀ ਕਮਾਈ ਵਿਚੋਂ ਜੋ ਕਿਣਕਾ ਭੋਰਾ ਦੇਂਦਾ ਹੈ, ਤਦੋਂ ਹੀ ਉਨ੍ਹਾਂ ਦਾ ਚਿੱਤ ਦ੍ਰਵਦਾ ਹੈ, ਹਲਕਾ ਹੁੰਦਾ ਹੈ, ਗੁਰੂ ਗੁਰੂ ਕਰਦੇ ਹਨ, ਉਨ੍ਹਾਂ ਦੇ ਚਿਤਾਂ ਦੀ ਮੈਲ ਦਾ ਅਸਰ ਤੇਰੇ ਚਿੱਤ ਪਰ ਪੈਂਦਾ ਹੈ। ਮਨ ਮੈਲਾ ਹੋ ਜਾਂਦਾ ਹੈ। ਅਗੇ ਨਾਲੋਂ ਦੁਗਣੀ ਘਾਲ ਕਰੇਂ ਏਕਾਂਤ ਹੋ ਕੇ ਨਿਜ ਮਨ ਸਮਝਾਉਣ ਹਿਤ ਕੀਰਤਨ ਦੁਆਰਾ ਜੋਦੜੀਆਂ

ਕਰੋਂ ਆਪਣੇ ਲਈ, ਤਦੋਂ ਚਿੱਤ ਸ਼ੁਧ ਹੋਵੇ ਤੇ ਤੇਰੀ ਸੁਰਤ ਸਾਫ ਹੋਵੇ।" ਇਸ ਤਰ੍ਹਾਂ ਭਾਈ ਸਾਹਿਬ ਉਸ ਨੂੰ ਪਿਆਰਦੇ, ਸਮਝਾਉਂਦੇ, ਉਚਾ ਚੁਕਦੇ ਤੇ ਫਿਰ ਤਿਆਰ ਬਰ ਤਿਆਰ ਕਰ ਕੇ ਪ੍ਰਚਾਰ ਲਈ ਟੋਰ ਦੇਂਦੇ।

1913 ਦੀਆਂ ਗਰਮੀਆਂ ਵਿਚ ਭਾਈ ਹੀਰਾ ਸਿੰਘ ਜੀ ਐਬਟਾਬਾਦ ਗਏ। ਉਥੇ ਲਗ ਪਗ ਤਿੰਨ ਹਫਤੇ ਕੀਰਤਨ ਕੀਤਾ। ਆਪ ਸਵੇਰੇ ਚਾਰ ਵਜੇ ਇਕੱਲੇ ਆਪਣੀ ਸੁਰਤ ਨੂੰ ਧੋਣ ਲਈ ਕੀਰਤਨ ਕਰਦੇ। ਫਿਰ ਤਾਜ਼ਾ ਬਤਾਜ਼ਾ ਹੋ ਕੇ ਸੰਗਤਾਂ ਨੂੰ ਜਾ ਕੇ ਨਿਹਾਲ ਕਰਦੇ ਰਹੇ। ਸ਼ਾਮ ਨੂੰ ਵੀ ਕੀਰਤਨ ਕਰਦੇ ਰਹੇ। ਹਿੰਦੂ, ਮੁਸਲਮਾਨ ਅਤੇ ਹੋਰ ਕੌਮਾਂ ਦੇ ਲੋਗ ਆ ਕੇ ਕੀਰਤਨ ਸੁਣਦੇ ਅਤੇ ਗੁਰੂ ਨਾਨਕ ਦੇ ਪ੍ਰੇਮ ਵਿਚ ਬਿਹਬਲ ਹੋ ਜਾਂਦੇ। ਜਦੋਂ ਆਪ ਵਾਪਸ ਅੰਮ੍ਰਿਤਸਰ ਆਏ ਤਾਂ ਭਾਈ ਸਾਹਿਬ ਜੀ ਨੇ ਆਪ ਨੂੰ ਬਹੁਤ ਪਿਆਰ ਕੀਤਾ ਤੇ ਆਖਿਆ "ਅੱਜ ਅਸਲ ਸਤਿਸੰਗ ਵਿਚੋਂ ਆਇਆ ਹੈਂ। ਤੇਰੇ ਪਾਸੋਂ ਖੁਸ਼ਬੂ ਆਉਂਦੀ ਹੈ। ਤੂੰ ਨਾਲੋਂ ਨਾਲ ਮਨ ਧੋਂਦਾ ਰਿਹਾ ਹੈਂ।" ਭਾਈ ਸਾਹਿਬ ਨੇ ਇਨ੍ਹਾਂ ਦੀ ਖੂਬ ਸੇਵਾ ਕੀਤੀ।

ਭਾਈ ਹੀਰਾ ਸਿੰਘ ਜੀ ਦਾ ਜੀਵਨ ਬਹੁਤ ਉਚਾ ਹੋਇਆ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਭਾਈ ਸਾਹਿਬ ਬਾਰੇ ਇਸ ਪ੍ਰਕਾਰ ਖਿਆਲ ਪ੍ਰਗਟ ਕੀਤੇ ਹਨ :-

"ਉਨ੍ਹਾਂ ਦੇ ਜੀਵਨ ਤੋਂ ਨੌਜਵਾਨ ਗੁਰ ਸਿਖਾਂ ਤੇ ਖਾਸ ਕਰ ਕੀਰਤਨੀਆਂ ਨੂੰ ਕੋਈ ਸਿਖਯਾ ਲੈਣੀ ਚਾਹੀਏ, ਜਿਸ ਦੀ ਉਨ੍ਹਾਂ ਵਿਚ ਬਾਹੁਲਤਾ ਸੀ। ਉਹੀ ਸੀ ਉਨ੍ਹਾਂ ਦੀ ਕਾਮਯਾਬੀ ਦੀ ਕੁੰਜੀ ਤੇ ਜੀਵਨ ਨੂੰ ਸਫਲਾ ਕਰਨ ਵਾਲੀ ਸੱਤਯਾ। ਉਹ ਇਹ ਸੀ ਕਿ ਉਹ ਨਿਰੇ ਗੁਰਬਾਣੀ ਦੇ ਕੰਠ ਕਰਨ-ਹਾਰ ਪ੍ਰਮਾਣਾਂ ਨੂੰ ਯੋਗ ਤਰ੍ਹਾਂ ਨਾਲ ਦਿਮਾਗੀ ਤਾਕਤ ਨਾਲ ਮੇਲ-ਲੈਣਹਾਰ ਹੀ ਨਹੀਂ ਸਨ, ਨਾਂ ਨਿਰੇ ਸਹੁਣੇ ਗਲੇ ਦੇ ਹੀ ਮਾਲਕ ਕਿ ਰਾਗ ਵਿਦਯਾ ਦੀ ਟੈਕਨੀਕ ਦੇ ਕਾਰੀਗਰ ਉਸਤਾਦ ਸਨ, ਏਹ ਸਭੋਂ ਕੁਝ ਹੋਣ ਪਰ ਉਨ੍ਹਾਂ ਦੀ ਕਾਮਯਾਬੀ ਤੇ ਸਫਲਤਾ ਦਾ ਭੇਤ ਇਸ ਗੱਲ ਵਿਚ ਸੀ ਕਿ ਉਹ ਗੁਰੂ ਕੇ ਸਿਖ ਸਨ, ਇਨ੍ਹਾਂ ਲਫਜ਼ਾਂ ਦੇ ਦਰੁਸਤ ਅਰਥਾਂ ਵਿਚ। ਆਪ ਦੇ ਅੰਦਰ ਅਭਿਲਾਖਾ ਸੀ ਕਿ ਮੈਂ ਜੋ ਕੀਰਤਨ ਕਰਦਾ ਹਾਂ, ਜੋ ਬਾਨੀ ਮੈਨੂੰ ਕਹਿੰਦੀ ਹੈ ਤੇ ਮੈਂ ਸੰਗਤਾਂ ਨੂੰ ਸੁਣਾਉਂਦਾ ਹਾਂ, ਉਹ ਮੇਰਾ ਅਮਲੀ ਜੀਵਨ ਹੋਵੇ। ਭਾਈ ਹੀਰਾ ਸਿੰਘ ਸੁਹਣੇ ਸੁਹਣੇ ਪ੍ਰਸੰਗ ਸੁਣਾ ਕੇ ਵਲਵਲੇ ਪੈਦਾ ਕਰ ਕੇ ਇਸ ਬਫਾਉਣ ਵਿਚ ਨਹੀਂ ਸੀ ਜਾਂਦਾ ਕਿ ਆਹਾ ! ਮੈਂ ਸੰਗਤਾਂ ਨੂੰ ਕੈਸਾ ਮੋਹਿਆ ਹੈ। ਇਹ ਕੁਛ ਕਰ ਕੇ ਉਹ ਮਨ ਵਿਚ ਕੰਘੀ ਮਾਰਦਾ ਸੀ ਤੇ ਆਪ ਨੂੰ ਕਹਿੰਦਾ ਸੀ : 'ਓਇ ਹੀਰਾ ਸਿੰਘਾ ! ਤੂੰ ਜੋ ਕੁਛ ਸੰਗਤਾਂ ਨੂੰ ਸੁਣਾਇਆ ਹੈ ਇਸ ਤੇ ਆਪ ਬੀ ਅਮਲ ਕਰ।' ਉਹ ਅਕਸਰ ਰਾਤ ਦੇ ਦੋ ਬਜੇ ਉਠ ਕੇ ਆਪਣੇ ਗੁਰੂ ਪਰਮੇਸ਼ਰ ਅਗੇ ਅਰਦਾਸ ਕਰਦਾ ਹੁੰਦਾ ਸੀ ਆਪਣੇ


www.sikhbookclub.com

ਜੀਵਨ ਨੂੰ ਕਥਨੀ ਦੇ ਅਨੁਸਾਰ ਕਰਨ ਲਈ। ਉਹ ਕਈ ਵੇਰ ਅੱਧੀ ਅੱਧੀ ਰਾਤ ਨੂੰ ਇਕ ਦੋ ਸ਼ਬਦ ਵਾਜੇ ਨਾਲ ਗਾਇਨ ਕਰ ਕੇ ਨਿਜ ਮਨ ਨੂੰ ਸੁਣਾਇਆ ਕਰਦਾ ਸੀ ਕਿ ਇਸ ਵੇਲੇ ਮੇਰਾ ਮਨ ਕੇਵਲ ਨਿਰੋਲ ਸ਼ਬਦ ਦੀ ਸੁਰ ਤੇ ਭਾਵ ਦੀ ਧਾਰਾ ਨਾਲ ਮਿਲ ਕੇ ਵਾਹਿਗੁਰੂ ਦੇ, ਕੇਵਲ ਵਾਹਿਗੁਰੂ ਦੇ ਚਰਨਾਂ ਵਲ ਜਾਏਗਾ। ਭਾਈ ਹੀਰਾ ਸਿੰਘ ਦਾ ਇਹ ਸਚੇ ਦਿਲੋਂ ਪ੍ਰਯਤਨ, ਇਹ ਸਰਲ ਭਾਵਨਾ, ਇਹ ਤਰਲਾ, ਇਕ ਖੂਬੀ ਸੀ ਜੋ ਦੁਰਲਭ ਹੈ।.....ਇਹ ਸੀ ਨਾਮ ਦਾ ਪ੍ਰਤਾਪ ਜਿਸ ਦੀ ਕਮਾਈ ਕਰਦਾ ਸੀ ਭਾਈ ਹੀਰਾ ਸਿੰਘ ਤੇ ਉਸ ਸਚੇ ਤਰਲੇ ਦਾ ਫਲ ਜੋ ਆਪ ਨੂੰ ਗੁਰਸਿਖ ਬਨਾਉਣ ਲਈ ਲੈਂਦਾ ਰਹਿੰਦਾ ਸੀ।......ਇਹ ਹੈ ਉਸ ਦੀ ਕਾਮਯਾਬੀ ਦਾ ਭੇਤ, ਇਹ ਹੈ ਉਸ ਦੇ ਜੀਵਨ ਦੀ ਹੀਰਾ ਕਣੀ ਜੋ ਹੁਣ ਤਕ ਪੰਥ ਵਿਚ ਚਮਕਾਂ ਮਾਰਦੀ ਹੈ।"

ਸੇਵਾ ਕਰਦਿਆਂ ਕਰਦਿਆਂ ਆਪ ਦਾ ਸਰੀਰ ਰੋਗੀ ਹੋ ਗਿਆ ਅਤੇ ਅੰਤ 2 ਸਤੰਬਰ 1926 ਨੂੰ ਡੇਹਰਾਦੂਨ ਵਿਖੇ ਸਰੀਰ ਤਿਆਗ ਕੇ ਉਸ ਅਕਾਲ ਪੁਰਖ ਦੀ ਗੋਦੀ ਵਿਚ ਜਾ ਬਿਰਾਜੇ।

 www.sikhbookclub.com

# 6. ਬੁੰਦਿਆਂ ਵਾਲੇ ਸੰਤ ਜੀ

ਇਕ ਕ੍ਰਿਸ਼ਨ ਭਗਤ ਸੰਤ ਜੋ ਯੂ.ਪੀ. ਦੇ ਰਹਿਣ ਵਾਲੇ ਸਨ, ਸ੍ਰੀ ਅੰਮ੍ਰਿਤਸਰ ਆਏ। ਉਨ੍ਹਾਂ ਦਾ ਨਾਂ ਕਿਸੇ ਨੂੰ ਪਤਾ ਨਹੀਂ ਸੀ। ਕ੍ਰਿਸ਼ਨ ਉਪਾਸ਼ਕ ਹੋਣ ਕਰ ਕੇ ਰਾਸ ਲੀਲ੍ਹਾ ਪਾਉਂਦੇ, ਆਪ ਕ੍ਰਿਸ਼ਨ ਦੀ ਗੋਪੀ ਦਾ ਸਾਂਗ ਉਤਾਰਦੇ, ਗਹਿਣੇ ਕਪੜੇ, ਹਾਰ ਸ਼ਿੰਗਾਰ ਲਾਉਂਦੇ ਤੇ ਕੰਨੀਂ ਬੁੰਦੇ ਸਦਾ ਪਹਿਰੀ ਰਖਦੇ ਸਨ। ਇਸ ਕਰਕੇ ਬੁੰਦਿਆਂ ਵਾਲੇ ਸੰਤ ਸਦਾਉਂਦੇ ਸਨ। ਭਾਈ ਸਾਹਿਬ ਨੇ ਦੇਖਿਆ ਕਿ ਇਕ ਸੱਚਾ ਘਾਲੀਂ ਸੰਤ ਨਿਰਮਲ ਹਿਰਦੇ ਵਾਲਾ ਗ਼ਲਤ ਪਾਸੇ ਲੱਗ ਰਿਹਾ ਹੈ। ਆਪ ਨੇ ਉਸ ਵਲ ਵਾਕਫੀ ਵਧਾਈ ਤੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਾਏ। ਉਹ ਮੋਹਤ ਹੋ ਗਏ ਅਤੇ ਕਹਿਣ ਲਗੇ ਕਿ ਸੰਸਾਰ ਵਿਚ ਪ੍ਰਤੱਖ ਸੁਰਗ ਕਾਇਮ ਹੈ ਤੇ ਉਹ ਹੈ ਇਹ ਗੁਰੂ ਰਾਮਦਾਸ ਮਹਾਰਾਜ ਜੀ ਦਾ ਦਰਬਾਰ। ਬੱਸ ਫ਼ਿਰ ਰਾਸਾਂ ਰਚਾਉਣੀਆਂ ਛੁਟ ਗਈਆਂ ਤੇ ਸ੍ਰੀ ਦਰਬਾਰ ਸਾਹਿਬ ਹੀ ਡੇਰੇ ਲਾ ਲਏ। ਬਾਕੀ ਜ਼ਿੰਦਗੀ ਦਾ ਬਹੁਤਾ ਸਮਾਂ, ਜਦੋਂ ਵੀ ਸ੍ਰੀ ਅੰਮ੍ਰਿਤਸਰ ਆਉਂਦੇ, ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਹੀ ਗੁਜ਼ਾਰਦੇ। ਭਾਈ ਸਾਹਿਬ ਨਾਲ ਉਨ੍ਹਾਂ ਦਾ ਬੜਾ ਪ੍ਰੇਮ ਹੋ ਗਿਆ। ਆਪੇ ਉਨ੍ਹਾਂ ਦੇ ਘਰ ਆ ਜਾਂਦੇ ਅਤੇ ਪ੍ਰਸ਼ਾਦਾ ਛਕ ਕੇ ਬਚਨ ਬਿਲਾਸ ਕਰ ਕੇ ਫਿਰ ਦਰਬਾਰ ਸਾਹਿਬ ਪ੍ਰਕਰਮਾਂ ਵਿਚ ਚਲੇ ਜਾਂਦੇ।

ਇਕ ਦਿਨ ਪ੍ਰਕਰਮਾਂ ਵਿਚ ਬੈਠੇ ਸੰਤ ਜੀ ਨੇ ਭਾਈ ਸਾਹਿਬ ਤੋਂ ਪੁਛਿਆ, "ਵੀਰ ਸਿੰਘ ! ਸਾਗਰ ਕੋ ਪਾਰ ਕਰਨਾ ਹੈ, ਨਾਉ ਹੈ, ਜਹਾਜ਼ ਹੈ, ਅਗਨ ਬੋਟ ਹੈ, ਤੁਮ ਬਤਾਉ ਕਿਸ ਪਰ ਸਵਾਰ ਹੋਵੋਗੇ।" ਭਾਈ ਸਾਹਿਬ ਨੇ ਉੱਤਰ ਵਿਚ ਕਿਹਾ,

 www.sikhbookclub.com

"ਜਿਸ ਪਰ ਆਪ ਸਵਾਰ ਹੋਵੋਗੇ ਉਸੀ ਪਰ ਹਮ ਭੀ ਸਵਾਰ ਹੋ ਜਾਏਂਗੇ।" ਤਦ ਸੰਤ ਜੀ ਹੱਸ ਕੇ ਤਾੜੀ ਮਾਰ ਕੇ ਬੋਲੇ, "ਹਮ ਤੋ ਕਿਸੀ ਪਰ ਸਵਾਰ ਨਹੀਂ ਹੋਂਗੇ, ਗੁਰੂ ਨਾਨਕ, ਗੁਰੂ ਰਾਮਦਾਸ ਜੀ ਨੇ ਸਾਗਰ ਪਰ ਪੁਲ ਬਨਾ ਦੀਆ ਹੈ ਹਮ ਤੋ ਇਸੀ ਪਰ ਸੇ ਦੌੜ ਕਰ ਸੰਸਾਰ ਸਾਗਰ ਕੋ ਪਾਰ ਕਰੇਂਗੇ। ਨਾਓ, ਜਹਾਜ਼, ਅਗਨ ਬੋਟ ਪਾਰ ਤੋਂ ਕਰ ਸਕਤੇ ਹੈਂ, ਪਰ ਤੂਫਾਨ ਸੇ ਵਿਘਨ ਪੜਨੇ ਕਾ ਸੰਸਾ ਹੈ। ਗੁਰੂ ਨਾਨਕ ਕਾ ਪੁਲ ਨਿਰਸੰਸੇ ਹੈ ਹਮ ਤੋ ਇਸੀ ਰਸਤੇ ਜਾਏਂਗੇ।"

ਇਕ ਦਿਨ ਸੰਤ, ਭਾਈ ਸਾਹਿਬ ਨੂੰ ਕਹਿਣ ਲਗੇ ਕਿ ਕਲ ਦੋਪਹਿਰ ਨੂੰ ਖਾਣਾ ਤੁਹਾਡੇ ਘਰ ਖਾਵਾਂਗੇ। ਭਾਈ ਸਾਹਿਬ ਨੇ ਬੜੇ ਪਿਆਰ ਨਾਲ ਪ੍ਰਸ਼ਾਦਾ ਤਿਆਰ ਕਰਵਾਇਆ ਕਿ ਗੁਰੂ ਰਾਮਦਾਸ ਦਰਬਾਰ ਦੇ ਭੌਰੇ ਆਉਣਗੇ। ਕਾਫੀ ਉਡੀਕ ਕੀਤੀ, ਪਰ ਉਹ ਨਾ ਆਏ। ਆਖਰ ਭਾਈ ਸਾਹਿਬ ਨੇ ਅਰਦਾਸਾ ਸੋਧ ਕੇ ਪ੍ਰਸ਼ਾਦਿ ਛਕ ਲਿਆ। ਤੀਸਰੇ ਦਿਨ ਸੰਤ ਮਿਲੇ ਤਾਂ ਆਪ ਨੇ ਸੰਤਾਂ ਨੂੰ ਕਿਹਾ ਕਿ ਪ੍ਰਸ਼ਾਦਾ ਛਕਣ ਨਹੀਂ ਆਏ। ਸੰਤ ਕਹਿਣ ਲਗੇ, "ਓਹੋ ਭੂਲ ਹੋ ਗਈ, ਬੜਾ ਅਪ੍ਰਾਧ ਹੂਆ, ਭਾਈ ਮੈਂ ਪਾਪੀ ਹੂੰ, ਗੁਨਾਹਗਾਰ ਹੂੰ, ਪ੍ਰੰਤੂ ਆਪ ਕਾ ਤੋ ਕੁਛ ਨੁਕਸਾਨ ਨਹੀਂ ਹੂਆ। ਆਪ ਕੋ ਤੋ ਲਾਭ ਹੀ ਹੂਆ, ਆਪ ਕਾ ਮਨ ਗੁਰੂ ਰਾਮਦਾਸ ਕੇ ਚਰਨੋਂ ਮੇਂ ਲਗਾ ਰਹਾ।"

ਆਪ ਜੀ ਦਾ ਭਾਈ ਸਾਹਿਬ ਨਾਲ ਬਹੁਤ ਸਨੇਹ ਵਧ ਗਿਆ। ਉਹ ਭਾਈ ਸਾਹਿਬ ਦੀ ਧਰਮ ਪਤਨੀ (ਮਾਤਾ ਚਤਰ ਕੌਰ ਜੀ) ਨੂੰ 'ਮੱਯਾ ਰਾਣੀ' ਬੁਲਾਉਂਦੇ ਸਨ। ਸੰਤ ਜਿਸ ਤਰ੍ਹਾਂ ਦਾ ਭੋਜਨ ਕਹਿਣ ਉਹ ਤਿਆਰ ਕਰ ਕੇ ਛਕਾਉਂਦੇ ਸਨ। ਇਕ ਵਾਰੀ ਉਹ ਭਾਈ ਸਾਹਿਬ ਦੇ ਘਰ ਆਏ, ਪਰ ਭਾਈ ਸਾਹਿਬ ਘਰ ਨਹੀਂ ਸਨ। ਉਨ੍ਹਾਂ ਨੇ ਮਾਤਾ ਜੀ ਨੂੰ ਕਿਹਾ ਕਿ ਅਸੀਂ ਬਹੁਤ ਦਿਨਾਂ ਦੇ ਭੁਖੇ ਹਾਂ, ਸਾਨੂੰ ਭੋਜਨ ਛਕਾਉ। ਮਾਤਾ ਜੀ ਨੇ ਪਿਆਰ ਨਾਲ ਭੋਜਨ ਛਕਾਇਆ। ਭੋਜਨ ਛਕਣ ਤੋਂ ਉਪਰੰਤ ਸੰਤਾਂ ਨੇ ਕਿਹਾ, "ਮੱਯਾ ਰਾਣੀ, ਅਬ ਹਮ ਗੋਵਰਧਨ ਪਰਬਤ ਪਰ ਚਲੇ ਹੈਂ, ਚੋਲਾ ਪੁਰਾਣਾ ਹੋ ਗਿਆ ਹੈ, ਆਪਣੀ ਕੁਟੀਆ ਮੇਂ ਜਾ ਕਰ ਇਸ ਕੋ ਤਿਆਗ ਦੇਂਗੇ। ਆਪ ਉਦਾਸ ਨਹੀਂ ਹੋਣਾ। ਹਮ ਮਿਲੇ ਥੇ ਔਰ ਸਦਾ ਮਿਲੇ ਰਹੇਂਗੇ।" ਅੰਮ੍ਰਿਤਸਰ ਤੋਂ ਸਿਧੇ ਆਪ ਗੋਵਰਧਨ ਪੁਜੇ ਅਤੇ ਉਥੇ ਜਾ ਕੇ ਸਰੀਰ ਤਿਆਗ ਦਿਤਾ।

 www.sikhbookclub.com

# 7. ਬੀਬੀ ਤੇਜਾਂ ਜੀ

ਐਬਟਾਬਾਦ ਤੋਂ ਵਾਪਸ ਜਾਣ ਲਈ ਭਾਈ ਸਾਹਿਬ ਨੇ ਫੈਸਲਾ ਕੀਤਾ ਕਿ ਉਹ ਕੋਹਮਰੀ ਤੋਂ ਹੁੰਦੇ ਹੋਏ ਅੰਮ੍ਰਿਤਸਰ ਵਾਪਸ ਜਾਣਗੇ। ਸ੍ਰ: ਲਖਮੀ ਸਿੰਘ ਨੇ (ਬੀਬੀ ਸੰਤ ਜੀ ਦੇ ਪਿਤਾ ਜੀ) ਆਪਣੇ ਛੋਟੇ ਭਰਾ ਰਾਏ ਸਾਹਿਬ ਪਰਮਾਨੰਦ ਨੂੰ ਨਥਿਆ ਗਲੀ ਚਿਠੀ ਲਿਖੀ ਕਿ ਅਸੀਂ ਭਾਈ ਸਾਹਿਬ ਨਾਲ ਆ ਰਹੇ ਹਾਂ ਅਤੇ ਭਾਈ ਸਾਹਿਬ ਆਪ ਪਾਸ ਠਹਿਰਨਗੇ। ਚੱਲਣ ਤੋਂ ਇਕ ਦਿਨ ਪਹਿਲਾਂ ਬੀਬੀ ਤੇਜਾਂ ਜੀ ਜੋ ਬੀਬੀ ਸੰਤ ਜੀ ਦੀ ਸਕੀ ਮਾਮੀ ਸੀ, ਨਥਿਆ ਗਲੀ ਤੋਂ ਐਬਟਾਬਾਦ ਵਾਪਸ ਪੁਜ ਗਏ। ਇਨ੍ਹਾਂ ਦੇ ਅੰਦਰ ਬਚਪਨ ਤੋਂ ਹੀ ਸਤਿਸੰਗ ਤੇ ਬਾਣੀ ਦਾ ਬਹੁਤ ਪਿਆਰ ਸੀ। ਭਾਵੇਂ ਇਹ ਹਿੰਦੂਆਂ ਦੀ ਲੜਕੀ ਸੀ ਪਰ ਸਿਖੀ ਜਜ਼ਬਾ ਕੁਟ ਕੁਟ ਕੇ ਭਰਿਆ ਪਿਆ ਸੀ। ਭਾਈ ਸਾਹਿਬ ਜੀ ਦਾ ਲਿਖਤ ਸਾਹਿਤ ਪੜ੍ਹ ਕੇ ਇਸ ਦੇ ਦਿਲ ਵਿਚ ਭਾਈ ਸਾਹਿਬ ਦੇ ਦਰਸ਼ਨਾਂ ਲਈ ਬਹੁਤ ਖਿਚ ਸੀ। ਜਦੋਂ ਆਪ ਨੂੰ ਪਤਾ ਲੱਗਾ ਕਿ ਭਾਈ ਸਾਹਿਬ ਕੁਝ ਘੰਟੇ ਹੀ ਗਲੀਆਂ ਵਿਚ ਰਹਿਣਗੇ ਤਾਂ ਆਪ ਇਕ ਦਿਨ ਪਹਿਲਾਂ ਹੀ ਐਬਟਾਬਾਦ ਪੁਜ ਗਏ ਤਾਂ ਜੋ ਭਾਈ ਸਾਹਿਬ ਦੇ ਦੀਦਾਰ ਕਰ ਸਕਣ। ਬੀਬੀ ਤੇਜਾਂ ਬੀਬੀ ਸੰਤ ਜੀ ਦੇ ਕਮਰੇ ਵਿਚ ਗਈ। ਭਾਈ ਸਾਹਿਬ ਜੀ ਪ੍ਰਸ਼ਾਦ ਛਕਣ ਜਾਣ ਤੋਂ ਪਹਿਲਾਂ ਸੰਤ ਜੀ ਦੇ ਕਮਰੇ ਆਏ। ਸੰਤ ਜੀ ਨੇ ਆਪਣੀ ਮਾਮੀ ਦੀ ਜਾਣ ਪਛਾਣ ਕਰਾਈ। ਬੀਬੀ ਤੇਜਾਂ ਭਾਈ ਸਾਹਿਬ ਨੂੰ ਮੱਥਾ ਟੇਕਣ ਲਈ ਝੁਕੀ ਪਰ ਆਪ ਨੇ ਬਾਂਹ ਪਕੜ ਕੇ ਜ਼ੋਰ ਨਾਲ ਸਿਧਿਆਂ ਖੜਾ ਕਰ ਦਿਤਾ ਤੇ ਵਾਹਿਗੁਰੂ ਵਾਹਿਗੁਰੂ ਕਿਹਾ। ਨਾਮ ਰੰਗ ਰੱਤੇ ਫਕੀਰ ਜਦੋਂ ਆਪਣੇ ਪ੍ਰੀਤਮ ਵਾਹਿਗੁਰੂ ਦੇ ਰੰਗ ਵਿਚ ਰੱਤੇ ਹੋਏ ਓਤ ਪੋਤ ਮਿਲੇ

ਹੋਏ ਹੁੰਦੇ ਹਨ ਤਦੋਂ ਜਿਸ ਵਿਅਕਤੀ ਨੂੰ ਵੀ ਉਹ ਛੁਹ ਜਾਣ ਉਸ ਨੂੰ ਉਸੀ ਰੰਗ ਵਿਚ ਰੰਗ ਜਾਂਦੇ ਹਨ। ਉਥੇ ਕਮਰੇ ਵਿਚ ਕਾਫ਼ੀ ਆਦਮੀ ਸਨ, ਏਕਾਂਤ ਨਹੀਂ ਸੀ, ਕੋਈ ਬਚਨ ਨਾ ਕਰ ਸਕੇ, ਖੜੇ ਖੜੋਤੇ ਟੁਰ ਗਏ। ਛੁਹ ਮਿਲਣ ਦੀ ਦੇਰ ਸੀ ਕਿ ਬੀਬੀ ਦੇ ਅੰਦਰ ਨਾਮ ਜਾਰੀ ਹੋ ਗਿਆ। ਰਸ ਭਰਪੂਰ ਸ਼ੁਕਰ ਵਿਚ ਅੱਖਾਂ ਤੋਂ ਨੀਰ ਚਲ ਪਿਆ ਤੇ ਕੁਝ ਅਜੀਬ ਨੀਮ ਬੇਹੋਸ਼ੀ ਜਿਹੀ ਦੀ ਦਸ਼ਾ ਵਿਚ ਹੋ ਗਈ। ਭਾਈ ਸਾਹਿਬ ਜਦੋਂ ਪ੍ਰਸ਼ਾਦ ਛਕ ਕੇ ਵਾਪਸ ਆਏ ਤਾਂ ਬੀਬੀ ਤੇਜਾਂ ਨੂੰ ਲੇਟਿਆਂ ਤੱਕਿਆ। ਬੀਬੀ ਸੰਤ ਨੂੰ ਕਹਿਣ ਲਗੇ, ਇਸ ਮਾਈ ਨੂੰ ਪਏ ਰਹਿਣ ਦਿਉ, ਜਿਸ ਰਸ ਵਿਚ ਹੈ ਉਸ ਤੋਂ ਨਾ ਵਿਛੋੜਨਾ। ਇਹ ਕਿਸੇ ਸੁਆਦ ਵਿਚ ਹੈ। ਇਹ ਬੀਬੀ ਨਾਮ ਸਿਮਰਨ ਦੇ ਰੰਗ ਵਿਚ ਕਈ ਘੰਟੇ ਪਈ ਰਹੀ। ਸ਼ਾਮ ਨੂੰ ਇਸ ਨੂੰ ਪਤਾ ਲੱਗਾ ਕਿ ਭਾਈ ਸਾਹਿਬ ਕਲ੍ਹ ਸਵੇਰੇ ਚਲੇ ਜਾਣਗੇ, ਤਾਂ ਬੜੀ ਬਿਹਬਲ ਹੋਈ ਕਿ ਮੈਂ ਅਜੇ ਰੱਜ ਕੇ ਭਾਈ ਸਾਹਿਬ ਦੇ ਦਰਸ਼ਨ ਨਹੀਂ ਕੀਤੇ, ਕੋਈ ਬਚਨ ਬਿਲਾਸ ਨਹੀਂ ਸੁਣੇ। ਉਸ ਨੇ ਸ੍ਰ: ਲਖਮੀ ਸਿੰਘ ਨੂੰ ਬੇਨਤੀ ਕੀਤੀ ਕਿ ਭਾਈ ਸਾਹਿਬ ਨੂੰ ਇਕ ਦਿਨ ਹੋਰ ਠਹਿਰਾ ਲਵੋ, ਪਰ ਉਨ੍ਹਾਂ ਨੇ ਅਗੋਂ ਰੁੱਖਾ ਜਵਾਬ ਦਿਤਾ। ਸਿਮਰਨ ਦਾ ਜੋ ਰਸ ਆ ਰਿਹਾ ਸੀ, ਉਹ ਦੂਰ ਹੋ ਗਿਆ। ਇਹ ਬੀਬੀ ਆਪਣੇ ਕਮਰੇ ਵਿਚ ਆ ਕੇ ਲਗਾਤਾਰ ਰੋਂਦੀ ਰਹੀ।

ਰਾਤ ਕਾਫ਼ੀ ਬੀਤ ਚੁਕੀ ਸੀ। ਭਾਈ ਸਾਹਿਬ ਨੇ ਡਾ: ਕਰਤਾਰ ਸਿੰਘ ਨਾਲ ਸਲਾਹ ਕੀਤੀ ਅਤੇ ਸ੍ਰਦਾਰ ਮਨਮੋਹਨ ਸਿੰਘ ਨੂੰ, ਜੋ ਉਸ ਸਮੇਂ ਉਨ੍ਹਾਂ ਦੇ ਪਾਸ ਸੀ, ਬੀਬੀ ਤੇਜਾਂ ਨੂੰ ਬੁਲਾਉਣ ਲਈ ਕਿਹਾ। ਭਾਈ ਸਾਹਿਬ ਨੇ ਕਿਹਾ ਉਹ ਸਾਨੂੰ ਮਿਲੀ ਨਹੀਂ, ਅਸੀਂ ਉਸ ਨੂੰ ਪਰਮਾਰਥ ਬਾਰੇ ਕੁਝ ਸਮਝਾਉਣਾ ਹੈ। ਬਿਨਾ ਸਮਝਾਏ ਦੇ ਕਈ ਸਰੀਰ ਬੀਮਾਰ ਹੋ ਜਾਂਦੇ ਹਨ। ਬੀਬੀ ਆ ਗਈ ਅਤੇ ਰੋ ਰੋ ਕੇ ਸ੍ਰ: ਲਖਮੀ ਸਿੰਘ ਨਾਲ ਹੋਈ ਗੱਲ ਬਾਤ ਦੱਸੀ ਕਿ ਕਿਸ ਤਰ੍ਹਾਂ ਮੇਰਾ ਸੁਖ ਜੋ ਆਪ ਜੀ ਨੇ ਬਖਸ਼ਿਆ ਸੀ ਭੁੱਲ ਕਰ ਕੇ ਖੁਹਾ ਬੈਠੀ ਹਾਂ ਤੇ ਹੁਣ ਹਾਵੇ ਵਿਚ ਰੋ ਰਹੀ ਹਾਂ। ਅਧਾ ਘੰਟਾ ਭਾਈ ਸਾਹਿਬ ਨੇ ਬੀਬੀ ਨੂੰ ਪਰਮਾਰਥ ਦੇ ਗੁਝੇ ਭੇਦ ਸਮਝਾਏ, ਸਿਮਰਨ ਦੀ ਜਾਚ ਸਿਖਾਈ ਤੇ ਉਸ ਦੀ ਸੁਰਤ ਨੂੰ ਚੜ੍ਹਦੀਆਂ ਕਲਾਂ ਵਿਚ ਉਚਿਆਇਆ।

ਤੇਜਾਂ ਬਹੁਤ ਸਾਧੂਆਂ ਸੰਤਾਂ ਦੇ ਫਿਰੀ ਹੋਈ ਸੀ। ਕੋਰੇ ਕਪੜੇ ਤੇ ਤਾਂ ਰੰਗ ਸੌਖਾ ਚੜ੍ਹ ਜਾਂਦਾ ਹੈ, ਪਰ ਜਿਸ ਉਪਰ ਅਗੇ ਹੀ ਰੰਗ ਚੜ੍ਹਿਆ ਹੋਵੇ, ਉਸ ਦਾ ਪਹਿਲਾ ਉਤਰੇ ਤਾਂ ਦੂਜਾ ਚੜ੍ਹੇ। ਭਾਈ ਸਾਹਿਬ ਨੂੰ ਇਹ ਅੰਮ੍ਰਿਤਸਰ ਸਾਹਿਬ ਜਾ ਕੇ ਕਈ ਵਾਰ ਮਿਲੀ ਅਤੇ ਸਾਫ਼ ਆਖਦੀ ਹੁੰਦੀ ਸੀ ਕਿ ਮੈਨੂੰ ਜੋ ਗੱਲ ਦਸੋਗੇ, ਮੈਂ ਤਾਂ ਮੰਨਾਂਗੀ

ਜਦੋਂ ਗੁਰਬਾਣੀ ਦਾ ਹਵਾਲਾ ਨਾਲ ਦੇਵੋਗੇ। ਸੋ ਭਾਈ ਸਾਹਿਬ ਨੇ ਜੋ ਕੁਝ ਵੀ ਕਹਿਣਾ ਗੁਰਬਾਣੀ ਦੀਆਂ ਤੁਕਾਂ ਦਾ ਦ੍ਰਿਸ਼ਟਾਂਤ ਦੇ ਕੇ ਕਹਿਣਾ। ਮਾਈ ਵਿਚ ਗੁਰਮਤਿ ਅਤੇ ਸਿਦਕ ਆਇਆ। ਵਹਿਮ, ਭਰਮ ਦੂਰ ਹੋ ਗਏ। ਇਹ ਮਾਈ ਹਰੀ ਪੁਰ ਹਜ਼ਾਰੇ ਦੀ ਰਹਿਣ ਵਾਲੀ ਸੀ। ਇਸ ਦੇ ਪਤੀ ਦਾ ਨਾਂ ਸਰਦਾਰ ਦਲੀਪ ਸਿੰਘ ਸੀ। ਇਸ ਮਾਈ ਦੀ ਇਕ ਲੜਕੀ ਸੀ, ਜਿਸ ਦਾ ਨਾਮ 'ਰਾਮ' ਸੀ। ਮਾਂ ਅਤੇ ਧੀ ਦੋਹਾਂ ਦੇ ਹਿਰਦੇ ਅੰਦਰ ਸਤਿਸੰਗ ਦਾ ਪਿਆਰ ਕਿਸੇ ਉੱਚੇ ਟਿਕਾਣੇ ਪਹੁੰਚ ਚੁਕਾ ਸੀ।

ਮਾਈ ਦੇ ਪਤੀ ਸਰਦਾਰ ਦਲੀਪ ਸਿੰਘ ਦਾ ਜੀਵਨ ਬਹੁਤ ਉਚਾ ਜੀਵਨ ਨਹੀਂ ਸੀ। ਸਹਿਜ ਸੁਭਾ ਸਵੇਰੇ ਜਪੁਜੀ ਸਾਹਿਬ ਦਾ ਪਾਠ ਕਰ ਛੱਡਣਾ, ਦਿਹਾੜੀ ਦਾ ਕੋਈ ਫਿਕਰ ਨਹੀਂ, ਦੁਨੀਆਦਾਰ ਆਦਮੀ ਜਿਸ ਤਰ੍ਹਾਂ ਹੁੰਦੇ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਦਾ ਦਿਲ ਵਿਚ ਬੜਾ ਸਤਿਕਾਰ ਰਖਦੇ ਸਨ। ਪਤਨੀ ਵਿਚ ਆਈ ਤਬਦੀਲੀ ਨੂੰ ਵੇਖ ਕੇ ਇਹ ਵੀ ਚਾਹੁੰਦੇ ਸਨ ਕਿ ਭਾਈ ਸਾਹਿਬ ਜੀ ਦੀ ਰਹਿਨੁਮਾਈ ਪ੍ਰਾਪਤ ਕੀਤੀ ਜਾਵੇ ਪਰ ਉਹ 1915 ਵਿਚ ਬੀਮਾਰ ਹੋ ਗਏ। ਇਹ ਬੀਮਾਰੀ ਕੋਈ ਨਵੀਂ ਸੀ ਅਤੇ ਹਕੀਮ ਇਸ ਬੀਮਾਰੀ ਨੂੰ ਦਾਹ ਰੋਗ ਕਹਿੰਦੇ ਸਨ। ਛਾਤੀ ਅਤੇ ਹੱਥ ਪੈਰ ਸੜਦੇ ਸਨ। ਕਟੋਰੇ ਵਿਚ ਬਰਫ਼ ਪਾ ਕੇ ਛਾਤੀ ਉਤੇ ਰੱਖਣ ਨਾਲ ਕੁਝ ਫਰਕ ਪੈਂਦਾ ਸੀ। ਨੀਂਦ ਬਿਲਕੁਲ ਉਡ ਗਈ ਸੀ ਅਤੇ ਦਿਨ ਰਾਤ ਹਾਏ ਹਾਏ ਕਰਦੇ ਰਹਿਣ ਲੱਗੇ। ਉਨ੍ਹਾਂ ਨੂੰ ਕਿਹਾ ਗਿਆ ਕਿ ਹਾਏ ਹਾਏ ਦੀ ਥਾਂ ਵਾਹਿਗੁਰੂ ਆਖੋ। ਉੱਤਰ ਵਿਚ ਉਨ੍ਹਾਂ ਆਖਿਆ ਕਿ ਚੰਗੇ ਭਲੇ ਹੁੰਦਿਆ ਕਦੇ ਵਾਹਿਗੁਰੂ ਨਹੀਂ ਆਖਿਆ ਹੁਣ ਕਿਵੇਂ ਆਖਾਂ।

ਬੀਬੀ ਜੀ ਸਿਦਕਵਾਨ ਸੀ ਅਤੇ ਉਨ੍ਹਾਂ ਨੇ ਸਾਰਾ ਹਾਲ ਭਾਈ ਸਾਹਿਬ ਜੀ ਨੂੰ ਲਿਖਿਆ ਅਤੇ ਨਾਲ ਬੇਨਤੀ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਬਾਬਾ ਜੀ ਦੀ ਵਡੀ ਬੀੜ ਪਰ ਸ੍ਰੀ ਅਖੰਡ ਪਾਠ ਰਖਵਾ ਦੇਵੋ। ਭਾਈ ਸਾਹਿਬ ਨੇ ਪਾਠ ਰਖਵਾ ਦਿਤਾ। ਐਬਟਾਬਾਦ ਤੋਂ, ਅੰਗ੍ਰੇਜ਼ ਸਿਵਲ ਸਰਜਨ ਵੀ ਆ ਗਿਆ। ਸਿਵਲ ਸਰਜਨ ਨੇ ਦੇਖ ਕੇ ਕਿਹਾ ਕਿ ਹੁਣ ਇਨ੍ਹਾਂ ਦਾ ਅੰਤ ਨੇੜੇ ਆ ਗਿਆ ਹੈ। ਬੀਬੀ ਜੀ ਨੇ ਬਾਬਾ ਜੀ ਦੇ ਕਮਰੇ ਵਿਚ ਜਾ ਕੇ ਸੱਚੇ ਦਿਲੋਂ ਅਰਦਾਸ ਕੀਤੀ ਕਿ ਹੇ ਸੱਚੇ ਪਿਤਾ ਸੇਵਕ ਦੇ ਔਗਣ ਨਾ ਚਿਤਾਰੋ ਅਤੇ ਅੱਗਾ ਸਵਾਰ ਦੇਵੋ। ਨਾਮ ਦੀ ਦਾਤ ਬਖਸ਼ੋ, ਜੋ ਅੰਤਲਾ ਸਮਾਂ ਸਿਮਰਨ ਵਿਚ ਜੁੜਿਆ ਲੰਘੇ। ਅਰਦਾਸ ਸੁਣੀ ਗਈ ਅਤੇ ਲਗਾਤਾਰ ਸਿਮਰਨ ਜਾਰੀ ਹੋ ਗਿਆ। ਜਿਥੇ ਉੱਚੀ ਉੱਚੀ ਹਾਏ ਹਾਏ ਆਖਦੇ ਸਨ, ਉਥੇ ਹੁਣ ਉਚੀ ਉੱਚੀ ਵਾਹਿਗੁਰੂ ਵਾਹਿਗੁਰੂ ਕਹਿਣ ਲੱਗ ਪਏ। ਅਗਲੇ ਦਿਨ ਉਹ ਚਲਾਣਾ ਕਰ ਗਏ।

ਭਾਈ ਸਾਹਿਬ ਹਮਦਰਦੀ ਵਿਚ ਕਈ ਸਫਿਆਂ ਦੀਆਂ ਚਿਠੀਆਂ ਇਸ ਪ੍ਰਵਾਰ ਨੂੰ ਲਿਖਦੇ ਰਹੇ ਸਨ। ਬੀਬੀ ਜੀ ਨੂੰ ਇਹ ਲਾਲਸਾ ਜਾਗ ਉਠੀ ਕਿ ਮੈਨੂੰ ਕੋਈ ਮੇਰੇ ਵਿਛੜੇ ਪਤੀ ਦੇ ਦਰਸ਼ਨ ਕਰਵਾ ਦੇਵੇ। ਬੀਬੀ ਜੀ ਭਾਈ ਸਾਹਿਬ ਪਾਸ ਸ੍ਰੀ ਅੰਮ੍ਰਿਤਸਰ ਆਏ ਅਤੇ ਆਪਣੀ ਮੰਗ ਭਾਈ ਸਾਹਿਬ ਅਗੇ ਰਖੀ। ਭਾਈ ਸਾਹਿਬ ਅਗੋਂ ਬੜੇ ਧੀਰਜ ਵਿਚ ਬੋਲੇ ਕਿ ਕੀ ਇਹ ਕੋਈ ਵੱਡੀ ਗੱਲ ਹੈ। ਜ਼ਰੂਰ ਮੇਲੇ ਹੋਣਗੇ ਜੇ ਕਰ ਤੁਸੀਂ ਮੇਰੇ ਦੱਸੇ ਹੋਏ ਰਸਤੇ ਪਰ ਚਲੋਗੇ। ਬੀਬੀ ਜੀ ਨੂੰ ਭਰੋਸਾ ਆ ਗਿਆ ਅਤੇ ਅੰਦਰ ਠੰਢ ਵਰਤ ਗਈ। ਦੂਜੇ ਦਿਨ ਫਿਰ ਬੀਬੀ ਜੀ ਨੇ ਪੁੱਛਿਆ, ਤਦੋਂ ਆਪ ਨੇ ਕਿਹਾ, "ਸਭਨਾਂ ਮਰਨਾ ਆਇਆ ਵੇਛੋੜਾ ਸਭਨਾਹ॥ ਪੁਛੋ ਜਾਇ ਸਿਆਣਿਆ ਅਗੈ ਮਿਲਣ ਕਿਨਾਹ॥" ਇਹ ਸਵਾਲ ਹੈ। ਫੇਰ ਉੱਤਰ ਦੇਂਦੇ ਹਨ "ਜਿਨ ਮੇਰਾ ਸਾਹਿਬ ਵਿਸਰੈ ਵਡੜੀ ਵੇਦਨ ਤਿਨਾਹ।" ਦੇਖੋ ਤੁਸੀਂ ਹੀ ਦਸਦੇ ਹੋ ਕਿ ਮੇਰੇ ਪਤੀ ਜੀ ਅੰਤਮ ਸੁਆਸਾਂ ਤਕ ਨਾਮ ਜਪਦੇ ਗਏ ਹਨ। ਹੁਣ ਅੰਦਾਜ਼ਾ ਕਰੋ ਜੋ ਆਤਮਾ ਨਾਮ ਜਪਦੀ ਗਈ, ਉਹ ਕਿਥੇ ਗਈ ਹੋਸੀ। ਤੁਸੀਂ ਵੀ ਤਿਆਰੀ ਕਰੋ। ਸਭ ਨੇ ਮਰਨਾ ਹੈ, ਆਪ ਨੇ ਵੀ ਮਰਨਾ ਹੈ। ਜੇ ਆਪ ਦੀ ਮੌਤ ਵੀ ਪਤੀ ਵਾਂਗੂੰ ਗੁਰੂ-ਗੁਰੂ ਕਰਦਿਆਂ ਹੋਵੇ ਤਦੋਂ ਆਪ ਦੀ ਆਤਮਾ ਵੀ ਜ਼ਰੂਰ ਉਥੇ ਹੀ ਜਾਏਗੀ, ਜਿਥੇ ਤੁਹਾਡੇ ਪਤੀ ਗਏ ਹਨ, ਉਥੇ ਜ਼ਰੂਰ ਮੇਲੇ ਹੋਣਗੇ। ਉਹ ਆਪ ਦਾ ਸੁਆਗਤ ਕਰਨਗੇ। ਪਰ ਜੇ ਆਪ ਦੀ ਮੌਤ "ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਾਹ॥" ਵਾਲੀ ਹਾਲਤ ਵਿਚ ਹੋਵੇਗੀ, ਤਦੋਂ ਜ਼ਰੂਰ ਲੰਮੇ ਵਿਛੋੜੇ ਹੋ ਜਾਣਗੇ। ਇਸ ਨਾਲ ਬੀਬੀ ਜੀ ਦੀਆਂ ਅੱਖਾਂ ਖੁਲ੍ਹ ਗਈਆਂ। ਸਾਰਾ ਜੀਵਨ ਇਸੀ ਕਾਰੇ ਲਾ ਦਿਤਾ। ਇਸ ਖਾਹਿਸ਼ ਪੂਰਤੀ ਲਈ ਭਾਈ ਸਾਹਿਬ ਜੀ ਨੇ ਨਾਮ ਸਿਮਰਨ ਦੀ ਚੇਟਕ ਲਾ ਦਿਤੀ।

 www.sikhbookclub.com

# 8. ਮਾਈ ਗੁਜਰੀ ਜੀ

ਮਾਈ ਗੁਜਰੀ ਬਚਪਨ ਤੋਂ ਹੀ ਸ੍ਰੀ ਦਰਬਾਰ ਸਾਹਿਬ ਦੀ ਪ੍ਰੇਮਣ ਅਤੇ ਬਾਣੀ ਦੀ ਨੇਮਣ ਸੀ। ਉਸ ਦੀ ਸ਼ਾਦੀ ਅੰਮ੍ਰਿਤਸਰ ਦੇ ਇਕ ਹਲਵਾਈ ਨਾਲ ਹੋ ਗਈ. ਜੋ ਬੜਾ ਵਿਸ਼ਈ ਅਤੇ ਸ਼ਰਾਬੀ ਸੀ। ਮਾਈ ਨੂੰ ਸ੍ਰੀ ਦਰਬਾਰ ਸਾਹਿਬ ਜਾਣ ਤੋਂ ਵੀ ਰੋਕੇ, ਉਸ ਨੂੰ ਮਾਰੇ ਅਤੇ ਉਸ ਦੀ ਬੇਇਜ਼ਤੀ ਕਰੇ। ਮਾਈ ਦਾ ਜੀਵਨ ਦੁਖਾਂ ਦੀ ਖਾਣ ਬਣ ਗਿਆ। ਗੁਰੂ ਰਾਮ ਦਾਸ ਜੀ ਦੇ ਦਰਬਾਰ ਵਿਚ ਹਾਜ਼ਰ ਹੁੰਦੀ ਅਤੇ ਅਰਦਾਸਾਂ ਕਰਦੀ। ਉਹ ਮਾਰ ਖਾਂਦੀ ਰਹੀ ਪਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨੇ ਨਹੀਂ ਛੱਡੇ। ਕੁਝ ਸਮਾਂ ਜੀਵਨ ਇਸੀ ਹਾਲ ਵਿਚ ਗੁਜ਼ਾਰਿਆ। ਇਕ ਵਾਰੀ ਮੱਸਿਆ ਦੇ ਦਿਨ ਸ੍ਰੀ ਤਰਨ ਤਾਰਨ ਪੁਜੀ। ਭਾਈ ਸਾਹਿਬ ਵੀ ਉਥੇ ਪੁਜੇ ਹੋਏ ਸਨ। ਬੀਬੀ ਮਿਹਰ ਕੌਰ ਦੀ ਰਾਹੀਂ ਮਾਈ ਗੁਜਰੀ ਨੂੰ ਭਾਈ ਸਾਹਿਬ ਦੇ ਦਰਸ਼ਨ ਹੋਏ। ਭਾਈ ਸਾਹਿਬ ਦੇ ਬਚਨ ਸੁਣੇ ਅਤੇ ਅੰਦਰ ਠੰਢ ਪਈ। ਆਪਣੇ ਦੁਖੀ ਜੀਵਨ ਦੀ ਵਿਥਿਆ ਭਾਈ ਸਾਹਿਬ ਨੂੰ ਸੁਣਾਈ। ਭਾਈ ਸਾਹਿਬ ਨੇ ਸੁਣ ਕੇ ਫੁਰਮਾਇਆ ਕਿ ਜੇ ਸਾਡੇ ਸਤਿਸੰਗ ਵਿਚ ਆਉਣਾ ਹੈ ਤਾਂ ਇਹ ਗੱਲ ਕਰੋ ਕਿ ਪਤੀ ਦਾ ਹੁਕਮ ਮੰਨੋ, ਜੋ ਉਹ ਕਹੇ ਸੋ ਕਰੇ। ਜੇ ਦਰਬਾਰ ਸਾਹਿਬ ਜਾਣੋ ਰੋਕੇ ਤਦੋਂ ਅੰਮ੍ਰਿਤ ਵੇਲੇ ਨਾ ਜਾਉ, ਪਿਛੋਂ ਹੋ ਆਉ। ਮਾਈ ਤੇਰੀ ਗਤੀ ਪਤੀ ਦੇ ਹੁਕਮ ਮੰਨਣ ਵਿਚ ਹੈ। ਹੋਰ ਬਹੁਤ ਕੁਝ ਸਮਝਾਇਆ। ਮਾਈ ਵਾਸਤੇ ਇਹ ਹੁਕਮ ਅਨੋਖਾ ਸੀ, ਪਰ ਉਸ ਦਾ ਮਨ ਯਕੀਨ ਦੇ ਘਰ ਆ ਗਿਆ ਸੀ। ਵਾਪਸ ਪੁਜ ਕੇ ਪਤੀ ਆਗਿਆ ਪਾਲਣ ਕਰਨ ਲਗ ਪਈ। ਜਿਵੇਂ ਪਤੀ ਆਖੇ, ਤਿਵੇਂ ਹੀ ਕਰੇ। ਸ਼ਰਾਬ ਨਾਲ ਖਾਣ ਲਈ ਜੋ ਚੀਜ਼ ਕਹੇ ਬਣਾ ਦੇਵੇ। ਦਰਬਾਰ ਸਾਹਿਬ

ਜਾਣ ਅਤੇ ਪਾਠ ਦੇ ਸਮੇਂ ਬਦਲ ਲਏ। ਵਿਚ ਵਿਚ ਭਾਈ ਸਾਹਿਬ ਦੇ ਦਰਸ਼ਨ ਕਰ ਆਵੇ ਅਤੇ ਸੁਮੱਤਾਂ ਲੈ ਆਵੇ ਅਤੇ ਇਸ ਗਾਖੜੀ ਕਾਰ ਨੂੰ ਕਮਾਉਣ ਦੀ ਸ਼ਕਤੀ ਵੀ ਲੈ ਆਵੇ। ਕੁਝ ਦਿਨਾਂ ਪਿਛੋਂ ਉਹ ਹਲਵਾਈ ਹੈਰਾਨ ਹੋ ਕੇ ਪੁਛਣ ਲੱਗਾ ਕਿ ਤੇਰੇ ਵਿਚ ਇਹ ਤਬਦੀਲੀ ਕਿਵੇਂ ਆ ਗਈ ਹੈ। ਅਗੇ ਹਰ ਰੋਜ਼ ਮਾਰ ਕੁਟਾਈ ਹੁੰਦੀ ਸੀ ਤੇ ਹੁਣ ਜੋ ਮੈਂ ਚਾਹੁੰਦਾ ਹਾਂ ਅਗੇ ਹੀ ਤਿਆਰ ਹੁੰਦਾ ਹੈ। ਕੀ ਭੇਦ ਹੈ? ਕੁਝ ਦਿਨ ਤਾਂ ਉਹ ਟਾਲਦੀ ਰਹੀ ਤੇ ਫਿਰ ਉਸ ਦੇ ਮਜ਼ਬੂਰ ਕਰਨ ਤੇ ਉਸ ਨੇ ਸਭ ਕੁਝ ਦੱਸ ਦਿਤਾ। ਹਲਵਾਈ ਦੇ ਅੰਦਰ ਵੀ ਅਜਿਹੇ ਮਹਾਂ ਪੁਰਸ਼ ਦੇ ਦਰਸ਼ਨਾਂ ਦੀ ਖਿਚ ਹੋਈ। ਮਾਈ ਡਰਦੀ ਡਰਦੀ ਉਸ ਨੂੰ ਲੈ ਗਈ। ਭਾਈ ਸਾਹਿਬ ਦੇ ਦਰਸ਼ਨ ਕਰ ਕੇ ਅਤੇ ਸਿਖਿਆ ਪ੍ਰਾਪਤ ਕਰ ਕੇ ਹਲਵਾਈ ਦਾ ਜੀਵਨ ਵੀ ਪਲਟ ਗਿਆ। ਗੁਰ ਚਰਨਾਂ ਦੀ ਪ੍ਰੇਮਣ ਮਾਈ ਨਾਮ ਰੰਗ ਵਿਚ ਆਪਣਾ ਜੀਵਨ ਸਫਲ ਕਰ ਗਈ।

 www.sikhbookclub.com

# 9. ਬੀਬੀ ਅਮਰਾਂ ਜੀ

ਬੀਬੀ ਅਮਰਾਂ ਸ੍ਰ: ਖਜ਼ਾਨ ਸਿੰਘ ਸੂਰੀ ਦੀ ਪਤਨੀ ਸੀ। ਉਹ ਕੋਹਮਰੀ ਆਏ ਹੋਏ ਸਨ ਅਤੇ ਸ੍ਰ: ਕਰਤਾਰ ਸਿੰਘ ਜੀ ਦੇ ਘਰ ਠਹਿਰੇ ਹੋਏ ਸਨ। ਭਾਈ ਵੀਰ ਸਿੰਘ ਜੀ ਵੀ ਉਥੇ ਹੀ ਠਹਿਰੇ। ਬੀਬੀ ਦੀ ਸ਼ਾਦੀ ਹੋਇਆਂ ਅਜੇ ਥੋਹੜਾ ਹੀ ਸਮਾਂ ਹੋਇਆ ਸੀ। ਉਹ ਚੁਪ ਚਾਪ ਅਤੇ ਸ਼ਾਂਤ ਚਿੱਤ ਬੀਬੀ ਸੀ। ਨਾਮ ਦੀ ਰੰਗਣ ਅਜੇ ਉਸ ਨੂੰ ਨਹੀਂ ਚੜ੍ਹੀ ਸੀ। ਉਹ ਲੰਗਰ ਦੀ ਸੇਵਾ ਵਿਚ ਤਤਪਰ ਰਹਿੰਦੀ ਅਤੇ ਸੇਵਾ ਕਰਦੀ ਰਹਿੰਦੀ। ਭਾਈ ਸਾਹਿਬ ਸਾਰਿਆਂ ਵਿਚ ਬੈਠ ਨਾਮ ਬਾਣੀ ਦੇ ਬਚਨ ਬਿਲਾਸ ਕਰਦੇ, ਪਰ ਬੀਬੀ ਅਮਰਾਂ ਲੰਗਰ ਵਿਚ ਰੁਝੀ ਹੋਣ ਕਾਰਨ ਇਹ ਸਿਖਿਆ ਉਪਦੇਸ਼ ਨਾ ਸੁਣ ਸਕਦੀ। ਪਰ ਭਾਈ ਸਾਹਿਬ ਨੂੰ ਉਸ ਦੀ ਘਾਲ ਦੀ ਕਦਰ ਸੀ। ਇਕ ਦਿਨ ਭਾਈ ਸਾਹਿਬ ਲੰਗਰ ਵਿਚ ਗਏ ਅਤੇ ਬੀਬੀ ਨੂੰ ਲੰਗਰ ਵਿਚ ਜੁਟਿਆਂ ਤੱਕਿਆ। ਸਿਰ ਤੇ ਪਿਆਰ ਦਿਤਾ, ਮੱਥੇ ਤੇ ਹੱਥ ਰਖਿਆ ਤੇ ਨੈਣ ਬੰਦ ਕਰ ਕੇ ਕਿਸੇ 'ਰੰਗ ਵਾਹਿਗੁਰੂ' 'ਵਾਹਿਗੁਰੂ' ਕਿਹਾ। ਵਾਹਿਗੁਰੂ ਜਾਣੇ ਕੀ ਹੋਇਆ, ਅਮਰਾਂ ਰੋ ਰਹੀ ਸੀ, ਰਸਨਾ ਤੋਂ ਵਾਹਿਗੁਰੂ ਵਾਹਿਗੁਰੂ ਕਹਿ ਰਹੀ ਸੀ। ਅਮਰਾਂ ਨੂੰ ਨਾਮ ਪ੍ਰਾਪਤ ਹੋ ਗਿਆ ਤੇ ਅਮਰਾਂ ਕਿਸੇ ਅਮਰੀ ਸੁਖ ਵਿਚ ਗੜੂੰਦ ਹੋ ਗਈ। ਲੰਗਰ ਦੀ ਸੇਵਾ ਡਾ: ਕਰਤਾਰ ਸਿੰਘ ਜੀ ਦੀ ਸੁਪਤਨੀ ਬੀਬੀ ਪ੍ਰਿਯਾ ਜੀ ਨੇ ਸੰਭਾਲ ਲਈ। ਬੀਬੀ ਦਾ ਜੀਵਨ ਬਹੁਤ ਉਚਾ ਹੋਇਆ ਹੈ ਅਤੇ ਨਾਮ ਬਾਣੀ ਵਿਚ ਰੰਗੀ ਗਈ।


www.sikhbookclub.com

# 10. ਸੰਤ ਸੰਗਤ ਸਿੰਘ ਜੀ

ਸ੍ਰੀ ਮਾਨ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆਂ ਦੇ ਬਜ਼ੁਰਗਾਂ ਨੂੰ ਸਤਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿ ਰਾਏ ਜੀ ਦੀ ਬਖਸ਼ਸ਼ ਪ੍ਰਾਪਤ ਹੋਈ ਸੀ। ਉਨ੍ਹਾਂ ਦੇ ਗੁਰਮੁਖ ਭਾਈ ਫਤਹ ਚੰਦ ਜੀ ਦਾ ਜਦੋਂ ਸਰੀਰ ਤਿਆਗਣ ਦਾ ਸਮਾਂ ਆਇਆ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਦਸਿਆ ਕਿ ਉਨ੍ਹਾਂ ਦੀ ਹੁਣ ਤਿਆਰੀ ਹੈ। ਸੰਤ ਉਨ੍ਹਾਂ ਦੇ ਚਰਨ ਪਕੜ ਕੇ ਰੋਏ ਅਤੇ ਕਿਹਾ ਕਿ ਮੈਂ ਅਜੇ ਰਸਤੇ ਵਿਚ ਹਾਂ, ਆਪ ਟੁਰ ਪਏ ਹੋ। ਉਨ੍ਹਾਂ ਨੇ ਬਚਨ ਕੀਤਾ, "ਮੇਰੇ ਪਿਛੋਂ ਤੁਹਾਨੂੰ ਇਕ ਗੁਰਮੁਖ ਮਿਲੇਗਾ ਜੋ ਤੁਹਾਨੂੰ ਪੂਰਨ ਕਰੇਗਾ ਅਤੇ ਤੁਸਾਂ ਦੇ ਸਭ ਸੰਸੇ ਨਵਿਰਤ ਕਰੇਗਾ।" ਸਮਾਂ ਬੀਤਣ ਤੇ ਉਨ੍ਹਾਂ ਨੂੰ ਇਕ ਸਾਧੂ ਮਿਲਿਆ ਜੋ ਬੜਾ ਘਾਲੀ ਤੇ ਕਰਾਮਾਤੀ ਅਤੇ ਰਿਧੀਆਂ ਸਿਧੀਆਂ ਪ੍ਰਾਪਤੀ ਵਾਲਾ ਪ੍ਰਸਿਧ ਸੀ। ਸੰਤ ਜੀ ਉਸ ਦੇ ਪ੍ਰੇਮੀ ਹੋ ਗਏ ਅਤੇ ਇਹ ਸਮਝਣ ਲਗ ਪਏ ਕਿ ਪਹਿਲੇ ਗੁਰਮੁਖ ਜੀ ਦਾ ਜੋ ਬਚਨ ਸੀ ਕਿ ਗੁਰਮੁਖ ਮਿਲੇਗਾ, ਸੋ ਪੂਰਾ ਹੋ ਗਿਆ ਹੈ ਅਤੇ ਮੇਲ ਹੋ ਗਿਆ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀਆਂ ਪੁਸਤਕਾਂ ਪੜ੍ਹ ਕੇ ਸੰਤ ਕਦੇ ਕਦੇ ਪ੍ਰਤੀਤ ਕਰਦੇ ਸਨ ਕਿ ਉਹ ਅਜੇ ਉਰੇ ਹੀ ਅਟਕੇ ਹੋਏ ਹਨ। ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਦਾ ਕੀਰਤਨ ਸੁਣ ਕੇ ਵੀ ਉਨ੍ਹਾਂ ਨੂੰ ਕੁਝ ਤਣੁਕਾ ਵਜਦਾ ਸੀ। ਪਰ ਉਹ ਆਪਣੇ ਰੰਗ ਵਿਚ ਮਸਤ ਸਨ। ਇਕ ਦੋ ਵਾਰੀ ਉਹ ਅੰਮ੍ਰਿਤਸਰ ਵੀ ਗਏ ਕਿ ਉਥੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨਾਲ ਮਿਲ ਕੇ ਵੀਚਾਰ ਕਰਾਂਗੇ, ਪਰ ਆਪਣੇ ਅੰਦਰ ਦਾ ਮਾਣ, ਕਿ ਗੁਰੂ ਹਰਿ ਰਾਇ ਜੀ ਦੀ ਬਖਸ਼ਿਸ਼ ਪ੍ਰਾਪਤ ਹੈ, ਅਗੇ ਆ ਖਲੋਂਦਾ ਸੀ।

ਭਾਈ ਸਾਹਿਬ ਆਪਣੇ ਛੋਟੇ ਵੀਰ ਭਾਈ ਜੈ ਰਾਜ ਸਿੰਘ ਦੇ ਅਚਾਨਕ ਚੜ੍ਹਾਈ ਕਰ ਜਾਣ ਤੇ ਸਹਿਤ ਪ੍ਰਵਾਰ ਦੇ ਕਮਾਲੀਏ ਪੁਜੇ। ਜਦੋਂ ਚਿਤਾ ਨੂੰ ਅੱਗ ਦੇ ਦਿਤੀ ਗਈ ਤਾਂ

ਭਾਈ ਸਾਹਿਬ ਜੀ ਨੇ ਸੰਤਾਂ ਨੂੰ ਇਸ਼ਾਰਾ ਕਰ ਕੇ ਆਪਣੇ ਪਾਸ ਬੁਲਾਇਆ ਤੇ ਕਿਹਾ ਕਿ ਇਸ ਸਮੇਂ ਪਰਮਾਰਥ ਦੀ ਗੱਲ ਕਰਨ ਦਾ ਮੌਕਾ ਨਹੀਂ, ਪਰ ਇਤਨੀ ਗੱਲ ਮੈਂ ਕਹਿ ਦੇਂਦਾ ਹਾਂ ਕਿ ਆਪ ਦਾ ਮੁਰਸ਼ਿਦ ਆਪ ਨਾਲ ਨਾਰਾਜ਼ ਹੈ। ਆਪ ਦੇ ਅੰਦਰ ਤਾਂ ਝਾਣੀਆਂ ਬਲਦੀਆਂ ਹਨ। ਸੰਤ ਜੀ ਨੇ ਕੋਈ ਉਤਰ ਨਾ ਦਿਤਾ ਕਿਉਂਕਿ ਇਹ ਅਵਸਰ ਹੀ ਐਸਾ ਸੀ। ਪਰ ਉਹ ਚਿੰਤਾ ਵਿਚ ਪੈ ਗਏ ਅਤੇ ਸੋਚਣ ਲਗੇ ਕਿ ਮੇਰੇ ਪਹਿਲੇ ਗੁਰਮੁਖ ਤਾਂ ਮੇਰੇ ਤੋਂ ਖੁਸ਼ ਗਏ ਹਨ, ਪਰ ਭਾਈ ਸਾਹਿਬ ਨੇ ਇਹ ਕਿਸ ਤਰ੍ਹਾਂ ਕਹਿ ਦਿਤਾ ਕਿ ਉਹ ਮੇਰੇ ਨਾਲ ਨਾਰਾਜ਼ ਹਨ।

ਦਿਨ ਬਦਿਨ ਇਹ ਸੋਚ ਵਧਦੀ ਹੀ ਗਈ ਅਤੇ ਅੰਦਰ ਸੰਤੁਸ਼ਟਤਾ ਦੀ ਕਮੀ ਭਾਸਣ ਲਗੀ। ਕੁਝ ਸਮੇਂ ਪਿਛੋਂ ਉਹ ਸ੍ਰੀ ਅੰਮ੍ਰਿਤਸਰ ਗਏ ਅਤੇ ਭਾਈ ਸਾਹਿਬ ਜੀ ਨੂੰ ਮਿਲੇ। ਗੱਲਾਂ ਬਾਤਾਂ ਹੋਈਆਂ ਅਤੇ ਪਹਿਲੇ ਗੁਰਮੁਖ ਜੀ ਦੀ ਨਾਰਾਜ਼ਗੀ ਦਾ ਕਾਰਨ ਪਤਾ ਲਗ ਗਿਆ। ਗ਼ਲਤ ਪਛਾਣ ਪ੍ਰਤਖ ਹੋ ਗਈ ਅਤੇ ਭਾਈ ਸਾਹਿਬ ਜੀ ਦੀ ਕ੍ਰਿਪਾਲਤਾ ਦੁਆਰਾ ਅਸਲ ਸਹੀ ਰਸਤਾ ਮਿਲ ਗਿਆ, ਜਿਸ ਸਦਕਾ ਜੀਵਨ ਸਫਲ ਹੋ ਗਿਆ।

ਉਸੇ ਸਾਲ ਸੰਤ ਜੀ ਨੇ ਅੰਮ੍ਰਿਤ ਛਕਣ ਦਾ ਫੈਸਲਾ ਕੀਤਾ, ਇਹ 1913 ਦੀ ਗੱਲ ਹੈ। ਵਜ਼ੀਰ ਹਿੰਦ ਪ੍ਰੈਸ ਦੇ ਉਪਰ ਹੀ ਭਾਈ ਸਾਹਿਬ ਜੀ ਦੇ ਗ੍ਰਹਿ ਵਿਖੇ ਹੀ ਅੰਮ੍ਰਿਤ ਪ੍ਰਚਾਰ ਹੋਇਆ। ਜਦੋਂ ਸੰਤ ਜੀ ਤਿਆਰੀ ਕਰ ਰਹੇ ਸਨ ਤਾਂ ਭਾਈ ਸਾਹਿਬ ਉਥੇ ਪੁਜੇ। ਸੰਤਾਂ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਆਪ ਆਪਣੇ ਹਸਤ ਕਮਲਾਂ ਨਾਲ ਮੇਰੀ ਟੋਪੀ ਉਤਾਰੋ। ਸੰਤ ਜੀ ਪਹਿਲੇ ਟੋਪੀ ਪਾਉਂਦੇ ਸਨ ਅਤੇ ਉਨ੍ਹਾਂ ਦਾ ਨਾਮ ਸੰਗਤ ਦਾਸ ਸੀ। ਅੰਮ੍ਰਿਤ ਸ੍ਰੀ ਮਾਨ ਸੰਤ ਲਖਬੀਰ ਸਿੰਘ ਜੀ ਦੀ ਜਥੇਦਾਰੀ ਹੇਠ ਤਿਆਰ ਕੀਤਾ ਗਿਆ। ਪੰਜਾਂ ਪਿਆਰਿਆਂ ਵਿਚ ਸ੍ਰ: ਮਖਣ ਸਿੰਘ ਜੀ, ਬਾਬੂ ਨਰਾਇਣ ਸਿੰਘ ਜੀ, ਭਾਈ ਇੰਦਰ ਸਿੰਘ ਜੀ ਅਤੇ ਸ੍ਰਦਾਰ ਮਨਮੋਹਨ ਸਿੰਘ ਜੀ ਸ਼ਾਮਲ ਹੋਏ। ਭਾਈ ਸਾਹਿਬ ਆਪ ਮਹਾਰਾਜ ਜੀ ਦੀ ਤਾਬਿਆ ਬੈਠੇ। ਪਿਛੋਂ ਸੰਤਾਂ ਦਾ ਭਾਈ ਸਾਹਿਬ ਜੀ ਨਾਲ ਬਹੁਤ ਨੇੜੇ ਦਾ ਸੰਬੰਧ ਰਿਹਾ ਹੈ ਅਤੇ ਉਨ੍ਹਾਂ ਨੂੰ ਸਤਿਕਾਰਦੇ ਰਹੇ ਹਨ।

ਇਕ ਵਾਰੀ ਸੰਤਾਂ ਨੇ ਸਰਦਾਰ ਮਨਮੋਹਨ ਸਿੰਘ ਜੀ ਨੂੰ ਆਖਿਆ, "ਇਹ ਗੁਰਮੁਖ (ਭਾਈ ਸਾਹਿਬ) ਇਕ ਅਮੋਲਕ ਰੂਹ ਹਨ, ਬਖਸ਼ੀ ਹੋਈ ਰੂਹ ਹਨ, ਪੂਰਨ ਗੁਰਮੁਖ ਹਨ, ਤੁਸਾਂ ਨੂੰ ਕਦਰ ਨਹੀਂ, ਤੁਹਾਨੂੰ ਕੋਈ ਪੂਰਬਲੇ ਕਰਮਾਂ ਕਰ ਕੇ ਸਸਤੀ ਪ੍ਰਾਪਤ ਹੋ ਗਈ ਹੈ। ਮੈਨੂੰ ਪੁਛੋ, ਮੈਨੂੰ ਕਦਰ ਹੈ, ਮੈਨੂੰ ਪਛਾਣ ਹੈ, ਐਸੀਆਂ ਬਖਸ਼ੀਆਂ ਆਤਮਾਵਾਂ ਸੰਸਾਰ ਵਿਚ ਕਦੀ ਕਦੀ ਹੀ ਆਉਂਦੀਆਂ ਹਨ। ਪਛਾਣੋ ਤੇ ਕਦਰ ਕਰੋ।"

 www.sikhbookclub.com

# 11. ਸਰਦਾਰ ਦਮੋਦਰ ਸਿੰਘ ਜੀ

ਸਰਦਾਰ ਮਨਮੋਹਨ ਸਿੰਘ ਜੀ ਦੇ ਵਡੇ ਭਰਾਤਾ ਦਾ ਨਾਂ ਸ੍ਰ: ਦਮੋਦਰ ਸਿੰਘ ਸੀ। ਆਹਲੂਵਾਲੀਆ ਬਰਾਬਰੀ ਨੇ ਆਪਣੇ ਖਰਚੇ ਤੇ ਹੀ ਪ੍ਰੋ: ਪੂਰਨ ਸਿੰਘ ਦੇ ਨਾਲ ਇਨ੍ਹਾਂ ਨੂੰ ਉਚੀ ਪੜ੍ਹਾਈ ਲਈ ਜਾਪਾਨ ਭੇਜਿਆ। ਆਪ ਨੇ ਅਲੈਕਟ੍ਰੀਕਲ ਇੰਜੀਨੀਅਰਿੰਗ ਦੀ ਡਿਗਰੀ ਤਿੰਨਾਂ ਸਾਲਾਂ ਵਿਚ ਪ੍ਰਾਪਤ ਕਰ ਲਈ, ਪਰ ਕੁਸੰਗਤ ਵਿਚ ਪੈ ਕੇ ਇਨ੍ਹਾਂ ਕੇਸ ਕਤਲ ਕਰਵਾ ਦਿਤੇ। ਜਦੋਂ ਇਸ ਬਾਰੇ ਪ੍ਰਵਾਰ ਨੂੰ ਪਤਾ ਲੱਗਾ ਤਾਂ ਉਹ ਬਹੁਤ ਦੁਖੀ ਹੋਇਆ। ਉਹ ਪਿਤਾ ਤੋਂ ਡਰਦੇ ਹੋਏ ਵਾਪਸ ਨਾ ਪਰਤੇ ਅਤੇ ਲਗ ਪਗ ਛੇ ਵਰ੍ਹੇ ਉਹ ਉਨ੍ਹਾਂ ਦੇਸ਼ਾਂ ਵਿਚ ਹੀ ਫਿਰਦੇ ਰਹੇ। ਆਖਰ 1906 ਵਿਚ੍ਹ ਵਾਪਸ ਆਏ। ਕਾਫੀ ਕਹਿਣ ਸੁਨਣ ਤੋਂ ਪਿਛੋਂ ਉਨ੍ਹਾਂ ਨੇ ਕੇਸ ਤਾਂ ਰਖ ਲਏ, ਪਰ ਉਹ ਸਿਖੀ ਤੋਂ ਓਪਰੇ ਰਹੇ।

ਜਦੋਂ ਆਪ ਜਾਪਾਨ ਗਏ ਸਨ ਤਾਂ ਆਪ ਜੀ ਦੀ ਸ਼ਾਦੀ ਹੋ ਚੁਕੀ ਸੀ ਅਤੇ ਇਕ ਲੜਕਾ ਵੀ ਹੋਇਆ ਸੀ। ਪਿਛੋਂ ਉਨ੍ਹਾਂ ਨੇ ਦਸਿਆ ਕਿ ਜੇ ਕਰ ਮੇਰੀ ਸ਼ਾਦੀ ਨਾ ਹੋਈ ਹੁੰਦੀ ਤਾਂ ਮੈਂ ਵਾਪਸ ਨਹੀਂ ਸੀ ਆਉਣਾ; ਕਿਉਂਕਿ ਇਹ ਮੇਰਾ ਅਖਲਾਕੀ ਫਰਜ਼ ਹੈ ਕਿ ਮੈਂ ਬੱਚੇ ਅਤੇ ਪਤਨੀ ਨੂੰ ਸੰਭਾਲਾਂ। ਆਪ ਕਸ਼ਮੀਰ ਵਿਚ ਬਿਜਲੀ ਦੇ ਇੰਜੀਨੀਅਰ ਲਗ ਗਏ। ਆਪ ਸਰਦੀਆਂ ਵਿਚ ਐਬਟਾਬਾਦ ਜਾਂਦੇ ਤਾਂ ਉਨ੍ਹਾਂ ਦੇ ਪਿਤਾ ਜੀ ਸਿਖੀ ਬਾਰੇ ਕਾਫੀ ਕੁਝ ਦਸਦੇ, ਪਰ ਉਨ੍ਹਾਂ ਤੇ ਕੁਝ ਅਸਰ ਨਾ ਹੁੰਦਾ।

1913 ਵਿਚ ਸਰਦਾਰ ਮਨਮੋਹਣ ਸਿੰਘ ਜੀ ਪ੍ਰੋ: ਪੂਰਨ ਸਿੰਘ ਜੀ ਨੂੰ ਮਿਲੇ ਅਤੇ ਬੇਨਤੀ ਕੀਤੀ ਕਿ ਆਪਣੇ ਸਾਥੀ ਨੂੰ ਵੀ ਇਸ ਰੰਗ ਵਿਚ ਰੰਗੋ। ਸਾਡੇ ਪ੍ਰਵਾਰ ਵਿਚ

ਉਹ ਵਖਰੇ ਵਖਰੇ ਹਨ। ਉਤ੍ਰ ਵਿਚ ਪ੍ਰੋਫੈਸਰ ਸਾਹਿਬ ਨੇ ਕਿਹਾ, "ਜਦੋਂ ਆਦਮੀ ਪਾਣੀ ਅੰਦਰ ਡੁਬਦਾ ਹੈ ਤਦੋਂ ਹੇਠਾਂ ਨਹੀਂ ਬੈਠ ਜਾਂਦਾ। ਕੁਝ ਚਿਰ ਹੇਠਾਂ ਜਾ ਕੇ ਫਿਰ ਉਪਰ ਆਉਂਦਾ ਹੈ। ਕੁਦਰਤ ਮੌਕਾ ਦੇਂਦੀ ਹੈ ਜੋ ਹੁਣ ਵੀ ਕੋਈ ਵੇਖ ਲਵੇ ਤੇ ਕੱਢ ਲਵੇ ਅਤੇ ਬਚ ਜਾਵੇ। ਜੋ ਆਦਮੀ ਹੇਠਾਂ ਜਾ ਕੇ ਕਿਧਰੇ ਅੜ ਗਿਆ, ਕਿਸੀ ਚੀਜ਼ ਦੇ ਹੇਠਾਂ ਆ ਗਿਆ, ਉਹ ਫਿਰ ਉਪਰ ਨਹੀਂ ਆਉਂਦਾ। ਉਸ ਦੇ ਬਚ ਜਾਣ ਦਾ ਅਵਸਰ ਖਤਮ ਹੋ ਜਾਦਾ ਹੈ। ਇਸੇ ਤਰ੍ਹਾਂ ਮੈਂ ਗੁਰੂ ਜੀ ਦੀ ਸਿਖੀ ਦਾ ਤਿਆਗ ਕੀਤਾ, ਪਰ ਪਰਮਾਰਥ ਦੇ ਰਸਤੇ ਨੂੰ ਛੋੜਿਆ ਨਹੀਂ। ਹਰ ਖਿਆਲ ਦੇ ਸਾਧੂਆਂ, ਸੰਤਾਂ, ਮਹਾਤਮਾਵਾਂ ਨੂੰ ਮਿਲਦਾ ਰਿਹਾ, ਖੋਜ਼ ਕਰਦਾ ਰਿਹਾ। ਮੇਰੀ ਭਾਲ ਜਾਰੀ ਰਹੀ, ਗੁਰੂ ਜੀ ਦੀ ਮਿਹਰ ਹੋਈ, ਗੁਰਮੁਖ ਦੀ ਪ੍ਰਾਪਤੀ ਹੋ ਗਈ। ਦਾਮੋਦਰ ਸਿੰਘ ਨੇ ਇਹ ਰਸਤਾ ਹੀ ਤਿਆਗ ਦਿਤਾ ਹੈ।"

1911 ਵਿਚ ਦਮੋਦਰ ਸਿੰਘ ਜੀ ਦੀ ਪਤਨੀ ਚੜ੍ਹਾਈ ਕਰ ਗਈ ਸੀ। ਪਹਿਲਾਂ ਤਾਂ ਕਹਿੰਦੇ ਸਨ ਕਿ ਹੋਰ ਸ਼ਾਦੀ ਨਹੀਂ ਕਰਨੀ। ਪਰ 1913 ਵਿਚ ਉਹ ਡੇਹਰਾਦੂਨ ਗਏ, ਉਥੇ ਪ੍ਰੋ: ਪੂਰਨ ਸਿੰਘ ਦੇ ਮਿਲਣ ਵਾਲੇ ਪ੍ਰਵਾਰ ਦੀ ਇਕ ਲੜਕੀ ਡਿਠੀ, ਜਿਸ ਦੀ ਮਾਂ ਮੇਮ ਸੀ ਅਤੇ ਲੜਕੀ ਪੜ੍ਹੀ ਲਿਖੀ, ਸੁਸ਼ੀਲ ਅਤੇ ਸੁਹਣੀ ਸੀ। ਪੂਰਨ ਸਿੰਘ ਨੇ ਇਨ੍ਹਾਂ ਨਾਲ ਗੱਲ ਕੀਤੀ ਅਤੇ ਇਹ ਮੰਨ ਗਏ। ਲੜਕੀ ਦੀ ਮਾਂ ਭੀ ਮੰਨ ਗਈ। ਦਮੋਦਰ ਸਿੰਘ ਉਸ ਲੜਕੀ ਪਰ ਮੋਹਤ ਹੋ ਗਏ, ਪਰ ਲੜਕੀ ਨੇ ਉਨ੍ਹਾਂ ਨਾਲ ਸ਼ਾਦੀ ਕਰਨ ਤੋਂ ਇਨਕਾਰ ਕਰ ਦਿਤਾ। ਉਹ ਉਦਾਸ ਚਿਤ ਪ੍ਰੋ: ਸਾਹਿਬ ਦੇ ਘਰ ਆ ਗਏ। ਪੁਛਣ ਤੇ ਉਹ ਰੋ ਪਏ ਅਤੇ ਕਿਹਾ ਕਿ ਮੈਨੂੰ ਕੋਈ ਸਾਥੀ ਪਸੰਦ ਨਹੀਂ ਸੀ ਆਉਂਦਾ। ਇਕ ਲੜਕੀ ਮਨ ਨੂੰ ਭਾਈ ਸੀ, ਉਸ ਨੇ ਨਾਂਹ ਕਰ ਦਿਤੀ ਹੈ, ਮੇਰਾ ਜੀਊਣਾ ਹੀ ਨਿਸਫਲ ਹੈ। ਉਹ ਉਦਾਸ ਚਿਤ ਬਾਹਰ ਹੀ ਟਹਿਲਦੇ ਰਹੇ ਅਤੇ ਕਹਿਣ ਤੇ ਵੀ ਕਮਰੇ ਅੰਦਰ ਨਾ ਆਏ। ਪ੍ਰੋ: ਸਾਹਿਬ ਨੇ ਇਕ ਗਲਾਸ ਵਿਚ ਵਿਸਕੀ ਜਾਂ ਬਰਾਂਡੀ ਪਾ ਕੇ ਉਨ੍ਹਾਂ ਨੂੰ ਕਿਹਾ ਕਿ ਇਹ ਦਵਾਈ ਹੈ ਪੀ ਲਵੋ। ਕੁਝ ਮਿੰਟਾਂ ਵਿਚ ਅਜਿਹਾ ਅਸਰ ਹੋਇਆ ਕਿ ਗ਼ਮ ਗਲਤ ਹੋ ਗਿਆ ਅਤੇ ਸਰੂਰ ਵਿਚ ਗੱਲਾਂ ਬਾਤਾਂ ਕੀਤੀਆਂ ਅਤੇ ਖਾਣਾ ਵੀ ਖਾਧਾ। ਪ੍ਰੋ: ਸਾਹਿਬ ਨੇ ਇਹ ਚੰਗਾ ਮੌਕਾ ਜਾਣ ਕੇ ਆਖਿਆ, "ਜਿਸ ਤਰ੍ਹਾਂ ਹੁਣ ਤੂੰ ਕਿਸੇ ਸਰੂਰ ਵਿਚ ਹੈਂ, ਖੁਸ਼ੀ ਵਿਚ ਹੈਂ, ਉਤਸ਼ਾਹ ਵਿਚ ਹੈਂ। ਨਾਮ ਪ੍ਰਾਪਤ ਫਕੀਰ ਅੱਠੇ ਪਹਿਰ ਇਸੇ ਤਰ੍ਹਾਂ ਦੇ ਸਗੋਂ ਇਸ ਥੀਂ ਉਚੇ ਨਸ਼ੇ ਵਿਚ ਤੇ ਸਰੂਰ ਵਿਚ ਰਹਿੰਦਾ ਹੈ। ਮੈਂ ਤੈਨੂੰ ਇਕ ਪੈੱਗ ਵਿਸਕੀ ਦਾ ਦਿਤਾ ਹੈ, ਜਿਸ ਦਾ ਇਹ ਅਸਰ ਹੈ, ਇਹ ਨਸ਼ਾ ਉਤਰ ਜਾਏਗਾ ਫਿਰ ਤੈਨੂੰ ਟੋਟ ਪਵੇਗੀ। ਮਗਰ ਨਾਮ ਪ੍ਰਾਪਤ ਫਕੀਰ ਨੂੰ ਨਾਮ ਦੇ ਆਸਰੇ ਗੁਰਮੁਖ ਦੀ ਮਿਹਰ ਦਾ ਸਦਕਾ ਜੋ ਸਰੂਰ ਪ੍ਰਾਪਤ ਹੁੰਦਾ ਹੈ, ਉਹ ਜਿਉਂ ਜਿਉਂ ਨਾਮ ਰਸ ਪੀਉ,

 www.sikhbookclub.com

ਵਧਦਾ ਹੀ ਜਾਂਦਾ ਹੈ। ਮੇਰੇ ਤਜਰਬੇ ਵਿਚ ਇਹ ਆਈ ਤੇ ਅਜ਼ਮਾਈ ਚੀਜ਼ ਹੈ, ਤੇ ਬਿਲਕੁਲ ਠੀਕ ਤੇ ਸੱਚ ਆਖਦਾ ਹਾਂ।"

ਉਹ ਕੁਝ ਦਿਨ ਹੋਰ ਉਥੇ ਠਹਿਰੇ। ਪ੍ਰੋ: ਸਾਹਿਬ ਨੇ ਨਾਮ ਦੀ ਜਾਚ ਸਿਖਾਈ ਕਿ ਨਾਮ ਦਾ ਸਾਬਣ ਲਾ ਕੇ ਕਿਸ ਤਰ੍ਹਾਂ ਮਨ ਨੂੰ ਧੋਈ ਦਾ ਹੈ।ਨਾਮ ਦੀ ਅਜਿਹੀ ਖਿਚ ਪਈ ਕਿ ਪ੍ਰੋ: ਸਾਹਿਬ ਨੂੰ ਕਹਿਣ ਲਗੇ ਕਿ ਮੇਰੇ ਨਾਲ ਅੰਮ੍ਰਿਤਸਰ ਚਲੋ ਅਤੇ ਮੈਨੂੰ ਭਾਈ ਸਾਹਿਬ ਦੀਂ ਮਿਠੀ ਛੁਹ ਲੈ ਦੇਵੋ। ਪ੍ਰੋ: ਸਾਹਿਬ ਨੌਕਰੀ ਦੇ ਕਾਰਨ ਨਾ ਜਾ ਸਕੇ ਪਰ ਐਬਟਾਬਾਦ ਸ੍ਰਦਾਰ ਮਨਮੋਹਨ ਸਿੰਘ ਨੂੰ ਲਾਹੌਰ ਆਉਣ ਲਈ ਤਾਰ ਦੇ ਦਿਤੀ ਅਤੇ ਦਮੋਦਰ ਸਿੰਘ ਵੀ ਉਥੇ ਪੁਜ ਗਏ। ਪ੍ਰੋ: ਸਾਹਿਬ ਨੇ ਭਾਈ ਸਾਹਿਬ ਨੂੰ ਸਾਰੀ ਗੱਲ ਲਿਖ ਦਿਤੀ ਹੋਈ ਸੀ। ਜਦੋਂ ਲਾਹੌਰ ਦੋਵੇਂ ਭਰਾ ਮਿਲੇ ਤਾਂ ਦਮੋਦਰ ਸਿੰਘ ਨੇ ਬੇਨਤੀ ਕੀਤੀ ਕਿ ਉਹ ਉਨ੍ਹਾਂ ਨੂੰ ਅੰਮ੍ਰਿਤਸਰ ਭਾਈ ਸਾਹਿਬ ਪਾਸ ਲੈ ਚੱਲਣ। ਸਰਦਾਰ ਜੀ ਨੇ ਕਿਹਾ ਕਿ ਮੈਨੂੰ ਹੁਕਮ ਨਹੀਂ ਹੈ। ਉਨ੍ਹਾਂ ਨੇ ਸਾਰੀ ਗੱਲ ਜੋ ਪ੍ਰੋ: ਸਾਹਿਬ ਨਾਲ ਹੋਈ ਦੱਸੀ ਜਿਸ ਨਾਲ ਸਰਦਾਰ ਜੀ ਨੂੰ ਕੁਝ ਵਿਸ਼ਵਾਸ ਆਇਆ। ਦੂਜੇ ਦਿਨ ਉਹ ਲਾਹੌਰੋਂ ਚੱਲ ਕੇ ਅੰਮ੍ਰਿਤਸਰ ਪੁਜ ਗਏ। ਹਾਲ ਬਾਜ਼ਾਰ ਵਿਚ ਆਪਣੇ ਵਡੇ ਭਰਾਤਾ ਨੂੰ ਸ੍ਰਦਾਰ ਜੀ ਸਾਮਾਨ ਪਾਸ ਖੜਾ ਕਰ ਕੇ ਆਪ ਉਪਰ ਭਾਈ ਸਾਹਿਬ ਪਾਸ ਗਏ। ਅਗੇ ਭਾਈ ਸਾਹਿਬ ਆਪਣੇ ਸਿਮਰਨ ਕਮਰੇ ਵਿਚ ਕੁਝ ਲਿਖ ਪੜ੍ਹ ਰਹੇ ਸਨ। ਸਰਦਾਰ ਮਨਮੋਹਨ ਸਿੰਘ ਜੀ ਫਤਹ ਗਜਾ ਕੇ ਉਥੇ ਬੈਠ ਗਏ। ਕੁਝ ਚਿਰ ਪਿਛੋਂ ਭਾਈ ਸਾਹਿਬ ਨੇ ਪੁਛਿਆ ਕਿ ਦਮੋਦਰ ਸਿੰਘ ਕਿਥੇ ਹੈ, ਉਤਰ ਵਿਚ ਓਹਨਾ ਨੇ ਆਖਿਆ ਕਿ ਉਹ ਹੇਠਾਂ ਹਨ। ਭਾਈ ਸਾਹਿਬ ਫਿਰ ਕੰਮ ਵਿਚ ਰੁਝ ਗਏ। ਦਸ ਕੁ ਮਿੰਟ ਪਿਛੋਂ ਫਿਰ ਭਾਈ ਸਾਹਿਬ ਨੇ ਕਿਹਾ, ਜਦੋਂ ਕਿ ਕੰਮ ਖਤਮ ਹੋ ਗਿਆ ਸੀ, ਕਿ ਦਮੋਦਰ ਸਿੰਘ ਕਿਥੇ ਹੈ, ਚਲੋ ਮਿਲੀਏ। ਸਰਦਾਰ ਜੀ ਨੇ ਉਤਰ ਦਿਤਾ ਕਿ ਉਹ ਬਜ਼ਾਰ ਵਿਚ ਸਾਮਾਨ ਦੇ ਪਾਸ ਖੜੇ ਹਨ। ਭਾਈ ਸਾਹਿਬ ਉਨ੍ਹਾਂ ਨੂੰ ਬਾਜ਼ਾਰ ਵਿਚ ਮਿਲੇ ਅਤੇ ਨੌਕਰ ਨੂੰ ਸੱਦ ਕੇ ਸਾਮਾਨ ਚੁਕਵਾਇਆ ਅਤੇ ਉਨ੍ਹਾਂ ਨੂੰ ਉਪਰ ਲੈ ਆਏ ਅਤੇ ਰਲ ਕੇ ਚਾਹ ਛੱਕੀ।

ਭਾਈ ਸਾਹਿਬ ਪ੍ਰੋ: ਸਾਹਿਬ ਦੇ ਬਾਰੇ ਦਾਮੋਦਰ ਸਿੰਘ ਤੋਂ ਪੁਛਦੇ ਰਹੇ ਅਤੇ ਉਨ੍ਹਾਂ ਦੇ ਨੇਤਰਾਂ ਵਿਚ ਸਤਿਕਾਰ ਤੇ ਮਿਠਾ ਭਾਉ ਸੀ ਤੇ ਜੀਭ ਪਰ ਨਾਮ ਸੀ। ਭਾਈ ਸਾਹਿਬ ਨੇ ਸਰਦਾਰ ਮਨਮੋਹਨ ਸਿੰਘ ਜੀ ਨੂੰ ਹੁਕਮ ਦਿਤਾ ਕਿ ਇਨ੍ਹਾਂ ਨੂੰ ਦਰਬਾਰ ਸਾਹਿਬ ਲੈ ਜਾਉ ਅਤੇ ਗੁਰੂ ਰਾਮ ਦਾਸ ਸਾਹਿਬ ਦੇ ਦਰਬਾਰ ਵਿਚ ਇਨ੍ਹਾਂ ਦੀ ਹਾਜ਼ਰੀ ਲਗਵਾਉ। ਰਾਤ ਨੂੰ ਭਾਈ ਸਾਹਿਬ ਉਨ੍ਹਾਂ ਨਾਲ ਬਚਨ ਬਿਲਾਸ ਕਰਦੇ ਰਹੇ।

ਦੂਜੇ ਦਿਨ ਫਿਰ ਉਹ ਦਰਬਾਰ ਸਾਹਿਬ ਗਏ। ਉਨ੍ਹਾਂ ਨੂੰ ਇਕ ਪੁਰਾਣਾ ਮਿੱਤਰ ਮਿਲ ਪਿਆ ਜੋ ਗੁਰਸਿਖ ਅਤੇ ਅੰਮ੍ਰਿਤਧਾਰੀ ਸੀ। ਮਿੱਤਰ ਕਹਿਣ ਲੱਗਾ ਕਿ ਗੁਰੂ ਸਾਹਿਬ ਨੇ ਕਿਹਾ ਹੈ, "ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ", ਗੁਰੂ ਸਾਹਿਬ ਜੀ ਨੇ ਕਿਹੜੀ ਪ੍ਰਦੇਸਾਂ ਦੀ ਯਾਤਰਾ ਕੀਤੀ ਸੀ ਤੇ ਸਾਰੇ ਥਾਂ ਦੇਖੇ ਸਨ, ਤੂੰ ਦੱਸ ਤਕਰੀਬਨ ਸਾਰੀ ਦੁਨੀਆਂ ਗਾਹ ਕੇ ਆਇਆ ਹੈਂ, ਇਹ ਥਾਉਂ ਕੈਸਾ ਹੈ। ਉਨ੍ਹਾਂ ਨੇ ਕਿਹਾ "ਸਤਿਗੁਰੂ ਜੀ ਨੇ ਠੀਕ ਫੁਰਮਾਇਆ ਹੈ। ਮੈਂ ਜਾਪਾਨ ਦੇ ਬੋਧੀ ਮੰਦਰ, ਯੂਰਪ, ਅਮਰੀਕਾ ਦੇ ਵਡੇ ਚਰਚਾਂ ਵਿਚ ਗਿਆ ਹਾਂ, ਪਰ ਜੋ ਪ੍ਰਭਾਵ ਸਵੇਰੇ ਅੰਮ੍ਰਿਤ ਵੇਲੇ ਅੱਜ ਇਥੇ ਦੇਖਿਆ ਤੇ ਮਾਣਿਆ ਹੈ ਕਿਧਰੇ ਨਹੀਂ ਦੇਖਿਆ।" ਉਹ ਮਿੱਤਰ ਇਹ ਸੁਣ ਕੇ ਨਿਰੁੱਤਰ ਹੋ ਗਿਆ।

ਦਾਮੋਦਰ ਸਿੰਘ ਜੋ ਪਹਿਲਾਂ ਸਿਖੀ ਨੂੰ ਤੇ ਗੁਰਬਾਣੀ ਨੂੰ ਮਖੌਲਾਂ ਕਰਦਾ ਸੀ, ਅੱਜ ਪੂਰੀ ਤਰ੍ਹਾਂ ਬਦਲ ਚੁਕਾ ਸੀ। ਭਾਈ ਸਾਹਿਬ ਜੀ ਨੇ ਦਿਨ ਨੂੰ ਤੇ ਫਿਰ ਸ਼ਾਮ ਨੂੰ ਸਿਖੀ ਉਤੇ ਬਚਨ ਕੀਤੇ। ਰਾਤ ਨੂੰ ਭਾਈ ਸਾਹਿਬ ਉਨ੍ਹਾਂ ਦੇ ਕਮਰੇ ਵਿਚ ਆਏ ਅਤੇ ਕਹਿਣ ਲਗੇ, "ਦਾਮੋਦਰ ਸਿੰਘ ਤੁਸੀਂ ਬਿਜਲੀ ਦੇ ਇੰਜੀਨੀਅਰ ਹੋ, ਤੁਸਾਂ ਨੂੰ ਕੀ ਕੋਈ ਉਪਦੇਸ਼ ਦੇਵੇ, ਤੁਹਾਡੀ ਬਿਜਲੀ ਤੁਹਾਨੂੰ ਉਪਦੇਸ਼ ਦਿੰਦੀ ਹੈ। ਤੁਸੀਂ ਇਹ ਤਾਂ ਮੰਨਦੇ ਹੋ ਕਿ ਅਸੀਂ ਵਾਹਿਗੁਰੂ ਜੀ ਦੀ ਅੰਸ਼ ਹਾਂ, ਸਾਡੀ ਆਤਮਾ ਵਾਹਿਗੁਰੂ ਜੀ ਦੀ ਪੂਰਨ ਸ਼ਕਤੀ ਦਾ ਛੋਟੇ ਤੋਂ ਛੋਟਾ ਇਕ ਹਿੱਸਾ ਹੈ, ਭਾਵੇਂ ਇਕ ਕਿਣਕਾ ਮਾਤ੍ਰ ਹੀ ਹੈ। ਦੁਨੀਆਂ ਦੇ ਸਾਰੇ ਫਿਲਾਸਫਰ ਇਹ ਮੰਨਦੇ ਹਨ ਕਿ ਅਸੀਂ ਪੂਰਨ ਮਹਾਨ ਸ਼ਕਤੀ ਦਾ ਹੀ ਅੰਗ ਹਾਂ, ਪਰ ਅਸੀਂ ਭੁਲੀਂ ਪੈ ਕੇ ਆਪਣੇ ਆਪਣੇ ਅਸਲੇ ਨੂੰ ਭੁਲ ਬੈਠੇ ਹਾਂ, ਤੇ ਰੀਂਦੇ ਹੋ ਰਹੇ ਹਾਂ। ਜੇ ਆਪਣੇ ਅਸਲੇ ਨਾਲ ਲਗੇ ਰਹਿੰਦੇ, ਤਦ ਉਸ ਦੀ ਪੂਰਨ ਸ਼ਕਤੀ ਹਰ ਘੜੀ ਸਾਡੇ ਅੰਦਰ ਆਉਂਦੀ ਰਹਿੰਦੀ ਅਤੇ ਤਾਜ਼ਗੀ ਬਖਸ਼ਦੀ ਰਹਿੰਦੀ। ਚੂੰਕਿ ਅਸੀਂ ਅਸਲ ਨਾਲੋਂ ਵਿਛੜ ਗਏ, ਇਸ ਲਈ ਰੀਂਦੇ ਹੋ ਗਏ। ਤੁਸੀਂ ਹੀ ਦੱਸੋ, ਬਿਜਲੀ ਪਾਵਰ ਹਾਊਸ ਵਿਚ ਪੈਦਾ ਕਰਦੇ ਹੋ। ਪਾਵਰ ਹਾਊਸ ਸ਼ਕਤੀ ਦਾ ਕੇਂਦਰ ਹੈ। ਉਸ ਤੋਂ ਬਿਜਲੀ ਲੈ ਕੇ ਤਾਰਾਂ ਰਾਹੀਂ ਦੂਰ ਨੇੜੇ ਕਿਥੇ ਤਕ ਪਹੁੰਚਾਂਦੇ ਹੋ। ਜਦੋਂ ਤਕ ਪਾਵਰ ਹਾਊਸ ਨਾਲ ਤਾਰਾਂ ਰਾਹੀਂ ਕੁਨੈਕਸ਼ਨ ਨਾ ਹੋਵੇ ਚਾਨਣਾ ਨਹੀਂ ਹੁੰਦਾ। ਘਰ ਦੇ ਵਿਚ ਸੁਹਣੇ ਸੁਹਣੇ ਫਾਨੂਸ, ਹਰ ਤਰ੍ਹਾਂ ਦੇ ਲਾਟੂ ਲਗਾਵੋ, ਜੇ ਸਵਿਚ ਆਨ ਨਹੀਂ ਭਾਵ ਪਾਵਰ ਹਾਊਸ ਨਾਲ ਕੁਨੈਕਸ਼ਨ ਨਹੀਂ ਤਾਂ ਰੋਸ਼ਨੀ ਨਹੀਂ, ਤੇ ਉਨ੍ਹਾਂ ਸੁਹਣੇ ਫਾਨੂਸਾਂ ਦੀ ਕੋਈ ਕੀਮਤ ਨਹੀਂ, ਨਿਕੰਮੇ ਹਨ। ਆਪ ਨੂੰ ਮੈਂ ਕੀਹ ਪਰਮਾਰਥ ਦੱਸਾਂ, ਤੁਸੀਂ ਆਪਣੀ ਲਾਈਨ ਰਾਹੀਂ ਹੀ ਪਰਮਾਰਥ ਨੂੰ ਵੀਚਾਰੋ। ਪਾਵਰ ਹਾਊਸ ਨਾਲ ਮੇਲ ਯਾ ਕੁਨੈਕਸ਼ਨ ਹੈ ਤਾਂ ਤੁਹਾਡੇ ਘਰ ਦੇ ਲਾਟੂ ਵਿਚ ਜੀਵਨ ਹੈ,

 www.sikhbookclub.com

ਪ੍ਰਕਾਸ਼ ਹੈ। ਕੁਨੈਕਸ਼ਨ ਕੱਟ ਹੋ ਜਾਏ ਤਾਂ ਨਿਰਜਿੰਦ ਕੱਚ ਦਾ ਢਾਂਚਾ ਹੈ। ਇਸੇ ਤਰ੍ਹਾਂ ਜੇ ਅਸੀਂ ਵਾਹਿਗੁਰੂ ਨਾਲ ਜੁੜੇ ਰਹੀਏ ਤਾਂ ਅਸੀਂ ਜੀਵਤ ਹਾਂ ਤੇ ਵਿਛੁੜ ਜਾਈਏ ਤਾਂ ਮੁਰਦਾ। ਬਿਜਲੀ ਵਿਚ ਤਾਰ ਰਾਹੀਂ ਕੁਨੈਕਸ਼ਨ ਹੈ, ਪਰਮਾਰਥ ਵਿਚ ਨਾਮ ਸਿਮਰਨ ਦੁਆਰਾ ਅਸੀਂ ਵਾਹਿਗੁਰੂ ਨਾਲ ਜੁੜਦੇ ਹਾਂ।"

ਭਾਈ ਸਾਹਿਬ ਨੇ ਉਪਦੇਸ਼ ਦੇਂਦਿਆਂ ਫਿਰ ਫੁਰਮਾਇਆ, "ਦੇਖੋ ਜਿਸ ਸ੍ਰੋਤ ਦਾ ਆਪਣੇ ਕੇਂਦਰੀ ਚਸ਼ਮੇ ਨਾਲ ਤਅੱਲਕ ਹੈ ਉਹ ਸ੍ਰੋਤ ਹਜ਼ਾਰਾਂ ਗੈਲਨ ਪਾਣੀ ਰੋਜ਼ ਦਾਨ ਕਰਦਾ ਹੈ। ਆਦਮੀ, ਪਸ਼ੂ ਪੰਛੀ ਹਜ਼ਾਰਾਂ ਲਾਭ ਉਠਾਉਂਦੇ ਹਨ। ਕਿਸੇ ਭੁਚਾਲ ਜਾਂ ਕਿਸੇ ਹੋਰ ਕਾਰਨ ਸ੍ਰੋਤ ਦਾ ਕੁਨੈਕਸ਼ਨ ਕੇਂਦਰੀ ਚਸ਼ਮੇ ਨਾਲੋਂ ਟੁਟ ਜਾਏ ਤਾਂ ਉਹ ਸ੍ਰੋਤ ਚਲ੍ਹਾ ਬਣ ਜਾਂਦਾ ਹੈ ਤੇ ਸੁਕ ਜਾਂਦਾ ਹੈ। ਨਿਰੋਲ ਸਿਖੀ ਇਹੋ ਹੈ, ਆਪਣੇ ਕੇਂਦਰੀ ਚਸ਼ਮੇ ਨਾਲ ਜੁੜੇ ਰਹਿਣਾ, ਸੋ ਹਰ ਘੜੀ, ਹਰ ਛਿਨ ਆਪਣੇ ਪਿਆਰੇ ਗੁਰੂ ਦੇ ਨਾਲ ਨਾਮ ਰਾਹੀਂ ਜੁੜੇ ਰਹੋ ਫਿਰ ਤਰੋ ਤਾਜ਼ਾ ਰਹੋਗੇ। ਆਪ ਸੁਖੀ ਹੋਵੋਗੇ, ਹੋਰਨਾਂ ਨੂੰ ਸੁਖ ਪ੍ਰਦਾਨ ਕਰਨ ਦੇ ਸਮਰਥ ਹੋਵੋਗੇ।"

ਭਾਈ ਸਾਹਿਬ ਨੇ ਲਗ ਪਗ ਦੋ ਘੰਟੇ ਉਪਦੇਸ਼ ਕੀਤਾ। ਉਨ੍ਹਾਂ ਦੇ ਉਪਦੇਸ਼ ਦਾ ਇਹ ਅਸਰ ਹੋਇਆ ਕਿ ਦਾਮੋਦਰ ਸਿੰਘ ਨੇ ਸਤਿਕਾਰ ਵਿਚ ਸੀਸ ਨਿਵਾਇਆ, ਭੁੱਲਾਂ ਬਖਸ਼ਾਈਆਂ ਅਤੇ ਨਾਮ ਦੇ ਲੜ ਲਗੇ। ਪਹਿਲੀ ਮਿਲਣੀ ਵਿਚ ਹੀ ਉਨ੍ਹਾਂ ਦੀਆਂ ਅੱਖਾਂ ਖੁਲ੍ਹ ਗਈਆਂ। ਉਨ੍ਹਾਂ ਦਾ ਜੀਵਨ ਪਲਟ ਗਿਆ।

ਇਸ ਦੇ ਪਿਛੋਂ ਆਪ ਭਾਈ ਸਾਹਿਬ ਜੀ ਦੇ ਬਹੁਤ ਨਿਕਟ ਵਰਤੀ ਹੋਏ। ਆਪ ਜੀ ਨੇ ਕਈ ਵਾਰੀ ਭਾਈ ਸਾਹਿਬ ਨੂੰ ਬਾਰਾ ਮੂਲੇ, ਮਹੋਰੇ, ਗੁਲਮਰਗ ਸਦਿਆ, ਜਿਥੇ ਕਿ ਆਪ ਮੁਲਾਜ਼ਮ ਸਨ, ਅਤੇ ਸੇਵਾ ਕੀਤੀ। ਆਪ ਆਪਣਾ ਜੀਵਨ ਸਵਾਰ ਕੇ ਧੁਰ ਦਰਗਾਹੇ ਅੱਪੜ ਗਏ।


www.sikhbookclub.com

# 12. ਮਾਈ ਗੋਰੀ ਜੀ

ਇਹ ਮਾਈ ਬਾਲ ਵਿਧਵਾ ਸੀ ਅਤੇ ਪਸ਼ਾਵਰ ਦੀ ਰਹਿਣ ਵਾਲੀ ਸੀ। ਜਿਸ ਤਰ੍ਹਾਂ ਆਮ ਦੇਖੀਦਾ ਹੈ ਕਿ ਵਿਧਵਾ ਵਿਚਾਰੀ ਦਾ ਅਸਾਸਾ ਸ਼ਰੀਕ ਸੰਭਾਲ ਲੈਂਦੇ ਹਨ, ਇਸ ਤਰ੍ਹਾਂ ਇਸ ਨਾਲ ਵੀ ਬੀਤੀ। ਜੀਵਨ ਦੇ ਦਿਨ ਪੇਕਿਆਂ ਦੇ ਰਿਸ਼ਤੇਦਾਰਾਂ ਪਾਸ ਬਿਤਾ ਰਹੀ ਸੀ। ਡਾਕਟਰ ਦੀਵਾਨ ਸਿੰਘ ਦੀ ਸੰਗਤ ਵਿਚ ਮਰਦਾਨ ਜਾ ਕੇ ਇਸ ਨੂੰ ਭਾਈ ਸਾਹਿਬ ਦੀ ਸੂਹ ਮਿਲੀ।ਜਦੋਂ ਸਤਿਸੰਗ ਵਿਚ ਆਈ ਤਾਂ ਜੀਵਨ ਦਾ ਅਸਲ ਮੰਤਵ ਸਮਝ ਵਿਚ ਆਇਆ। ਜਦੋਂ ਨਾਮ ਦੀ ਪ੍ਰਾਪਤੀ ਹੋਈ, ਤਦੋਂ ਇਤਨੀ ਖੁਸ਼ ਰਹਿੰਦੀ ਸੀ ਕਿ ਹਰ ਵੇਲੇ ਹੱਸਦੀ ਹੀ ਰਹਿੰਦੀ ਸੀ। ਉਹ ਦੌੜਦੀ ਨੱਸਦੀ ਹੱਸਦੀ ਖਿੜੇ ਮੱਥੇ ਨਾਮ ਜਪਦੀ ਸੀ। ਭਾਵੇਂ ਉਹ ਅਨਪੜ੍ਹ ਸੀ, ਪਰ ਭਾਈ ਸਾਹਿਬ ਜੀ ਨੇ 21 ਪਾਠ ਸ੍ਰੀ ਜਪੁਜੀ ਸਾਹਿਬ ਦੇ ਰੋਜ਼ ਕਰਨ ਦਾ ਹੁਕਮ ਦਿਤਾ। ਉਹ ਅੰਤ ਸਮੇਂ ਤਕ ਇਸ ਨਿਯਮ ਦੀ ਪਾਲਣਾ ਕਰਦੀ ਰਹੀ ਅਤੇ ਇਕ ਦਿਨ ਵੀ ਨਾਗਾ ਨਹੀਂ ਪਾਇਆ। ਅਨਪੜ੍ਹ ਹੋਣ ਕਾਰਨ ਸਿਦਕ ਕਮਾਲ ਦਾ ਸੀ। ਇਕ ਵਾਰੀ ਭਾਈ ਸਾਹਿਬ ਜੀ ਦੇ ਛਾਪੇ ਖਾਨੇ ਵਾਲੇ ਮਕਾਨ ਵਿਚ ਚਾਹ ਦੀ ਟਰੇ (Tray) ਲੱਗੀ ਹੋਈ ਦੌੜਦੀ ਹੇਠਾਂ ਲਿਆ ਰਹੀ ਸੀ, ਜੋ ਗਿਰ ਗਈ। ਸਾਰੇ ਬਰਤਨ ਟੁਟ ਗਏ ਅਤੇ ਆਪ ਵੀ ਹੇਠਾਂ ਆ ਪਈ। ਖੜਾਕ ਆਉਣ ਤੇ ਭਾਈ ਸਾਹਿਬ ਉਠੇ ਤਾਂ ਕੀ ਦੇਖਦੇ ਹਨ ਕਿ ਉਹ ਅਗੋਂ ਹੱਸ ਰਹੀ ਸੀ। ਭਾਈ ਸਾਹਿਬ ਉਸ ਦਾ ਖੇੜਾ ਦੇਖ ਕੇ ਖੁਸ਼ ਹੋਏ ਅਤੇ ਹੱਸਦੇ ਹੱਸਦੇ ਆਖਿਆ ਕਿ ਮੇਰਾ 50 ਰੁਪਏ ਦਾ ਨੁਕਸਾਨ ਹੋ ਗਿਆ ਹੈ ਤੇ ਇਹ ਹੱਸਦੀ ਪਈ ਹੈ। ਉਹ ਫਿਰ ਵੀ ਹੱਸਦੀ ਹੀ ਰਹੀ ਅਤੇ ਚਾਉ ਚਾਈਂ ਹਮੇਸ਼ਾ ਵਾਂਗ ਖੇੜੇ ਵਿਚ ਹੀ ਸੀ।


www.sikhbookclub.com

ਇਕ ਦਿਨ ਇਕ ਬੀਬੀ ਭਾਈ ਸਾਹਿਬ ਪਾਸ ਆਈ, ਉਹ ਘਰ ਨਹੀਂ ਸਨ। ਗੋਰੀ ਨੇ ਕੁੰਡਾ ਖੋਲ੍ਹਿਆ ਅਤੇ ਭੋਲੇ ਭਾ ਉਸ ਨੂੰ ਘੁਟ ਘੁਟ ਕੇ ਮਿਲੀ। ਉਹ ਬੀਬੀ ਦਰ ਅਸਲ ਘਰੋਂ ਕਿਸੀ ਘਰੋਗੀ ਝਮੇਲੇ ਦੇ ਕਾਰਨ ਉਦਾਸ ਹੋ ਕੇ ਆਈ ਸੀ। ਗੋਰੀ ਪਰ ਅਜਿਹਾ ਪ੍ਰਭਾਵ ਪਿਆ ਕਿ ਉਸ ਦਾ ਚਾਉ ਤੇ ਉਤਸ਼ਾਹ ਸਾਰਾ ਚੂਸਿਆ ਗਿਆ। ਨਾਮ ਦੀ ਰੌ ਵੀ ਬੰਦ ਹੋ ਗਈ ਤੇ ਰੋਣ ਲਗ ਪਈ। ਭਾਈ ਸਾਹਿਬ ਜੀ ਜਦੋਂ ਬਾਹਰੋਂ ਆਏ ਤਾਂ ਗੋਰੀ ਦੀ ਇਹ ਦਸ਼ਾ ਦੇਖ ਕੇ ਪੁਛਿਆ। ਗੋਰੀ ਨੇ ਰੋ ਰੋ ਕੇ ਸਾਰੀ ਗੱਲ ਦੱਸੀ। ਕਦੇ ਨਾ ਗੁਸੇ ਵਿਚ ਆਉਣ ਵਾਲੇ ਭਾਈ ਸਾਹਿਬ ਜ਼ਰਾ ਗੁਸੇ ਵਿਚ ਆ ਗਏ ਅਤੇ ਕਹਿਣ ਲਗੇ, 'ਚੰਗਾ ਹੋਇਆ ਹੈ, ਬਾਂਦਰਾਂ ਦੇ ਹੱਥ ਮੋਤੀ ਆ ਜਾਣ ਤਦੋਂ ਬਾਂਦਰ ਨੂੰ ਮੋਤੀਆਂ ਦੀ ਕੀ ਕਦਰ। ਉਹ ਅਜਾਈਂ ਹੀ ਗੰਵਾ ਦੇਵੇਗਾ।" ਭਾਈ ਸਾਹਿਬ ਨੇ ਫਿਰ ਧਿਆਨ ਨਾ ਦਿਤਾ। ਗੋਰੀ ਸਖਤ ਉਦਾਸ ਸੀ ਅਤੇ ਭੁੱਲ ਬਖਸ਼ਵਾਉਣ ਦਾ ਯਤਨ ਵੀ ਕੀਤਾ, ਪਰ ਭਾਈ ਸਾਹਿਬ ਚੁਪ ਕਰ ਕੇ ਉਥੋਂ ਚਲੇ ਗਏ। ਰਾਤ ਨੂੰ ਸਾਰੇ ਪ੍ਰਸ਼ਾਦਾ ਛਕ ਕੇ ਸੌਂ ਗਏ ਪਰ ਘਰ ਦਾ ਪ੍ਰਭਾਵ ਜੋ ਸਦਾ ਖੇੜੇ ਵਾਲਾ ਹੁੰਦਾ ਸੀ, ਅੱਜ ਕੁਝ ਗਲੂਮੀ (gloomy) ਜਿਹਾ ਸੀ। ਭਾਈ ਸਾਹਿਬ ਨੂੰ ਯਤਨ ਕਰਨ ਤੇ ਵੀ ਨੀਂਦ ਨਾ ਆਈ ਅਤੇ ਠੰਢ ਵਿਚ ਉਪਰਲੀ ਛੱਤ ਤੇ ਗਏ। ਉਥੇ ਦੇਖਿਆ ਕਿ ਗੋਰੀ ਬਗੈਰ ਕਿਸੇ ਗਰਮ ਕਪੜੇ ਦੇ ਤਖਤ ਪੋਸ਼ ਉਤੇ ਪਈ ਰੋ ਰਹੀ ਸੀ। ਭਾਈ ਸਾਹਿਬ ਅਗੇ ਹੀ ਉਦਾਸ ਸਨ ਅਤੇ ਹੋਰ ਗੁਸੇ ਵਿਚ ਆਏ ਅਤੇ ਉਸ ਨੂੰ ਕਹਿਣ ਲਗੇ, "ਜੇ ਮਰਨਾ ਹੀ ਹੈ ਤਾਂ ਆਪਣੇ ਘਰ ਜਾ ਕੇ ਮਰੋ, ਮੇਰੇ ਲਈ ਮੁਸੀਬਤ ਪੈਦਾ ਕਿਉਂ ਕਰਨੀ ਏ। ਉਚੀ ਦਾਤ ਦੀ ਸੰਭਾਲ ਤੇ ਕਦਰ ਆਪ ਨਾ ਕਰਨੀ ਤੇ ਮਰਨ ਦੀ ਤਿਆਰੀ ਕਰਨੀ।" ਗੁਸੇ ਵਿਚ ਬਾਂਹ ਤੋਂ ਪਕੜ ਕੇ ਉਠਾਇਆ ਅਤੇ ਹੇਠਾਂ ਜਾਣ ਦਾ ਹੁਕਮ ਦਿਤਾ। ਸਿਮਰਨ ਦੇ ਕਮਰੇ ਵਿਚ ਗੋਰੀ ਭੁਬਾਂ ਮਾਰ ਕੇ ਰੋਈ। ਭਾਈ ਸਾਹਿਬ ਤਰਸ ਵਿਚ ਆਏ ਅਤੇ ਬਖਸ਼ਸ਼ ਭਰਿਆ ਹੱਥ ਉਸ ਦੇ ਸਿਰ ਤੇ ਰਖਿਆ ਤੇ ਪਿਆਰ ਭਰੇ ਬਚਨਾਂ ਨਾਲ ਸਮਝਾਇਆ। ਨਾਮ ਦੀ ਦਾਤ ਜੋ ਉਹ ਗੰਵਾ ਚੁਕੀ ਸੀ ਉਸ ਨੂੰ ਮੁੜ ਪ੍ਰਾਪਤ ਹੋ ਗਈ। ਉਸ ਦਾ ਸਰੀਰ ਠੰਢਾ ਹੋਇਆ ਪਿਆ ਸੀ। ਭਾਈ ਸਾਹਿਬ ਨੇ ਚਾਹ ਬਣਵਾਈ ਅਤੇ ਨਾਲ ਦਵਾਈ ਦਿਤੀ। ਉਪਦੇਸ਼ ਦਿਤਾ ਕਿ ਇਹ ਦਾਤ ਹੈ। ਜੋ ਦਾਤ ਨੂੰ ਸੰਭਾਲਦਾ ਨਹੀਂ, ਉਸ ਦਾ ਇਹੀ ਹਾਲ ਹੁੰਦਾ ਹੈ।

# 13. ਸਰਦਾਰ ਖੁਸ਼ਹਾਲ ਸਿੰਘ ਜੀ

ਆਪ ਜੀ ਦੇ ਪਿਤਾ ਡਾਕਟਰ ਬਲਵੰਤ ਸਿੰਘ ਜੀ ਭਾਈ ਸਾਹਿਬ ਜੀ ਦੇ Family doctor ਸਨ ਅਤੇ ਆਪ ਜੀ ਦਾ ਉਨ੍ਹਾਂ ਨਾਲ ਕਾਫੀ ਸਨੇਹ ਸੀ। ਇਨ੍ਹਾਂ ਨੇ ਇਕ ਪੁਸਤਕ ਲਿਖੀ ਅਤੇ ਇਸ ਦਾ ਮੁਖ ਬੰਦ ਭਾਈ ਸਾਹਿਬ ਤੋਂ ਲਿਖਵਾਉਣ ਦੀ ਯਾਚਨਾ ਕੀਤੀ। ਉਨ੍ਹਾਂ ਨੇ ਭਾਈ ਸਾਹਿਬ ਨੂੰ ਡੇਹਰਾਦੂਨ ਚਿਠੀ ਲਿਖੀ ਅਤੇ ਆਉਣ ਦੀ ਆਗਿਆ ਮੰਗੀ। ਭਾਈ ਸਾਹਿਬ ਨੇ ਉਤਰ ਦਿਤਾ ਕਿ ਅਸੀਂ ਦਿੱਲੀ ਆ ਰਹੇ ਹਾਂ ਅਤੇ ਸਾਨੂੰ ਉਥੇ ਹੀ ਮਿਲੋ। ਸਵੇਰੇ 10 ਵਜੇ ਦੇ ਕਰੀਬ ਉਹ ਮਲਕ ਸਾਹਿਬ ਦੀ ਕੋਠੀ (4, ਭਗਵਾਨ ਦਾਸ ਰੋਡ) ਗਏ, ਅਗੋਂ ਬੀਬੀ ਰਾਜ ਜੀ ਨੇ ਇਹ ਕਹਿ ਕੇ ਉਨ੍ਹਾਂ ਨੂੰ ਵਾਪਸ ਭੇਜ ਦਿਤਾ ਕਿ ਭਾਈ ਸਾਹਿਬ ਸ਼ਾਮ ਦੇ ਦੀਵਾਨ ਵਿਚ ਤੁਹਾਨੂੰ ਮਿਲ ਸਕਣਗੇ। ਉਹ ਉਦਾਸ ਹੋ ਕੇ ਵਾਪਸ ਮੁੜ ਗਏ। ਦੋ ਚਾਰ ਮਿੰਟ ਹੀ ਗੁਜ਼ਰੇ ਹੋਣਗੇ ਕਿ ਭਾਈ ਸਾਹਿਬ ਕਮਰੇ ਤੋਂ ਬਾਹਰ ਆਏ ਅਤੇ ਰਾਜ ਜੀ ਨੂੰ ਪੁਛਿਆ ਕਿ ਉਨ੍ਹਾਂ ਨੂੰ ਕੋਈ ਮਿਲਣ ਤੇ ਨਹੀਂ ਆਇਆ। ਬੀਬੀ ਜੀ ਨੇ ਦਸਿਆ ਕਿ ਇਕ ਸੱਜਣ ਆਏ ਸੀ, ਪਰ ਉਨ੍ਹਾਂ ਨੂੰ ਵਾਪਸ ਭੇਜ ਦਿਤਾ ਹੈ। ਭਾਈ ਸਾਹਿਬ ਕੁਝ ਉਦਾਸ ਚਿੱਤ ਹੋਏ। ਨੌਕਰ ਨੂੰ ਦੌੜਾਇਆ ਗਿਆ, ਪਰ ਸਰਦਾਰ ਜੀ ਮਿਲ ਨਹੀਂ ਸਕੇ। ਜਦੋਂ ਸਵੇਰੇ ਸ੍ਰਦਾਰ ਸਾਹਿਬ ਘਰੋਂ ਚੱਲੇ ਸਨ ਤਾਂ ਉਨ੍ਹਾਂ ਆਪਣੀ ਪਤਨੀ ਭਗਵੰਤ ਨੂੰ ਵੀ ਚੱਲਣ ਲਈ ਕਿਹਾ। ਪਤਨੀ ਨੇ ਉਤਰ ਦਿਤਾ ਕਿ ਮੈਂ ਨਹੀਂ ਜਾਣਾ ਕਿਉਂਕਿ ਤੁਸੀਂ ਤਾਂ ਭਾਈ ਸਾਹਿਬ ਨੂੰ ਮੱਥਾ ਟੇਕੋਗੇ ਤੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਛੁਟ ਕਿਸੇ ਹੋਰ ਨੂੰ ਮੱਥਾ ਨਹੀਂ ਟੇਕਣਾ ਚਾਹੁੰਦੀ।

ਸ਼ਾਮ ਨੂੰ ਜਦੋਂ ਸ੍ਰਦਾਰ ਸਾਹਿਬ ਭਾਈ ਸਾਹਿਬ ਨੂੰ ਮਿਲਣ ਲਈ ਤਿਆਰ ਹੋਏ ਤਾਂ ਉਨ੍ਹਾ ਨੇ ਆਪਣੀ ਪਤਨੀ ਨੂੰ ਸਮਝਾਇਆ ਕਿ ਭਾਈ ਸਾਹਿਬ ਮੱਥੇ ਟਿਕਾਉਣ ਦੇ ਹੱਕ ਵਿਚ ਨਹੀਂ, ਤੁਸੀਂ ਮੱਥਾ ਨਾ ਟੇਕਣਾ। ਸਮਝਾ ਕੇ ਨਾਲ ਲੈ ਆਏ। ਰਾਜ ਜੀ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਭਾਈ ਸਾਹਿਬ ਦੇ ਕਮਰੇ ਵਿਚ ਲੈ ਗਏ। ਸਰਦਾਰ ਜੀ ਨੇ ਸਿਰ ਨਿਵਾਇਆ ਅਤੇ ਜਦੋਂ ਉਨ੍ਹਾਂ ਦੀ ਪਤਨੀ ਮੱਥਾ ਟੇਕਣ ਲਗੀ ਤਾਂ ਭਾਈ ਸਾਹਿਬ ਨੇ ਦੋਹਾਂ ਹੱਥਾਂ ਨਾਲ ਬੀਬੀ ਦਾ ਸਿਰ ਪਕੜ ਲਿਆ ਅਤੇ ਬਚਨ ਕੀਤਾ ਕਿ ਬੀਬੀ ਜੀ ਮੱਥਾ ਨਹੀਂ ਟੇਕਣਾ। ਸਰਦਾਰ ਜੀ ਨੂੰ ਬੜੇ ਪਿਆਰ ਨਾਲ ਮਿਲੇ ਅਤੇ ਸੁਖ ਸਾਂਦ ਪੁਛੀ। ਸਵੇਰੇ ਨਾ ਮਿਲਣ ਲਈ ਅਫਸੋਸ ਪ੍ਰਗਟ ਕੀਤਾ। ਬੀਬੀ ਇਹ ਬਚਨ ਸੁਣ ਕੇ ਬੜੀ ਪ੍ਰਭਾਵਤ ਹੋਈ ਅਤੇ ਸਿਦਕ ਵਿਚ ਆਈ। ਉਸ ਦੇ ਅੰਦਰ ਪ੍ਰੇਮ ਨੇ ਡੇਰਾ ਲਾ ਲਿਆ। ਸ੍ਰ: ਸਾਹਿਬ ਉਥੋਂ ਨੇੜੇ ਹੀ ਰਹਿੰਦੇ ਸਨ, ਸੋ ਪਤੀ ਪਤਨੀ ਰੋਜ਼ ਭਾਈ ਸਾਹਿਬ ਦੇ ਦਰਸ਼ਨ ਕਰਦੇ ਅਤੇ ਨਾਮ ਬਾਣੀ ਦਾ ਲਾਹਾ ਖਟਦੇ। ਭਾਈ ਸਾਹਿਬ ਆਪ ਨੂੰ ਕਵੀ ਕਹਿ ਕੇ ਬੁਲਾਂਦੇ ਸਨ। ਇਕ ਦਿਨ ਪਤਨੀ ਨੇ ਪਤੀ ਨੂੰ ਕਿਹਾ ਕਿ ਭਾਈ ਸਾਹਿਬ ਨੂੰ ਬੇਨਤੀ ਕਰੋ ਕਿ ਸਾਡੇ ਗ੍ਰਹਿ ਨੂੰ ਵੀ ਪਵਿਤਰ ਕਰਨ। ਪਤੀ ਨੇ ਕਿਹਾ ਕਿ ਪਹਿਲਾਂ ਆਪਣਾ ਅੰਦਰ ਤੇ ਵੇਖੋ, ਅਸੀਂ ਕਿਤਨੇ ਮੈਲੇ ਹਾਂ। ਸਾਡੀ ਘਾਲ ਕੀ ਹੈ? ਇਤਨੇ ਉਚੇ ਮਹਾਂ ਪੁਰਸ਼ ਨੂੰ ਬਿਨੈ ਕਰਾਂ, ਮੈਂ ਇਹ ਨਹੀਂ ਕਰ ਸਕਦਾ। ਦੋ ਤਿੰਨ ਦਿਨ ਪਿਛੋਂ ਫਿਰ ਪਤਨੀ ਨੇ ਕਿਹਾ ਕਿ ਭਾਈ ਸਾਹਿਬ ਆਪ ਨਾਲ ਕਿਤਨਾ ਪਿਆਰ ਕਰਦੇ ਹਨ, ਜੀਅ ਕਰਦਾ ਹੈ ਉਹ ਸਾਡੇ ਗ੍ਰਹਿ ਚਰਨ ਪਾਉਣ। ਤੁਸੀਂ ਬੇਨਤੀ ਕਰ ਕੇ ਵੇਖ ਲਵੋ, ਉਹ ਕਦੀ ਨਾਂਹ ਨਹੀਂ ਕਰਨਗੇ। ਖੁਸ਼ਹਾਲ ਸਿੰਘ ਦੇ ਨੇਤਰ ਭਰ ਆਏ ਅਤੇ ਆਖਿਆ, ਤੁਸੀਂ ਮਹਾਂ ਪੁਰਸ਼ਾਂ ਨੂੰ ਅਮਲੀ ਅੱਖਾਂ ਨਾਲ ਨਹੀਂ ਵੇਖ ਰਹੇ, ਇਹ ਬਿਨੈ ਕਰਨ ਦੇ ਯੋਗ ਨਹੀਂ। ਆਪਣੇ ਅੰਦਰ ਖਿਚ ਪੈਦਾ ਕਰੋ। ਦੋ ਦਿਨ ਹੋਰ ਲੰਘੇ ਹੋਣਗੇ ਕਿ ਇਕ ਰਾਤ ਸਖਤ ਹਨੇਰੀ ਆਈ। ਘਰ ਬਾਹਰ ਮਿੱਟੀ ਨਾਲ ਭਰ ਗਿਆ। ਰਾਤ ਬੇ-ਆਰਾਮੀ ਹੋਣ ਕਾਰਨ ਉਹ ਸਵੇਰ ਨੂੰ ਚਿਰਕੇ ਉਠੇ। ਪਤਨੀ ਨੇ ਕਿਹਾ ਕਿ ਮੈਂ ਘਰ ਦੀ ਸਫਾਈ ਕਰਵਾਂਦੀ ਹਾਂ ਅਤੇ ਤੁਸੀਂ ਅੱਜ ਪਹਿਲੇ ਇਸ਼ਨਾਨ ਕਰ ਕੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰੋ। ਬੀਬੀ ਸਫਾਈ ਕਰਵਾ ਰਹੀ ਸੀ ਕਿ ਨੌਕਰ ਨੇ ਆਣ ਕਿਹਾ ਕਿ ਭਾਈ ਸਾਹਿਬ ਆ ਰਹੇ ਹਨ। ਭਾਈ ਸਾਹਿਬ ਨੂੰ ਵੇਖ ਕੇ ਪਤਨੀ ਦੀ ਹੈਰਾਨੀ ਦੀ ਹੱਦ ਨਾ ਰਹੀ। ਭਾਈ ਸਾਹਿਬ ਬਾਹਿਰ ਬਰਾਂਡੇ ਵਿਚ ਹੀ ਬੈਠ ਗਏ। ਸਰਦਾਰ ਸਾਹਿਬ ਵੀ ਨਹਾ ਕੇ ਹਾਜ਼ਰ ਹੋਏ। ਭਾਈ ਸਾਹਿਬ ਨਾਮ ਬਾਣੀ ਤੇ ਬਚਨ ਕਰਦੇ ਰਹੇ ਅਤੇ ਪਤੀ ਪਤਨੀ ਕਿਸੇ ਅਗੰਮੀ ਸਵਾਦ ਵਿਚ ਰਸ ਮਾਣਦੇ ਰਹੇ।

 www.sikhbookclub.com

ਸਰਦਾਰ ਖੁਸ਼ਹਾਲ ਸਿੰਘ ਦੀ ਬਦਲੀ ਅਫਰੀਕਾ ਹੋ ਗਈ। ਆਪ ਜੀ ਨੂੰ ਬਾਬਾ ਜੀ ਦੇ ਕਮਰੇ ਵਿਚ ਲਿਜਾਇਆ ਗਿਆ ਅਤੇ ਭਾਈ ਸਾਹਿਬ ਨੇ ਉਨ੍ਹਾਂ ਦੀ ਸੁਖ ਸਾਂਦ ਲਈ ਅਰਦਾਸ ਕਰਵਾਈ। ਅਰਦਾਸ ਵਿਚ ਭਾਈ ਸਾਹਿਬ ਸ਼ਾਮਲ ਸਨ, ਇਹ ਪਿਆਰ ਦੇਖ ਕੇ ਪਤੀ ਪਤਨੀ ਹੋਰ ਸ਼ੁਕਰ ਵਿਚ ਆਏ। ਭਾਈ ਸਾਹਿਬ ਨੇ ਸਹਿਜ ਸੁਭਾਵ ਫੁਰਮਾਇਆ ਕਿ ਤੁਸੀਂ ਚਾਰ ਆਦਮੀ ਚੱਲੇ ਹੋ, ਇਕ ਕਾਕੀ, ਇਕ ਕਾਕਾ ਤੇ ਦੋ ਆਪ। ਵਾਹਿਗੁਰੂ ਚੌਹਾਂ ਨੂੰ ਰਾਜ਼ੀ ਖੁਸ਼ੀ ਲਿਆਵੇ।

ਅਫਰੀਕਾ ਪੁਜਣ ਤੋਂ ਦੋ ਮਹੀਨੇ ਪਿਛੋਂ ਉਨ੍ਹਾਂ ਦਾ ਕਾਕਾ ਸਖਤ ਬੀਮਾਰ ਹੋ ਗਿਆ। ਹਸਪਤਾਲ ਵਿਚ ਉਸ ਨੂੰ ਦਾਖਲ ਕਰਵਾ ਦਿਤਾ, ਪਰ ਡਾਕਟਰ ਨੂੰ ਕੁਝ ਸਮਝ ਨਾ ਆਵੇ। ਦਵਾਈ ਚਲਦੀ ਰਹੀ ਫਰਕ ਨਾ ਪਿਆ। ਇਕ ਦਵਾਈ ਡਾਕਟਰ ਨੇ ਤਜਵੀਜ਼ ਕੀਤੀ, ਪਰ ਉਹ ਦਵਾਈ ਕਿਧਰੋਂ ਮਿਲੇ ਨਾ। ਦਵਾਈ ਲਈ ਲੰਦਨ ਵੀ ਤਾਰਾਂ ਭੇਜੀਆਂ ਗਈਆਂ, ਕੋਈ ਆਸ ਨਾ ਬਝੀ। ਬੱਚਾ ਕਮਜ਼ੋਰ ਹੁੰਦਾ ਜਾ ਰਿਹਾ ਸੀ। ਪਤਨੀ ਨੇ ਪਤੀ ਨੂੰ ਕਿਹਾ ਕਿ ਭਾਈ ਸਾਹਿਬ ਨੂੰ ਚਿਠੀ ਲਿਖੋ ਅਤੇ ਬਿਨੈ ਕਰੋ ਕਿ ਬੱਚੇ ਦੀ ਦੇਹ ਅਰੋਗਤਾ ਲਈ ਅਰਦਾਸ ਕਰਨ। ਪਤੀ ਨੇ ਕਿਹਾ ਕਿ ਮੈਨੂੰ ਹਿੰਮਤ ਨਹੀਂ ਪੈਂਦੀ ਕਿ ਉਸ ਉਚੇ ਮਹਾਂਪੁਰਸ਼ ਪਾਸੋਂ ਪੁਤਰ ਦੀ ਦੇਹ ਅਰੋਗਤਾ ਮੰਗਾਂ। ਪਤਨੀ ਨੇ ਕਿਹਾ, ਤੁਸੀਂ ਨਾ ਲਿਖੋ, ਮੈਂ ਤੇ ਮਾਂ ਹਾਂ, ਮੈਂ ਆਪ ਹੀ ਲਿਖਦੀ ਹਾਂ। ਰੋਂਦਿਆਂ ਰੋਂਦਿਆਂ ਉਸ ਨੇ ਭਾਈ ਸਾਹਿਬ ਨੂੰ ਪੱਤਰ ਲਿਖਿਆ। ਪਤਨੀ ਨੇ ਕਿਹਾ ਕਿ ਮੈਨੂੰ ਭਰੋਸਾ ਹੈ ਕਿ ਬੱਚੇ ਦੀ ਜਾਨ ਨੂੰ ਖ਼ਤਰਾ ਨਹੀਂ, ਕਿਉਂਕਿ ਟੁਰਦਿਆਂ ਭਾਈ ਸਾਹਿਬ ਦੇ ਵਾਕ ਸਨ ਕਿ ਤੁਸੀਂ ਚਾਰੇ ਚੱਲੇ ਹੋ, ਵਾਹਿਗੁਰੂ ਤੁਹਾਨੂੰ ਰਾਜ਼ੀ ਖੁਸ਼ੀ ਲਿਆਵੇ। ਭਾਈ ਸਾਹਿਬ ਦਾ ਉਤਰ ਆ ਗਿਆ। ਉਧਰ ਇਕ ਦਿਨ ਸਰਦਾਰ ਸਾਹਿਬ ਹਸਪਤਾਲ ਦੀਆਂ ਪੌੜੀਆਂ ਚੜ੍ਹ ਰਹੇ ਸਨ, ਅਤੇ ਇਕ ਅਫਰੀਕਨ ਡਾਕਟਰ ਸੀੜ੍ਹੀਆਂ ਉਤਰ ਰਿਹਾ ਸੀ। ਉਸ ਨੇ ਸਰਦਾਰ ਸਾਹਿਬ ਵਲ ਅੱਖ ਮਿਲਾ ਕੇ ਦੇਖਿਆ ਤੇ ਸਰਦਾਰ ਸਾਹਿਬ ਉਥੇ ਹੀ ਖੜੇ ਹੋ ਗਏ। ਉਹ ਉਪਰਲੀ ਪੌੜੀ ਤੇ ਹੀ ਖਲੋ ਗਿਆ। ਜਾਣ ਪਛਾਣ ਬਿਲਕੁਲ ਹੀ ਨਹੀਂ ਸੀ। ਪੁਛਣ ਤੇ ਸਰਦਾਰ ਸਾਹਿਬ ਨੇ ਦਸਿਆ ਕਿ ਉਨ੍ਹਾਂ ਦਾ ਲੜਕਾ ਸਖਤ ਬੀਮਾਰ ਹੈ। ਡਾਕਟਰ ਨੇ ਕਿਹਾ ਕਿ ਕਾਕੇ ਬਾਰੇ ਮੈਂ ਵੀ ਸੁਣਿਆ ਹੈ। ਉਸ ਨੇ ਫਿਰ ਕਿਹਾ ਕਿ ਮੈਂ ਇਥੋਂ ਦੇ ਪ੍ਰੇਜ਼ੀਡੈਂਟ ਦਾ ਫਜ਼ੀਸ਼ਨ ਹਾਂ। ਮੈਂ ਬਚੇ ਦਾ ਇਲਾਜ ਇਥੇ ਨਹੀਂ ਕਰ ਸਕਦਾ ਤੁਸੀਂ ਉਸ ਨੂੰ ਘਰ ਲੈ ਜਾਉ। ਪਤੀ ਪਤਨੀ ਨੇ ਘਰ ਜਾ ਕੇ ਵੀਚਾਰ ਕੀਤੀ, ਅਤੇ ਇਸ ਡਾਕਟਰ ਦੇ ਇਲਾਜ ਕਰਨ ਦੀ ਪੇਸ਼ਕਸ਼ ਕਰਨ ਤੇ ਹੈਰਾਨੀ ਹੋਈ ਅਤੇ ਯਕੀਨ ਬੱਝਾ ਕਿ ਵਾਹਿਗੁਰੂ ਜੀ ਨੇ ਆਪ ਇਹ ਮੇਲ ਕਰਾਇਆ ਹੈ। ਦੂਜੇ, ਤੀਜੇ ਦਿਨ ਬਚੇ ਨੂੰ ਘਰ ਲਿਆਂਦਾ

 www.sikhbookclub.com

ਗਿਆ। ਪਤਨੀ ਰੋ ਰਹੀ ਸੀ। ਡਾਕਟਰ ਨੇ ਉਸ ਨੂੰ ਕਿਹਾ ਕਿ ਤੁਸੀਂ ਮੁਸਕਰਾਉ (Smile) ਗੇ ਤਾਂ ਮੈਂ ਬਚੇ ਨੂੰ ਦੇਖਾਂਗਾ। ਬਚੇ ਨੂੰ ਬੜੀ ਚੰਗੀ ਤਰ੍ਹਾਂ ਡਾਕਟਰ ਨੇ ਦੇਖਿਆ। ਉਸ ਨੇ ਕਿਹਾ ਕਿ ਜਿਹੜੀ ਦਵਾਈ ਤੁਸੀਂ ਮੰਗਵਾਉਣਾ ਚਾਹੁੰਦੇ ਹੋ, ਉਹ ਮੇਰੇ ਪਾਸ ਹੈ, ਕਹੋ ਤਾਂ ਮੈਂ ਇਹ ਦੇ ਸਕਦਾ ਹਾਂ। ਪਰ ਮੇਰੀ ਤਸ਼ਖੀਸ, ਉਨ੍ਹਾਂ ਡਾਕਟਰਾਂ ਨਾਲ ਨਹੀਂ ਮਿਲਦੀ। ਜੇ ਕਰ ਕਹੋ ਤਾਂ ਮੈਂ ਆਪਣਾ ਇਲਾਜ ਸ਼ੁਰੂ ਕਰਾਂ। ਇਲਾਜ ਸ਼ੁਰੂ ਹੋ ਗਿਆ ਅਤੇ ਬੱਚਾ ਦਿਨ ਬਦਿਨ ਰਾਜ਼ੀ ਹੁੰਦਾ ਗਿਆ। ਉਧਰੋਂ ਭਾਈ ਸਾਹਿਬ ਜੀ ਦੇ ਅਸੀਸ ਪੱਤਰ ਪੁਜਦੇ ਰਹੇ। ਨਵਾਂ ਡਾਕਟਰ ਉਨ੍ਹਾਂ ਲਈ ਰੱਬ ਦਾ ਦੂਤ ਆਇਆ ਸੀ। ਉਹ ਡਾਕਟਰ ਇਕ ਪਰਕਾਰ ਨਾਲ ਉਨ੍ਹਾਂ ਦੇ ਘਰ ਦਾ ਇਕ ਮੈਂਬਰ ਹੀ ਬਣ ਗਿਆ। ਲੋਕੀ ਡਾਕਟਰ ਦਾ ਇਹ ਵਰਤਾਉ ਦੇਖ ਕੇ ਹੈਰਾਨ ਹੁੰਦੇ ਅਤੇ ਰਸ਼ਕ ਕਰਦੇ ਸਨ ਕਿ ਇਤਨਾ ਵਡਾ ਡਾਕਟਰ ਉਨ੍ਹਾਂ ਨਾਲ ਕਿਵੇਂ ਹਿਲ ਮਿਲ ਗਿਆ।

ਪਰ ਅਫਸੋਸ ਕਿ ਇਹ ਪ੍ਰਵਾਰ ਮੁੜ ਭਾਈ ਸਾਹਿਬ ਦੇ ਦਰਸ਼ਨ ਨਾ ਕਰ ਸਕਿਆ, ਕਿਉਂਕਿ ਭਾਈ ਸਾਹਿਬ ਦਸ ਜੂਨ 1957 ਨੂੰ ਅਕਾਲ ਪੁਰਖ ਦੀ ਗੋਦੀ ਵਿਚ ਜਾ ਬਿਰਾਜੇ ਸਨ।

# 14. ਭਾਈ ਮੋਹਨ ਸਿੰਘ ਜੀ ਰਾਗੀ

ਭਾਈ ਮੋਹਨ ਸਿੰਘ ਜੀ ਦੇ ਪਿਤਾ ਪੰਜਾਬ ਤੋਂ ਉਠ ਕੇ ਸਿੰਧ ਵਿਚ ਜਾ ਵੱਸੇ ਅਤੇ ਉਹ ਉਥੇ ਆਪਣਾ ਕਾਰੋਬਾਰ ਕਰਦੇ ਰਹੇ। ਉਹ ਦੋ ਭਰਾ ਸਨ ਅਤੇ ਕਰਾਚੀ ਦੇ ਨੇੜੇ ਮਲੀਹ ਵਿਖੇ ਰਹਿੰਦੇ ਸਨ। ਉਨ੍ਹਾਂ ਦੇ ਪਿਤਾ ਜੀ ਗੁਜ਼ਰੇ ਅਤੇ ਛੋਟੇ ਛੋਟੇ ਇਹ ਦੋ ਭਰਾ ਰਹਿ ਗਏ। ਉਨ੍ਹਾਂ ਦੇ ਮਾਤਾ ਜੀ ਉਦਾਸ ਰਹਿਣ ਲਗ ਪਏ। ਉਨ੍ਹਾਂ ਨੇ ਗੁਰਦਵਾਰੇ ਜਾਣਾ ਸ਼ੁਰੂ ਕੀਤਾ ਅਤੇ ਹੱਥੀਂ ਸੇਵਾ ਕਰਨੀ ਆਰੰਭ ਕੀਤੀ। ਉਹ ਆਪਣੇ ਵਡੇ ਪੁਤਰ ਭਾਈ ਮੋਹਨ ਸਿੰਘ ਨੂੰ ਵੀ ਨਾਲ ਲੈ ਜਾਂਦੇ। ਉਨ੍ਹਾਂ ਨੂੰ ਬਚਪਨ ਤੋਂ ਪੰਜਾਬੀ ਪੜ੍ਹਾਈ ਗਈ। ਉਹ ਬਾਬਾ ਜੀ ਦੀ ਚਰਨੀ ਵੀ ਛੇਤੀ ਹੀ ਲਗ ਗਏ। ਉਨ੍ਹਾਂ ਨੂੰ ਰਾਗ ਦਾ ਸ਼ੌਕ ਹੋਇਆ। ਉਨ੍ਹਾਂ ਨੇ ਕੁਝ ਸ਼ਬਦ ਸਿਖੇ ਪਰ ਜ਼ਿਆਦਾਤਰ ਉਹ ਤਰਾਨੇ ਆਦਿ ਹੀ ਗਾਉਂਦੇ ਸਨ। ਸ਼ੌਕ ਵਧਦਾ ਗਿਆ ਅਤੇ ਸ਼ਬਦ ਕੀਰਤਨ ਵੀ ਸਿਖ ਲਿਆ। ਸਮਾਂ ਬੀਤਦਾ ਗਿਆ ਅਤੇ ਦੇਸ਼ ਦੀ ਵੰਡ ਦਾ ਸਮਾਂ ਆ ਗਿਆ। ਸਾਰੇ ਪਾਸੇ ਗੜਬੜ ਸੀ। ਮਲੀਹ ਵਿਖੇ ਸਿਖ ਮਿਲਟਰੀ ਦੇ ਅਫਸਰ ਬਹੁਤ ਸਨ, ਜੋ ਗੁਰਦੁਆਰੇ ਆਉਂਦੇ ਅਤੇ ਸ਼ਬਦ ਕੀਰਤਨ ਸੁਣਦੇ ਰਹਿੰਦੇ ਸਨ ਅਤੇ ਭਾਈ ਸਾਹਿਬ ਦੇ ਮਿਤਰ ਬਣ ਜਾਂਦੇ ਸਨ। ਮੁਸਲਮਾਨਾਂ ਨੂੰ ਇਹ ਗੱਲ ਚੰਗੀ ਨਾ ਲੱਗੀ। ਜਦੋਂ ਮਲੀਹ ਵਿਖੇ ਹਮਲਾ ਹੋਇਆ ਤਾਂ ਭਾਈ ਸਾਹਿਬ ਕੇਵਲ ਇਕੋ ਹਾਰਮੋਨੀਅਮ ਲੈ ਕੇ ਨੱਸ ਤੁਰੇ ਅਤੇ ਬਚਦੇ ਬਚਾਉਂਦੇ ਕਰਾਚੀ ਦੇ ਨੇੜੇ ਇਕ ਪਿੰਡ ਵਿਚ ਪੁਜ ਗਏ। ਉਦੋਂ ਕਰਾਚੀ ਵਿਚ ਕੋਈ ਹਿੰਦੂ ਸਿਖ ਦਾਖਲ ਨਹੀਂ ਹੋ ਸਕਦਾ ਸੀ। ਪਿਛੋਂ ਸਿਖ ਅਫਸਰਾਂ ਨੇ ਭਾਈ ਸਾਹਿਬ ਦੀ ਮਾਤਾ ਅਤੇ ਛੋਟੇ ਭਰਾ ਨੂੰ ਕਰਾਚੀ ਪੁਚਾ ਦਿਤਾ। ਭਾਈ ਸਾਹਿਬ ਉਥੇ ਰਾਗਾਂ ਵਿਚ ਕੀਰਤਨ ਕਰਦੇ ਸਮਾਂ

ਬਿਤਾਉਂਦੇ ਗਏ। ਉਥੇ ਇਕ ਮੁਸਲਮਾਨ ਥਾਣੇਦਾਰ ਸੀ, ਉਸ ਨੂੰ ਗਾਉਣ ਦਾ ਬਹੁਤ ਸ਼ੌਕ ਸੀ। ਥਾਣੇਦਾਰ ਨੇ ਭਾਈ ਸਾਹਿਬ ਨੂੰ ਬੁਲਾਇਆ ਅਤੇ ਉਨ੍ਹਾਂ ਤੋਂ ਤਰਾਨੇ ਸੁਣੇ। ਉਹ ਬੜਾ ਖੁਸ਼ ਹੋਇਆ ਅਤੇ ਰੋਜ਼ ਉਨ੍ਹਾਂ ਨੂੰ ਬੁਲਾਇਆ ਕਰੇ। ਇਕ ਦਿਨ ਥਾਣੇਦਾਰ ਨੇ ਕਿਹਾ ਕਿ ਭਾਈ ਸਾਹਿਬ ਮੈਂ ਤੁਹਾਡੀ ਕੀ ਸੇਵਾ ਕਰਾਂ। ਉਤਰ ਵਿਚ ਉਨ੍ਹਾਂ ਨੇ ਕਰਾਚੀ ਪੁਚਾ ਦੇਣ ਦੀ ਮੰਗ ਕੀਤੀ, ਜਿਥੇ ਉਨ੍ਹਾਂ ਨੂੰ ਆਸ ਸੀ ਕਿ ਉਨ੍ਹਾਂ ਦੇ ਮਾਤਾ ਜੀ ਉਨ੍ਹਾਂ ਨੂੰ ਮਿਲ ਪੈਣਗੇ। ਭਾਵੇਂ ਇਹ ਕੰਮ ਮੁਸ਼ਕਲ ਸੀ, ਪਰ ਥਾਣੇਦਾਰ ਨੇ ਪ੍ਰਬੰਧ ਕਰ ਕੇ ਮਿਲਟਰੀ ਦੇ ਨਾਲ ਉਨ੍ਹਾਂ ਨੂੰ ਕਰਾਚੀ ਪੁਚਾ ਦਿਤਾ। ਉਥੇ ਉਨ੍ਹਾਂ ਨੂੰ ਪਤਾ ਚਲਿਆ ਕਿ ਉਨ੍ਹਾਂ ਦੇ ਮਾਤਾ ਜੀ ਬੰਬਈ ਪੁਜ ਗਏ ਹਨ। ਉਹ ਵੀ ਬੰਬਈ ਪੁਜ ਗਏ ਅਤੇ ਪ੍ਰਵਾਰ ਮੁੜ ਇਕੱਠਾ ਹੋ ਗਿਆ।

ਬੰਬਈ ਪੁਜ ਕੇ ਸਰਦਾਰ ਤ੍ਰਿਲੋਚਨ ਸਿੰਘ ਵਕੀਲ ਉਨ੍ਹਾਂ ਦੇ ਮਿਤਰ ਬਣ ਗਏ ਅਤੇ ਉਨ੍ਹਾਂ ਦੇ ਬਚਿਆਂ ਨੂੰ ਸ਼ਬਦ ਕੀਰਤਨ ਸਿਖਾਉਣਾ ਸ਼ੁਰੂ ਕਰ ਦਿਤਾ। ਬਚੇ ਸੁਹਣਾ ਕੀਰਤਨ ਕਰਨ ਲਗ ਪਏ। ਉਥੇ ਹੀ ਸਰਦਾਰ ਗੁਰਬਖਸ਼ ਸਿੰਘ ਸਨ ਜੋ ਸਰਦਾਰ ਤ੍ਰਿਲੋਚਨ ਸਿੰਘ ਦੇ ਮਿਤਰ ਸਨ ਅਤੇ ਉਨ੍ਹਾਂ ਨੇ ਭਾਈ ਮੋਹਨ ਸਿੰਘ ਦਾ ਕੀਰਤਨ ਸੁਣਿਆ। ਉਨ੍ਹਾਂ ਦਿਨਾਂ ਵਿਚ ਭਾਈ ਸਾਹਿਬ ਬੰਬਈ ਗਏ ਹੋਏ ਸਨ ਅਤੇ ਉਹ 'ਊਸ਼ਾ ਕਿਰਨ' ਠਹਿਰੇ ਹੋਏ ਸਨ। ਉਹ ਰੋਜ਼ ਊਸ਼ਾ ਕਿਰਨ ਜਾਂਦੇ ਸਨ। ਇਕ ਦਿਨ ਭਾਈ ਸਾਹਿਬ ਨੂੰ ਆਪਣੇ ਗ੍ਰਿਹਿ ਵਿਖੇ ਚਰਨ ਪਾਉਣ ਦੀ ਬੇਨਤੀ ਕੀਤੀ, ਅਤੇ ਭਾਈ ਸਾਹਿਬ ਮੰਨ ਗਏ। ਸਰਦਾਰ ਗੁਰਬਖਸ਼ ਸਿੰਘ ਨੇ ਟੈਲੀਫੂਨ ਤੇ ਸਰਦਾਰ ਤ੍ਰਿਲੋਚਨ ਸਿੰਘ ਨੂੰ ਬੇਨਤੀ ਕੀਤੀ ਕਿ ਭਾਈ ਸਾਹਿਬ ਮੋਹਨ ਸਿੰਘ ਨੂੰ ਨਾਲ ਲੈ ਕੇ ਉਨ੍ਹਾਂ ਦੇ ਗ੍ਰਿਹਿ ਵਿਖੇ ਆਉਣ। ਉਹ ਸਰਦਾਰ ਗੁਰਬਖਸ਼ ਸਿੰਘ ਦੇ ਘਰ ਪੁਜੇ, ਜਿਥੇ ਕਿ ਭਾਈ ਸਾਹਿਬ ਪਹਿਲਾਂ ਹੀ ਪੁਜੇ ਹੋਏ ਸਨ ਅਤੇ ਚਾਹ ਛਕ ਰਹੇ ਸਨ। ਚਾਹ ਤੋਂ ਉਪਰੰਤ ਦੂਜੇ ਕਮਰੇ ਵਿਚ ਸਾਰੇ ਪੁਜੇ ਅਤੇ ਸਰਦਾਰ ਤ੍ਰਿਲੋਚਨ ਸਿੰਘ ਦੇ ਬਚਿਆਂ ਨੇ ਦੋ ਸ਼ਬਦ ਪੜ੍ਹੇ। ਭਾਈ ਸਾਹਿਬ ਬਚਿਆਂ ਦੇ ਸ਼ਬਦ ਸੁਣ ਕੇ ਬੜੇ ਪ੍ਰਸੰਨ ਹੋਏ ਅਤੇ ਭਾਈ ਮੋਹਨ ਸਿੰਘ ਨੂੰ ਭਾਈ ਸਾਹਿਬ ਨਾਲ ਮਿਲਾਇਆ ਗਿਆ ਅਤੇ ਕਿਹਾ ਕਿ ਇਹ ਬਚਿਆਂ ਦੇ ਉਸਤਾਦ ਹਨ। ਘਰ ਵਾਲਿਆਂ ਨੇ ਭਾਈ ਸਾਹਿਬ ਨੂੰ ਵੀ ਇਕ ਸ਼ਬਦ ਪੜ੍ਹਨ ਲਈ ਬੇਨਤੀ ਕੀਤੀ। ਭਾਈ ਸਾਹਿਬ ਨੇ "ਹਾਂ ਹਾਂ ਪ੍ਰਭ ਰਾਖ ਲਿਉ" ਸ਼ਬਦ ਪੜ੍ਹਿਆ। ਭਾਈ ਸਾਹਿਬ ਨੇ ਸਰਦਾਰ ਗੁਰਬਖਸ਼ ਸਿੰਘ ਨੂੰ ਕਿਹਾ ਕਿ ਸ਼ਾਮ ਨੂੰ ਇਨ੍ਹਾਂ ਨੂੰ ਸਤਿਸੰਗ ਵਿਚ ਲੈ ਕੇ ਆਵੋ। ਉਥੇ ਸਤਿਸੰਗ ਵਿਚ ਭਾਈ ਸਾਹਿਬ ਨੇ ਭਾਈ ਮੋਹਣ ਸਿੰਘ ਨੂੰ ਕਿਹਾ ਕਿ ਜੋ ਸ਼ਬਦ ਉਨ੍ਹਾਂ ਨੇ ਅਗੇ ਪੜ੍ਹਿਆ ਸੀ, ਉਹ ਪਹਾੜੀ ਰਾਗ ਵਿਚ ਸੀ, ਹੁਣ ਮਾਲਕੌਂਸ ਰਾਗ ਵਿਚ ਸ਼ਬਦ ਪੜ੍ਹੋ।

 www.sikhbookclub.com

ਭਾਈ ਸਾਹਿਬ ਨੇ "ਭੈ ਨਾਸਨ ਦੁਰਮਤਿ ਹਰਨ" ਸ਼ਬਦ ਪੜ੍ਹਿਆ। ਅਗਲੇ ਦਿਨ ਸਵੇਰੇ ਸਰਦਾਰ ਗੁਰਬਖਸ਼ ਸਿੰਘ ਜੀ ਨਾਲ ਫਿਰ ਉਹ ਭਾਈ ਸਾਹਿਬ ਪਾਸ ਪੁਜੇ। ਭਾਈ ਸਾਹਿਬ ਨੇ ਫੁਰਮਾਇਆ ਕਿ ਕੱਲ੍ਹ ਮਾਲਕੌਂਸ ਗਾਇਆ ਸੀ, ਪਰ ਮਾਲਕੌਂਸ ਦੀ ਤਾਸੀਰ ਨਹੀਂ ਪੈਦਾ ਹੋਈ। ਮਾਲਕੌਂਸ ਲਰਜ਼ਾ ਪੈਦਾ ਕਰ ਦਿੰਦਾ ਹੈ। ਭਾਈ ਸਾਹਿਬ ਨੇ ਉਨ੍ਹਾਂ ਨੂੰ ਇਕ ਕਵਿਤਾ "ਨੀ ਮੈਂ ਚਰਨ ਪ੍ਰਸ ਬਉਰਾਨੀ" ਦਿਤੀ ਅਤੇ ਦਸਿਆ ਕਿ ਇਹ ਮਾਲਕੌਂਸ ਵਿਚ ਹੈ, ਇਸ ਨੂੰ ਗਾਵੋ ਅਤੇ ਦੇਖੋ ਲਰਜ਼ਾ ਪੈਦਾ ਹੋਵੇਗਾ। ਭਾਈ ਸਾਹਿਬ ਨੇ ਇਹ ਗਾਵੀ ਅਤੇ ਇਕ ਸਵਾਦ ਜਿਹਾ ਛਾ ਗਿਆ। ਭਾਈ ਮੋਹਨ ਸਿੰਘ ਨੂੰ ਪਤਾ ਚਲਿਆ ਕਿ ਇਹ ਮਹਾਂਪੁਰਸ਼ ਰਾਗਾਂ ਦੇ ਬੜੇ ਮਾਹਿਰ ਹਨ। ਭਾਈ ਮੋਹਨ ਸਿੰਘ ਭਾਈ ਸਾਹਿਬ ਦੇ ਰੋਜ਼ ਦਰਸ਼ਨ ਕਰਨ ਲਗ ਪਏ। ਭਾਈ ਸਾਹਿਬ ਨੇ ਉਨ੍ਹਾਂ ਤੋਂ ਸ਼ਬਦ ਸੁਣਨੇ ਅਤੇ ਅਸੀਸਾਂ ਦੇਣੀਆਂ। ਮਿਹਰ ਭਰੀ ਛੁਹ ਬਖਸ਼ੀ ਅਤੇ ਉਨ੍ਹਾਂ ਦਾ ਜੀਵਨ ਪਲਟ ਦਿਤਾ। ਭਾਈ ਸਾਹਿਬ ਹਰ ਸਾਲ ਬੰਬਈ ਜਾਂਦੇ ਅਤੇ ਉਨ੍ਹਾਂ ਨੂੰ ਕੀਰਤਨ ਲਈ ਬੁਲਾਉਂਦੇ। ਉਨ੍ਹਾਂ ਦੀ ਮਾਇਕ ਦਸ਼ਾ ਅਗੇ ਸਹਿਜ ਸੁਭਾ ਹੀ ਸੀ, ਪਰ ਹੁਣ ਭਾਈ ਸਾਹਿਬ ਦੇ ਸਦਕਾ ਮਾਇਆ ਉਨ੍ਹਾਂ ਦੇ ਪਿਛੇ ਪਿਛੇ ਦੌੜਨ ਲੱਗੀ। ਜੀਵਨ ਗੁਜ਼ਾਰਾ ਸੁਖਾਲਾ ਹੋ ਗਿਆ ਅਤੇ ਨਾਮ ਬਾਣੀ ਤੇ ਸਿਮਰਨ ਦੀ ਦਾਤ ਪ੍ਰਾਪਤ ਹੋ ਗਈ।

 www.sikhbookclub.com

# 15. ਭਾਈ ਸੁਧ ਸਿੰਘ ਜੀ

ਭਾਈ ਸੁਧ ਸਿੰਘ ਯਤੀਮਖਾਨਾ ਘਰਜਾਖ ਵਿਚ ਪੜ੍ਹਦੇ ਸਨ। ਆਸ਼ਰਮ ਨੂੰ ਕੁਝ ਰੁਪਏ ਦੀ ਟੋਟ ਹੋ ਗਈ। ਭਾਈ ਸੁਧ ਸਿੰਘ ਤੇ ਭਾਈ ਲਾਲ ਸਿੰਘ ਉਗ੍ਰਾਹੀ ਲਈ ਚੀਨ ਗਏ। ਚੀਨ ਵਿਚ ਜਾ ਕੇ ਕੀਰਤਨ ਕਰਦੇ ਅਤੇ ਆਸ਼੍ਰਮ ਲਈ ਰਕਮ ਇਕੱਠੀ ਕਰ ਕੇ ਹਰ ਮਹੀਨੇ ਭੇਜਦੇ। ਜਦੋਂ ਵਾਪਸ ਆਏ ਤਾਂ ਭਾਈ ਲਾਲ ਸਿੰਘ ਘਰਜਾਖ ਚਲੇ ਗਏ ਅਤੇ ਭਾਈ ਸੁਧ ਸਿੰਘ ਅੰਮ੍ਰਿਤਸਰ ਦਰਸ਼ਨਾਂ ਲਈ ਉਤਰ ਪਏ ਅਤੇ ਉਹ ਸੋਹਣ ਸਿੰਘ ਰਾਹੀਂ ਜੋ ਅੰਮ੍ਰਿਤਸਰ ਯਤੀਮਖਾਨੇ ਦੇ ਸੁਪ੍ਰੈਂਟੈਂਡੈਂਟ ਸਨ, ਪਾਸ ਠਹਿਰ ਗਏ। ਭਾਈ ਸੁਧ ਸਿੰਘ ਨੇ ਰਾਹੀ ਸਾਹਿਬ ਨੂੰ ਪੁਛਿਆ ਕਿ ਮੈਂ ਰਾਣਾ ਸੂਰਤ ਸਿੰਘ ਦੇ ਟ੍ਰੈਕਟ ਚੀਨ ਨਾਲ ਲੈ ਗਿਆ ਸੀ।ਉਥੇ ਪੜ੍ਹਦਾ ਰਿਹਾ ਹਾਂ ਤੇ ਰੋਂਦਾ ਰਿਹਾ ਹਾਂ ਅਤੇ ਹੋਰ ਜੋ ਵੀ ਕੋਈ ਪੜ੍ਹਦਾ ਸੀ, ਉਹ ਰੋਂਦਾ ਸੀ। ਇਹ ਟ੍ਰੈਕਟ ਕਿਸ ਨੇ ਲਿਖੇ ਹਨ? ਜਵਾਬ ਵਿਚ ਰਾਹੀ ਸਾਹਿਬ ਦੇ ਹੱਥ ਜੁੜ ਗਏ। ਨੇਤਰ ਭਰ ਆਏ, ਪਰ ਕੋਈ ਉਤਰ ਨਾ ਦਿਤਾ। ਦੂਜੇ ਦਿਨ ਫਿਰ ਭਾਈ ਸਾਹਿਬ ਨੇ ਰਾਹੀ ਸਾਹਿਬ ਨੂੰ ਸਵਾਲ ਕੀਤਾ। ਰਾਹੀ ਸਾਹਿਬ ਦੇ ਫਿਰ ਹੱਥ ਜੁੜ ਗਏ ਅਤੇ ਬੁਲ੍ਹ ਫਰਕਣ ਲਗ ਪਏ। ਭਾਈ ਸਾਹਿਬ ਹੈਰਾਨ ਹੋਏ ਕਿ ਇਹ ਉਤਰ ਨਹੀਂ ਦੇਂਦਾ, ਕੀ ਗੱਲ ਹੈ? ਤੀਜੇ ਦਿਨ ਫਿਰ ਉਨ੍ਹਾਂ ਨੇ ਖਿਝ ਕੇ ਆਖਿਆ ਕਿ ਰਾਹੀ ਸਾਹਿਬ ਜੀ ਤੁਸੀਂ ਕੀ ਕਰਦੇ ਹੋ। ਮੇਰੀ ਗੱਲ ਦਾ ਉਤਰ ਕਿਉਂ ਨਹੀਂ ਦੇਂਦੇ। ਜੇ ਨਹੀਂ ਦੱਸਣਾ ਤਾਂ ਸਾਫ ਇਨਕਾਰ ਕਰ ਦੇਵੋ। ਰਾਹੀ ਸਾਹਿਬ ਨੇ ਉਤਰ ਦਿਤਾ ਕਿ ਪਤੀ ਬ੍ਰਤਾ ਇਸਤਰੀ ਪਤੀ ਦਾ ਨਾਮ ਸਾਰਾ ਦਿਨ ਸਿਮਰਦੀ ਹੈ, ਪਰ ਜੇ ਕੋਈ ਨਾਮ ਪੁਛੇ ਤਾਂ ਨਾਮ ਨਹੀਂ ਲੈਂਦੀ। ਨਾਮ ਤੇ ਦੱਸਣਾ ਨਹੀਂ, ਜੇ ਕਰ ਦਰਸ਼ਨ

ਕਰਨਾ ਚਾਹੋ, ਤਾਂ ਅੱਜ ਹੀ ਕਰਾ ਦੇਵਾਂਗਾ। (ਭਾਈ ਸਾਹਿਬ ਦਾ ਹੁਕਮ ਸੀ, ਕਿ ਕਿਸੀ ਨੂੰ ਮੇਰਾ ਨਾਮ ਪਤਾ ਨਹੀਂ ਦੱਸਣਾ)। 11 ਵਜੇ ਦੇ ਕਰੀਬ ਭਾਈ ਸਾਹਿਬ ਸਾਈਕਲ ਤੇ ਸਵਾਰ ਹੋ ਯਤੀਮਖਾਨੇ ਆਏ। ਜਿਸ ਸਤਿਕਾਰ ਨਾਲ ਰਾਹੀ ਜੀ ਭਾਈ ਸਾਹਿਬ ਨੂੰ ਮਿਲੇ, ਭਾਈ ਸੁਧ ਸਿੰਘ ਸਮਝ ਗਏ ਕਿ ਇਹ ਹੀ ਭਾਈ ਸਾਹਿਬ ਹੋਣਗੇ। ਲਗ ਪਗ ਅੱਧਾ ਘੰਟਾ ਭਾਈ ਸਾਹਿਬ ਰਾਹੀ ਸਾਹਿਬ ਨਾਲ ਯਤੀਮਖਾਨੇ ਬਾਰੇ ਵੀਚਾਰ ਕਰਦੇ ਰਹੇ। ਫਿਰ ਭਾਈ ਸਾਹਿਬ ਨੇ ਭਾਈ ਸੁਧ ਸਿੰਘ ਨੂੰ ਸੰਬੋਧਨ ਕਰ ਕੇ ਕਿਹਾ ਕਿ ਭਾਈ ਸੁਧ ਸਿੰਘ ਜੀ ਚੀਨ ਨੂੰ ਤਾਰ ਆਏ ਹੋ ਜਾਂ ਬੋੜ ਆਏ ਹੋ। ਉਤਰ ਵਿਚ ਭਾਈ ਸੁਧ ਸਿੰਘ ਨੇ ਕਿਹਾ ਕਿ ਮੈਂ ਤਾਰਨ ਜਾਂ ਬੋੜਨ ਵਾਲਾ ਕੌਣ ਹੁੰਦਾ ਹਾਂ, ਉਗ੍ਰਾਹੀ ਕਰਨ ਗਿਆ ਸੀ, ਸੋ ਉਗ੍ਰਾਹੀ ਕਰ ਕੇ ਵਾਪਸ ਆ ਗਿਆ ਹਾਂ। ਭਾਈ ਸਾਹਿਬ ਨੇ ਭਾਈ ਸੁਧ ਸਿੰਘ ਵਲ ਵੇਖਿਆ ਅਤੇ ਕਿਹਾ ਕਿ ਆਪ ਬੀਮਾਰ ਨਜ਼ਰ ਆਉਂਦੇ ਹੋ। ਓਤਰ ਵਿਚ ਭਾਈ ਸੁਧ ਸਿੰਘ ਨੇ ਕਿਹਾ ਕਿ ਸਖਤ ਜ਼ੁਕਾਮ ਲੱਗਾ ਹੋਇਆ ਹੈ ਅਤੇ ਨਾਲ ਬੁਖਾਰ ਵੀ ਹੈ। ਭਾਈ ਸਾਹਿਬ ਨੇ ਕਿਹਾ ਕਿ ਸ਼ਾਹ ਪੁਰੀਏ ਤਾਂ ਬੀਮਾਰ ਨਹੀਂ ਹੁੰਦੇ। ਉਤਰ ਵਿਚ ਭਾਈ ਸੁਧ ਸਿੰਘ ਨੇ ਕਿਹਾ ਕਿ ਦੁਖ ਸੁਖ ਸਰੀਰਾਂ ਦੇ ਭੋਗ ਹਨ, ਸ਼ਾਹ ਪੁਰੀਏ ਕਿਸ ਤਰ੍ਹਾਂ ਉਸ ਥੀਂ ਬਚ ਸਕਦੇ ਹਨ। ਭਾਈ ਸਾਹਿਬ ਬੋਲੇ ਕਿ ਸ਼ਾਹਪੁਰੀਏ 100 ਵਿਚੋਂ 90 ਆਦਮੀ ਸੁਖਮਨੀ ਸਾਹਿਬ ਪੜ੍ਹਦੇ ਹਨ, ਜੋ ਸੁਖਮਨੀ ਪੜ੍ਹੇ ਓਹਨੂੰ ਕਾਹਦਾ ਰੋਗ? ਭਾਈ ਸੁਧ ਸਿੰਘ ਨੇ ਓਤਰ ਵਿਚ ਆਖਿਆ ਕਿ ਸੁਖਮਨੀ ਆਤਮਕ ਰੋਗ ਕਟਦੀ ਹੈ, ਸਰੀਰ ਦੇ ਰੋਗ ਦਾ ਇਸ ਦੇ ਨਾਲ ਕੀ ਸਬੰਧ। ਸਰੀਰ ਦੇ ਰੋਗ ਤਾਂ ਸਭ ਕਰਮਾਂ ਅਨੁਸਾਰ ਭੋਗਣੇ ਹਨ। ਭਾਈ ਸਾਹਿਬ ਨੇ ਕਿਹਾ ਕਿ ਤੁਸੀਂ ਸੁਖਮਨੀ ਨਹੀਂ ਪੜ੍ਹਦੇ। ਪੜ੍ਹੋ ਭਲਾ ਪਹਿਲੀ ਅਸ਼ਟਪਦੀ। ਭਾਈ ਸੁਧ ਸਿੰਘ ਨੇ "ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ "ਕਲਿ ਕਲੇਸ ਤਨ ਮਹਿ ਮਿਟਾਵਉ॥" ਪੜ੍ਹਿਆ ਤਾਂ ਭਾਈ ਸਾਹਿਬ ਨੇ ਕਿਹਾ ਬੋਲੋ ਭਾਈ ਸਾਹਿਬ ਇਥੇ ਗੁਰੂ ਜੀ ਤਨ ਮਹਿ ਆਖਦੇ ਹਨ ਜਾਂ ਮਨ ਮਹਿ ਆਖਦੇ ਹਨ। ਭਾਈ ਸੁਧ ਸਿੰਘ ਕੰਬਣ ਲਗੇ ਅਤੇ ਵਿਚਾਰਿਆ ਕਿ ਵਾਕਈ ਉਹ ਸੁਖਮਨੀ ਨਹੀਂ ਪੜ੍ਹਦੇ। ਭਾਈ ਸਾਹਿਬ ਨੇ ਇਸੀ ਪਰ ਬਚਨ ਸ਼ੁਰੂ ਕਰ ਦਿਤੇ। ਅੱਧਾ ਪੌਣਾ ਘੰਟਾ ਮਿਹਰਾਂ ਦਾ ਮੀਂਹ ਵਰਸਾਉਂਦੇ ਰਹੇ। ਭਾਈ ਸੁਧ ਸਿੰਘ ਰੋ ਰਹੇ ਸਨ ਅਤੇ ਭਾਈ ਸਾਹਿਬ ਦੇ ਚਰਨਾਂ ਤੇ ਢਹਿ ਪਏ। ਭਾਈ ਸਾਹਿਬ ਨੇ ਪਿਆਰ ਕੀਤਾ, ਥਾਪੜਾ ਦਿਤਾ ਅਤੇ ਚਰਨ ਛੁਹ ਬਖਸ਼ੀ। ਜੀਵਨ ਪਲਟ ਗਿਆ ਅਤੇ ਨਾਮ ਦੀ ਪ੍ਰਾਪਤੀ ਹੋ ਗਈ।

 www.sikhbookclub.com

# 16. ਬੀਬੀ ਕੁੰਦਨ ਜੀ ਤੇ ਸਰਦਾਰ ਮਧਸੂਦਨ ਸਿੰਘ ਜੀ

ਬੀਬੀ ਕੁੰਦਨ ਜੀ ਨੂੰ ਛੋਟੀ ਉਮਰ ਵਿਚ ਹੀ ਨਾਮ ਬਾਣੀ ਦੀ ਸੋਝੀ ਸੀ। ਭਾਈ ਧਿਆਨ ਸਿੰਘ ਜੀ ਜੋ ਡੇਰੇ ਖਾਲਸਾ, ਜਿਲ੍ਹਾ ਰਾਵਲਪਿੰਡੀ ਦੇ ਚੰਗੇ ਭਜਨੀਕ ਸੱਜਣ ਹੋਏ ਸਨ, ਉਨ੍ਹਾਂ ਦੇ ਸਤਿਸੰਗ ਵਿਚ ਜਾਇਆ ਕਰਦੀ ਸੀ। ਜਦੋਂ ਭਾਈ ਸਾਹਿਬ ਵੀਰ ਸਿੰਘ ਜੀ ਐਬਟਾਬਾਦ ਗਏ ਤਾਂ ਇਹ ਬੀਬੀ ਉਨ੍ਹਾਂ ਦੀ ਚਰਨ ਛੋਹ ਲੈ ਕੇ ਨਾਮ ਵਿਚ ਜੀਉ ਪਈ। ਉਸ ਦਾ ਜੀਵਨ ਪਲਟ ਗਿਆ, ਜੀਵਨ ਰਹੱਸਮਈ ਹੋ ਗਿਆ। ਇਸ ਦੀ ਸ਼ਾਦੀ ਰਾਵਲਪਿੰਡੀ ਦੇ ਸਰਦਾਰ ਮਧਸੂਦਨ ਸਿੰਘ ਜੀ ਨਾਲ ਹੋਈ। ਸਰਦਾਰ ਜੀ ਰਾਵਲਪਿੰਡੀ ਵਿਚ ਐਜੂਕੇਸ਼ਨ ਡੀਪਾਰਟਮੈਂਟ ਵਿਚ ਹੈਡ ਕਲਰਕ ਸਨ। ਬੀਬੀ ਭਾਵੇਂ ਚੰਗੇ ਅਮੀਰ ਘਰ ਦੀ ਜੰਮ ਪਲ ਸੀ, ਪਰ ਸੌਹਰੇ ਘਰ ਜਾ ਕੇ ਇਸ ਨੇ ਕੋਈ ਸ਼ਾਨ ਗੁਮਾਨ ਨਹੀਂ ਕੀਤਾ ਸੀ। ਸਾਰੇ ਕੰਮ ਆਪ ਹੱਥੀਂ ਕਰਦੀ। ਹਰ ਸਮੇਂ ਖਿੜੀ ਰਹਿੰਦੀ। ਭਾਈ ਸਾਹਿਬ ਨੇ ਜਿਹੜੀ ਪ੍ਰਭੂ-ਪਿਆਰ ਦੀ ਚਣਿੰਗ ਉਸ ਨੂੰ ਲਾਈ ਸੀ, ਕਾਫੀ ਸਮੇਂ ਤਕ ਉਸ ਨੇ ਹਿਰਦੇ ਵਿਚ ਲੁਕਾਈ ਰਖੀ ਸੀ। ਉਸ ਨੇ ਭਾਈ ਧਿਆਨ ਸਿੰਘ ਜੀ ਦੇ ਦਰਸ਼ਨਾਂ ਨੂੰ ਜਾਣਾ ਛੱਡ ਦਿਤਾ। ਉਸ ਤੋਂ ਸਤਿਸੰਗਣਾਂ ਨਾ ਜਾਣ ਦਾ ਕਾਰਨ ਪੁਛਦੀਆਂ। ਅੰਤ ਉਸ ਤੋਂ ਰਿਹਾ ਨਾ ਗਿਆ ਅਤੇ ਰੋ ਕੇ ਕਿਹਾ ਹੁਣ ਕਿਧਰੇ ਜਾਣ ਦੀ ਭੁਖ ਨਹੀਂ ਰਹੀ। ਉਨ੍ਹਾਂ ਨੇ ਉਸ ਨੂੰ ਡਰਾਇਆ ਕਿ ਭਾਈ ਧਿਆਨ ਸਿੰਘ ਜੀ ਬੜੇ ਕਰਾਮਾਤੀ ਹਨ, ਦੇਖੀਂ ਤੇਰਾ ਦਿਮਾਗ਼ ਫਟ ਜਾਏਗਾ। ਪਰ ਉਹ ਆਪਣੇ ਇਰਾਦੇ ਵਿਚ ਦ੍ਰਿੜ੍ਹ ਰਹੀ। ਹੁਣ ਉਸ ਦੇ ਘਰ ਵਾਲਿਆਂ ਨੂੰ ਵੀ ਪਤਾ ਚੱਲ ਗਿਆ ਕਿ ਭਾਈ ਵੀਰ ਸਿੰਘ ਜੀ ਦੀ ਸਤਿਸੰਗਣ ਹੈ। ਘਰ ਵਾਲਿਆਂ ਨੂੰ ਇਹ ਗੱਲ ਚੰਗੀ ਨਾ ਲੱਗੀ। ਭਾਈ ਸਾਹਿਬ ਦੇ ਦਰਸ਼ਨਾਂ ਦੀ ਵਿੱਥ ਲੰਮੀ ਹੋ ਗਈ, ਪਰ ਜਦੋਂ ਐਬਟਾਬਾਦ ਪੇਕੇ ਜਾਂਦੀ ਤਾਂ ਉਥੋਂ ਭਾਈ ਸਾਹਿਬ


www.sikhbookclub.com

ਬਾਰੇ ਬੀਬੀ ਸੰਤ ਜੀ ਤੋਂ ਪੁਛਦੀ ਰਹਿੰਦੀ। ਇਸ ਬੀਬੀ ਨੂੰ ਇਕ ਲੜਕਾ ਹੋਇਆ ਅਤੇ ਕੁਝ ਬੀਮਾਰ ਹੋ ਗਈ। ਕੁਝ ਇਲਾਜ ਠੀਕ ਢੰਗ ਨਾਲ ਨਾ ਹੋਇਆ ਤੇ ਇਹ ਬੀਬੀ ਵਾਹਿਗੁਰੂ ਨਾਮ ਨਾਲ ਜੁੜੀ ਉਸ ਦਾਤੇ ਦੀ ਗੋਦ ਵਿਚ ਜਾ ਬਿਰਾਜੀ। ਬੀਬੀ ਦੇ ਪੇਕੇ ਪ੍ਰਵਾਰ ਨੇ ਕੁਝ ਉਦਾਸੀ ਪ੍ਰਗਟ ਕੀਤੀ ਅਤੇ ਕੁਝ ਨਾਰਾਜ਼ ਹੋ ਗਏ। ਸਰਦਾਰ ਮਧਸੂਦਨ ਸਿੰਘ ਬੀਬੀ ਦੇ ਫੁੱਲ ਲੈ ਕੇ ਹਰਦਵਾਰ ਗਏ। ਉਥੇ ਉਨ੍ਹਾਂ ਨੂੰ ਪਤਾ ਚਲਿਆ ਕਿ ਭਾਈ ਸਾਹਿਬ ਡੇਹਰਾਦੂਨ ਆਏ ਹੋਏ ਹਨ। ਹਰਦਵਾਰ ਤੋਂ ਉਹ ਡੇਹਰਾਦੂਨ ਭਾਈ ਸਾਹਿਬ ਪਾਸ ਪੁਜੇ। ਅਗੋਂ ਭਾਈ ਸਾਹਿਬ ਨੇ ਝਟ ਕਿਹਾ ਕਿ ਕੁੰਦਨ ਦੇ ਫੁਲ ਪਾ ਆਏ ਹੋ। ਸਰਦਾਰ ਜੀ ਹੈਰਾਨ ਸਨ ਕਿ ਅਸੀ ਇਨ੍ਹਾਂ ਨੂੰ ਤਾਂ ਖ਼ਬਰ ਦਿਤੀ ਨਹੀਂ, ਕਿਵੇਂ ਇਨ੍ਹਾਂ ਨੂੰ ਪਤਾ ਚਲਿਆ ਹੈ। ਹੱਥ ਜੋੜ ਕੇ ਸਰਦਾਰ ਸਾਹਿਬ ਨੇ ਭਾਈ ਸਾਹਿਬ ਤੋਂ ਇਸ ਬਾਰੇ ਪੁਛਿਆ। ਭਾਈ ਸਾਹਿਬ ਨੇ ਉਨ੍ਹਾਂ ਨੂੰ ਟਾਲਿਆ, ਪਰ ਉਹ ਪਿਛੇ ਹੀ ਪੈ ਗਏ। ਆਖਰ ਭਾਈ ਸਾਹਿਬ ਨੇ ਕਿਹਾ ਕਿ ਸਾਨੂੰ ਬੀਮਾਰੀ ਦੀ ਖਬਰ ਆਈ ਸੀ। ਅਸੀਂ ਅਰਦਾਸ ਕੀਤੀ ਤੇ ਫਿਰ ਕੀਤੀ ਤੇ ਵਿਚ ਤੁਸੀਂ ਆ ਖਲੋਂਦੇ ਸੀ। ਇਸ ਤੋਂ ਅਸੀਂ ਸਮਝ ਲਿਆ ਕਿ ਬੀਬੀ ਦਾ ਅੰਤ ਸਮਾਂ ਆ ਗਿਆ ਹੈ। ਸਰੀਰ ਨਹੀਂ ਰਹੇਗਾ। ਬਸ ਇਹ ਗੱਲ ਹੋਣੀ ਹੀ ਸੀ। ਸਰਦਾਰ ਮਧਸੂਦਨ ਸਿੰਘ ਜੀ ਦੇ ਅੰਦਰ ਸਿਦਕ ਆ ਗਿਆ। ਇਸ ਤੋਂ ਪਿਛੋਂ ਉਹ ਭਾਈ ਸਾਹਿਬ ਨੂੰ ਮਿਲਦੇ ਰਹੇ ਤੇ ਇਨ੍ਹਾਂ ਦਾ ਵੀ ਜੀਵਨ ਪਲਟ ਗਿਆ। ਇਹ ਅੰਮ੍ਰਿਤ ਵੇਲੇ ਉਠ ਕੇ ਨਾਮ ਜਪਦੇ ਅਤੇ ਫਿਰ ਇਸ਼ਨਾਨ ਕਰ ਕੇ ਬਾਣੀ ਪੜ੍ਹਦੇ ਰਹੇ। ਇਨ੍ਹਾਂ ਨੇ ਇਕ ਹੋਰ ਸ਼ਾਦੀ ਕੀਤੀ। ਇਨ੍ਹਾਂ ਦੇ ਦੋ ਲੜਕੇ ਤੇ ਤਿੰਨ ਲੜਕੀਆਂ ਹੋਈਆਂ ਹਨ। ਇਨ੍ਹਾਂ ਦੀ ਦੂਜੀ ਘਰ ਵਾਲੀ ਵੀ ਗੁਜ਼ਰ ਗਈ। ਦੇਸ਼ ਦੀ ਵੰਡ ਤੋਂ ਪਿਛੋਂ ਇਹ ਬੰਬਈ ਚਲੇ ਗਏ। ਨਾਮ ਬਾਣੀ ਦੀ ਖੁਸ਼ਬੂ ਨੇ ਇਨ੍ਹਾਂ ਦੀ ਆਤਮਾ ਸਵੱਛ ਕਰ ਦਿਤੀ ਸੀ। ਫਿਰ ਆਪ ਛੋਟੇ ਲੜਕੇ ਦੇ ਪਾਸ ਪੂਨੇ ਚਲੇ ਗਏ। ਜਿਸ ਦਿਨ ਇਨ੍ਹਾਂ ਨੇ ਚਲਾਣਾ ਕਰਨਾ ਸੀ ਉਹ ਤਿੰਨ ਵਜੇ ਸਵੇਰੇ ਉਠੇ। ਰੋਜ਼ ਦਾ ਨੇਮ ਬਾਣੀ ਦਾ ਪਾਠ ਪੂਰਾ ਕੀਤਾ। ਫਿਰ ਦੁਧ ਲੈਣ ਚਲੇ ਗਏ। ਆਣ ਕੇ ਆਪ ਦੁਧ ਗਰਮ ਕੀਤਾ ਤੇ ਪੀਤਾ। ਫਿਰ ਗੁਰਦੁਆਰੇ ਚਲੇ ਗਏ। ਸ਼ਾਮ ਨੂੰ ਚਾਰ ਵਜੇ ਲੜਕਾ ਦਫਤਰ ਤੋਂ ਵਾਪਸ ਆਇਆ। ਉਹ ਉਸ ਨੂੰ ਬਾਬਾ ਜੀ ਦੇ ਕਮਰੇ ਵਿਚ ਲੈ ਗਏ, ਉਥੇ ਉਸ ਨੂੰ ਦਸਿਆ ਕਿ ਹੁਣ ਮੇਰਾ ਸਮਾਂ ਆ ਗਿਆ ਹੈ। ਬਾਬਾ ਜੀ ਦੇ ਕਮਰੇ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਤਸਵੀਰ ਲਟਕ ਰਹੀ ਸੀ। ਆਪਣੇ ਲੜਕੇ ਨੂੰ ਦਸਿਆ ਕਿ ਇਨ੍ਹਾਂ ਮਹਾਂਪੁਰਸ਼ਾਂ ਦੇ ਚਰਨਾਂ ਦਾ ਸਦਕਾ ਤੇ ਗੁਰੂ ਗਰੰਥ ਸਾਹਿਬ ਜੀ ਦੀ ਓਟ ਦਾ ਸਦਕਾ ਉਨ੍ਹਾਂ ਨੂੰ ਹੁਣ ਅਗੇ ਦਾ ਕੋਈ ਫਿਕਰ ਨਹੀਂ ਹੈ ਅਤੇ ਸਤਿਸੰਗ ਵਿਚ ਜਾਵਾਂਗੇ। ਉਨ੍ਹਾਂ ਨੇ ਇਹ ਵੀ ਦਸਿਆ ਕਿ ਹੁਣ ਮੈਨੂੰ ਖੁਸ਼ੀ ਹੈ ਅਤੇ ਇਹ ਪ੍ਰਾਪਤੀ ਕੁੰਦਨ ਜੀ ਦੀ ਕਿਰਪਾ ਨਾਲ ਹੋਈ ਹੈ। ਲਗ ਪਗ ਡੇਢ ਘੰਟਾ ਉਹ ਪੁੱਤਰ ਨੂੰ


www.sikhbookclub.com

ਪਰਮਾਰਥ ਦੀਆਂ ਗੱਲਾਂ ਤੇ ਘਾਲ ਦੇ ਤਰੀਕੇ ਸਮਝਾਉਂਦੇ ਰਹੇ। ਪੁੱਤਰ ਨੇ ਕਿਹਾ ਕਿ 6 ਵਜਣ ਵਾਲੇ ਹਨ ਅਤੇ ਮੈਂ ਕਿਧਰੇ ਜਾਣਾ ਹੈ। ਪੁੱਤਰ ਨੂੰ ਕਿਹਾ ਕਿ ਮੈਨੂੰ ਇਹ ਸ਼ਬਦ "ਓੜਿ ਪਹੁਚਾਵਹੁ ਦਾਤੇ" ਸੁਣਾ ਕੇ ਜਾ। ਲੜਕੇ ਨੇ ਕਿਹਾ ਕਿ ਵਾਪਸ ਆ ਕੇ ਸੁਣਾਵਾਂਗਾ। ਆਪ ਗੁਰੂ ਗੁਰੂ ਕਰਦੇ ਲੇਟ ਗਏ। ਰਾਤੀਂ ਜਦੋਂ ਲੜਕਾ ਵਾਪਸ ਆਇਆ, ਉਸ ਨੇ ਦੇਖਿਆ ਕਿ ਪਿਤਾ ਦਾ ਸਾਹ ਤੇਜ਼ ਚੱਲ ਰਿਹਾ ਹੈ ਅਤੇ ਵਾਹਿਗੁਰੂ ਵਾਹਿਗੁਰੂ ਕਰ ਰਹੇ ਹਨ। ਉਸ ਨੇ ਕਿਹਾ ਕਿ ਆਪ ਨੂੰ ਹਸਪਤਾਲ ਲੈ ਚੱਲਦਾ ਹਾਂ, ਪਰ ਆਪ ਨਾਂਹ ਕਰਦੇ ਰਹੇ। ਆਖਰ ਕਿਹਾ ਕਿ ਜਿਵੇਂ ਤੇਰੀ ਮਰਜ਼ੀ। ਹਸਪਤਾਲ ਪੁਜ ਕੇ ਮੇਜ਼ ਉਤੇ ਲਿਟਾਇਆ ਗਿਆ ਅਤੇ ਹੱਥ ਜੁੜੇ ਹੋਏ ਸਨ। ਨਰਸ ਨੇ ਹੱਥ ਲੰਮੇ ਕੀਤੇ ਪਰ ਉਨ੍ਹਾਂ ਨੇ ਫੇਰ ਜੋੜ ਲਏ ਤੇ ਸਵਾਸ ਦੇ ਦਿਤੇ। ਅਜੀਬ ਮੌਤ ਹੋਈ। ਲੜਕੇ ਨੂੰ ਬੜੀ ਉਦਾਸੀ ਹੋਈ ਕਿ ਉਸ ਨੇ ਸ਼ਬਦ ਕਿਉਂ ਨਾ ਸੁਣਾਇਆ। ਲੜਕੇ ਨੇ ਪੂਨੇ ਵਿਚ ਭਾਈ ਵੀਰ ਸਿੰਘ ਸਟਡੀ ਸਰਕਲ ਬਣਾਇਆ ਹੋਇਆ ਹੈ, ਅਤੇ ਸਮਾਗਮ ਹੁੰਦੇ ਰਹਿੰਦੇ ਹਨ।

 www.sikhbookclub.com

# 17. ਬਾਬੂ ਮੱਖਣ ਸਿੰਘ ਜੀ

ਆਪ ਜੀ ਦਾ ਜਨਮ ਕਾਲਰਾ ਦੀਵਾਨ ਸਿੰਘ ਜ਼ਿਲ੍ਹਾ ਗੁਜਰਾਤ ਵਿਚ 5 ਮਈ 1876 ਨੂੰ ਹੋਇਆ। ਬਚਪਨ ਤੋਂ ਹੀ ਆਪ ਮਿਹਨਤੀ ਤੇ ਜ਼ਹੀਨ ਸਨ। ਆਪ ਹਮੇਸ਼ਾਂ ਪੜ੍ਹਾਈ ਵਿਚ ਅਵੱਲ ਰਹਿੰਦੇ ਰਹੇ ਅਤੇ ਵਜ਼ੀਫੇ ਲੈਂਦੇ ਰਹੇ। ਆਪ ਜੀ ਨੇ ਗੁਜਰਾਤ ਮਿਸ਼ਨ ਸਕੂਲ ਤੋਂ ਐਂਟਰੇਂਸ ਪਾਸ ਕੀਤਾ। ਆਪ ਮੈਡੀਕਲ ਸਕੂਲ, ਲਾਹੌਰ ਵਿਚ ਦਾਖਲ ਹੋਏ ਅਤੇ ਆਪ ਨੇ ਉਥੋਂ ਵਜ਼ੀਫਾ ਹਾਸਲ ਕੀਤਾ। ਕੁਝ ਸਮੇਂ ਪਿਛੋਂ ਡਾਕਟਰੀ ਦੀ ਪੜ੍ਹਾਈ ਛਡ ਕੇ ਆਪ ਪੰਜਾਬ ਪਬਲਕ ਵਰਕਸ ਡੀਪਾਰਟਮੈਂਟ ਵਿਚ ਗੁਜਰਾਂਵਾਲੇ ਵਿਖੇ ਨੌਕਰ ਹੋ ਗਏ। ਦੋ ਸਾਲ ਦੇ ਅੰਦਰ ਅੰਦਰ ਹੀ ਆਪ ਨੇ ਡਵੀਜ਼ਨਲ ਡਕਾਊਟੈਂਟ ਦਾ ਇਮਤਿਹਾਨ ਦਿਤਾ ਤੇ ਸਾਰੇ ਹਿੰਦ ਵਿਚ ਸੱਤਵੇਂ ਨੰਬਰ ਤੇ ਰਹੇ।

ਆਪ ਦਾ ਗੁਜਰਾਂਵਾਲੇ ਆਉਣ ਦਾ ਸਮਾਂ ਉਹ ਸੀ ਜਦ ਕਿ ਸਿੰਘ ਸਭਾ ਲਹਿਰ ਅਜੇ ਸ਼ੁਰੂ ਹੀ ਹੋਈ ਸੀ। ਆਪ ਨੇ ਸਿੰਘ ਸਭਾ ਲਹਿਰ ਵਿਚ ਪੂਰਾ ਪੂਰਾ ਹਿਸਾ ਲਿਆ। ਦਫਤਰ ਦੇ ਸਮੇਂ ਤੋਂ ਪਿਛੋਂ ਆਪ ਸਾਰਾ ਸਮਾਂ ਪੰਥਕ ਸੇਵਾ ਵਿਚ ਗੁਜ਼ਾਰਦੇ। ਆਪ ਘਰਜਾਖ ਆਸ਼ਰਮ ਦੇ ਮੁਢਲੇ ਸੇਵਕਾਂ ਵਿਚੋਂ ਸਨ। ਜਿਤਨੀ ਦੇਰ ਆਪ ਗੁਜਰਾਂ ਵਾਲੇ ਰਹੇ ਘਰਜਾਖ ਆਸ਼ਰਮ ਅਤੇ ਗੁਜਰਾਂਵਾਲੇ ਸਿੰਘ ਸਭਾ ਦੇ ਸਕੱਤ੍ਰ ਰਹੇ। ਆਪ ਜੀ ਨੇ ਘਰਜਾਖ ਆਸ਼ਰਮ ਦੀ ਉਸਾਰੀ ਵਿਚ ਉਘਾ ਹਿਸਾ ਪਾਇਆ ਹੈ। ਅਨੰਦ ਮੈਰਿਜ ਐਕਟ ਦੀ ਐਜੀਟੇਸ਼ਨ ਵਿਚ ਆਪ ਨੇ ਵਧ ਚੜ੍ਹ ਕੇ ਹਿਸਾ ਲਿਆ। ਮਈ 1905 ਵਿਚ ਆਪ ਜੀ ਦੀ ਸ਼ਾਦੀ ਵਜ਼ੀਰਾਬਾਦ ਸ੍ਰ: ਕੇਸਰ ਸਿੰਘ ਸਰਨਾ ਦੇ ਘਰ ਹੋਈ। ਆਪ ਦੀ ਸ਼ਾਦੀ ਪੂਰਨ ਗੁਰ ਮਰਿਆਦਾ ਅਨੁਸਾਰ ਹੋਈ। ਹਿੰਦੂਆਂ ਵਲੋਂ ਸਖਤ ਵਿਰੋਧਤਾ ਕੀਤੀ ਗਈ ਅਤੇ


www.sikhbookclub.com

ਬਰਾਦਰੀ ਨੇ ਵੀ ਬਾਈਕਾਟ ਕਰ ਦਿਤਾ। ਇਨ੍ਹਾਂ ਮੁਸ਼ਕਲਾਂ ਦੇ ਬਾਵਜੂਦ ਆਪ ਅਡੋਲ ਰਹੇ ਅਤੇ ਆਪਣੇ ਆਸ਼ੇ ਤੇ ਦ੍ਰਿੜ੍ਹ ਰਹੇ।

ਆਪ ਪੰਜਾਬ ਨਹਿਰ ਦੇ ਮਹਿਕਮੇ ਵਿਚ ਡਵੀਜ਼ਨਲ ਅਕਾਊਂਟੈਂਟ ਸਨ। 1915 ਵਿਚ ਰਸੂਲ (ਪੰਜਾਬ) ਨਹਿਰ ਦੇ ਹੈਡ ਵਰਕਸ ਤੇ ਲਗੇ ਹੋਏ ਸਨ। ਉਥੇ ਹੀ ਸਰਦਾਰ ਨਰਾਇਣ ਸਿੰਘ ਜੀ ਹੈਡ ਕਲਰਕ ਲਗੇ ਹੋਏ ਸਨ। ਸਰਦਾਰ ਨਰਾਇਣ ਸਿੰਘ ਮਰਦਾਨ ਵਿਚ ਡਾ. ਦੀਵਾਨ ਸਿੰਘ ਦਾ ਸਤਿਸੰਗ ਮਾਣਦੇ ਰਹੇ ਸਨ ਅਤੇ ਉਨ੍ਹਾਂ ਦੀ ਰਾਹੀਂ ਉਨ੍ਹਾਂ ਭਾਈ ਸਾਹਿਬ ਦੀ ਟੋਹ ਪ੍ਰਾਪਤ ਕੀਤੀ ਸੀ ਅਤੇ ਉਨ੍ਹਾਂ ਨੂੰ ਨਾਮ ਦਾ ਰੰਗ ਲਗ ਚੁਕਾ ਸੀ। ਡਾਕਟਰ ਹੀਰਾ ਸਿੰਘ ਜੀ ਦੀ ਤਬਦੀਲੀ ਵੀ ਇਥੇ ਹੀ ਸਿਵਲ ਸਰਜਨ ਵਜੋਂ ਹੋ ਗਈ। ਇਨ੍ਹਾਂ ਤਿੰਨਾਂ ਵਿਅਕਤੀਆਂ ਦਾ ਮੇਲ ਹੋਇਆ ਅਤੇ ਆਪੋ ਵਿਚ ਪ੍ਰੇਮ ਵਧਣ ਲਗਾ। ਸਰਦਾਰ ਨਰਾਇਣ ਸਿੰਘ ਜੀ ਮੌਕਾ ਮਿਲਣ ਤੇ ਭਾਈ ਸਾਹਿਬ ਜੀ ਦਾ ਜ਼ਿਕਰ ਇਨ੍ਹਾਂ ਨਾਲ ਕਰਦੇ। ਬਾਬੂ ਮੱਖਣ ਸਿੰਘ ਦੇ ਅੰਦਰ ਧੁਰੋਂ ਬਖਸ਼ੀ ਹੋਈ ਕੋਈ ਚੀਜ਼ ਸੀ, ਜਦੋਂ ਸੱਚੇ ਸੁੱਚੇ ਸਤਿਸੰਗ ਦੀ ਖੁਸ਼ਬੂ ਪ੍ਰਾਪਤ ਹੋਈ ਤਾਂ ਉਹ ਦਾਤ ਨਜ਼ਰੀਂ ਪਈ। ਇਕ ਦਿਨ ਨਹਿਰ ਦੇ ਕੰਢੇ ਇਹ ਤਿੰਨੋਂ ਬੈਠੇ ਸਨ ਅਤੇ ਸਰਦਾਰ ਨਰਾਇਣ ਸਿੰਘ ਜੀ ਉਨ੍ਹਾਂ ਨੂੰ ਭਾਈ ਸਾਹਿਬ ਦਾ ਇਕ ਟ੍ਰੈਕਟ ਪੜ੍ਹ ਕੇ ਸੁਣਾ ਰਹੇ ਸਨ। ਟ੍ਰੈਕਟ ਦਾ ਸਿਰਲੇਖ "ਦਰਸ਼ਨ ਨਹੀਂ ਜੇ ਦੇਣ ਲਗਾ" ਸੀ। ਬਾਬੂ ਮੱਖਣ ਸਿੰਘ ਜੀ ਦੀਆਂ ਅੱਖਾਂ ਵਿਚੋਂ ਪਾਣੀ ਜਾਰੀ ਹੋ ਗਿਆ ਅਤੇ ਵਾਹਿਗੁਰੂ, ਵਾਹਿਗੁਰੂ ਦੀ ਧੁਨੀ ਵਿਚ ਲੀਨ ਹੋ ਗਏ। ਉਨ੍ਹਾਂ ਉਤੇ ਇਕ ਨੀਮ-ਬੇਹੋਸ਼ੀ ਜਿਹੀ ਅਵਸਥਾ ਛਾ ਗਈ। ਦੋਵੇਂ ਸੱਜਣ ਉਨ੍ਹਾਂ ਨੂੰ ਰਲ ਕੇ ਘਰ ਲੈ ਗਏ ਅਤੇ ਉਨ੍ਹਾਂ ਦੀ ਪਤਨੀ ਨੂੰ ਸਾਰੀ ਗੱਲ ਦੱਸੀ। ਕੁਝ ਸਮੇਂ ਬਾਅਦ ਉਹ ਠੀਕ ਹੋ ਗਏ।

ਇਕ ਦਿਨ ਉਹ ਬਾਹਰ ਦੌਰੇ ਉਪਰ ਗਏ ਹੋਏ ਸਨ ਅਤੇ ਵਾਪਸੀ ਤੇ ਉਹ ਨਹਿਰ ਦੇ ਕੰਢੇ ਬੈਠ ਕੇ ਕੋਈ ਟ੍ਰੈਕਟ ਪੜ੍ਹਨ ਲਗ ਪਏ। ਨਾਮ ਜਾਰੀ ਹੋ ਗਿਆ ਅਤੇ ਹਰ ਪਾਸੇ ਵਾਹਿਗੁਰੂ ਦੀ ਧੁਨੀ ਸੁਣਾਈ ਦੇਵੇ। ਉਨ੍ਹਾਂ ਨੂੰ ਪਸ਼ਾਬ ਦੀ ਅਵਸ਼ਕਤਾ ਹੋਈ, ਪਰ ਹਰ ਪਾਸੇ ਉਨ੍ਹਾਂ ਨੂੰ ਵਾਹਿਗੁਰੂ ਦਿਸਦਾ ਸੀ, ਇਸ ਲਈ ਉਹ ਬੇਅਦਬੀ ਤੋਂ ਡਰਦੇ ਹੋਏ ਪਸ਼ਾਬ ਲਈ ਨਾ ਗਏ। ਇਸੀ ਮਸਤਾਨੀ ਦਸ਼ਾ ਵਿਚ ਉਹ ਘਰ ਪਹੁੰਚੇ। ਚੇਹਰੇ ਉਤੇ ਅਜੀਬ ਪ੍ਰਭਾਵ ਸੀ। ਘਰ ਵਾਲੀ ਨੇ ਸੰਭਾਲ ਕੇ ਉਨ੍ਹਾਂ ਨੂੰ ਲਿਟਾ ਦਿਤਾ। ਕੁਝ ਚਿਰ ਉਹ ਅਜਿਹੀ ਸਵਾਦ ਵਾਲੀ ਦਸ਼ਾ ਵਿਚ ਹੀ ਰਹੇ ਅਤੇ ਇਕਾਂਤ ਲੇਟੇ ਰਹੇ। ਇਹ ਸਾਰੀ ਗੱਲ ਸਰਦਾਰ ਨਰਾਇਣ ਸਿੰਘ ਜੀ ਨੇ, ਜਦੋਂ ਉਹ ਅੰਮ੍ਰਿਤਸਰ ਗਏ, ਭਾਈ ਸਾਹਿਬ ਜੀ ਨੂੰ ਦੱਸੀ ਅਤੇ ਆਗਿਆ ਮੰਗੀ ਕਿ ਉਹ ਬਾਬੂ ਮੱਖਣ ਸਿੰਘ ਨੂੰ ਉਨ੍ਹਾਂ ਪਾਸ ਲੈ ਆਉਣ। ਆਗਿਆ ਮਿਲਣ ਤੇ ਸਰਦਾਰ ਨਰਾਇਣ ਸਿੰਘ, ਬਾਬੂ ਮੱਖਣ ਸਿੰਘ ਅਤੇ ਡਾ: ਹੀਰਾ ਸਿੰਘ ਨੂੰ ਨਾਲ ਲੈ ਕੇ ਭਾਈ ਸਾਹਿਬ

ਪਾਸ ਪੁਜੇ। ਭਾਈ ਸਾਹਿਬ ਜੀ ਨੇ ਅਗੋਂ ਹੱਸ ਕੇ ਆਖਿਆ ਕਿ ਰਸੂਲ ਦੇ ਤਿੰਨ ਯਾਰ ਆਏ ਹਨ। ਬਾਬੂ ਮੱਖਣ ਸਿੰਘ ਜੀ ਦਰਸ਼ਨ ਕਰ ਕੇ ਬੜੇ ਸੁਖੀ ਹੋਏ। ਇਨ੍ਹਾਂ ਦੀ ਤਾਂ ਕੋਈ ਇਸ ਤਰ੍ਹਾਂ ਦੀ ਦਸ਼ਾ ਸੀ ਜਿਵੇਂ ਕਿ ਪੂਰਬਲੇ ਕਰਮਾਂ ਸਦਕਾ ਕੋਈ ਦੀਵਾ ਬਣਿਆ ਹੋਵੇ ਅਤੇ ਵਿਚ ਵੱਟੀ ਤੇ ਘਿਉ ਪਏ ਹੋਣ, ਲੋੜ ਕੇਵਲ ਜੋਤ ਦੀ ਛੋਹ ਦੀ ਸੀ। ਜਦੋਂ ਭਾਈ ਸਾਹਿਬ ਜੀ ਦਾ ਉਨ੍ਹਾਂ ਨੂੰ ਮੇਲ ਹੋਇਆ ਤਾਂ ਜੋਤ ਨਾਲ ਜੋਤ ਜਗ ਪਈ। ਭਾਈ ਸਾਹਿਬ ਜੀ ਨੇ ਉਨ੍ਹਾਂ ਨੂੰ ਸਾਰਾ ਰਸਤਾ ਸਮਝਾਇਆ ਅਤੇ ਠੀਕ ਪਟੜੀ ਪਰ ਚਾੜ੍ਹ ਦਿਤਾ। ਭਾਈ ਸਾਹਿਬ ਆਪ ਨੂੰ ਸਦਾ ਬਾਬੂ ਜੀ ਕਹਿ ਕੇ ਪੁਕਾਰਦੇ ਸਨ।

ਕੁਝ ਸਮੇਂ ਪਿਛੋਂ ਉਨਾਂ ਦੀ ਤਬਦੀਲੀ ਲਾਇਲਪੁਰ ਹੋ ਗਈ। ਉਥੇ ਸਰਦਾਰ ਖਜ਼ਾਨ ਸਿੰਘ ਜੀ ਸੂਰੀ ਅਤੇ ਚੌਧਰੀ ਸੁੰਦਰ ਸਿੰਘ ਜੀ ਗੁਰੂ ਦੇ ਪਿਆਰੇ ਉਥੇ ਮੌਜੂਦ ਸਨ। ਇਨ੍ਹਾਂ ਵਿਅਕਤੀਆਂ ਨਾਲ ਉਨ੍ਹਾਂ ਦਾ ਮੇਲ ਹੋ ਗਿਆ। ਇਹ ਤਿੰਨੋ ਮਿਲ ਕੇ ਸਤਿਸੰਗ ਕਰਦੇ ਅਤੇ ਨਾਮ ਅਭਿਆਸ ਕਰਦੇ। ਭਾਈ ਸਾਹਿਬ ਜੀ ਨੂੰ ਇਹ ਮਿਲਦੇ ਰਹੇ ਅਤੇ ਇਸੀ ਤਰ੍ਹਾਂ ਸਮਾਂ ਘਾਲ ਵਿਚ, ਪਿਆਰ ਵਿਚ ਅਤੇ ਸਿਕ ਵਿਚ ਬੀਤਦਾ ਗਿਆ। ਭਾਈ ਸਾਹਿਬ ਜੀ ਵੀ ਉਨ੍ਹਾਂ ਦੀ ਦਿਲੋਂ ਕਦਰ ਕਰਦੇ ਸਨ। ਭਾਈ ਸਾਹਿਬ ਜੀ ਜਦੋਂ ਅੰਮ੍ਰਿਤ ਪ੍ਰਚਾਰ ਲਈ ਕੋਈ ਤਾਰੀਖ ਨੀਅਤ ਕਰਦੇ ਸਨ ਤਾਂ ਬਾਬੂ ਮੱਖਣ ਸਿੰਘ ਜੀ ਨੂੰ ਵਿਚ ਸ਼ਾਮਲ ਕਰਦੇ ਸਨ। ਸੰਤ ਸੰਗਤ ਸਿੰਘ ਜੀ, ਸਰ ਤੇਜਾ ਸਿੰਘ ਜੀ ਮਲਕ, ਪ੍ਰੋ: ਪੂਰਨ ਸਿੰਘ ਜੀ ਤੇ ਡਾ: ਬਲਬੀਰ ਸਿੰਘ ਜੀ ਨੂੰ ਅੰਮ੍ਰਿਤ ਛਕਾਉਣ ਦੇ ਸਮਿਆਂ ਤੇ ਉਹ ਉਥੇ ਸ਼ਾਮਲ ਹੋਏ। ਜਦੋਂ ਆਪ ਨੌਕਰੀ ਤੋਂ ਰੀਟਾਇਰ ਹੋਏ ਤਾਂ ਆਪ ਜੀ ਨੇ ਭਾਈ ਸਾਹਿਬ ਜੀ ਦੇ ਕਹਿਣ ਉਤੇ ਖਾਲਸਾ ਕਾਲਜ ਵਿਚ ਇੰਟਰਨਲ ਆਡੀਟਰ ਦੀ ਸੇਵਾ ਸੰਭਾਲੀ। ਕਾਫੀ ਸਮੇਂ ਤੋਂ ਖਾਲਸਾ ਕਾਲਜ ਦਾ ਹਿਸਾਬ ਕਿਤਾਬ ਸਾਫ ਨਹੀਂ ਸੀ। ਆਪ ਨੇ ਖਿੜੇ ਮਥੇ ਇਹ ਸੇਵਾ ਸੰਭਾਲੀ। ਕਈ ਸਾਲ ਲਗਾ ਕੇ ਕਾਲਜ ਦੇ ਸਾਰੇ ਹਿਸਾਬ ਕਿਤਾਬ ਠੀਕ ਕੀਤੇ। ਭਾਈ ਸਾਹਿਬ ਜੀ ਦੇ ਸਤਿਸੰਗ ਦਾ ਲਾਭ ਮਾਣਿਆ। ਉਸ ਤੋਂ ਪਿਛੋਂ ਲਾਹੌਰ ਵਿਚ ਆਪਣਾ ਮਕਾਨ ਬਣਾਇਆ ਅਤੇ ਉਥੇ ਹੀ ਰਹਿਣ ਲਗ ਪਏ। ਦੇਸ਼ ਦੀ ਵੰਡ ਦੇ ਪਿਛੋਂ ਆਪ ਦਿੱਲੀ ਆ ਗਏ। ਆਪ ਜੀ ਦੇ ਚਾਰ ਸਪੁਤ੍ਰ ਸਨ, ਜੋ ਹੁਣ ਚੰਗੇ ਉਚੇ ਉਚੇ ਅਹੁਦਿਆਂ ਤੇ ਸਥਿਤ ਹਨ। ਆਪ ਦੀ ਸੇਹਤ ਕੁਝ ਢਿੱਲੀ ਹੋ ਗਈ ਸੀ। ਆਪ ਹੁਣ ਘਟ ਬੋਲਦੇ ਅਤੇ ਘਟ ਖਾਂਦੇ, ਪਰ ਅੰਤਰ ਆਤਮੇ ਜੁੜੇ ਰਹਿੰਦੇ ਸਨ। 1951 ਵਿਚ ਇਕ ਪੱਤ੍ਰ ਆਪ ਨੇ ਭਾਈ ਸਾਹਿਬ ਜੀ ਨੂੰ ਬੰਬਈ ਲਿਖਿਆ ਅਤੇ ਇਸ ਨਾਲ ਇਕ ਨਕਸ਼ਾ ਵੀ ਬਣਾ ਕੇ ਘਲਿਆ। ਆਪ ਨੇ ਪੱਤ੍ਰ ਵਿਚ ਦਸਿਆ ਜੋ ਮੇਰੇ ਪੈਰ ਦੇ ਅੰਗੂਠੇ ਵਿਚੋਂ ਕੋਈ ਚੀਜ਼ ਚਲਦੀ ਹੈ ਅਤੇ ਚਲਦੀ ਚਲਦੀ ਮੱਥੇ ਵਿਚੋਂ ਲੰਘ ਕੇ ਸਿਰ ਵਿਚ ਜਾਂਦੀ ਹੈ ਅਤੇ ਕੋਈ ਅਜੀਬ ਦਸ਼ਾ ਹੁੰਦੀ ਹੈ। ਨਾਮ ਜਾਰੀ ਰਹਿੰਦਾ ਹੈ ਅਤੇ ਚਿਤ

ਵਿਚ ਸੁਖ ਤੇ ਟਿਕਾਉ ਬਣਿਆ ਰਹਿੰਦਾ ਹੈ। ਭਾਈ ਸਾਹਿਬ ਨੇ ਉਨ੍ਹਾਂ ਨੂੰ ਚਿਠੀ ਦਾ ਇਹ ਉਤਰ ਦਿਤਾ ਸੀ :

Bombay
1-2-51

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ।

ਪਿਆਰੇ ਜੀਉ।

ਆਪ ਦਾ ਪੱਤਰ ਪਹੁੰਚਾ। ਆਪ ਜੀ ਨੇ ਜੋ ਕੁਛ ਲਿਖਯਾ ਹੈ, ਠੀਕ ਹੈ। ਪਰ ਇਸ ਲਈ ਆਪ ਜ਼ੋਰ ਨਹੀਂ ਲਾਣਾ। ਇਹ ਸਿਮਰਨ ਨਾਲ ਜਦ ਮੈਲ ਸਾਫ ਹੋ ਜਾਂਦੀ ਹੈ ਤਾਂ ਇਸ ਤਰ੍ਹਾਂ ਦਾ experience ਹੁੰਦਾ ਹੈ। ਸੋ ਸੁਤੇ ਤੇ ਸਹਜ ਵਿਚ ਹੋਣ ਦੇਣਾ, ਆਪੂੰ ਜ਼ੋਰ ਕੋਈ ਨਾ ਲਾਣਾ।

*"ਜੋਰੁ ਨਾ ਸੁਰਤੀ ਗਿਆਨਿ ਵੀਚਾਰਿ॥"*

ਆਸ ਹੈ ਸੁਖੀ ਹੋਸੋ ਹਰ ਤਰ੍ਹਾਂ

ਹਿਤਕਾਰੀ
ਵੀਰ ਸਿੰਘ

-0-

ਭਾਈ ਸਾਹਿਬ ਨੇ ਬਾਬੂ ਜੀ ਦੀ ਇਸ ਦਸ਼ਾ ਤੇ ਬੜੀ ਖੁਸ਼ੀ ਪ੍ਰਗਟ ਕੀਤੀ ਤੇ ਕਿਹਾ, "ਇਕ ਨਰਦ ਹੋਰ ਪੁਗ ਗਈ ਹੈ ਤੇ ਦਸਮ ਦੁਆਰ ਖੁਲ੍ਹ ਗਿਆ ਹੈ।"

ਆਪ ਜੀ ਦੀ ਕਮਜ਼ੋਰੀ ਵਧਣ ਲਗੀ। ਬੀਮਾਰੀ ਕੋਈ ਖਾਸ ਨਹੀਂ ਸੀ। ਡਾਕਟਰ ਖੁਰਾਕ ਦੇਣ ਲਈ ਕਹਿੰਦੇ ਸਨ। ਪਰ ਆਪ ਜ਼ੋਰ ਦੇਣ ਤੇ ਵੀ ਘੱਟ ਖਾਂਦੇ ਸਨ। ਜੋ ਪੱਤਰ ਭਾਈ ਸਾਹਿਬ ਜੀ ਨੇ ਲਿਖਿਆ, ਉਸ ਨੂੰ ਉਹ ਸਦਾ ਆਪਣੀ ਛਾਤੀ ਦੇ ਨਾਲ ਰਖਦੇ ਸਨ। ਇਕ ਦਿਨ ਸ਼ਾਮ ਨੂੰ ਆਪ ਨੇ ਆਪਣੇ ਸਾਰੇ ਕਕਾਰ ਦੇਖੇ। ਕੰਘਾ ਪਾਸ ਨਹੀਂ ਸੀ। ਉਹ ਉਨ੍ਹਾਂ ਨੇ ਆਪਣੀ ਪਤਨੀ ਤੋਂ ਮੰਗਵਾਇਆ। ਬਾਕੀ ਕਕਾਰ ਵੀ ਦੇਖੇ ਅਤੇ ਪ੍ਰਵਾਰ ਨੂੰ ਕਿਹਾ ਕਿ ਜਦੋਂ ਤਕ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਤ ਨਾ ਹੋਵੇਗੀ, ਕਿਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਕੋਈ ਜਾ ਸਕਦਾ ਹੈ। ਆਪ ਜੀ ਦਾ ਅੰਤ ਸਮਾਂ ਆਇਆ। ਪਰ ਆਪ ਦੀ ਰਸਨਾ ਤੋਂ ਸਿਮਰਨ ਜਾਰੀ ਸੀ ਅਤੇ ਆਪ 18 ਦਸੰਬਰ 1951 ਨੂੰ ਅਕਾਲ ਪੁਰਖ ਦੀ

ਗੋਦੀ ਵਿਚ ਜਾ ਬਿਰਾਜੇ। ਇਸ ਅਵਸਰ ਤੇ ਭਾਈ ਸਾਹਿਬ ਜੀ ਨੇ ਉਨ੍ਹਾਂ ਦੇ ਵੱਡੇ ਸਪੁਤ੍ਰ ਸ: ਹਰਬੰਸ ਸਿੰਘ, ਜੋ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਆਨਰੇਰੀ ਜਨਰਲ ਸਕੱਤਰ ਹਨ, ਨੂੰ ਇਹ ਪੱਤਰ ਲਿਖਿਆ :

ਡੇਹਰਾਦੂਨ
19.12.51

ਪਿਆਰੇ ਬਰਖੁਰਦਾਰ ਜੀ,

18-12-51 ਦੀ ਆਪ ਜੀ ਦੀ ਚਿਠੀ ਪੜ੍ਹ ਹੀ ਚੁਕੇ ਸਾਂ ਕਿ ਆਪ ਜੀ ਦੀ ਤਾਰ ਪਹੁੰਚ ਗਈ, ਜਿਸ ਵਿਚ ਆਪ ਦੇ ਬਜ਼ੁਰਗ ਪਿਤਾ ਪਿਆਰੇ ਬਾਬੂ ਮੱਖਣ ਸਿੰਘ ਜੀ ਦੇ ਪ੍ਰਲੋਕ ਪਯਾਨੇ ਦੀ ਖਬਰ ਸੀ। ਪੜ੍ਹ ਕੇ ਕੁਦਰਤਨ ਵਿਯੋਗ ਦਾ ਮੰਦਾ ਲਗਣਾ ਸੀ ਕਿਉਂਕਿ ਬਜ਼ੁਰਗ ਬਾਬੂ ਮੱਖਣ ਸਿੰਘ ਜੀ ਨੇ ਜੀਵਨ ਬਹੁਤ ਪਵਿਤਰ ਤੇ ਨਾਮ ਬਾਣੀ ਦੇ ਪ੍ਰੇਮ ਵਾਲਾ ਬਸਰ ਕੀਤਾ ਹੈ ਅਤੇ ਮੇਰੇ ਨਾਲ ਜਦੋਂ ਦੀ ਵਾਕਫੀ ਹੋਈ ਹੈ ਬਹੁਤ ਪਿਆਰ ਤੇ ਦਿਲੀ ਖਲੂਸ ਨਾਲ ਵਰਤੇ ਸਨ। ਕਿਤਨੀ ਮੁੱਦਤ ਉਨ੍ਹਾਂ ਦੇ ਅੰਮ੍ਰਿਤਸਰ ਰਹਿਣ ਕਰ ਕੇ ਇਕਠੇ ਰਹਿਣ ਦਾ ਇਤਫਾਕ ਰਿਹਾ। ਇਸ ਤਰ੍ਹਾਂ ਬਹੁਤ ਹਿਤ ਵਧ ਗਿਆ ਸੀ। ਸਭ ਤੋਂ ਵਧੀਕ ਆਪ ਦੀ ਖੂਬੀ ਜੋ ਸਿਮ੍ਰਨ ਵਿਚ ਲਗ ਕੇ ਸਿਰੇ ਚੜ੍ਹੀ ਸੀ। ਪਿਛਲੇ ਸਾਲ ਬੰਬੇ ਉਨ੍ਹਾਂ ਦਾ ਇਕ ਖਤ ਗਿਆ ਸੀ, ਜਿਸ ਵਿਚ ਉਨ੍ਹਾਂ ਨੇ ਆਪਣੀ ਸੁਰਤ, ਸੁਖ ਤੇ ਦਸਮ ਦੁਆਰ ਦੀ ਸੋਝੀ ਬਾਬਤ ਲਿਖਿਆ ਸੀ। ਉਨ੍ਹਾਂ ਦੀ ਆਤਮਾ ਦੀ ਉਨਤੀ ਦੀ ਬੜੀ ਤਰੱਕੀ ਦੀ ਖਬਰ ਸੀ। ਸ਼ੋਕ ਤਾਂ ਵਿਛੋੜੇ ਦਾ ਐਸੇ ਚੰਗਿਆਂ ਦੇ ਚਲਾਣੇ ਨਾਲ ਸਗੋਂ ਵਧ ਹੁੰਦਾ ਹੈ, ਤੇ ਤੁਸੀਂ ਸਾਰੇ ਤੇ ਤੁਸਾਡੀ ਬਜ਼ੁਰਗ ਮਾਤਾ ਜੀ ਇਸ ਭਾਰੀ ਵਿਛੋੜੇ ਨੂੰ ਬਹੁਤ feel ਕਰ ਰਹੇ ਹੋਸੋ, ਪਰ ਉਨ੍ਹਾਂ ਦੇ ਨੁਕਤਾ ਨਿਗਾਹ ਤੋਂ ਉਹ ਜਨਮ ਜਿਤ ਕੇ ਗਏ ਹਨ। ਗੁਰ ਵਾਕ "ਆਇਓ ਸੁਨਨ ਪੜਨ ਕਉ ਬਾਣੀ" ਉਹ ਪੂਰਾ ਕਮਾ ਕੇ ਗਏ ਹਨ। ਸੋ ਸਤ ਅਵਸਥਾਂ ਦੇ ਹੋ ਕੇ ਗਏ ਹਨ। ਸੰਤ ਆਪਣੇ ਘਰ ਜਾਂਦਾ ਹੈ, ਸੰਤ ਕਦੇ ਮਰਦਾ ਨਹੀਂ ;

*ਕਬੀਰ ਸੰਤ ਮੂਏ ਕਿਆ ਰੋਈਐ ਜੋ ਆਪਨੇ ਗ੍ਰਿਹਿ ਜਾਇ॥*

ਫਿਰ ਵੀ ਵਿਛੋੜਾ ਤੇ ਐਸਾ ਪਿਆਰਾ ਵਿਛੋੜਾ ਨੇਤਰਾਂ ਨੂੰ ਸੁਕੇ ਨਹੀਂ ਰਹਿਣ ਦੇਂਦਾ। ਇਸ ਲਈ ਪ੍ਰੇਮ ਨਾਲ ਉਨ੍ਹਾਂ ਨੂੰ ਯਾਦ ਕਰਦੇ ਤੇ ਦ੍ਰਵਦੇ, ਉਨ੍ਹਾਂ ਤੋਂ ਪਾਏ ਸੁਖਾਂ ਤੇ ਮਾਣੇ ਪ੍ਰਮਾਰਥਕ ਸੁਖਾਂ ਨੂੰ ਚੇਤੇ ਕਰਦਿਆਂ ਜਦ ਆਪ ਜੀ ਨੂੰ ਵੈਰਾਗ ਆਵੇ ਤਾਂ ਅਰਦਾਸ ਕਰੋ ਕਿ ਸੱਚਾ ਪਾਤਸ਼ਾਹ ਉਨ੍ਹਾਂ ਦਾ ਵਾਸਾ ਆਪਣੇ ਚਰਨ ਕੰਵਲਾਂ ਵਿਚ ਕਰੇ ਤੇ ਆਪ

ਸਾਰਿਆਂ ਨੂੰ ਨਾਮ ਦਾਨ ਤੇ ਬਾਣੀ ਦਾ ਪ੍ਰੇਮ ਬਖਸ਼ੇ। ਮੇਰੀ ਦਿਲੀ ਅਰਦਾਸ ਹੈ ਕਿ ਗੁਰੂ ਉਨ੍ਹਾਂ ਦੀ ਆਤਮਾ ਦਾ ਹਰ ਤਰ੍ਹਾਂ ਸਹਾਈ ਹੋਵੇ ਅਤੇ ਆਪਦੇ ਸਾਰੇ ਪ੍ਰਵਾਰ ਨੂੰ ਭਾਣਾ ਮੰਨਣ ਦੀ ਦਾਤ ਬਖਸ਼ੇ ਤੇ ਬਲ ਦੇਵੇ ਕਿ ਆਪ ਸਾਰੇ ਉਨ੍ਹਾਂ ਦੇ ਨਕਸ਼ੇ ਕਦਮ ਤੇ ਚੱਲ ਕੇ ਨਾਮ ਬਾਣੀ ਦੇ ਪ੍ਰੇਮੀ ਹੋਵੋ ਤੇ ਉਤਮ ਜੀਵਨ ਗੁਰਸਿਖੀ ਵਾਲਾ ਬਸਰ ਕਰੋ। ਮੇਰੀ ਦਿਲੀ ਹਮਦਰਦੀ ਆਪ ਜੀ ਦੇ ਸਾਰੇ ਪ੍ਰਵਾਰ ਨਾਲ ਹੈ। ਆਸ ਹੈ ਆਪਣੀ ਪਿਆਰੀ ਮਾਤਾ ਜੀ ਨੂੰ ਇਸ ਵੇਲੇ ਤੁਸੀਂ ਸਾਰੇ ਮਿਠਾ ਸਹਾਰਾ ਦੇ ਰਹੇ ਤੇ ਪਿਆਰ ਨਾਲ ਭਾਣਾ ਮੰਨਣ ਵਿਚ ਸਹਾਇਤਾ ਕਰ ਰਹੇ ਹੋਸੋ। ਮੇਰੀ ਵਲੋਂ ਵੀ ਅਸੀਸ ਪੁਚਾ ਦੇਣੀ। ਗੁਰੂ ਅੰਗ ਸੰਗ ਰਹੇ ਅਤੇ ਆਪਣੇ ਨਾਮ ਵਿਚ ਲਾਈ ਰਖੇ।

ਹਿਤਕਾਰੀ
ਵੀਰ ਸਿੰਘ

ਬਾਬੂ ਮੱਖਣ ਸਿੰਘ ਜੀ ਸਾਦਗੀ ਪਸੰਦ ਸੰਤ ਜੀਵਨ ਵਾਲੇ ਗੁਰਸਿਖ ਸਨ। ਆਪ ਨੇ ਸਾਰਾ ਜੀਵਨ ਬੜਾ ਪਵਿਤ੍ਰ ਤੇ ਨਾਮ ਬਾਣੀ ਦੇ ਪ੍ਰੇਮ ਵਿਚ ਬਸਰ ਕੀਤਾ। ਆਪ ਦਿਲ ਦੇ ਨਿਰਛਲ, ਜ਼ਬਾਨ ਦੇ ਮ੍ਰਿਦੁਲ ਤੇ ਘਟ ਬੋਲਣ ਵਾਲੇ ਤੇ ਸੁਭਾ ਦੇ ਨਿਘੇ ਤੇ ਹਸੂੰ ਹਸੂੰ ਕਰਦੇ ਮੁਖੜੇ ਵਾਲੇ ਸਨ। ਵਕਤ ਦੇ ਬੜੇ ਪਾਬੰਦ ਤੇ ਫਰਜ਼ ਪਰ ਸਦਾ ਸਾਵਧਾਨ ਰਹਿੰਦੇ ਸਨ। ਆਪ ਦੀ ਸਚਾਈ ਅਤੇ ਦਿਆਨਤਦਾਰੀ ਪੀ. ਡਬਲਯੂ. ਡੀ. ਦੇ ਮਹਿਕਮੇ ਵਿਚ ਜ਼ਰਬੁਲ ਮਿਸਾਲ ਸੀ।

 www.sikhbookclub.com

# 18. ਗਹਿਣਿਆਂ ਵਾਲੀ ਬੀਬੀ ਜੀ

ਸਰਦਾਰ ਉੱਜਲ ਸਿੰਘ ਜੀ ਦੀ ਧਰਮ ਪਤਨੀ ਸ੍ਰਦਾਰਨੀ ਗੁਮਾਨ ਤੇ ਉਨ੍ਹਾਂ ਦੀ ਭੈਣ ਤੇ ਹੋਰ ਵੀ ਦੋ ਤਿੰਨ ਬੀਬੀਆਂ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਗਈਆਂ। ਵਾਪਸੀ ਤੇ ਉਨ੍ਹਾਂ ਨੇ ਛਾਪੇ ਖਾਨੇ ਵਿਚ ਹੀ ਭਾਈ ਸਾਹਿਬ ਦੇ ਦਰਸ਼ਨ ਕੀਤੇ। ਭਾਈ ਸਾਹਿਬ ਨੇ ਫੁਰਮਾਇਆ ਕਿ ਗੁਮਾਨ ਤੇ ਉਸ ਦੀ ਭੈਣ ਦੀਆਂ ਰੂਹਾਂ ਹਲਕੀਆਂ ਤੇ ਪਵਿਤਰ ਹਨ। ਗੁਮਾਨ ਜੀ ਦੀ ਭੈਣ ਨੇ ਬਹੁਤ ਸਾਰੇ ਗਹਿਣੇ ਪਾਏ ਹੋਏ ਸਨ। ਪਿਛੋਂ ਬੀਬੀ ਦਾ ਨਾਂ ਹੀ ਗਹਿਣਿਆਂ ਵਾਲੀ ਬੀਬੀ ਪੈ ਗਿਆ। ਉਹ ਭਾਈ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਉਂਦੀ ਰਹੀ ਤੇ ਉਸਨੂੰ ਸਾਧ ਸੰਗਤ ਵਿਚੋਂ ਨਾਮ ਬਾਣੀ ਦੀ ਦਾਤ ਪ੍ਰਾਪਤ ਹੋਈ। ਇਹ ਬੀਬੀ ਬੀਮਾਰ ਹੋ ਗਈ ਬੀਬੀ ਨੇ ਰੁਮਾਲ ਨਾਲ 21 ਰੁਪਏ ਤੇ ਇਕ ਰੁੱਕਾ ਲਿਖ ਕੇ ਸਿਰਹਾਣੇ ਹੇਠ ਰਖ ਲਿਆ ਤੇ ਕਹਿ ਦਿਤਾ ਕਿ ਜਦੋਂ ਮੇਰਾ ਸਰੀਰ ਨਾ ਰਹੇ ਤਦੋਂ ਇਹ ਰੁਮਾਲ ਭਾਈ ਸਾਹਿਬ ਜੀ ਨੂੰ ਪਹੁੰਚਾ ਦੇਣਾ। ਇਕ ਦਿਨ ਬੀਬੀ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਨਹੀਂ ਕੀਤੇ, ਦਰਸ਼ਨ ਕਰਾਵੋ। ਬੀਬੀ ਦੇ ਕਮਰੇ ਵਿਚ ਹੀ ਮੰਜੀ ਨਾਲ ਉੱਚਾ ਤਖਤ ਪੋਸ਼ ਲਗਵਾ ਕੇ ਪ੍ਰਕਾਸ਼ ਕੀਤਾ ਗਿਆ। ਜਪੁਜੀ ਦਾ ਪਾਠ ਹੋ ਰਿਹਾ ਸੀ। ਬੀਬੀ ਨੇ ਉਠ ਕੇ ਮੱਥਾ ਟੇਕਿਆ, ਮੂੰਹ ਵਿਚ ਪਾਠ ਸੀ "ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ"। ਜਦੋਂ ਸਬੰਧੀਆਂ ਨੇ ਚੁਕਿਆ ਤਾਂ ਆਤਮਾ ਸਰੀਰ ਨੂੰ ਛੋੜ ਚੁਕੀ ਸੀ। ਭਾਈ ਸਾਹਿਬ ਉਨ੍ਹਾਂ ਦਿਨਾਂ ਵਿਚ ਸ਼ਿਮਲੇ ਸਨ। ਮਲਕ ਸਾਹਿਬ ਜੀ ਦੇ ਘਰੋਂ ਬੀਬੀ ਰਾਜ ਜੀ ਵੀ ਉਨ੍ਹਾਂ ਦਿਨਾ ਵਿਚ ਸ਼ਿਮਲੇ ਵਿਚ ਹੀ ਸਨ। ਜਦੋਂ ਉਹ ਸ਼ਾਮੀ ਭਾਈ ਸਾਹਿਬ ਜੀ ਨੂੰ ਮਿਲੇ ਤਾਂ ਭਾਈ ਸਾਹਿਬ ਨੇ ਕਿਹਾ ਕਿ ਆਪਣੇ ਸਤਿਸੰਗ ਵਿਚੋਂ ਕੋਈ ਬੀਬੀ ਚੜ੍ਹਾਈ ਕਰ ਗਈ ਹੈ। ਬੀਬੀ ਜੀ ਨੇ ਕਿਹਾ ਕਿ ਭੈਣ ਸੰਤ ਜੀ ਬੀਮਾਰ ਸਨ। ਰੋਣ ਹਾਕੀ ਹੋ ਕੇ ਕਿਹਾ ਕਿ ਹੁਣ ਉਹ ਨਹੀਂ ਮਿਲਣਗੇ। ਭਾਈ ਸਾਹਿਬ ਨੇ ਫੁਰਮਾਇਆ ਕਿ ਬੀਬੀ ਸੰਤ ਨਹੀਂ ਹੈ। ਦੂਜੇ ਤੀਜੇ ਦਿਨ ਉਹ ਰੁਮਾਲ ਸ਼ਿਮਲੇ ਪਹੁੰਚ ਗਿਆ। ਰੁੱਕੇ ਵਿਚ ਲਿਖਿਆ ਸੀ, ਦਾਤਾ ਜੀਓ, ਆਪ ਦੇ ਚਰਨਾਂ ਦਾ ਸਦਕਾ ਮੈਂ ਸੁਖੀ ਜਾ ਰਹੀ ਹਾਂ। ਇਹ 21 ਰੁਪਏ ਸ੍ਰੀ ਦਰਬਾਰ ਸਾਹਿਬ ਭੇਟਾ ਕਰ ਦੇਣਾ।

# 19. ਬੀਬੀ ਮਾਇਆ ਜੀ

ਇਹ ਬੀਬੀ ਕੋਹਾਟ ਵਾਲੇ ਸ੍ਰ: ਕਿਰਪਾਲ ਸਿੰਘ ਜੀ ਦੀ ਸਕੀ ਭੈਣ ਸੀ। ਸ੍ਰ: ਕਿਰਪਾਲ ਸਿੰਘ ਭਾਈ ਸਾਹਿਬ ਦੇ ਚੰਗੇ ਪ੍ਰੇਮੀ ਸਨ। ਇਸ ਬੀਬੀ ਦੀ ਸ਼ਾਦੀ ਰਾਵਲ ਪਿੰਡੀ ਹਿੰਦੂਆਂ ਦੇ ਘਰ ਹੋਈ, ਜੋ ਪੱਕੇ ਸਨਾਤਨੀ ਹਿੰਦੂ ਸਨ। ਸ੍ਰ: ਜੋਧ ਸਿੰਘ ਗਾਰਡ ਦੀ ਕੋਈ ਭੈਣ ਨਹੀਂ ਸੀ, ਉਨ੍ਹਾਂ ਨੇ ਬੀਬੀ ਮਾਇਆ ਜੀ ਨੂੰ ਆਪਣੀ ਭੈਣ ਬਣਾ ਲਿਆ। ਰਿਸ਼ਤੇ ਵਿਚ ਸ੍ਰ: ਕਿਰਪਾਲ ਸਿੰਘ (ਮਾਇਆ ਜੀ ਦੇ ਭਰਾ) ਤੇ ਸ੍ਰ: ਜੋਧ ਸਿੰਘ ਸਾਂਢੂ ਲਗਦੇ ਸਨ। ਵਾਹਿਗੁਰੂ ਦਾ ਭਾਣਾ ਕਿ ਮਾਇਆ ਜੀ 17-18 ਸਾਲ ਦੀ ਉਮਰ ਵਿਚ ਵਿਧਵਾ ਹੋ ਗਈ। ਜੀਵਨ ਦੁਖੀ ਹੋ ਗਿਆ। ਜਵਾਨ ਉਮਰ ਹੋਣ ਕਾਰਨ ਸੌਹਰਿਆਂ ਵਲੋਂ ਕਿਧਰੇ ਆਉਣ ਜਾਣ ਜਾਂ ਸਤਿਸੰਗ ਵਿਚ ਜਾਣ ਦੀ ਕਾਫੀ ਰੁਕਾਵਟ ਸੀ। ਪੇਕੇ ਘਰ ਦਾ ਗੁਰਸਿਖੀ ਪ੍ਰਭਾਵ ਹੋਣ ਕਾਰਨ, ਬਾਣੀ ਦਾ ਪਾਠ ਬਚਪਨ ਤੋਂ ਕਰਦੀ ਸੀ। ਬਾਣੀ ਪੜ੍ਹਦੀ ਸੀ, ਪਰ ਸਮਝ ਨਹੀਂ ਸੀ, ਜਿਸ ਕਰ ਕੇ ਅੰਦਰ ਠੰਡ ਨਹੀਂ ਸੀ ਪੈਂਦੀ। ਇਸ ਦੁਖੀ ਹਾਲਤ ਵਿਚ ਬੀਬੀ ਲਾਜਾਂ ਜੀ (ਸਪੁਤਨੀ ਸ੍ਰ: ਜੋਧ ਸਿੰਘ) ਨੂੰ ਉਨ੍ਹਾਂ ਉਤੇ ਤਰਸ ਆਇਆ ਅਤੇ ਉਹ ਭਾਈ ਵੀਰ ਸਿੰਘ ਜੀ ਦੇ ਟ੍ਰੈਕਟ ਉਸ ਨੂੰ ਪੜ੍ਹਣ ਲਈ ਦੇਂਦੀ। ਉਸ ਨੂੰ ਪੜ੍ਹ ਕੇ ਕੁਝ ਕੁਝ ਸਵਾਦ ਜਿਹਾ ਆਉਂਦਾ ਸੀ। ਇਸ ਤਰ੍ਹਾਂ ਜੀਵਨ ਦੇ 5, 6 ਸਾਲ ਗੁਜ਼ਰ ਗਏ। ਇਕ ਦਿਨ ਮਾਇਆ ਜੀ ਬੀਬੀ ਲਾਜਾਂ ਜੀ ਨੂੰ ਕਹਿਣ ਲਗੀ ਕਿ ਕੀ ਕਰਾਂ, ਅੰਦਰ ਅੱਗ ਬਲਦੀ ਹੈ। ਪੜ੍ਹਦੀ ਰਹਿੰਦੀ ਹਾਂ, ਪਾਠ ਵੀ ਬੜਾ ਕਰਦੀ ਹਾਂ, ਪਰ ਠੰਢ ਨਹੀਂ ਪੈਂਦੀ। ਬੀਬੀ ਲਾਜਾਂ ਜੀ ਨੇ ਕਿਹਾ ਕਿ ਜਿਨ੍ਹਾਂ ਦੀਆਂ ਕਿਤਾਬਾਂ ਪੜ੍ਹਦੀ ਏਂ, ਜੇ ਕਰ ਉਨ੍ਹਾਂ ਦੇ ਦਰਸ਼ਨ ਹੋ ਜਾਣ ਤਾਂ ਠੰਢ ਪੈ ਜਾਵੇਗੀ। ਇਸ ਤਰ੍ਹਾਂ ਮਾਇਆ ਜੀ ਦੇ ਅੰਦਰ ਭਾਈ ਸਾਹਿਬ ਦੇ ਦਰਸ਼ਨਾਂ ਦੀ ਸਿਕ ਪੈਦਾ ਹੋ ਗਈ। ਇਕ ਵਾਰ

 www.sikhbookclub.com

ਲਾਜਾਂ ਜੀ ਅੰਮ੍ਰਿਤਸਰ ਗਏ। ਭਾਈ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਕਿਰਪਾਲ ਸਿੰਘ ਦੀਆਂ ਦੋਵੇਂ ਭੈਣਾਂ ਇਕੋ ਦਿਨ ਵਿਧਵਾ ਹੋ ਗਈਆਂ ਹਨ, ਤੁਸੀਂ ਉਨ੍ਹਾਂ ਨੂੰ ਜਾਣਦੇ ਹੋ। ਲਾਜਾਂ ਜੀ ਨੇ ਉਤਰ ਦਿਤਾ ਕਿ ਛੋਟੀ ਤੇ ਮੇਰੇ ਸਰਦਾਰ ਜੀ ਦੀ ਭੈਣ ਬਣੀ ਹੋਈ ਹੈ। ਇਕ ਵਾਰੀ ਲਾਜਾਂ ਜੀ ਨੇ ਮਾਇਆ ਜੀ ਨੂੰ ਦਸਿਆ ਕਿ ਭਾਈ ਸਾਹਿਬ ਹੁਣ ਕਸ਼ਮੀਰ ਜਾਣਗੇ ਅਤੇ ਪਿੰਡੀ ਸਾਡੇ ਘਰ ਹੀ ਠਹਿਰਣਗੇ। ਮਾਇਆ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਜਦੋਂ ਆਉਣ ਤਾਂ ਮੈਨੂੰ ਵੀ ਉਨ੍ਹਾਂ ਦੇ ਦਰਸ਼ਨ ਕਰਾਉਣਾ, ਅਤੇ ਉਨ੍ਹਾਂ ਦੇ ਨੌਕਰ ਨੂੰ ਵੀ ਕਹਿ ਦਿਤਾ ਕਿ ਅੰਮ੍ਰਿਤਸਰ ਤੋਂ ਜਦੋਂ ਭਾਈ ਸਾਹਿਬ ਆਉਣ ਤਾਂ ਮੈਨੂੰ ਖਬਰ ਕਰਨਾ। ਜਦੋਂ ਭਾਈ ਸਾਹਿਬ ਦੇ ਆਉਣ ਦੀ ਖਬਰ ਮਾਇਆ ਜੀ ਨੂੰ ਮਿਲੀ ਤਾਂ ਉਹ ਸਹੁਰੇ ਤੋਂ ਬਿਨਾ ਪੁਛੇ ਉਥੇ ਪੁਜ ਗਈ। ਜਦੋਂ ਉਨ੍ਹਾਂ ਨੇ ਭਾਈ ਸਾਹਿਬ ਦੇ ਦਰਸ਼ਨ ਕੀਤੇ ਤਾਂ ਸਹਿਜ ਸੁਭਾ ਹੀ ਉਨ੍ਹਾਂ ਦਾ ਸਿਰ ਨਿਵ ਗਿਆ, ਹਾਲਾਂਕਿ ਉਹ ਕਿਸੇ ਸਾਧੂ ਸੰਤ ਅਗੇ ਕਦੀ ਝੁਕੇ ਨਹੀਂ ਸਨ। ਭਾਈ ਸਾਹਿਬ ਬਾਬਾ ਜੀ ਦੀ ਹਜ਼ੂਰੀ ਵਿਚ ਪਾਠ ਕਰ ਰਹੇ ਸਨ ਅਤੇ ਬੀਬੀ ਜੀ ਕਿਤਨਾ ਚਿਰ ਉਥੇ ਬੈਠੀ ਪਾਠ ਸੁਣਦੀ ਰਹੀ। ਭਾਈ ਸਾਹਿਬ ਜੀ ਨੂੰ ਚਾਹ ਦੀ ਟਰੇ ਇਸ ਬੀਬੀ ਹੱਥ ਭੇਜੀ ਅਤੇ ਇਹ ਚਾਹ ਰਖ ਕੇ ਉਥੇ ਹੀ ਬੈਠ ਗਈ। ਭਾਈ ਸਾਹਿਬ ਨੇ ਪੁਛਿਆ ਕਿ ਇਹ ਬੀਬੀ ਕੌਣ ਹੈ। ਭਾਈ ਸਾਹਿਬ ਜੀ ਨੂੰ ਦਸਿਆ ਗਿਆ ਕਿ ਇਹ ਸ੍ਰ: ਕਿਰਪਾਲ ਸਿੰਘ ਦੀ ਛੋਟੀ ਭੈਣ ਹੈ, ਜੋ ਵਿਧਵਾ ਹੋ ਗਈ ਹੈ। ਸਾਰਿਆਂ ਨੇ ਪ੍ਰਸ਼ਾਦਾ ਛਕਿਆ ਅਤੇ ਲਾਜਾਂ ਜੀ ਨੇ ਮਾਇਆ ਜੀ ਨੂੰ ਇਹ ਕਹਿ ਕੇ ਘਰ ਭੇਜ ਦਿਤਾ ਕਿ ਹੁਣ ਬਿਨਾ ਬੁਲਾਏ ਨਹੀਂ ਆਉਣਾ। ਘਰ ਚਲੀ ਗਈ, ਪਰ ਚੈਨ ਨਾ ਆਵੇ। ਇਕ ਰੁੱਕਾ ਲਿਖ ਕੇ ਲਾਜਾਂ ਜੀ ਨੂੰ ਭੇਜਿਆ। ਫਿਰ ਸ੍ਰ: ਜੋਧ ਸਿੰਘ ਵਲ ਲਿਖਿਆ ਕਿ ਮੈਨੂੰ ਕਦ ਬੁਲਾਓਗੇ। ਪਰ ਉਨ੍ਹਾਂ ਵਲੋਂ ਕੋਈ ਜਵਾਬ ਨਾ ਮਿਲਿਆ। ਡਾਢੀ ਘਬਰਾਹਟ ਅਤੇ ਉਦਾਸੀ ਦੀ ਦਸ਼ਾ ਵਿਚ ਛੱਤ ਦੇ ਬਨੇਰੇ ਤੇ ਟਹਿਲਣ ਲੱਗੀ। ਰਾਤ ਦੇ ਦਸ ਵਜੇ ਦਾ ਸਮਾਂ ਸੀ। ਉਧਰ ਬੀਬੀ ਲਾਜਾਂ ਭਾਈ ਸਾਹਿਬ ਨੂੰ ਸੁਖਮਨੀ ਸਾਹਿਬ ਦਾ ਪਾਠ ਸੁਣਾ ਰਹੀ ਸੀ। ਲਗ ਪਗ ਗਿਆਰਾਂ ਵਜੇ ਭੋਗ ਪਿਆ ਤੇ ਭਾਈ ਸਾਹਿਬ ਬੀਬੀ ਲਾਜਾਂ ਨੂੰ ਕਹਿਣ ਲਗੇ ਕਿ ਉਹ ਬੀਬੀ ਮੁੜ ਨਹੀਂ ਆਈ। ਬੀਬੀ ਨੇ ਉਤਰ ਦਿਤਾ ਕਿ ਮੈਂ ਉਸ ਨੂੰ ਬੰਦ ਕਰ ਦਿਤਾ ਸੀ। ਭਾਈ ਸਾਹਿਬ ਨੇ ਫੁਰਮਾਇਆ ਕਿ ਤੂੰ ਤਾਂ ਉਸ ਨੂੰ ਬੰਦ ਕਰ ਦਿਤਾ ਹੈ, ਪਰ ਤੈਨੂੰ ਪਤਾ ਹੈ ਕਿ ਉਸ ਵਿਚਾਰੀ ਦੀ ਕੀ ਹਾਲਤ ਹੈ। ਬੀਬੀ ਜੀ ਨੇ ਕਿਹਾ ਕਿ ਮੈਂ ਉਸ ਨੂੰ ਹੁਣੇ ਬੁਲਾ ਲੈਂਦੀ ਹਾਂ। ਭਾਈ ਸਾਹਿਬ ਨੇ ਕਿਹਾ ਕਿ ਇਤਨੀ ਰਾਤ ਬੀਤਣ ਤੇ ਉਹ ਕਿਵੇਂ ਆਏਗੀ। ਬੀਬੀ ਜੀ ਨੇ ਕਿਹਾ ਕਿ ਭੈਣ ਰਾਜ (ਸ੍ਰ: ਕਿਰਪਾਲ ਸਿੰਘ ਦੇ ਘਰੋਂ) ਉਸ ਦੀ ਸਕੀ ਭਰਜਾਈ ਹੈ, ਉਸ ਦੇ ਨਾਲ ਆ ਜਾਵੇਗੀ। ਰਾਜ ਜੀ ਗਏ ਅਤੇ ਬੀਬੀ ਮਾਇਆ ਜੀ ਦੇ ਸਹੁਰੇ ਨੂੰ ਕਿਹਾ ਕਿ ਮੈਂ ਉਸ ਨੂੰ ਲੈਣ ਆਈ ਹਾਂ। ਰਾਤ ਨੂੰ ਉਹ ਮੇਰੇ ਨਾਲ ਸ੍ਰ: ਜੋਧ ਸਿੰਘ ਦੇ ਘਰ ਰਹੇਗੀ। ਕੁਦਰਤ ਦੇ ਰੰਗ ਵਾਲ ਦੀ ਖੱਲ ਲਾਹੁਣ ਵਾਲਾ ਸਹੁਰਾ ਕੁਝ

 www.sikhbookclub.com

ਨਹੀਂ ਬੋਲਿਆ ਅਤੇ ਮਾਇਆ ਜੀ ਨੂੰ ਉਸ ਨਾਲ ਟੋਰ ਦਿਤਾ। ਅਗੇ ਭਾਈ ਸਾਹਿਬ ਸੌਂ ਗਏ ਸਨ। ਭਾਈ ਸਾਹਿਬ ਸਵੇਰੇ ਤਿੰਨ ਵਜੇ ਉਠੇ ਅਤੇ ਟਹਿਲਦੇ ਟਹਿਲਦੇ ਸ਼ਬਦਾਂ ਦੀਆਂ ਤੁਕਾਂ ਪੜ੍ਹਦੇ ਰਹੇ। ਭਾਈ ਸਾਹਿਬ ਇਹ ਤੁਕ ਬਾਰ ਬਾਰ ਪੜ੍ਹ ਰਹੇ ਸਨ "ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ।" ਕੋਈ ਦੋ ਘੰਟੇ ਭਾਈ ਸਾਹਿਬ ਟਹਿਲਦੇ ਟਹਿਲਦੇ ਇਹ ਤੁਕਾਂ ਪੜ੍ਹਦੇ ਰਹੇ ਅਤੇ ਬੀਬੀ ਮਾਇਆ ਇਕ ਕੋਨੇ ਵਿਚ ਦਬਕੀ ਇਹ ਸੁਣ ਰਹੀ ਸੀ। ਸਵੇਰੇ ਪੰਜ ਵਜੇ ਭਾਈ ਸਾਹਿਬ ਕਮਰੇ ਅੰਦਰ ਗਏ ਅਤੇ ਲਾਜਾਂ ਨੂੰ ਕਿਹਾ ਕਿ ਬੀਬੀ ਮਾਇਆ ਨੂੰ ਅੰਦਰ ਭੇਜੋ। ਭਾਈ ਸਾਹਿਬ ਨੇ ਅਸੀਸ ਦਿਤੀ ਅਤੇ ਕਿਹਾ ਬੀਬੀ ਬਾਣੀ ਪੜ੍ਹਿਆ ਕਰ। ਉਤਰ ਵਿਚ ਉਸ ਨੇ ਕਿਹਾ ਕਿ ਬਾਣੀ ਤੇ ਮੈਂ ਪੜ੍ਹਦੀ ਹਾਂ, ਪਰ ਅੰਦਰ ਸੜਦਾ ਰਹਿੰਦਾ ਹੈ, ਅੰਦਰ ਅੱਗ ਲਗ ਰਹੀ ਹੈ। ਭਾਈ ਸਾਹਿਬ ਨੇ ਕਿਹਾ ਕਿ ਪੰਜ ਪਾਠ ਜਪੁਜੀ ਸਾਹਿਬ ਦੇ ਰੋਜ਼ ਕਰਿਆ ਕਰ। ਲਾਜਾਂ ਜੀ ਨੇ ਅਗੋਂ ਕਿਹਾ ਕਿ ਉਹ ਪੰਜ ਪਾਠ ਤਾਂ ਪਹਿਲਾਂ ਹੀ ਕਰਦੀ ਹੈ। ਭਾਈ ਸਾਹਿਬ ਨੇ ਕਿਹਾ ਕਿ ਜੇ ਕਰ ਅਗੇ ਪੰਜ ਕਰਦੀ ਹੈ ਤੇ ਹੁਣ ਸੱਤ ਕਰਿਆ ਕਰੇ। ਭਾਈ ਸਾਹਿਬ ਨੇ ਉਸ ਨੂੰ ਨਾਮ ਜਪਣ ਲਈ ਕਿਹਾ ਅਤੇ ਬਖਸ਼ਸ਼ ਭਰਿਆ ਆਪਣਾ ਸਿਮਰਣਾ ਉਸ ਬੀਬੀ ਨੂੰ ਦਿਤਾ। ਉਸ ਬੀਬੀ ਉਤੇ ਮਿਹਰ ਹੋਈ ਅਤੇ ਉਸ ਦਾ ਜੀਵਨ ਪਲਟ ਗਿਆ।


www.sikhbookclub.com

# 20. ਇਕ ਸਾਧੂ ਨੂੰ ਉਪਦੇਸ਼

ਜਪੁਜੀ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਦਾ ਟੀਕਾ ਭਾਈ ਸਾਹਿਬ ਜੀ ਨੇ ਬੜੇ ਵਿਸਥਾਰ ਨਾਲ ਕੀਤਾ ਹੈ। ਇਹ ਟੀਕਾ ਬਨਾਰਸ ਵਿਚ ਇਕ ਸਾਧੂ ਨੇ ਪੜ੍ਹਿਆ। ਉਹ ਪੜ੍ਹ ਕੇ ਬੜਾ ਹੈਰਾਨ ਹੋਇਆ, ਵਿਸਮਾਦ ਵਿਚ ਆਇਆ ਅਤੇ ਸੋਚਣ ਲਗਾ ਕਿ ਜਿਸ ਟੀਕਾਕਾਰ ਪਾਸ ਇਤਨਾ ਗਿਆਨ ਹੈ, ਉਹ ਵਿਅਕਤੀ ਵੀ ਅਸਚਰਜ ਹੋਵੇਗਾ। ਪਰ ਟੀਕਾਕਾਰ ਦਾ ਨਾਮ ਪੁਸਤਕ ਪਰ ਨਹੀਂ ਸੀ, ਪ੍ਰੈਸ ਦਾ ਨਾਂ ਸੀ, ਜਿਸ ਵਿਚ ਉਹ ਛਪੀ ਸੀ। ਜਦੋਂ ਅੰਦਰ ਧੂ ਪਈ ਤਾਂ ਖਿਚਿਆ ਹੋਇਆ ਸਿੱਧਾ ਅੰਮ੍ਰਿਤਸਰ ਪੁਜਿਆ। ਵਜ਼ੀਰ ਹਿੰਦ ਪ੍ਰੈਸ ਵਿਚ ਆ ਕੇ ਪੁਛਿਆ, ਕਿ ਜਿਸ ਵਿਅਕਤੀ ਨੇ ਇਹ ਟੀਕਾ ਕੀਤਾ ਹੈ, ਉਨ੍ਹਾਂ ਦੇ ਦਰਸ਼ਨ ਕਰਾਉ। ਭਾਈ ਸਾਹਿਬ ਪ੍ਰੈਸ ਵਿਚ ਮੌਜੂਦ ਸਨ। ਉਹ ਸਾਧੂ ਨੂੰ ਮਿਲੇ ਅਤੇ ਕੋਠੇ ਉਪਰ ਆਪਣੇ ਨਿਵਾਸ ਅਸਥਾਨ ਤੇ ਲੈ ਗਏ। ਸਾਧੂ ਗੱਲ ਬਾਤ ਵਿਚ ਆਪਣੀ ਵਿਦਿਆ ਦਾ ਅਸਰ ਪਾਉਣ ਦਾ ਯਤਨ ਕਰਨ ਲਗਾ ਅਤੇ ਕਹਿਣ ਲੱਗਾ ਕਿ ਪ੍ਰਮਾਰਥ ਬਹੁਤ ਮੁਸ਼ਕਲ ਹੈ ਅਤੇ ਬੜੀ ਕਰੜੀ ਘਾਲ ਕਰਨ ਪਿਛੋਂ ਕੁਝ ਪ੍ਰਾਪਤੀ ਹੁੰਦੀ ਹੈ। ਆਪ ਇਥੇ ਸ਼ਹਿਰ ਵਿਚ ਰਹਿੰਦੇ ਹੋ, ਇਥੇ ਬੜੀ ਖੱਪ ਹੈ, ਭਾਂਤ ਭਾਂਤ ਦੀਆਂ ਆਵਾਜ਼ਾਂ ਬਾਜ਼ਾਰ ਵਿਚੋਂ ਆਉਂਦੀਆਂ ਹਨ। ਅਜਿਹੀ ਖੱਪ ਵਿਚ ਸਮਾਧੀ ਕਿਵੇਂ ਲੱਗ ਸਕਦੀ ਹੈ। ਭਾਈ ਸਾਹਿਬ ਉਸ ਦੇ ਵਿਚਾਰ ਸੁਣਦੇ ਰਹੇ ਅਤੇ ਫਿਰ ਕਿਹਾ ਕਿ ਤੁਸੀਂ ਈਸ਼ਵਰ ਪ੍ਰਾਪਤੀ ਬਹੁਤ ਕਠਨ ਕਹਿ ਰਹੇ ਹੋ ਪਰ ਮੇਰਾ ਤਜਰਬਾ ਹੈ ਕਿ ਈਸ਼ਵਰ ਪ੍ਰਾਪਤੀ ਬਹੁਤ ਆਸਾਨ ਹੈ। ਸਾਧੂ ਨੇ ਕਿਹਾ ਕਿ ਇਹ ਕਿਵੇਂ ਹੋ ਸਕਦਾ ਹੈ, ਅਸੀਂ ਸਾਲਾਂ ਬੱਧੀ ਇਕਾਂਤ ਬਨਾਂ ਵਿਚ ਜਾ ਕੇ ਜਪ ਤਪ ਕਰਦੇ ਹਾਂ ਤਦ ਕੁਝ ਸੋਝੀ ਪੈਂਦੀ ਹੈ ਫਿਰ ਇਹ ਪ੍ਰਾਪਤੀ ਆਸਾਨ ਕਿਵੇਂ ਹੋਈ?

ਭਾਈ ਸਾਹਿਬ ਨੇ ਕਿਹਾ ਕਿ ਗੁਰੂ ਨਾਨਕ ਨੇ ਇਹ ਰਸਤਾ ਆਸਾਨ ਕਰ ਦਿਤਾ ਹੈ। ਤੁਸੀਂ ਮੰਨਦੇ ਹੋ ਕਿ ਅਸੀਂ ਈਸ਼ਵਰ ਦੀ ਅੰਸ਼ ਹਾਂ ਅਤੇ ਸਾਡਾ ਪ੍ਰਯੋਜਨ ਹੈ ਕਿ ਅਸੀਂ ਆਪਣੇ ਅਸਲੇ ਵਿਚ ਅਭੇਦ ਹੋ ਜਾਈਏ। ਈਸ਼ਵਰ ਸਾਡੇ ਅੰਦਰ ਹੈ, ਉਸ ਦੇ ਬਿਨਾਂ ਅਸੀਂ ਜੀ ਹੀ ਨਹੀਂ ਸਕਦੇ। ਸਾਡੇ ਜੀਵਨ ਲਈ ਜੋ ਵਸਤੂ ਜ਼ਰੂਰੀ ਹੈ, ਉਸ ਦੀ ਪ੍ਰਾਪਤੀ ਵਾਹਿਗੁਰੂ ਜੀ ਨੇ ਆਸਾਨ ਕਰ ਦਿਤੀ ਹੈ। ਦੇਖੋ ਘਿਉ ਦੀ ਜ਼ਰੂਰਤ ਘਟ ਹੈ, ਇਹ ਮਹਿੰਗਾ ਹੈ, ਇਸ ਤੋਂ ਬਗੈਰ ਗੁਜ਼ਾਰਾ ਹੋ ਸਕਦਾ ਹੈ, ਕਣਕ ਇਸ ਤੋਂ ਸਸਤੀ ਹੈ। ਪਾਣੀ ਦੀ ਹਰ ਇਕ ਨੂੰ ਲੋੜ ਹੈ, ਉਹ ਮੁਫਤ ਹੀ ਮਿਲ ਜਾਂਦਾ ਹੈ। ਹਵਾ ਇਨ੍ਹਾਂ ਸਭ ਤੋਂ ਵਧ ਜ਼ਰੂਰੀ ਹੈ, ਉਸ ਵਾਸਤੇ ਵਾਹਿਗੁਰੂ ਨੇ ਸੁਤੇ ਹੀ ਪ੍ਰਬੰਧ ਕਰ ਛਡਿਆ ਹੈ। ਵਾਹਿਗੁਰੂ ਜੋ ਸਭ ਦਾ ਜੀਵਨ ਦਾਤਾ ਹੈ, ਉਸ ਦੇ ਬਗੈਰ ਜੀਵਨ ਹੋ ਹੀ ਨਹੀਂ ਸਕਦਾ। ਇਸ ਵਾਸਤੇ ਉਸ ਦਾ ਮਿਲਣਾ ਸਭ ਤੋਂ ਆਸਾਨ ਹੋਣਾ ਚਾਹੀਦਾ ਹੈ, ਤੇ ਇਹ ਹੈ ਭੀ ਠੀਕ। ਵਾਹਿਗੁਰੂ ਹਰ ਥਾਂ ਹੈ, ਉਹ ਸਾਡੇ ਮਨ, ਤਨ ਅਤੇ ਪ੍ਰਾਣਾਂ ਵਿਚ ਰਮ ਰਿਹਾ ਹੈ। ਅਸੀਂ ਇਸ ਗੱਲ ਨੂੰ ਭੁਲ ਜਾਂਦੇ ਹਾਂ ਕਿ ਉਹ ਸਾਡੇ ਸਰੀਰ ਦੇ ਅੰਦਰ ਹਰ ਸਮੇਂ ਹੈ। ਉਹ ਸਭ ਕੁਝ ਦੇਖਦਾ ਅਤੇ ਸੁਣਦਾ ਹੈ, ਇਹ ਗੱਲ ਅਸਾਂ ਯਾਦ ਰਖਣੀ ਹੈ। ਜਿਵੇਂ ਘਰ ਵਿਚ ਰੁਪਏ ਪਏ ਹੋਣ ਅਤੇ ਚੇਤਾ ਭੁਲ ਜਾਏ ਅਤੇ ਜਿਸ ਨੂੰ ਦੇਣੇ ਹੋਣ ਨਾ ਦੇ ਸਕੀਏ, ਤਾਂ ਸਾਰੇ ਸ਼ਹਿਰ ਵਿਚ ਆਪਣੀ ਸਾਖ ਗੰਵਾ ਲਈਦੀ ਹੈ। ਜੇ ਯਾਦ ਆ ਜਾਏ ਤਾਂ ਰੁਪਏ ਤਾਰ ਦੇਈਦੇ ਹਨ ਅਤੇ ਸਾਖ ਰਹਿ ਜਾਂਦੀ ਹੈ। ਇਸੀ ਤਰ੍ਹਾਂ ਵਾਹਿਗੁਰੂ ਜੀ ਦਾ ਨਾਮ ਜਪ ਕੇ ਅਸਾਂ ਉਸ ਦੀ (ਹਜ਼ੂਰੀ) ਪ੍ਰਤੀਤੀ ਪਕਾਉਣੀ ਹੈ, ਜੋ ਹਰ ਵੇਲੇ ਯਾਦ ਰਹੇ। ਉਹ ਸਾਡੇ ਅੰਗ ਸੰਗ ਹੈ। ਉਹ ਸਾਡਾ ਪਿਤਾ ਹੈ ਅਤੇ ਸਾਨੂੰ ਉਹ ਪਿਆਰ ਕਰਦਾ ਹੈ। ਅਸੀਂ ਉਸ ਦੀ ਅੰਸ਼ ਜੋ ਹੋਏ।

ਭਾਈ ਸਾਹਿਬ ਨੇ ਹੋਰ ਅਗੇ ਕਿਹਾ ਕਿ ਜੀਵਨ ਲਈ ਜਿਨ੍ਹਾਂ ਵਸਤਾਂ ਦੀ ਬਹੁਤ ਲੋੜ ਹੈ, ਉਹ ਈਸ਼ਵਰ ਨੇ ਮੁਹਈਆ ਕੀਤੀਆਂ ਹੋਈਆਂ ਹਨ। ਈਸ਼ਵਰ ਪ੍ਰਾਪਤੀ ਜੋ ਮਨੁੱਖ ਲਈ ਅਤਿ ਜ਼ਰੂਰੀ ਹੈ, ਈਸ਼ਵਰ ਉਸ ਨੂੰ ਇਤਨੀ ਔਖੀ, ਜਿਵੇਂ ਕਿ ਤੁਸੀਂ ਕਹਿੰਦੇ ਹੋ, ਕਦੀ ਨਹੀਂ ਬਣਾ ਸਕਦਾ।

ਸਾਧੂ ਇਹ ਸੁਣ ਕੇ ਕੁਝ ਅਚੰਭਾ ਅਤੇ ਕੁਝ ਸ਼ਰਮਿੰਦਾ ਹੋ ਗਿਆ। ਉਸ ਨੇ ਕਿਹਾ ਕਿ ਪਰੰਪਰਾ ਤੋਂ ਸਾਧੂ ਇਸ ਨੂੰ ਮੁਸ਼ਕਲ ਹੀ ਦੱਸ ਰਹੇ ਹਨ। ਭਾਈ ਸਾਹਿਬ ਨੇ ਕਿਹਾ ਕਿ ਜੇ ਸਾਧੂ ਮੁਸ਼ਕਲ ਨਾਂ ਦੱਸਣ ਤਾਂ ਉਨ੍ਹਾਂ ਦੀ ਸੇਵਾ ਤੇ ਪੂਜਾ ਕੌਣ ਕਰੇ। ਇਸ ਤਰ੍ਹਾਂ ਆਪ ਨੇ ਸਾਧੂ ਨੂੰ ਨਿਰੁਤਰ ਕਰਕੇ ਗੁਰੂ ਨਾਨਕ ਦਾ ਉਪਦੇਸ਼ ਦਿਤਾ ਤੇ ਨਾਮ ਫਿਲਾਸਫੀ ਦੀ ਸਾਰੀ ਗੱਲ ਸਮਝਾਈ। ਤਸੱਲੀ ਪਾ ਕੇ ਨਮਸਕਾਰਾਂ ਕਰਦਾ ਹੋਇਆ ਉਹ ਵਿਦਾ ਹੋ ਗਿਆ।

# 21. ਨਾਮ ਯਾਦ ਕਰਾਉਣ ਦਾ ਅਨੋਖਾ ਢੰਗ

ਅਮੀਰ ਘਰਾਣੇ ਦਾ ਇਕ ਜੋੜਾ(ਪਤੀ ਅਤੇ ਪਤਨੀ) ਇਕ ਦਿਨ ਭਾਈ ਸਾਹਿਬ ਪਾਸ ਆਇਆ। ਇਨ੍ਹਾਂ ਨੂੰ ਨਾਮ ਬਾਣੀ ਨਾਲ ਪਿਆਰ ਸੀ। ਭਾਈ ਸਾਹਿਬ ਉਪਦੇਸ਼ ਕਰਦੇ ਰਹੇ ਅਤੇ ਧਿਆਨ ਲਗਾ ਕੇ ਉਹ ਸੁਣਦੇ ਰਹੇ ਅਤੇ ਵਿਸਮਾਦ ਵਿਚ ਸਨ। ਭਾਈ ਸਾਹਿਬ ਨੇ ਉਨ੍ਹਾਂ ਤੋਂ ਪੁਛਿਆ ਕਿ ਕੀ ਨਾਮ ਚੇਤੇ ਰਹਿੰਦਾ ਹੈ। ਸਰਦਾਰ ਜੀ ਨੇ ਉਤਰ ਦਿਤਾ ਕਿ ਸਵੇਰੇ ਥੋਹੜਾ ਜਿਹਾ ਪਾਠ ਕਰ ਲੈਂਦੇ ਹਾਂ ਅਤੇ ਬਾਕੀ ਦਾ ਦਿਨ ਕੰਮ ਕਾਜ ਵਿਚ ਲੰਘ ਜਾਂਦਾ ਹੈ। ਫਾਈਲਾਂ ਦੇ ਢੇਰਾਂ ਦੇ ਢੇਰ ਲਗੇ ਰਹਿੰਦੇ ਹਨ ਅਤੇ ਧਿਆਨ ਹੋਰ ਕਿਸੇ ਦੂਜੇ ਪਾਸੇ ਜਾਂਦਾ ਹੀ ਨਹੀਂ। ਭਾਈ ਸਾਹਿਬ ਨੇ ਬੀਬੀ ਜੀ ਨੂੰ ਕਿਹਾ, ਦੇਖੋ ਬੀਬੀ ਆਪ ਜੀ ਦੇ ਪਤੀ ਕਿੰਨੀ ਮਿਹਨਤ ਕਰ ਕੇ ਰੁਪਏ ਕਮਾ ਕੇ ਆਪ ਨੂੰ ਖਰਚ ਲਈ ਲਿਆ ਕੇ ਦੇਂਦੇ ਹਨ। ਤੁਸੀਂ ਵੀ ਇਨ੍ਹਾਂ ਦੀ ਮਦਦ ਕਰਿਆ ਕਰੋ ਤਾਂ ਜੋ ਇਨ੍ਹਾਂ ਨੂੰ ਨਾਮ ਚੇਤੇ ਰਿਹਾ ਕਰੇ। ਤੁਸੀਂ ਘਰ ਦਾ ਵਾਤਾਵਰਣ ਅਜਿਹਾ ਬਣਾ ਸਕਦੇ ਹੋ, ਜਿਸ ਨਾਲ ਧਿਆਨ ਉਸ ਸਤਿਗੁਰੂ ਦੇ ਚਰਨਾਂ ਵਲ ਰਹੇ। ਘਰ ਦਾ ਵਾਤਾਵਰਣ ਇਨ੍ਹਾਂ ਦੇ ਮਨ ਉਤੇ ਪ੍ਰਭਾਵ ਪਾਵੇਗਾ ਤੇ ਦਫਤਰ ਜਾ ਕੇ ਵੀ ਉਸ ਦਾ ਅਸਰ ਇਨ੍ਹਾਂ ਉਪਰ ਰਹੇਗਾ। ਤੁਸੀਂ ਸਾਰਾ ਦਿਨ ਸਿਮਰਨ ਦੀ ਘਾਲ ਕਰ ਕੇ ਇਨ੍ਹਾਂ ਲਈ ਅਰਦਾਸ ਕਰਿਆ ਕਰੋ ਕਿ ਇਨ੍ਹਾਂ ਨੂੰ ਨਾਮ ਚੇਤੇ ਰਹੇ। ਜਦੋਂ ਇਹ ਘਰ ਆਉਣ ਤਾਂ ਕੁਝ ਮਿੰਟਾਂ ਲਈ ਬਾਬਾ ਜੀ ਦੇ ਕਮਰੇ ਵਿਚ ਮਿਲ ਬੈਠੋ। ਜੇ ਕੀਰਤਨ ਕਰ ਸਕਦੇ ਹੋ ਤਾਂ ਇਕ ਸ਼ਬਦ ਦਾ ਕੀਰਤਨ ਕਰੋ। ਇਕ ਗੱਲ ਹੋਰ ਵੀ ਕਰ ਸਕਦੇ ਹੋ, ਜਦੋਂ ਤੁਹਾਡੇ ਪਤੀ ਕਪੜੇ ਪਾਉਣ ਤਾਂ ਕੋਟ ਅਤੇ ਪੈਂਟ ਦੀਆਂ ਸਾਰੀਆਂ ਜੇਬਾਂ ਵਿਚ ਸਿਮਰਨੇ ਪਾ ਦਿਤਾ ਕਰੋ। ਦਿਨ ਵਿਚ ਕਈ ਵਾਰੀ ਇਹ ਰੁਮਾਲ ਕੱਢਦੇ ਹੋਣਗੇ, ਕਈ ਵਾਰੀ ਬਟੂਆ ਕਢਦੇ ਹੋਣਗੇ, ਕਈ ਵਾਰੀ ਕਿਸੀ ਕਾਗਜ਼ ਲਈ ਜੇਬ ਵਿਚ ਹੱਥ ਪਾਉਂਦੇ ਹੋਣਗੇ। ਇਸ ਤਰ੍ਹਾਂ ਭੁਲਿਆਂ ਹੋਇਆਂ ਅਤੇ ਰੁਝੇ ਹੋਇਆਂ ਜੇਬ ਵਿਚ ਸਿਮਰਨੇ ਨਾਲ ਹੱਥ ਕੁਦਰਤੀ ਕਈ ਵਾਰ ਲਗਿਆ ਕਰੇਗਾ ਤੇ ਨਾਮ ਚੇਤੇ ਆ ਜਾਇਆ ਕਰੇਗਾ। ਭਾਵੇਂ ਲਗਾਤਾਰ ਨਾਮ ਨਾ ਜਪ ਸਕਣਗੇ, ਪਰ ਸਕਿੰਟਾਂ ਮਿੰਟਾਂ ਲਈ ਰੁਖ ਜ਼ਰੂਰ ਪਲਟ ਜਾਏਗਾ। ਇਹ ਪਿਆਰ ਭਰੀ ਉਚੀ ਤੇ ਸੁਚੀ ਸਿਖਿਆ ਸੁਣ ਕੇ ਦੰਪਤੀ ਦੀਆਂ ਅੱਖਾਂ ਵਿਚੋਂ ਪਾਣੀ ਜਾ ਰਿਹਾ ਸੀ।

 www.sikhbookclub.com

# 22. ਮਹਾਰਾਜਾ ਨਾਭਾ ਜੀ

ਮਹਾਰਾਜਾ ਨਾਭਾ ਰਿਪੁਦਮਨ ਸਿੰਘ ਜਦੋਂ ਉਹ ਟਿੱਕਾ ਨਾਭਾ ਸਨ, ਚੀਫ ਖਾਲਸਾ ਦੀਵਾਨ ਨਾਲ ਉਨ੍ਹਾਂ ਦੇ ਸਬੰਧ ਘਨਿਸ਼ਟ ਸਨ ਅਤੇ ਮਿਲ ਕੇ ਪੰਥ ਦੀ ਸੇਵਾ ਕਰਿਆ ਕਰਦੇ ਸਨ। ਉਹ ਭਾਈ ਸਾਹਿਬ ਜੀ ਦੇ ਘਰ ਅਤੇ ਛਾਪੇ ਖਾਨੇ ਵੀ ਆਉਂਦੇ ਹੁੰਦੇ ਸਨ। ਭਾਈ ਹੀਰਾ ਸਿੰਘ ਰਾਗੀ ਨੂੰ ਟਿੱਕਾ ਨਾਭਾ ਨੇ ਸੱਦਿਆ, ਤੇ ਉਹ ਨਾਭਾ ਗਏ ਅਤੇ ਕਾਫੀ ਸਮਾਂ ਉਨ੍ਹਾਂ ਪਾਸ ਰਹੇ। ਰੋਜ਼ ਕੀਰਤਨ ਹੁੰਦੇ ਸਨ ਅਤੇ ਸਤਿਸੰਗ ਦਾ ਚੰਗਾ ਅਵਸਰ ਬਣਿਆ ਹੋਇਆ ਸੀ। ਮੌਕਾ ਮਿਲਣ ਤੇ ਭਾਈ ਹੀਰਾ ਸਿੰਘ ਜੀ ਭਾਈ ਵੀਰ ਸਿੰਘ ਜੀ ਦਾ ਜ਼ਿਕਰ ਕਰਦੇ ਅਤੇ ਰਾਣਾ ਸੂਰਤ ਸਿੰਘ ਪੜ੍ਹ ਕੇ ਸੁਣਾਂਦੇ। ਟਿੱਕਾ ਜੀ ਨੂੰ ਰਾਣਾ ਸੂਰਤ ਸਿੰਘ ਚੰਗਾ ਲੱਗਾ। ਮੰਗਵਾ ਕੇ ਆਪ ਪੜ੍ਹਨਾ ਸ਼ੁਰੂ ਕੀਤਾ। ਜਦੋਂ ਕੁਝ ਪੜ੍ਹਿਆ, ਤਦੋਂ ਭਾਈ ਹੀਰਾ ਸਿੰਘ ਜੀ ਨੂੰ ਕਹਿਣ ਲਗੇ ਕਿ ਜੇ ਇਹ ਪੁਸਤਕ ਕੋਈ ਅੰਗ੍ਰੇਜ਼ ਲਿਖਦਾ ਤਾਂ ਇਤਨਾ ਵਡਾ ਪੋਥਾ ਨਾ ਬਣਾ ਦਿੰਦਾ। ਆਦਮੀ ਪੜ੍ਹ ਪੜ੍ਹ ਕੇ ਅਕੇਵਾਂ ਮਹਿਸੂਸ ਕਰਨ ਲਗ ਪੈਂਦਾ ਹੈ। ਭਾਈ ਹੀਰਾ ਸਿੰਘ ਜੀ ਪਾਸ ਪੁਸਤਕ ਪਈ ਹੋਈ ਸੀ, ਉਨ੍ਹਾਂ ਖੋਲ੍ਹ ਕੇ ਥੋੜ੍ਹੀ ਪੜ੍ਹ ਕੇ ਸੁਣਾਈ ਅਤੇ ਪੁਛਿਆ ਕਿ ਕੀ ਆਪਦਾ ਜੀ ਕਰਦਾ ਹੈ, ਇਹ ਹਿੱਸਾ ਕਢ ਦਿਤਾ ਜਾਵੇ। ਟਿੱਕੇ ਨੇ ਉਤਰ ਦਿਤਾ ਕਿ ਨਹੀਂ ਇਹ ਤਾਂ ਬੜਾ ਜ਼ਰੂਰੀ ਹਿੱਸਾ ਹੈ। ਭਾਈ ਹੀਰਾ ਸਿੰਘ ਨੇ ਕੁਝ ਹੋਰ ਵਰਕੇ ਪਲਟ ਕੇ ਫਿਰ ਪੜ੍ਹਿਆ ਤੇ ਪੁਛਿਆ ਕਿ ਇਸ ਦੀ ਲੋੜ ਹੈ ਕਿ ਨਹੀਂ। ਉਤਰ ਵਿਚ ਟਿੱਕਾ ਸਾਹਿਬ ਨੇ ਕਿਹਾ ਕਿ ਇਸ ਵਿਚ ਤਾਂ ਗੁਰਮਤ ਦੇ ਗੁਹਜ ਭਾਵ ਦਰਸਾਏ ਹਨ। ਤੀਜੀ ਵਾਰ ਹੋਰ ਥਾਂ ਤੋਂ ਪੜ੍ਹ ਕੇ ਸੁਣਾਇਆ ਤੇ ਪੁਛਿਆ। ਟਿੱਕਾ ਨਾਭਾ ਨੇ ਕਿਹਾ ਕਿ ਜੀ ਨਹੀਂ ਕਰਦਾ ਕਿ ਇਹ ਹਿੱਸਾ ਭੀ ਕੱਢ ਦਿਤਾ ਜਾਵੇ। ਫਿਰ ਆਪ ਹੀ ਕਹਿਣ ਲੱਗੇ ਕਿ ਇਹ ਪੁਸਤਕ ਆਪਣੇ ਆਪ ਵਿਚ ਮੁਕੰਮਲ ਹੈ। ਸੈਕਟਰੀ ਨੂੰ ਹੁਕਮ ਦਿਤਾ ਕਿ ਜਿਥੇ ਵੀ ਮੈਂ ਬਾਹਰ ਜਾਵਾਂ, ਰਾਣਾ ਸੂਰਤ ਸਿੰਘ ਜ਼ਰੂਰ ਮੇਰੇ ਨਾਲ ਰਖ ਦਿਤਾ ਕਰੋ।


www.sikhbookclub.com

# 23. ਬੀਬੀ ਰਾਮਿੰਦਰਾ ਅਜੀਤ ਸਿੰਘ ਜੀ

ਇਹ ਬੀਬੀ ਸਰਦਾਰ ਮਨਮੋਹਨ ਸਿੰਘ ਦੀ ਬੱਚੀ ਹੈ ਅਤੇ ਇਸ ਦਾ ਜਨਮ 1921 ਵਿਚ ਐਬਟਾਬਾਦ ਹੋਇਆ। ਬੱਚੀ ਨੂੰ ਛੋਟੀ ਉਮਰ ਵਿਚ ਹੀ ਗਾਉਣ ਦਾ ਸ਼ੌਕ ਸੀ। ਇਸ ਬੀਬੀ ਦਾ ਗਲਾ ਬੜਾ ਰਸੀਲਾ ਸੀ ਅਤੇ ਰਾਗ ਵਿਦਿਆ ਸਿਖਣ ਦਾ ਸ਼ੌਕ ਵੀ ਬਹੁਤ ਸੀ। ਬੀਬੀ ਦਾ ਉਸਤਾਦ ਬੜਾ ਖੁਸ਼ ਸੀ ਅਤੇ ਸ਼ੌਕ ਨਾਲ ਸਿਖਾਉਂਦਾ ਸੀ। ਜਦੋਂ ਬੀਬੀ ਨੇ ਸ਼ਬਦ ਸਿਖੇ ਤਾਂ ਸਰਦਾਰ ਜੀ ਬੱਚੀ ਨੂੰ ਨਾਲ ਲੈ ਕੇ ਅੰਮ੍ਰਿਤਸਰ ਆਏ। ਭਾਈ ਸਾਹਿਬ ਨੇ ਸ਼ਬਦ ਸੁਣੇ ਅਤੇ ਬੜੇ ਪ੍ਰਸੰਨ ਹੋਏ ਅਤੇ ਅਸੀਸਾਂ ਦਿਤੀਆਂ। ਫਿਰ ਸਰਦਾਰ ਬੱਚੀ ਨੂੰ ਨਾਲ ਲੈ ਕੇ ਅੰਮ੍ਰਿਤਸਰ ਜਾਂਦੇ ਰਹੇ ਅਤੇ ਬੀਬੀ ਸ਼ਬਦ ਸੁਣਾਉਂਦੀ ਰਹੀ। ਇਕ ਦਿਨ ਭਾਈ ਸਾਹਿਬ ਨੇ ਬੀਬੀ ਨੂੰ ਪਾਸ ਬਿਠਾ ਕੇ ਸਮਝਾਇਆ ਤੇ ਕਿਹਾ ਕਿ ਗੁਰੂ ਮਿਹਰ ਸਦਕਾ ਤੁਹਾਡਾ ਗਲਾ ਰਸੀਲਾ ਹੈ, ਇਕ ਹੋਰ ਗੱਲ ਸਿਖੋ। ਸ਼ਬਦ ਗੁਰੂ ਨਾਨਕ ਜੀ ਨੂੰ ਸੁਣਾ ਕੇ ਪੜ੍ਹਿਆ ਕਰੋ। ਇਹ ਮਹਿਸੂਸ ਕਰਿਆ ਕਰੋ ਕਿ ਸਤਿਗੁਰੂ ਜੀ ਆਪ ਦਾ ਸ਼ਬਦ ਸੁਣ ਰਹੇ ਹਨ। ਆਪ ਦੇ ਕੀਰਤਨ ਵਿਚ ਰਸ ਹੋਰ ਭਰ ਜਾਵੇਗਾ। ਬੀਬੀ ਉਤੇ ਅਜਿਹੀ ਬਖਸ਼ਸ਼ ਕੀਤੀ ਕਿ ਉਸ ਨੂੰ ਹਜ਼ੂਰੀ ਪ੍ਰਾਪਤ ਹੋ ਗਈ। ਕੀਰਤਨ ਵਿਚ ਰਸ ਪੈ ਗਿਆ। ਇਕ ਵਾਰੀ ਜਦੋਂ ਬੀਬੀ ਕੀਰਤਨ ਕਰ ਕੇ ਹਟੀ ਤਾਂ ਆਪ ਨੇ 5/-ਰੁਪਏ ਦਾ ਨੋਟ ਅਗੇ ਰਖ ਕੇ ਆਖਿਆ ਕਿ ਬੱਚੀ ਇਹ ਸ਼ਬਦ ਭੇਟ ਹੈ। ਇਹ ਨੋਟ ਭਾਵੇਂ ਬਦਲ ਗਏ ਹਨ, ਪਰ ਇਹ ਪ੍ਰਵਾਰ ਪਾਸ ਅਜੇ ਵੀ ਸਾਂਭਿਆ ਪਿਆ ਹੈ। 1944 ਵਿਚ ਬੀਬੀ ਦੀ ਸ਼ਾਦੀ ਸ੍ਰ: ਬ: ਕਰਤਾਰ ਸਿੰਘ ਜੀ ਦੇ ਲੜਕੇ ਸਰਦਾਰ ਅਜੀਤ ਸਿੰਘ ਨਾਲ ਹੋ ਗਈ। ਥੋਹੜੇ ਸਮੇਂ ਵਿਚ ਹੀ ਕਾਰੋਬਾਰ ਚੰਗਾ ਚਲ ਨਿਕਲਿਆ ਅਤੇ ਅਜੀਤ ਸਿੰਘ ਨੇ ਲੱਖਾਂ ਰੁਪਏ ਕਮਾ ਲਏ।

ਕੁਦਰਤ ਦੇ ਰੰਗ 1959 ਵਿਚ ਬੀਬੀ ਨੇ ਇਹ ਮਹਿਸੂਸ ਕੀਤਾ ਕਿ ਉਸ ਦੀ breast ਵਿਚ ਇਕ ਗਿਲਟੀ ਹੋ ਗਈ ਹੈ। ਕੁਝ ਦਿਨਾਂ ਪਿਛੋਂ ਇਕ ਹੋਰ ਹੋ ਗਈ। ਉਹ ਡਰਦੇ ਡਾਕਟਰ ਨੂੰ ਨਾ ਵਿਖਾਉਣ ਕਿ ਕਿਧਰੇ ਕੈਂਸਰ (Cancer) ਹੀ ਨਾ ਹੋਵੇ। ਉਨ੍ਹਾਂ ਦਿਨਾਂ ਵਿਚ ਹੀ ਇਕ ਮਿਤਰ ਲੇਡੀ ਡਾਕਟਰ ਉਨ੍ਹਾਂ ਦੇ ਘਰ ਆਈ ਜੋ ਕਲਕੱਤੇ ਕਈ ਮਹੀਨੇ ਕੈਂਸਰ ਹਸਪਤਾਲ ਵਿਚ ਕੰਮ ਕਰ ਕੇ ਆਈ ਸੀ। ਉਸ ਨੇ ਦੇਖਦਿਆਂ ਹੀ ਕਿਹਾ ਕਿ ਇਹ ਕੈਂਸਰ ਦਾ ਗਲੈਂਡ ਨਜ਼ਰ ਆਉਂਦਾ ਹੈ। ਬੀਬੀ ਨੂੰ ਡਾਕਟਰ ਧੂਪੀਏ ਦੇ ਦਿਖਾਇਆ ਗਿਆ। ਡਾਕਟਰ ਧੂਪੀਏ ਨੇ ਦੇਖ ਕੇ ਕਿਹਾ ਕਿ ਇਹ ਮੇਰੀ ਲਾਈਨ ਨਹੀਂ ਹੈ, ਪਰ ਜੋ ਥੋੜ੍ਹਾ ਕੁਝ ਪੜ੍ਹਿਆ ਹੈ, ਉਸ ਤੋਂ ਕੈਂਸਰ ਹੀ ਜਾਪਦਾ ਹੈ। ਫਿਰ ਡਾਕਟਰ ਸੈਨ ਨੇ ਦੇਖ ਕੇ ਆਖਿਆ ਕਿ ਰੋਜ਼ ਦਰਜਨਾਂ ਅਪ੍ਰੇਸ਼ਨ ਕੈਂਸਰ ਦੇ ਕਰਦਾ ਹਾਂ, ਗਿਲਟੀ ਇਕੋ ਹੁੰਦੀ ਹੈ ਪਰ ਆਪ ਦੇ ਦੋ ਹਨ। ਹੋ ਸਕਦਾ ਹੈ ਕਿ ਕੈਂਸਰ ਨਾ ਹੋਵੇ, ਪਰ ਗਿੱਲਟੀ ਕੱਢ ਕੇ ਟੈਸਟ ਲਈ ਭੇਜ ਦੇਂਦਾ ਹਾਂ। ਛੋਟਾ ਅਪ੍ਰੇਸ਼ਨ ਕਰ ਕੇ ਗਿਲਟੀ ਟੈਸਟ ਲਈ ਭੇਜ ਦਿਤੀ ਗਈ। ਘਰ ਵਿਚ ਅਖੰਡ ਪਾਠ ਰਖਵਾ ਦਿਤਾ ਗਿਆ। ਟੈਸਟ ਦੀ ਰੀਪੋਰਟ ਵਿਚ ਕੈਂਸਰ ਨਿਕਲੀ। ਡਾ: ਸੇਨ ਦੇ ਹਸਪਤਾਲ ਓਪਰੇਸ਼ਨ ਦੀ ਤਿਆਰੀ ਹੋ ਗਈ। ਬੀਬੀ ਸਖਤ ਘਬਰਾਹਟ ਵਿਚ ਸੀ ਅਤੇ ਉਸ ਦੇ ਮੂੰਹ ਤੋਂ ਬੋਲ ਨਹੀਂ ਨਿਕਲ ਰਿਹਾ ਸੀ। ਸਵੇਰੇ ਅਖੰਡ ਪਾਠ ਸਾਹਿਬ ਦਾ ਭੋਗ ਪਿਆ ਅਤੇ ਰੁਦਨ ਕਰ ਕੇ ਸਰਦਾਰ ਮਨਮੋਹਨ ਸਿੰਘ ਜੀ ਨੇ ਆਪ ਅਰਦਾਸ ਕੀਤੀ ਅਤੇ ਮਿਹਰ ਦੀ ਜਾਚਨਾ ਕੀਤੀ। ਵਾਕ ਹੌਸਲਾ ਦੇਣ ਵਾਲਾ ਆਇਆ। ਬੀਬੀ ਰਾਜ (ਸੁਪਤਨੀ ਮਲਕ ਜੀ) ਵੀ ਇਸੇ ਹਸਪਤਾਲ ਵਿਚ ਦਾਖਲ ਸਨ ਅਤੇ ਅਰੋਗ ਹੋ ਰਹੇ ਸਨ। ਉਨ੍ਹਾਂ ਨੂੰ ਪਤਾ ਚਲਿਆ ਅਤੇ ਨਰਸ ਪਾਸੋਂ ਪੁਛਿਆ। ਨਰਸ ਨੇ ਬੀਮਾਰੀ ਬਾਰੇ ਦਸਿਆ ਅਤੇ ਘਰ ਦੇ ਮੈਂਬਰਾਂ ਦੀ ਹਾਲਤ ਦਸੀ ਕਿ ਉਹ ਰੋ ਰੋ ਕੇ ਬੇਹਾਲ ਹੋ ਰਹੇ ਹਨ। ਰਾਜ ਜੀ ਇਹ ਸੁਣ ਕੇ ਅਰਦਾਸ ਵਿਚ ਜੁੜ ਗਈ ਅਤੇ ਬੇਨਤੀ ਕੀਤੀ ਕਿ ਦਾਤਾ ਜੀ ਮੇਰੇ ਸਿਰ ਹੁਣ ਕੋਈ ਜ਼ਿਮੇਵਾਰੀ ਨਹੀਂ ਹੈ। ਆਪ ਦੇ ਚੋਜ ਮੈਨੂੰ ਰਾਜ਼ੀ ਕਰ ਦਿਤਾ ਏ। ਪਿਆਰੇ ਜੀ ਇਹ ਜਵਾਨ ਲੜਕੀ ਰਾਜ਼ੀ ਹੋ ਜਾਵੇ। ਜੇ ਕੁਝ ਹੋ ਗਿਆ ਤਾਂ ਬੁਢੇ ਮਾਂ ਪਿਉ ਕੀ ਕਰਨਗੇ। ਅਰਦਾਸ ਵਿਚ ਹੀ ਉਨ੍ਹਾਂ ਦੀ ਅੱਖ ਲਗ ਗਈ। ਕੀ ਦੇਖਦੀ ਹੈ ਕਿ ਬਹੁਤ ਹੀ ਸੁਹਾਵਨਾ ਅਸਥਾਨ ਹੈ। ਇਕ ਪਾਸੇ ਤੋਂ ਭਾਈ ਵੀਰ ਸਿੰਘ ਜੀ ਆ ਰਹੇ ਹਨ। ਜਸਵੰਤ (ਸੁਪਤਨੀ ਸਰਦਾਰ ਮਨਮੋਹਨ ਸਿੰਘ) ਵੀ ਉਸੇ ਪਾਸਿਉਂ ਦੌੜੀ ਆ ਰਹੀ ਹੈ ਅਤੇ ਉਹ ਬਹੁਤ ਘਾਬਰੀ ਹੋਈ ਹੈ। ਭਾਈ ਸਾਹਿਬ ਬੋਲੇ ਨਹੀਂ ਪਰ ਅਸੀਸ ਦੇ ਰਹੇ ਹਨ। ਇਸ ਤਰ੍ਹਾਂ ਉਸ ਦੀ ਅੱਖ ਖੁਲ੍ਹ ਗਈ। ਜਸਵੰਤ ਨੂੰ ਰਾਜ ਜੀ ਨੇ ਸਾਰਾ ਸੁਪਨਾ ਦਸਿਆ ਅਤੇ ਹੌਸਲਾ ਦਿਤਾ ਕਿ ਸਿਦਕ ਵਿਚ ਆਵੋ। ਆਪ ਦੀ ਪੁਕਾਰ ਦਰਗਾਹੇ ਪੁਜ ਗਈ ਹੈ। ਡੋਲੇ ਨਹੀਂ। ਅਪ੍ਰੇਸ਼ਨ ਤੋਂ ਪਹਿਲਾਂ ਇਹ ਸਾਰਾ ਸੁਪਨਾ ਬੀਬੀ ਰਾਮਿੰਦਰ ਨੂੰ ਦਸਿਆ

ਗਿਆ। ਜੋ ਰੋ ਰੋ ਕੇ ਬੇਹਾਲ ਹੋ ਰਹੀ ਸੀ। ਸਿਦਕ ਵਿਚ ਆ ਗਈ ਅਤੇ ਉਸ ਦੇ ਚਿਹਰੇ ਦਾ ਪ੍ਰਭਾਵ ਬਦਲ ਗਿਆ। ਬੀਬੀ ਅਰਦਾਸ ਵਿਚ ਜੁੜ ਗਈ। ਦੋ ਘੰਟੇ ਅਪ੍ਰੇਸ਼ਨ ਹੁੰਦਾ ਰਿਹਾ ਅਤੇ ਲਗਪਗ 80 ਟਾਂਕੇ ਲਗੇ। ਡਾਕਟਰ ਸੇਨ ਨੇ ਦਸਿਆ ਕਿ ਲੜਕੀ ਬੜੀ ਦਲੇਰ ਰਹੀ ਹੈ, ਰਤਾ ਵੀ ਨਹੀਂ ਘਾਬਰੀ। ਦੂਜੇ ਦਿਨ ਬੀਬੀ ਨੂੰ ਬੁਖਾਰ ਹੋ ਗਿਆ ਅਤੇ ਇਹ 103, 104 ਡਿਗਰੀ ਤਕ ਅਪੜ ਗਿਆ। ਸਰਦਾਰ ਜੀ ਹਸਪਤਾਲ ਤੋਂ ਘਰ ਆਏ ਅਤੇ ਫੂਨ ਤੇ ਸਰਦਾਰ ਹਰਨਾਮ ਸਿੰਘ ਨੂੰ ਸਾਰੀ ਗੱਲ ਦਸੀ ਅਤੇ ਅਰਦਾਸ ਕਰਨ ਲਈ ਬੇਨਤੀ ਕੀਤੀ ਤਾਂ ਜੋ ਬੱਚੀ ਰਾਜ਼ੀ ਹੋ ਜਾਵੇ। ਸਰਦਾਰ ਹਰਨਾਮ ਸਿੰਘ ਕੁਰਸੀ ਤੇ ਬੈਠੇ ਹੀ ਅਰਦਾਸ ਵਿਚ ਜੁੜ ਗਏ ਅਤੇ ਉਨ੍ਹਾਂ ਦੀ ਅੱਖ ਲਗ ਗਈ। ਕੀ ਦੇਖਦੇ ਹਨ ਕਿ ਭਾਈ ਸਾਹਿਬ ਆ ਗਏ ਹਨ। ਉਨ੍ਹਾਂ ਦੇ ਦਰਸ਼ਨ ਕਰ ਕੇ ਚਿਤ ਖਿੜ ਗਿਆ। ਇਤਨੀ ਦੇਰ ਵਿਚ ਸਰਦਾਰ ਮਨਮੋਹਨ ਸਿੰਘ ਜੀ ਘਬਰਾਏ ਹੋਏ ਆਏ ਤੇ ਚਰਨਾਂ ਤੇ ਸੀਸ ਨਿਵਾਇਆ। ਭਾਈ ਸਾਹਿਬ ਸਰਦਾਰ ਮਨਮੋਹਨ ਸਿੰਘ ਜੀ ਨੂੰ ਆਖਦੇ ਹਨ ਕਿ ਕਿਉਂ ਘਬਰਾਉਂਦੇ ਹੋ, ਵਾਹਿਗੁਰੂ ਜੀ ਸਭ ਠੀਕ ਕਰਦੇ ਹਨ। ਸਿਦਕ ਵਿਚ ਆਉ, ਅਰਦਾਸ ਕਰੋ ਤੇ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਵਾ ਕੇ ਮਜ਼ਦੂਰਾਂ ਵਿਚ ਵੰਡੋ।" ਇਹ ਸਾਰਾ ਸੁਪਨਾ ਸ੍ਰ: ਜੀ ਨੇ ਸਰਦਾਰ ਮਨਮੋਹਨ ਸਿੰਘ ਜੀ ਨੂੰ ਫੂਨ ਤੇ ਦਸਿਆ। ਕੜਾਹ ਪ੍ਰਸ਼ਾਦਿ ਤਿਆਰ ਕਰਵਾ ਕੇ ਬਾਬਾ ਜੀ ਦੀ ਹਜ਼ੂਰੀ ਵਿਚ ਅਰਦਾਸਾ ਕਰ ਕੇ ਲੇਬਰ ਵਿਚ ਵੰਡਿਆ ਗਿਆ। ਬੀਬੀ ਦਾ ਬੁਖਾਰ ਸ਼ਾਮ ਤਕ ਘਟ ਗਿਆ ਸੀ ਅਤੇ ਉਹ ਸਿਦਕ ਵਿਚ ਸੀ। ਛੇਤੀ ਛੇਤੀ ਆਰਾਮ ਆਉਣ ਲੱਗਾ। 15 ਦਿਨਾਂ ਵਿਚ ਹੀ ਜ਼ਖਮ ਭਰ ਗਏ ਅਤੇ ਹਸਪਤਾਲ ਤੋਂ ਛੁਟੀ ਹੋ ਗਈ ਅਤੇ ਬੀਬੀ ਰਾਜ਼ੀ ਬਾਜ਼ੀ ਹੋ ਕੇ ਆਪਣੇ ਘਰ ਵਾਪਸ ਆ ਗਈ ਡਾਕਟਰ ਸੇਨ ਨੇ ਹੈਰਾਨੀ ਵਿਚ ਕਿਹਾ ਕਿ ਬੜੇ ਓਪਰੇਸ਼ਨ ਕੀਤੇ ਹਨ। ਜਿਸ ਤਰ੍ਹਾਂ ਇਸ ਕੇਸ ਵਿਚ ਰੀਕਵਰੀ ਹੋਈ ਹੈ ਅਗੇ ਨਹੀਂ ਦੇਖੀ। ਮੇਰਾ ਅੰਦਾਜ਼ਾ ਸੀ ਇਕ ਮਹੀਨਾ ਲਗ ਜਾਵੇਗਾ।

 www.sikhbookclub.com

# 24. ਬੀਬੀ ਭਜਨ ਕੌਰ ਜੀ

ਇਹ ਬੀਬੀ, ਬੀਬੀ ਸੰਤ ਜੀ ਦੇ ਚਾਚਾ ਸ੍ਰੀ ਲਖਮੀ ਚੰਦ ਦੀ ਸਪੁਤਰੀ ਸੀ। ਬੀਬੀ ਸੰਤ ਦੇ ਸਦਕਾ ਇਸ ਬੀਬੀ ਨੂੰ ਵੀ ਨਾਮ ਦਾ ਸ਼ੌਕ ਲੱਗਾ ਅਤੇ 1912 ਵਿਚ ਭਾਈ ਸਾਹਿਬ ਦੀ ਛਹੁ ਇਸ ਨੂੰ ਪ੍ਰਾਪਤ ਹੋਈ। ਇਹ ਬੀਬੀ ਨਿਸ਼ਕਪਟ, ਨਿਰਛਲ, ਭੋਲੀ ਭਾਲੀ ਅਤੇ ਅਨਪੜ੍ਹ ਸੀ। ਇਨ੍ਹਾਂ ਖੂਬੀਆਂ ਦੇ ਕਾਰਨ ਇਸ ਨੂੰ ਸਿਦਕ ਛੇਤੀ ਪ੍ਰਾਪਤ ਹੋ ਗਿਆ। ਇਸ ਬੀਬੀ ਦਾ ਵਿਸ਼ਵਾਸ਼ ਕਮਾਲ ਦਰਜੇ ਦਾ ਸੀ। ਇਸ ਦੀ ਸ਼ਾਦੀ ਭਗਤਾਂ ਦੇ ਪ੍ਰਵਾਰ ਵਿਚ ਹੋ ਗਈ। ਇਨ੍ਹਾਂ ਭਗਤਾਂ ਦਾ ਪ੍ਰਵਾਰ ਕਦੀ ਸਹਿਜਧਾਰੀ ਹੁੰਦਾ ਸੀ, ਪਰ ਸਮਾਜੀਆਂ ਦਾ ਜ਼ੋਰ ਹੋਣ ਕਾਰਨ ਉਨ੍ਹਾਂ ਦਾ ਉਲਾਰ ਸਮਾਜ ਵਲ ਹੋ ਗਿਆ। ਬੀਬੀ ਨੂੰ ਸਾਧ ਸੰਗਤ ਵਿਚ ਜਾਣ ਅਤੇ ਭਾਈ ਸਾਹਿਬ ਨੂੰ ਮਿਲਣ ਦੀ ਬੰਦਸ਼ ਸੀ। ਇਹ ਆਮ ਵੇਖਿਆ ਗਿਆ ਹੈ ਕਿ ਜਿਸ ਚੀਜ਼ ਲਈ ਬੰਦਸ਼ ਲਾਈ ਜਾਵੇ ਉਸ ਵਲ ਖਿਚ ਜ਼ਿਆਦਾ ਵਧਦੀ ਹੈ। ਬੰਦਸ਼ਾਂ ਦੇ ਬਾਵਜੂਦ ਇਸ ਦਾ ਰੁਝਾਉ ਨਾਮ ਬਾਣੀ ਵਲ ਹੋਰ ਵਧ ਗਿਆ। ਘਰ ਵਾਲਿਆਂ ਨੂੰ ਬਿਉਪਾਰ ਵਿਚ ਬਹੁਤ ਘਾਟੇ ਪਏ ਅਤੇ ਬੀਬੀ ਦੇ ਘਰ ਵਾਲਾ ਚੁਪ ਚੁਪੀਤੇ ਜਾਪਾਨ ਚਲਾ ਗਿਆ। ਬੀਬੀ ਦਾ ਕੋਈ ਨਹੀਂ ਸੀ। ਇਹ ਸਮਾਂ ਬੀਬੀ ਲਈ ਬੜਾ ਕਠਿਨ ਸੀ। ਉਹ ਪੇਕੇ ਘਰ ਆ ਗਈ। ਇਥੇ ਸਤਿਸੰਗ ਵਿਚ ਜਾਣ ਦੀ ਕੋਈ ਰੋਕ ਨਹੀਂ ਸੀ। ਇਥੇ ਕਦੀ ਕਦਾਈਂ ਭਾਈ ਸਾਹਿਬ ਦੇ ਦਰਸ਼ਨ ਵੀ ਉਨ੍ਹਾਂ ਨੂੰ ਹੋ ਜਾਂਦੇ। ਇਥੇ ਬੀਬੀ ਨੂੰ ਸਮਾਂ ਕਾਫੀ ਮਿਲ ਜਾਂਦਾ ਸੀ। ਸੁਰਤ ਨੇ ਕਾਫੀ ਤਰੱਕੀ ਕੀਤੀ ਅਤੇ ਨਾਮ ਧੁਰ ਅੰਦਰ ਸਿੰਜਰ ਗਿਆ। ਭਾਵੇਂ ਮੁਕਦਮੇ ਚਲ ਰਹੇ ਸਨ, ਪਰ ਉਸ ਦਾਤੇ ਦੀ ਅਪਾਰ ਕਿਰਪਾ ਨਾਲ ਪਤੀ ਦੀ ਜਾਇਦਾਦ ਵਿਚੋਂ ਛੇ, ਸੱਤ ਸੌ ਰੁਪਏ ਮਾਹਵਾਰ ਦੀ ਆਮਦਨ ਮਿਲ

ਰਹੀ ਸੀ। ਬੀਬੀ ਨੂੰ ਇਹ ਨਿਸਚਾ ਸੀ ਕਿ ਇਹ ਸਭ ਕੁਝ ਭਾਈ ਸਾਹਿਬ ਦੀਆਂ ਅਸੀਸਾਂ ਦਾ ਫਲ ਹੈ। ਜਾਪਾਨ ਵਿਚ ਉਸ ਦੇ ਘਰ ਵਾਲੇ ਦਾ ਕੰਮ ਵੀ ਚੰਗਾ ਹੋ ਗਿਆ ਤੇ ਕਾਫੀ ਅਮੀਰ ਹੋ ਗਿਆ। ਬੀਬੀ ਦੇ ਚਾਚਾ ਰਾਏ ਸਾਹਿਬ ਪਰਮਾਨੰਦ ਜੀ ਜਾਪਾਨ ਸੈਰ ਨੂੰ ਗਏ ਅਤੇ ਇਹ ਬੀਬੀ ਵੀ ਨਾਲ ਚਲੀ ਗਈ। ਪਰ ਜਾਪਾਨ ਜਾਣ ਤੋਂ ਪਹਿਲਾਂ ਭਾਈ ਸਾਹਿਬ ਜੀ ਦੇ ਦਰਸ਼ਨ ਸ੍ਰੀ ਅੰਮ੍ਰਿਤਸਰ ਕਰ ਕੇ ਆਈ। ਭਾਈ ਸਾਹਿਬ ਜੀ ਨੇ ਉਤਸ਼ਾਹ ਅਤੇ ਅਸੀਸਾਂ ਦਿਤੀਆਂ। ਅਸੀਸਾਂ ਮਿਲਦਿਆਂ ਹੀ ਬੀਬੀ ਦਾ ਚਿਤ ਖਿੜ ਗਿਆ। ਇਹ ਗੱਲ 1920 ਦੀ ਹੈ। ਉਥੇ ਜਾਪਾਨ ਵਿਚ ਕੋਈ ਸਤਿਸੰਗ ਨਹੀਂ ਸੀ, ਪਰ ਉਹ ਅਰਦਾਸ ਵਿਚ ਜੁੜਦੀ ਅਤੇ ਇਸੀ ਆਸਰੇ ਦਿਨ ਕਟਦੀ ਰਹੀ। 1921 ਵਿਚ ਸਰਦਾਰ ਹਰਨਾਮ ਸਿੰਘ ਜੀ ਜਾਪਾਨ ਗਏ, ਉਨ੍ਹਾਂ ਨੂੰ ਵੇਖ ਕੇ ਬੀਬੀ ਨੂੰ ਚਾਅ ਚੜ੍ਹ ਗਿਆ ਅਤੇ ਵਾਹਿਗੁਰੂ ਦਾ ਸ਼ੁਕਰ ਕੀਤਾ ਜਿਸ ਨੇ ਇਕ ਸਤਿਸੰਗੀ ਦਾ ਮੇਲ ਕਰਾਇਆ ਹੈ। ਕਦੀ ਕਦੀ ਸਰਦਾਰ ਜੀ ਬੀਬੀ ਨੂੰ ਮਿਲਦੇ ਰਹੇ। ਸਰਦਾਰ ਜੀ 4 ਮਹੀਨੇ ਜਾਪਾਨ ਰਹੇ ਅਤੇ ਬੀਬੀ ਨੂੰ ਕਦੀ ਕਦਾਈਂ ਮਿਲਦੇ ਰਹੇ। ਜਾਇਦਾਦ ਦਾ ਜਿਹੜਾ ਮੁਕੱਦਮਾ ਚੱਲ ਰਿਹਾ ਸੀ, ਉਸ ਵਿਚੋਂ ਜਿਤਣ ਦੀ ਇਕ ਫੀ ਸਦੀ ਵੀ ਉਮੀਦ ਨਹੀਂ ਸੀ। ਬੀਬੀ ਜੀ ਦੇ ਚਾਚਾ ਜੋ Bar-at-law ਸਨ, ਜਾਪਾਨ ਜਾਣ ਤੋਂ ਪਹਿਲਾਂ ਦੂਜੇ ਵਕੀਲ ਨੂੰ ਕਹਿ ਗਏ ਸਨ ਕਿ ਕੇਸ ਤਾਂ ਅਸੀਂ ਹਾਰਨਾ ਹੈ ਪਰ ਮੁਕੱਦਮਾ ਜਿਤਨਾ ਲੰਮਾ ਹੋ ਜਾਵੇ ਉਤਨਾ ਚੰਗਾ ਹੈ, ਕਿਉਂ ਜੋ ਆਮਦਨ ਹੈ, ਉਹ ਆਉਂਦੀ ਰਹੇਗੀ। ਭਾਈ ਸਾਹਿਬ ਦੀਆਂ ਅਸੀਸਾਂ ਅਤੇ ਅਰਦਾਸਾਂ ਨੂੰ ਫਲ ਲੱਗਾ ਅਤੇ ਮੁਕੱਦਮੇ ਦਾ ਫੈਸਲਾ ਉਨ੍ਹਾਂ ਦੇ ਹੱਕ ਵਿਚ ਹੀ ਹੋ ਗਿਆ। ਜਦੋਂ ਬੀਬੀ ਨੂੰ ਇਸ ਸਬੰਧੀ ਜਾਪਾਨ ਵਿਚ ਖਬਰ ਮਿਲੀ ਤਾਂ ਉਹ ਸ਼ੁਕਰ ਵਿਚ ਆਈ ਅਤੇ ਸ਼ੁਕਰਾਨਾ ਕੀਤਾ। ਜਦੋਂ ਜਾਪਾਨ ਵਿਚ ਬੜਾ ਭਾਰੀ ਭੂਚਾਲ ਆਇਆ ਤਾਂ ਉਥੇ ਬੜੀ ਅੱਗ ਲਗੀ। ਲਗ ਪਗ ਸਾਰਾ ਸ਼ਹਿਰ ਹੀ ਸੜ ਗਿਆ। ਬੀਬੀ ਦਾ ਘਰ ਬਾਰ, ਜਾਇਦਾਦ ਸਭ ਸੜ ਕੇ ਸੁਆਹ ਹੋ ਗਏ। ਇਹ ਤਿੰਨਾਂ ਕਪੜਿਆਂ ਵਿਚ ਰਾਤੀਂ ਸਮੁੰਦਰ ਵਿਚ ਖੜੇ ਰਹੇ ਤੇ ਜਾਨ ਬਚਾਈ। ਦੁਨੀਆਂ ਉਥੇ ਰੋਂਦੀ ਕੁਰਲਾਂਦੀ ਅਤੇ ਚੀਖਾਂ ਮਾਰਦੀ ਰਹੀ, ਪਰ ਇਹ ਬੀਬੀ ਅਗੰਮੀ ਮਿਹਰ ਦਾ ਸਦਕਾ ਅਡੋਲ ਰਹੀ ਅਤੇ ਗੁਰ ਚਰਨਾਂ ਨਾਲ ਜੁੜੀ ਰਹੀ। ਘਰ ਵਾਲੇ ਨੇ ਇਸ ਨੂੰ ਵਾਪਸ ਆਪਣੇ ਦੇਸ ਭੇਜ ਦਿਤਾ। ਇਹ ਬੰਬਈ ਤੋਂ ਸਿਧੀ ਅੰਮ੍ਰਿਤਸਰ ਭਾਈ ਸਾਹਿਬ ਪਾਸ ਪੁਜੀ। ਇਹ ਸਭ ਕੁਝ ਉਜਾੜ ਕੇ ਆਈ ਸੀ ਪਰ ਖੇੜੇ ਵਿਚ ਸੀ। ਭਾਈ ਸਾਹਿਬ ਉਸ ਦਾ ਇਹ ਸਿਦਕ ਦੇਖ ਕੇ ਬੜੇ ਖੁਸ਼ ਹੋਏ। ਜਿਸ ਚਾਉ ਅਤੇ ਖੇੜੇ ਵਿਚ ਬੀਬੀ ਖਿੜੀ ਰਹਿੰਦੀ ਸੀ, ਹੁਣ ਵਾਪਸ ਆ ਕੇ ਉਸ ਨੂੰ ਕੋਈ ਫ਼ਿਕਰ ਨਹੀਂ ਸੀ। ਮੁਕੱਦਮਾ ਜਿਤ ਜਾਣ ਨਾਲ ਰੋਟੀ ਦਾ ਪ੍ਰਬੰਧ ਹੋ ਹੀ ਚੁਕਾ ਸੀ। ਸਤਿਸੰਗ ਪ੍ਰਾਪਤ ਹੋ ਗਿਆ। ਘੰਟਿਆਂ ਬਧੀ ਇਹ ਮਾਲਾ ਫੇਰਦੀ, ਗੁਰਬਾਣੀ ਪੜ੍ਹਦੀ ਅਤੇ ਗੁਰੂ ਨਾਲ ਜੁੜੀ ਰਹਿੰਦੀ। ਬੈਠਿਆਂ ਹੀ ਦਰਸ਼ਨ ਹੋਣ ਲਗੇ ਅਤੇ ਅੰਤਰਜਾਮਤਾ ਦੀ ਅਵਸਥਾ ਪ੍ਰਾਪਤ

ਹੋ ਗਈ। ਇਹ ਬੀਬੀ ਕੁਝ ਡੋਰੀ ਹੋ ਗਈ, ਇਸ ਨਾਲ ਉਸਨੂੰ ਪ੍ਰਮਾਰਥ ਵਿਚ ਹੋਰ ਤਰੱਕੀ ਮਿਲੀ। ਇਹ ਦਿਨ ਦਾ ਪ੍ਰਸ਼ਾਦਿ ਬਾਣੀ ਪੜ੍ਹਦਿਆਂ ਕਿਸੇ ਚਾਉ ਅਤੇ ਉਤਸ਼ਾਹ ਵਿਚ ਆਪ ਤਿਆਰ ਕਰਦੀ ਅਤੇ ਗੁਰੂ ਜੀ ਦੀ ਭੇਟਾ ਕਰਦੀ। ਫਿਰ ਗੁਰੂ ਗੁਰੂ ਕਰ ਕੇ ਉਹ ਪ੍ਰਸ਼ਾਦਿ ਆਪ ਛਕ ਲੈਂਦੀ। ਇਸ ਬੀਬੀ ਨੇ ਚੰਗੀ ਘਾਲ ਕਮਾਈ ਕੀਤੀ।

ਸਾਈਂ ਜਵਾਹਰ ਮੱਲ ਜੀ, ਭਗਤ ਖਾਨਦਾਨ ਦੇ ਵਡੇ ਮਹਾਂਪੁਰਸ਼ ਹੋਏ ਹਨ। ਬੀਬੀ ਜੀ ਦੇ ਸੌਹਰਾ ਸਾਹਿਬ ਉਨ੍ਹਾਂ ਦੇ ਛੋਟੇ ਸਪੁਤ੍ਰ ਸਨ। ਬੀਬੀ ਜੀ ਉਨ੍ਹਾਂ ਨੂੰ ਚਲਦਿਆਂ, ਫਿਰਦਿਆਂ ਬਾਣੀ ਪੜ੍ਹਦਿਆਂ ਆਪਣੇ ਨਾਲ ਦੇਖਣ। ਬੀਬੀ ਜੀ ਨੇ ਉਨ੍ਹਾਂ ਨੂੰ ਕਦੀ ਯਾਦ ਵੀ ਨਹੀਂ ਸੀ ਕੀਤਾ ਅਤੇ ਉਹ ਘਬਰਾਣ ਕਿ ਉਹ ਕਿਧਰੇ ਆਪਣੇ ਨਿਸ਼ਾਨੇ ਤੋਂ ਨਾ ਡਿਗ ਪੈਣ। ਬੀਬੀ ਜੀ ਅੰਮ੍ਰਿਤਸਰ ਭਾਈ ਸਾਹਿਬ ਪਾਸ ਆਏ। ਜਦੋਂ ਸਟੇਸ਼ਨ ਤੋਂ ਬੀਬੀ ਟਾਂਗੇ ਉਤੇ ਬੈਠੀ ਤਾਂ ਸਾਈਂ ਸਾਹਿਬ ਨਾਲ ਹੀ ਦਿਸਣ। ਜਦੋਂ ਕੋਠੀ ਭਾਈ ਸਾਹਿਬ ਪਾਸ ਪੁਜੀ ਤਾਂ ਚਾਉ ਵਿਚ ਸਭ ਕੁਝ ਭੁਲ ਕੇ ਸਿਧੀ ਭਾਈ ਸਾਹਿਬ ਦੇ ਚਰਨਾਂ ਤੇ ਜਾ ਸੀਸ ਨਿਵਾਇਆ। ਭਾਈ ਸਾਹਿਬ ਨੇ ਪੁਛਿਆ ਜੋ ਤੇਰੇ ਨਾਲ ਸਨ, ਉਨ੍ਹਾਂ ਨੂੰ ਕਿਥੇ ਛੋੜ ਆਈ ਹੈਂ। ਬੀਬੀ ਨੇ ਰੋਂਦਿਆਂ ਉਤਰ ਦਿਤਾ ਕਿ ਗੇਟ ਤਕ ਤਾਂ ਨਾਲ ਸਨ, ਪਰ ਅੰਦਰ ਨਹੀਂ ਆਏ। ਭਾਈ ਸਾਹਿਬ ਨੇ ਕਿਹਾ ਕਿ ਹੁਣ ਅਖਾਂ ਬੰਦ ਕਰ ਕੇ ਦੇਖ ਕਿ ਸਾਈਂ ਸਾਹਿਬ ਦੀ ਆਤਮਾ ਕਿਹੜੇ ਪਾਸੇ ਹੈ। ਬੀਬੀ ਨੇ ਦੇਖ ਕੇ ਦਸਿਆ ਕਿ ਖੱਬੇ ਪਾਸੇ ਹਨ। ਆਪ ਨੇ ਕਿਹਾ ਠੀਕ ਹੈ, ਫਿਰ ਕਿਹਾ ਕਿ ਜਿਥੇ ਨਾਮ ਦਾ ਨਿਵਾਸ ਹੋਵੇ, ਉਥੇ ਠੰਢ ਹੁੰਦੀ ਹੈ। ਇਹ ਰੂਹਾਂ ਉਸ ਠੰਢ ਦੇ ਕਾਰਨ ਆਪ ਆ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਵੀ ਨਾਮ ਦੀ ਠੰਢ ਦੀ ਲੋੜ ਹੁੰਦੀ ਹੈ। ਤੁਸੀਂ ਕਾਹਲੇ ਨਾ ਪਿਆ ਕਰੋ, ਨਾਮ ਵਿਚ ਜੁੜੇ ਰਿਹਾ ਕਰੋ।

ਪੰਜਾਬ ਵਿਚ ਇਹ ਆਮ ਕਹਾਵਤ ਹੈ ਕਿ ਜੋ ਡੋਰਾ ਹੋਵੇ ਉਸ ਨੂੰ ਕਹਿੰਦੇ ਹਨ ਕਿ ਉਹ ਚੁਬਾਰੇ ਚੜ੍ਹ ਗਿਆ ਹੈ। ਭਾਈ ਸਾਹਿਬ ਕਹਿੰਦੇ ਹੁੰਦੇ ਸਨ ਕਿ ਭਜਨ ਸੱਚੀ ਮੁਚੀ ਚੁਬਾਰੇ ਚੜ੍ਹ ਗਈ ਹੈ। ਆਪ ਚੁਬਾਰੇ ਚੜ੍ਹਨ ਨੂੰ ਦੂਜੇ ਪਾਸੇ ਲਾਉਂਦੇ ਹਨ, ਜੋ ਸੁਰਤੀ ਉਚੀ ਹੋ ਗਈ ਹੈ। ਜਦੋਂ ਦੀ ਭਾਈ ਸਾਹਿਬ ਨੇ ਉਨ੍ਹਾਂ ਤੇ ਮਿਹਰ ਕੀਤੀ ਸੀ, ਉਹ ਕਿਸੇ ਸਾਧੂ ਸੰਤ ਪਾਸ ਨਹੀਂ ਜਾਂਦੇ ਸਨ। ਉਹ ਆਪਣੇ ਆਪ ਵਿਚ ਮਸਤ ਰਹਿੰਦੇ ਸਨ। ਦੇਸ਼ ਦੀ ਵੰਡ ਤੋਂ ਪਿਛੋਂ ਉਹ ਕਲਕੱਤੇ ਆਪਣੇ ਦਿਉਰ ਦੇ ਪਾਸ ਚਲੇ ਗਏ। ਆਪ ਦਾ ਅੰਤ ਕਲਕੱਤੇ ਵਿਚ ਹੀ ਆਪਣੀ ਭੈਣ ਦੀ ਲੜਕੀ ਦੇ ਘਰ ਹੋਇਆ।


www.sikhbookclub.com

# 24. ਮਹੰਤ ਕਰਮ ਚੰਦ ਜੀ ਸ਼ਾਹ ਜੀਵਣੇ ਵਾਲੇ

## (ਪਿਛੋਂ ਨਾਮ ਮਹੰਤ ਹਰਿਦਰਸ਼ਨ ਸਿੰਘ ਜੀ)

ਗੁਰੂ ਪਿਆਰੇ ਸੰਤ ਸੰਗਤ ਸਿੰਘ ਜੀ, ਭਾਈ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਆਏ। ਭਾਈ ਸਾਹਿਬ ਦਰਬਾਰ ਸਾਹਿਬ ਗਏ ਹੋਏ ਸਨ। ਜਦੋਂ ਵਾਪਸ ਆਏ ਤਾਂ ਉਨ੍ਹਾਂ ਸੰਤਾਂ ਨੂੰ ਕਿਹਾ ਕਿ ਜਦੋਂ ਅਸੀਂ ਦਰਬਾਰ ਸਾਹਿਬ ਜਾ ਰਹੇ ਸਾਂ ਤਾਂ ਉਧਰੋਂ ਇਕ ਸੰਤ ਆ ਰਹੇ ਸਨ, ਪੁਲ ਤੇ ਉਨ੍ਹਾਂ ਦੇ ਦਰਸ਼ਨ ਹੋਏ ਹਨ। ਉਨ੍ਹਾਂ ਨੇ ਟੋਪੀ ਪਾਈ ਹੋਈ ਸੀ ਜਿਸ ਤੋਂ ਜਾਪਦਾ ਸੀ ਉਹ ਸੇਵਾ ਪੰਥੀ ਹਨ। ਉਨ੍ਹਾਂ ਦਾ ਮੱਥਾ ਬੜਾ ਚਮਕਦਾ ਸੀ, ਬੜੇ ਘਾਲੀ, ਤਪੱਸਵੀ ਜਾਪਦੇ ਸਨ। ਇਹ ਕੌਣ ਸਨ? ਸੰਤ ਜੀ ਨੇ ਕਿਹਾ ਉਹ ਮਹੰਤ ਕਰਮ ਚੰਦ ਜੀ ਸਨ, ਭਾਈ ਮੂਲਾ ਸਾਹਿਬ ਦੀ ਗੱਦੀ ਸ਼ਾਹ ਜੀਵਣੇ ਦੇ ਮਹੰਤ ਹਨ। ਸੰਤ ਸੰਗਤ ਸਿੰਘ ਜੀ ਦਾ ਇਸ ਟਿਕਾਣੇ ਨਾਲ ਕਾਫੀ ਸਬੰਧ ਸੀ, ਉਥੋਂ ਉਨ੍ਹਾਂ ਨੇ ਵਿਦਿਆ ਪਾਈ ਸੀ। ਇਸੀ ਟਿਕਾਣੇ ਦੇ ਭਾਈ ਫਤਹਿ ਚੰਦ ਜੀ ਨੇ ਅੰਤ ਵੇਲੇ ਸੰਤਾਂ ਨੂੰ ਬਚਨ ਕੀਤਾ ਸੀ ਕਿ ਉਨ੍ਹਾਂ ਨੂੰ ਹੋਰ ਮਹਾਂ ਪੁਰਖ ਮਿਲਣਗੇ, ਜੋ ਉਨ੍ਹਾਂ ਦਾ ਜੀਵਨ ਸਫਲ ਕਰਨਗੇ। ਉਨ੍ਹਾਂ ਦੀ ਪੇਸ਼ੀਨ ਗੋਈ ਸੱਚੀ ਹੋਈ ਜੋ ਸੰਤ ਜੀ ਦਾ ਭਾਈ ਸਾਹਿਬ ਨਾਲ ਮੇਲ ਹੋਇਆ।

ਦੂਜੇ ਦਿਨ ਸੰਤ ਜੀ ਮਹੰਤ ਜੀ ਨੂੰ ਮਿਲੇ ਅਤੇ ਉਹ ਉਨ੍ਹਾਂ ਨੂੰ ਭਾਈ ਸਾਹਿਬ ਪਾਸ ਲੈ ਆਏ। ਭਾਈ ਸਾਹਿਬ ਜੀ ਦੇ ਦਰਸ਼ਨ ਕਰਦਿਆਂ ਹੀ ਉਨ੍ਹਾਂ ਤੇ ਮਿਹਰ ਹੋ ਗਈ। ਮਹੰਤ ਜੀ ਦੀਆਂ ਘਾਲਾਂ ਬੜੀਆਂ ਸਨ, ਪਿਛਾ ਵੀ ਬੜਾ ਭਾਰੀ ਸੀ। ਜਿਨ੍ਹਾਂ ਦਾ ਦੀਵਾ ਬਣਿਆ ਹੋਵੇ, ਵੱਟੀ ਵੀ ਤਿਆਰ ਹੋਵੇ, ਘਿਉ ਵੀ ਪਿਆ ਹੋਵੇ, ਹੁਣ ਦੇਰ ਇਸ ਗੱਲ ਦੀ ਸੀ, ਜੋ ਜੋਤ ਨਾਲ ਜੋਤ ਜਗ ਪਵੇ। ਸੋ ਇਸ ਤਰ੍ਹਾਂ ਹੀ ਹੋਇਆ ਅਤੇ ਮਹੰਤ ਕਰਮ ਚੰਦ ਜੀ ਦਾ ਜੀਵਨ ਰਹੱਸਮਈ ਹੋ ਗਿਆ। ਅਗੋਂ ਤੋਂ ਜਦੋਂ ਵੀ ਮਹੰਤ ਜੀ ਭਾਈ ਸਾਹਿਬ ਨੂੰ ਮਿਲਣ

 www.sikhbookclub.com

ਆਉਂਦੇ, ਭਾਈ ਸਾਹਿਬ ਉਨ੍ਹਾਂ ਨੂੰ ਵਖਰਿਆਂ ਲੈ ਜਾ ਕੇ ਕਿਤਨੀ ਕਿਤਨੀ ਦੇਰ ਨਾਮ ਬਾਣੀ ਬਾਰੇ ਬਚਨ ਕਰਦੇ। ਜਦੋਂ ਸਰਗੋਧੇ ਰਾਗ ਮਾਲਾ ਕਾਨਫ੍ਰੰਸ ਹੋਈ ਤਦੋਂ ਮਹੰਤ ਜੀ ਨੇ ਭਾਈ ਸਾਹਿਬ ਨੂੰ ਕਿਹਾ ਕਿ ਕਦੀ ਸਾਡੇ ਟਿਕਾਣੇ ਤੇ ਵੀ ਚਰਨ ਪਾਓ। ਭਾਈ ਸਾਹਿਬ ਨੇ ਸਹਿਜ ਸੁਭਾ ਬਚਨ ਕੀਤਾ ਕਿ ਅਗਲੀ ਰਾਗ ਮਾਲਾ ਕਾਨਫ੍ਰੰਸ ਤੁਸੀਂ ਆਪਣੇ ਡੇਰੇ ਕਰ ਲਵੋ। ਜ਼ਰੂਰ ਆਵਾਂਗੇ। ਮਹੰਤ ਜੀ ਨੂੰ ਚਾਅ ਚੜ੍ਹ ਗਿਆ। ਭਾਈ ਸਾਹਿਬ ਨਾਲ ਸਲਾਹ ਕਰ ਕੇ ਅਤੇ ਆਪ ਪਾਸੋਂ ਤਾਰੀਖ ਮੁਕੱਰਰ ਕਰਵਾ ਕੇ 1946 ਵਿਚ ਮਘਿਆਣੇ ਵਿਚ ਕਾਨਫ੍ਰੰਸ ਰਖ ਦਿਤੀ। ਭਾਈ ਸਾਹਿਬ ਡਾਕਟਰ ਬਲਬੀਰ ਸਿੰਘ ਸਾਹਿਤ ਉਥੇ ਗਏ। ਉਥੇ ਕਾਫੀ ਇਕੱਠ ਹੋਇਆ। ਪ੍ਰਬੰਧ ਵੀ ਕਾਫੀ ਚੰਗਾ ਸੀ। ਮਹੰਤ ਜੀ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ। ਕਹਿੰਦੇ ਹਨ ਕਿ ਗਲੀਆਂ ਕੋਠੇ, ਦੀਵਾਰਾਂ ਵਿਚੋਂ ਵੀ ਵਾਹਿਗੁਰੂ ਨਾਮ ਦੀ ਆਵਾਜ਼ ਆਉਂਦੀ ਸੀ। ਉਥੇ ਬੜਾ ਭਾਰੀ ਪ੍ਰਚਾਰ ਹੋਇਆ। ਭਾਈ ਸਾਹਿਬ ਨੇ ਮਹੰਤ ਜੀ ਨੂੰ ਬੜੀਆਂ ਅਸੀਸਾਂ ਦਿਤੀਆਂ। ਸੰਤ ਸੁੰਦਰ ਸਿੰਘ ਜੀ ਮਹੰਤ ਜੀ ਦੀ ਸੇਵਾ ਕਰਦੇ ਸਨ, ਭਾਈ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਵਡਭਾਗੀ ਹੋ ਜਿਨ੍ਹਾਂ ਨੂੰ ਅਜਿਹੇ ਮਹਾਂ ਪੁਰਸ਼ਾਂ ਦੀ ਸੇਵਾ ਮਿਲੀ ਹੈ। ਇਹ ਪੂਰਨ ਪੁਰਸ਼ ਹਨ, ਨਾਮ ਦਾ ਨਿਵਾਸ ਹੈ, ਸੇਵਾ ਕਰਕੇ ਜੀਵਨ ਸਫਲ ਕਰ ਲਵੋ। ਮਹੰਤ ਜੀ ਚਾਹੁੰਦੇ ਸਨ ਕਿ ਉਹ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜ ਜਾਣ, ਪਰ ਉਹ ਕੁਝ ਝਕਦੇ ਸਨ ਕਿ ਡੇਰੇ ਦੇ ਹਜ਼ਾਰਾਂ ਸੇਵਕ ਹਿੰਦੂ ਸਹਿਜਧਾਰੀ ਹਨ। ਰੌਲਾ ਨਾ ਪੈ ਜਾਵੇ। ਮਹੰਤ ਜੀ ਨੇ ਸੰਤ ਸੰਗਤ ਸਿੰਘ ਜੀ ਨਾਲ ਸਲਾਹ ਕੀਤੀ ਅਤੇ ਆਪਣੀ ਸੋਚ ਦੱਸੀ। ਸੰਤ ਜੀ ਨੇ ਕਿਹਾ ਕਿ ਜੇ ਉਤਸ਼ਾਹ ਆਉਂਦਾ ਹੈ ਤਾਂ ਦੇਰੀ ਨਾ ਕਰੋ। ਕੀ ਸਾਡੀ ਸੇਵਕੀ ਘੱਟ ਹੈ? ਮੌਕਾ ਮਿਲਣ ਤੇ ਆਪ ਭਾਈ ਸਾਹਿਬ ਜੀ ਦੀ ਸਲਾਹ ਵੀ ਲੈ ਲਵੋ। 1950 ਵਿਚ ਮਹੰਤ ਜੀ ਹਜ਼ੂਰ ਸਾਹਿਬ ਦੀ ਯਾਤਰਾ ਤੇ ਗਏ। ਉਥੇ ਜਾ ਕੇ ਅੰਮ੍ਰਿਤ ਛਕ ਕੇ ਮਹੰਤ ਹਰਿਦਰਸ਼ਨ ਸਿੰਘ ਨਾਮ ਹੋ ਗਿਆ। ਵਾਪਸੀ ਤੇ ਉਨ੍ਹਾਂ ਨੇ ਭਾਈ ਸਾਹਿਬ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਨੇ ਬੜੀ ਖੁਸ਼ੀ ਪ੍ਰਗਟ ਕੀਤੀ। ਪ੍ਰੇਮੀਆਂ ਵਿਚ ਕੁਝ ਚਰਚਾ ਹੋਈ, ਪਰ ਨਾਮ ਦੀ ਬਰਕਤ ਸਦਕਾ ਕੁਝ ਦਿਨਾਂ ਵਿਚ ਹੀ ਸਭ ਕੁਝ ਠੀਕ ਹੋ ਗਿਆ।

ਇਕ ਵਾਰੀ ਮਹੰਤ ਜੀ ਡਿਗ ਪਏ ਅਤੇ ਉਨ੍ਹਾਂ ਦੀ ਟੰਗ ਟੁਟ ਗਈ, ਉਨ੍ਹਾਂ ਦਿਨਾਂ ਵਿਚ ਉਹ ਦਿੱਲੀ ਸਨ। ਭਾਈ ਸਾਹਿਬ ਵੀ ਉਦੋਂ ਦਿੱਲੀ ਆਏ ਹੋਏ ਸਨ। ਜਦੋਂ ਮਹੰਤ ਜੀ ਨੂੰ ਪਤਾ ਲੱਗਾ ਤਾਂ ਆਪ ਟਾਂਗੇ ਤੇ ਬੈਠ ਕੇ ਭਾਈ ਸਾਹਿਬ ਪਾਸ ਆਏ। ਭਾਈ ਸਾਹਿਬ ਨੇ ਹਾਲ ਪੁਛਿਆ ਤੇ ਸਾਰੀ ਗੱਲ ਸੁਣੀ। ਭਾਈ ਸਾਹਿਬ ਨੇ ਸਹਿਜ ਸੁਭਾ ਬਚਨ ਕੀਤਾ ਕਿ ਲੋਕਾਂ ਦੇ ਅਰਦਾਸੇ ਨ ਕਰਿਆ ਕਰੋ, ਤਦੋਂ ਇਹ ਖੇਚਲਾਂ ਨਾ ਆਵਨ। ਮਹੰਤ ਜੀ ਨੇ ਵਖਰਿਆਂ ਹੋ ਕੇ ਬਿਨੈ ਕੀਤੀ ਕਿ ਹੁਕਮ ਕਰੋ ਤਾਂ ਅੱਜ ਤੋਂ ਅਰਦਾਸੇ ਕਰਨੇ ਬੰਦ ਕਰ ਦੇਵਾਂ। ਭਾਈ ਸਾਹਿਬ ਨੇ ਕਿਹਾ ਕਿ ਤੁਸੀਂ ਡੇਰੇਦਾਰ ਹੋ, ਹਜ਼ਾਰਾਂ ਸੇਵਕ ਹਨ, ਉਨ੍ਹਾਂ ਨੇ ਆਪਣੇ ਦੁਖ ਸੁਖ


www.sikhbookclub.com

ਨੂੰ ਆਵਣਾ ਹੋਇਆ। ਆਪ ਦੇ ਖਰਚੇ ਵੀ ਬੜੇ ਹਨ। ਜਿਸ ਤਰ੍ਹਾਂ ਕਰਦੇ ਆਏ ਹੋ, ਕਰੋ। ਬਾਕੀ ਇਹ ਗੱਲ ਠੀਕ ਹੈ ਕਿ ਲੋਕਾਂ ਦੇ ਦੁਖ ਮੁਸੀਬਤਾਂ ਦੇ ਅਰਦਾਸੇ ਕਰਨ ਦਾ ਅਸਰ ਸੁਰਤ ਅਤੇ ਸਰੀਰ ਪਰ ਜ਼ਰੂਰ ਪੈਂਦਾ ਹੈ।

ਇਕ ਵਾਰੀ ਦਿੱਲੀ ਵਿਚ ਹੀ ਭਾਈ ਸਾਹਿਬ ਨੇ ਮਹੰਤ ਜੀ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਨ ਨੂੰ ਕਿਹਾ। ਮਹੰਤ ਜੀ ਦੇ ਸੇਵਕ ਨੇ ਪਾਠ ਕੀਤਾ। ਅਰਦਾਸ ਕਰਨ ਲਈ ਭਾਈ ਸਾਹਿਬ ਨੇ ਮਹੰਤ ਜੀ ਨੂੰ ਕਿਹਾ। ਮਹੰਤ ਜੀ ਨੇ ਅਰਦਾਸ ਕਰਦਿਆਂ ਵਿਚ ਕਿਹਾ ਕਿ ਪਿਆਰੇ ਸਤਿਗੁਰੂ ਜੀ ਆਪ ਜੀ ਦਾ ਲਖ ਲਖ ਸ਼ੁਕਰ ਹੈ ਜੋ ਆਪ ਨੇ ਕਿਰਪਾ ਕਰਕੇ ਪਿਆਰੇ ਭਾਈ ਸਾਹਿਬ ਦਾ ਮੇਲ ਬਖਸ਼ਿਆ ਹੈ, ਜਿਨ੍ਹਾਂ ਦੇ ਚਰਨਾਂ ਦਾ ਸਦਕਾ ਨਾਮ ਦੀ ਬਰਕਤ ਪ੍ਰਾਪਤ ਹੋਈ ਹੈ। ਪਿਆਰੇ ਦਾਤਾ ਜੀਓ ਕਿਵੇਂ ਸ਼ੁਕਰ ਕਰਾਂ। ਇਸ ਤਰ੍ਹਾਂ ਦੇ ਬਹੁਤ ਕੁਝ ਅੱਖਰ ਆਖੇ। ਅਰਦਾਸਾ ਹੋ ਗਿਆ ਤਾਂ ਭਾਈ ਸਾਹਿਬ ਨੇ ਮਹੰਤ ਜੀ ਨੂੰ ਜ਼ਰਾ ਡਾਂਟ ਕੇ ਆਖਿਆ, ਮਹੰਤ ਜੀ ਅਰਦਾਸੇ ਦੇ ਅੱਖਰ ਗੁਰੂ ਪੰਥ ਨੇ ਮੁਕੱਰਰ ਕੀਤੇ ਹੋਏ ਹਨ। ਕਿਸੀ ਵਿਅਕਤੀ ਨੂੰ ਅਰਦਾਸੇ ਵਿਚ ਤਬਦੀਲੀ ਕਰਨ ਦਾ ਹੱਕ ਨਹੀਂ। ਅਰਦਾਸੇ ਵਿਚ ਮੇਰੀ, ਜੋ ਮਲ ਮੂਤ ਦਾ ਥੈਲਾ ਹਾਂ, ਵਡਿਆਈ ਕੀਤੀ ਹੈ, ਤੁਸੀਂ ਤਨਖਾਹੀਏ ਹੋ। ਮਹੰਤ ਜੀ ਦੇ ਨੇਤਰ ਭਰ ਆਏ ਤੇ ਕਿਹਾ ਜੀ, ਰੋਜ਼ ਭੁੱਲਾਂ ਕਰਦਾ ਹਾਂ, ਜੇ ਭੁਲ ਕੀਤੀ ਹੈ ਤਾਂ ਬਖਸ਼ ਲਵੋ। ਪਰ ਇਕ ਗੱਲ ਕਹਾਂਗਾ ਕਿ ਮੈਂ ਝੂਠ ਨਹੀਂ ਬੋਲਿਆ। ਜੋ ਅੰਦਰ ਸੀ ਉਹ ਫੁਟ ਕੇ ਬਾਹਰ ਆਇਆ ਹੈ। ਇਹ ਸੱਚ ਹੈ ਕਿ ਆਪ ਦੇ ਚਰਨਾਂ ਦਾ ਸਦਕਾ ਨਾਮ ਦਾ ਨਿਵਾਸ ਪ੍ਰਾਪਤ ਹੋਇਆ ਹੈ। ਆਪ ਦੀ ਬਖਸ਼ਿਸ਼ ਦਾ ਸਦਕਾ ਸਤਿਗੁਰੂ ਜੀ ਦੀ ਹਜ਼ੂਰੀ ਪ੍ਰਾਪਤ ਹੋਈ ਹੈ। ਮਹੰਤ ਜੀ ਦੇ ਨੇਤਰ ਬਰਸ ਰਹੇ ਸਨ ਅਤੇ ਵਿਸਮਾਦ ਜਿਹਾ ਛਾਇਆ ਹੋਇਆ ਸੀ। 5 ਦਸੰਬਰ 1954 ਨੂੰ ਭਾਈ ਵੀਰ ਸਿੰਘ ਸਟੱਡੀ ਸਰਕਲ ਵਲੋਂ ਉਨ੍ਹਾਂ ਦਾ ਜਨਮ ਦਿਨ ਮਨਾਇਆ ਗਿਆ। ਆਪ ਵੀ ਉਥੇ ਗਏ ਅਤੇ ਘੰਟਾ ਭਰ ਬੈਠ ਕੇ ਵਾਪਸ ਆ ਗਏ। ਉਸ ਰਾਤ ਉਹ ਗੁਰੂ ਗੁਰੂ ਕਰਦੇ ਸਤਿਗੁਰੂ ਨੂੰ ਪਿਆਰੇ ਹੋ ਗਏ। ਜਦੋਂ ਭਾਈ ਸਾਹਿਬ ਨੂੰ ਖਬਰ ਮਿਲੀ ਤਾਂ ਆਪ ਨੇ ਰੋਹਤਕ ਡੇਰੇ ਤੇ ਪਿਆਰ ਨਾਲ ਅਫਸੋਸ ਪੱਤ੍ਰ ਭੇਜਿਆ।

 www.sikhbookclub.com

# 26. ਬੀਬੀ ਦਿਆਲ ਕੌਰ ਜੀ

**ਇਹ ਬੀਬੀ** ਕਾਬਲ ਦੀ ਸੀ। ਇਸ ਦਾ ਘਰ ਵਾਲਾ ਹੋਤੀ ਮਰਦਾਨ ਦੁਕਾਨ ਕਰਦਾ ਸੀ। **ਇਹ ਬੀਬੀ** ਡਾਕਟਰ ਦੀਵਾਨ ਸਿੰਘ ਦੀ ਰਾਹੀਂ ਸਤਿਸੰਗ ਵਿਚ ਆਈ। ਨਾਮ ਬਾਣੀ ਵਿਚ ਮਨ ਲਗ ਕੇ ਪਵਿਤਰ ਹੋ ਗਿਆ। ਡਾਕਟਰ ਸਾਹਿਬ ਬੀਬੀ ਨੂੰ ਭਾਈ ਸਾਹਿਬ ਦੀਆਂ ਪੁਸਤਕਾਂ ਪੜ੍ਹ ਕੇ ਸੁਣਾਉਂਦੇ। ਭਾਈ ਸਾਹਿਬ ਦੇ ਗੁਣ ਦੱਸਦੇ। ਸਤਿਸੰਗ ਦਾ ਸਦਕਾ ਸੁਰਤ ਧੋਤੀ ਗਈ। ਭਾਈ ਸਾਹਿਬ ਜਦੋਂ ਮਰਦਾਨ ਆਏ ਤਾਂ ਡਾਕਟਰ ਜੀ ਨੇ ਦਿਆਲ ਕੌਰ ਦੀ ਸਫਾਰਸ਼ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਬੀਬੀ ਨਿਰਛਲ, ਸੱਚੀ ਅਤੇ ਭੋਲੀ ਭਾਲੀ ਹੈ। ਇਨ੍ਹਾਂ ਗੁਣਾਂ ਸਦਕਾ ਇਸ ਉਤੇ ਸਤਿਸੰਗ ਦਾ ਅਸਰ ਬੜਾ ਜਲਦੀ ਹੋ ਗਿਆ ਹੈ। ਭਾਈ ਸਾਹਿਬ ਉਸ ਤੇ ਰਹਿਮਤਾਂ ਕਰਦੇ ਰਹੇ। ਇਕ ਦਿਨ ਭਾਈ ਸਾਹਿਬ ਬਾਹਰੋਂ ਆਏ, ਤਦੋਂ ਡਾਕਟਰ ਜੀ ਨੇ ਕਿਹਾ, 'ਦਿਆਲ ਕੌਰ ਭਾਈ ਸਾਹਿਬ ਦੇ ਹੱਥ ਧੁਆਂ'। ਬੀਬੀ ਦੌੜੀ ਗਈ ਅਤੇ ਹੱਥ ਧੁਆਏ। ਭਾਈ ਸਾਹਿਬ ਨੇ ਸਹਿਜ ਸੁਭਾ ਬਚਨ ਕੀਤਾ ਕਿ "ਦਿਆਲ ਕੌਰ ਜੋ ਰੁਮਾਲ ਤਿਆਰ ਕਰ ਰਹੀ ਏਂ, ਜਲਦੀ ਖਤਮ ਕਰ ਲੈ।" ਉਹ ਹੈਰਾਣੀ ਵਿਚ ਬੋਲੀ, "ਹਾਏ ਤੂੰ ਕੋਈ ਜਿੰਨ੍ਹ ਹੈਂ। ਮੈਂ ਤਾਂ ਚੋਰੀ ਬਾਬਾ ਜੀ ਦੇ ਕਮਰੇ ਵਿਚ ਬੈਠ ਕੇ ਬਣਾਉਂਦੀ ਹਾਂ। ਹੋਰ ਕਿਸੇ ਨੂੰ ਪਤਾ ਵੀ ਨਹੀਂ। ਤੈਨੂੰ ਕਿਸ ਤਰ੍ਹਾਂ ਪਤਾ ਲੱਗ ਗਿਆ ਹੈ।" ਵਿਚਾਰੀ ਨੇ ਰੁਮਾਲ ਦਿਨ ਰਾਤ ਲਗ ਕੇ ਖਤਮ ਕੀਤਾ। ਉਸ ਨੇ ਆਪਣੀ ਸਮਝ ਮੁਤਾਬਕ ਚੰਗੇ ਫੁਲ ਕੱਢੇ। ਉਹ ਭਾਈ ਸਾਹਿਬ ਪਾਸ ਲੈ ਆਈ ਅਤੇ ਕਿਹਾ ਕਿ ਯਤਨ ਕੀਤਾ ਹੈ ਕਿ ਇਕ ਇਕ ਤਰੋਪਾ ਵਾਹਿਗੁਰੂ ਵਾਹਿਗੁਰੂ ਕਰਦਿਆਂ ਤਿਆਰ ਕਰਾਂ। ਭਾਈ ਸਾਹਿਬ ਨੇ ਇਹ ਰੁਮਾਲ ਬਾਬਾ ਜੀ ਦੀ ਭੇਟਾ ਕਰ ਦਿਤਾ। ਉਹ ਜ਼ਰਾ ਉਦਾਸ ਹੋ ਗਈ। ਭਾਈ ਸਾਹਿਬ ਨੇ ਸਮਝਾਇਆ ਕਿ


www.sikhbookclub.com

"ਤੂੰ ਇਕ ਇਕ ਤਰੋਪਾ ਨਾਮ ਜਪਦਿਆਂ ਲਾਇਆ ਹੈ" ਮੈਂ ਇਸ ਯੋਗ ਨਹੀਂ। ਇਹ ਬਾਬਾ ਜੀ ਪਰ ਹੀ ਸ਼ੋਭਦਾ ਹੈ। ਤੂੰ ਖੁਸ਼ ਹੋ ਜੋ ਤੇਰੀ ਪਿਆਰ ਦੀ ਬਣੀ ਹੋਈ ਚੀਜ਼ ਅਸੀਂ ਗੁਰੂ ਦੀ ਭੇਟਾ ਕਰ ਦਿਤੀ। ਉਹ ਕਦੀ ਕਦੀ ਅੰਮ੍ਰਿਤਸਰ ਵੀ ਭਾਈ ਸਾਹਿਬ ਦੇ ਦਰਸ਼ਨਾਂ ਨੂੰ ਆਉਂਦੀ ਰਹੀ। ਦੇਸ਼ ਦੀ ਵੰਡ ਪਿਛੋਂ ਉਹ ਪਟਿਆਲੇ ਆ ਵੱਸੇ। ਭਾਈ ਸਾਹਿਬ ਦੇ ਦਰਸ਼ਨਾਂ ਨੂੰ ਅੰਮ੍ਰਿਤਸਰ ਆਈ। ਭਾਈ ਸਾਹਿਬ ਨੇ ਪੁਛਿਆ ਦਿਆਲ ਕੌਰ, ਰਾਜ਼ੀ ਖੁਸ਼ੀ ਆ ਗਏ ਹੋ। ਬੀਬੀ ਬੋਲੀ, ਜੀਉ ਇਨ੍ਹਾਂ ਤਿੰਨਾਂ ਕਪੜਿਆਂ ਵਿਚ ਆਏ ਹਾਂ। ਸਭ ਕੁਝ ਉਥੇ ਹੀ ਛੋੜ ਆਏ ਹਾਂ। ਭਾਈ ਸਾਹਿਬ ਨੇ ਪੁਛਿਆ ਕਿ ਨਾਮ ਤਾਂ ਪੱਲੇ ਹੈ? ਬੀਬੀ ਬੋਲੀ, "ਨਾਮ ਤਾਂ ਤੂੰ ਐਸਾ ਚਮੋੜਿਆ ਹੈ, ਉਹ ਲਹਿੰਦਾ ਹੀ ਨਹੀਂ, ਕਦੀ ਦੁਖੀ ਹੋਵਾਂ, ਤਦੋਂ ਵੀ ਨਹੀਂ ਛੁਟਦਾ।" ਇਹ ਬੀਬੀ ਨਾਮ ਬਾਣੀ ਦੇ ਸਦਕੇ ਬੜੀ ਸੁਖੀ ਹੋਈ।

# ਭਾਗ ਚੌਥਾ

## ਭਾਈ ਸਾਹਿਬ ਦੀਆਂ ਅੱਡ ਅੱਡ ਵਿਅਕਤੀਆਂ ਵਲ ਚਿੱਠੀਆਂ

**ਭਾਈ ਸਾਹਿਬ ਜੀ ਸਰਦਾਰ ਮਨਮੋਹਨ ਸਿੰਘ ਜੀ ਨੂੰ ਉਸ ਪ੍ਰਭੂ ਨਾਲ ਜੁੜੇ ਰਹਿਣ ਲਈ ਚਿੱਠੀਆਂ ਰਾਹੀਂ ਵੀ ਹਲੂਣਾ ਦੇਂਦੇ ਰਹੇ ਹਨ। ਇਨ੍ਹਾਂ ਚਿੱਠੀਆਂ ਨੂੰ ਹੂਬਹੂ ਦਰਜ ਕੀਤਾ ਜਾਂਦਾ ਹੈ ਤਾਂ ਜੋ ਪਾਠਕ ਜਨ ਇਸ ਤੋਂ ਲਾਭ ਉਠਾ ਕੇ ਆਪਣਾ ਜੀਵਨ ਸਫਲ ਬਣਾ ਸਕਣ।**

**(ਸੰਪਾਦਕ)**

ਮਿਤੀ 10-11-1991

ਬਰਖੁਰਦਾਰ ਜੀ।

ਆਪ ਦੀ ਸੇਹਤ ਜੇ ਐਬਟਾਬਾਦ ਚੰਗੀ ਨਹੀਂ ਤਾਂ ਨੁਸ਼ਹਿਰੇ ਯਾ ਕਰਾਚੀ ਚਲੇ ਜਾਣਾ ਚੰਗਾ ਹੈ। ਜਿਥੇ ਵੀ ਚੰਗੀ ਹੋਵੇ, ਉਥੇ ਵਸਣਾ ਠੀਕ ਹੈ। ਬਾਕੀ ਸਿਹਤ ਆਪਣੇ ਆਪਣੇ ਖਿਆਲ ਦੇ ਅਧੀਨ ਹੈ। ਤੁਸੀਂ ਇਹ ਖਿਆਲ ਕਰਨਾ ਕਿ ਮੈਂ ਬੀਮਾਰ ਹਾਂ, ਛੱਡੋ। ਸਤਿਗੁਰੂ ਦੇ ਪਿਆਰ ਵਿਚ ਖੁਸ਼ ਰਿਹਾ ਕਰੋ, ਤੇ ਆਪਣੇ ਸਰੀਰ ਦੇ ਅਵੈਵਾਂ ਨੂੰ ਆਪਣੇ ਹੁਕਮ ਵਿਚ ਕਰੋ। ਇਕ ਇਕ ਕਿਣਕਾ, ਇਕ ਇਕ ਨਾੜ ਤੇ ਪੱਠਾ ਸਰੀਰ ਦਾ ਸਾਡੀ ਮਰਜ਼ੀ ਦੇ ਤਾਬੇ ਹੈ। ਜੇ ਮਰਜ਼ੀ ਵਾਹਿਗੁਰੂ ਦੇ ਭਰੋਸੇ ਵਿਚ ਲਾਈਏ ਕਿ ਉਹ ਸਾਡੇ ਨਾਲ ਹੈ ਤੇ ਪਿਆਰ ਕਰਦਾ ਹੈ ਫੇਰ ਮਰਜ਼ੀ ਵਿਚ ਤਾਕਤ ਭਰਦੀ ਹੈ। ਤਾਕਤ ਵਾਲੀ ਮਰਜ਼ੀ ਸਰੀਰ ਨੂੰ ਅਰੋਗ ਰਖ ਸਕਦੀ ਹੈ। ਤੁਸੀਂ ਸ਼ੱਕ ਨੂੰ ਤਬੀਅਤ ਵਿਚੋਂ ਕੱਢੋ ਅਰ ਆਪਣੇ ਸਰੀਰ ਦੇ ਅਵੈਵਾਂ ਨੂੰ ਹੁਕਮ ਵਿਚ ਰਖੋ ਕਿ ਸਦਾ ਤੰਦਰੁਸਤ ਰਹਿਣਾ ਹੈ। ਸੁਰਤ ਉਚੀ ਰਖੋ ਕਦੇ ਢਹਿੰਦੀ ਕਲਾ ਵਿਚ ਨਾ ਜਾਓ।

ਜੇ ਨੁਸ਼ਹਿਰੇ ਗਏ ਤਾਂ ਕਦੇ ਕਦੇ ਡਾਕਟਰ ਦੀਵਾਨ ਸਿੰਘ ਦੀ ਸਲਾਹ ਲੈ ਆਇਆ ਕਰਨੀ। ਖੁਲ੍ਹੀ ਹਵਾ ਵਿਚ ਰਹੋ, ਖੁਲ੍ਹੀ ਰੌਸ਼ਨੀ ਤੇ ਧੁੱਪ ਵਿਚ ਫਿਰੋ, ਕੁਦਰਤ ਨਾਲ ਦੋਸਤੀ ਪਾਉ, ਕੋਈ ਫਿਕਰ ਸੰਸਾ ਨਾ ਲਾਓ, ਤੁਸੀਂ ਆਨੰਦ ਰਹਿਣ ਲਈ ਬਣਾਏ ਗਏ ਹੋ ਸੋ ਅੰਦਰ ਵਾਹਿਗੁਰੂ ਨੂੰ ਪਿਆਰਾ ਸਮਝ ਕੇ ਇਸ ਸੁਆਦ ਵਿਚ ਰਿਹਾ ਕਰੋ ਕਿ ਸਤਿਗੁਰੂ ਮੇਰੇ ਨਾਲ ਹੈ, ਅਰ ਮੈਨੂੰ ਪਿਆਰ ਕਰ ਰਿਹਾ ਹੈ। ਜਿਸ ਦੇ ਨਾਲ ਵਾਹਿਗੁਰੂ ਜੀ ਹੋਣ ਉਸ ਨੂੰ ਕਾਹਦਾ ਰੋਗ, ਕਾਹਦਾ ਭੈ, ਤੇ ਕਾਹਦਾ ਭਰਮ। ਸਤਿਗੁਰੂ ਦੇ ਪਿਆਰ ਵਿਚ ਰਹੋ, ਇਸੇ ਚਾਨਣੇ ਵਿਚ ਟੁਰੋ। ਤੁਸੀਂ ਰੋਗੀਆਂ ਦੇ ਰੋਗ ਦੂਰ ਕਰਨ ਦੇ ਸਮਰਥ ਹੋ ਸਕਦੇ ਹੋ।

ਸ਼ੱਕ ਨਾ ਕਰਿਆ ਕਰੋ, ਡੋਲਿਆ ਨਾ ਕਰੋ, ਸਤਿਗੁਰੂ ਪਿਆਰ ਕਰਦਾ ਹੈ। ਇਹ ਹੁਲਾਸ ਲਗਾਤਾਰ ਅੰਦਰ ਰਖਿਆ ਕਰੌਂ, ਹੋਰ ਕੋਈ ਸੋਚ ਚਿੰਤਾ ਨੇੜੇ ਨਾ ਫਟਕਣ ਦਿਉ। "ਪਾਪੀ ਪੁੰਨੀ" ਦਾ ਸੰਕਲਪ ਛਡ ਕੇ ਕੇਵਲ ਸਤਿਗੁਰੂ ਦੀ ਯਾਦ ਟਿਕਾਓ। ਯਾਦ ਵਾਲੇ ਪਿਆਰ ਵਿਚ ਰਹਿੰਦੇ, ਪਿਆਰ ਵਾਲੇ ਦੁਖ ਨਹੀਂ ਪਾਂਦੇ :-

 www.sikhbookclub.com

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮਾਲੇ*

*ਇਹ ਰਸਤਾ ਸਰੀਰ ਨੂੰ ਅਰੋਗ ਕਰਨ ਦਾ ਹੈ। ਤੁਸੀਂ ਐਦਾਂ ਕਰੋ ਸੁਖੀ ਰਹੋ।*

ਦਾਸ ਵੀਰ ਸਿੰਘ

22-1-1913

ਬਰਖੁਰਦਾਰ ਜੀ,

ਆਪ ਦੇ ਬਜ਼ੁਰਗ ਸ੍ਰਦਾਰ ਲਖਮੀ ਸਿੰਘ ਜੀ ਬੀ ਟੁਰ ਗਏ ਹਨ। ਆਸ਼ਾ ਹੈ ਪਹੁੰਚੇ ਹੋਣਗੇ। ਹੋਰ ਸਭ ਤਰ੍ਹਾਂ ਸੁਖ ਹੈ। ਤੁਸਾਂ ਦੇ ਖਤ ਪਹੁੰਚੇ। ਮੈਂ ਜਵਾਬ ਵਿਚ ਬਹੁਤ ਦੇਰੀ ਕਰਦਾ ਹਾਂ, ਪਰ ਮੇਰੇ ਵੱਸ ਨਹੀਂ ਹੈ। ਬੈਠਣਾ ਨਹੀਂ ਮਿਲਦਾ। ਸਿਮਰਨ ਵਿਚ ਰਹੋ। ਧਯਾਨ ਵਿਚ ਸੈਹਜ ਭਾ ਦਾ ਖਿਆਲ ਰਖੋ ਅਤੇ ਸੁਰਤ ਨੂੰ ਹਰ ਬਾਹਰਲੇ ਅਸਰ ਤੋਂ ਅਲਿਪਤ ਰਖੋ। ਨਾਲ ਦਾ ਪੁਰਜ਼ਾ ਹੋ ਸਕੇ ਤਾਂ ਭਾ ਜੀ ਨੂੰ ਪੁਚਾ ਦੇਣਾ, ਅਸੀਸ ਸਮੇਤ। ਹੁਣ ਤਾਂ ਬਰਫ ਪਈ ਹੋਣੀ ਹੈ ਕਿ ਅਜੇ ਸੁੱਕਾ ਹੀ ਕੰਮ ਲੰਘਦਾ ਹੈ। ਜਿਸ ਪਿਆਰੇ ਬਾਬਤ ਮੈਂ ਲਿਖਾਂ ਨਹੀਂ, ਉਸ ਨੂੰ ਪ੍ਰਮਾਰਥ ਭੇਤ ਦੀ ਗੱਲ ਬਾਤ ਆਪ ਨਹੀਂ ਦੱਸਣੀ। ਉਹ ਚਾਹੇ ਪਿਆ ਦਸੇ ਤੇ ਮੇਰੇ ਨਾਲ ਪ੍ਰੇਮ ਪ੍ਰਗਟ ਕਰੇ। ਪਰ ਤੁਸਾਂ ਮੈਥੋਂ ਪੁਛੇ ਬਿਨਾ ਸੁਣ ਅਨੰਦ ਲੈਣਾ, ਆਪੂੰ ਨਿਘ ਦੀ ਗੱਲ ਨਹੀਂ ਕਰਨੀ। ਉਪਰਲੀਆਂ ਵਾਰਤਾਲਾਪ ਬੇਸ਼ਕ ਕਰ ਲੈਣਾ। ਜੇ ਕਰਨਾ ਚਾਹੋ ਤਾਂ ਪੁਛ ਲੈਣਾ, ਹੋਰ ਸੁਖ।

ਆਪ ਦਾ

ਵੀਰ ਸਿੰਘ

ਮਿਤੀ 21-7-13

ਬਰਖੁਰਦਾਰ ਜੀ।

ਤੁਹਾਡੇ ਖਤ ਮਿਲੇ। ਤੁਸੀਂ ਵਿਹਲੇ ਹੋ ਤੇ ਮੈਂ ਸਾਰਾ ਦਿਨ ਰੁਝਾ ਤੇ ਰਾਤ ਬੀ ਮੈਂ ਦੋ ਤ੍ਰੈ ਘੰਟੇ ਜਾਗਣਾ ਹੋਇਆ। ਤੇ ਸਰੀਰ ਸਾਰੇ ਮਿੱਟੀ ਦੇ ਹਨ, ਸੋ ਮੈਂ ਲਗਾਤਾਰ ਸਾਰੇ ਖਤਾਂ ਦਾ ਕਿਕੂੰ ਜਵਾਬ ਭੁਗਤਾ ਸਕਾਂ।

ਕਰਨੇ ਵਾਲੀ ਕਾਰ ਬੁਲਬੁਲ ਵਾਲੀਆਂ ਕੂਕਾਂ ਨਹੀਂ ਪਰ ਪ੍ਰਵਾਨੇ ਵਾਲੇ ਦਰਸ਼ਨ ਤੇ ਸੜ ਮਰਨਾ ਹੈ। ਇਕ ਸਿਮਰਨ ਦੀ ਦਾਤ ਮਿਲੀ, ਅੰਦਰ ਆਈ ਤੇ ਫੇਰ ਚੁਪ ਚੁਪਾਤੇ ਇਸ

 www.sikhbookclub.com

ਕਾਰ ਵਿਚ ਪਏ ਜਨਮ ਬੀਤਣ। ਸਿਮਰਨ ਖੇਡ ਨਹੀਂ ਹੈ, ਇਹ ਬੜੀ ਅਮੋਲਕ ਦਾਤ ਹੈ, ਏਹ ਦਿਨਾਂ ਦੀ ਖੇਡ ਨਹੀਂ। ਨਿਰੇ ਦਰਸ਼ਨਾਂ ਵਿਚ ਕੀ ਹੈ?

*ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥"*

ਲੋਕਾਂ ਦੇ ਅਸਰਾਂ, ਭੈ, ਭਰਮਾਂ, ਵੈਰਾਂ, ਮੋਹਾਂ ਤੋਂ ਮਨ ਅਲਿਪਤ ਰਹੇ। ਕਿਸੇ ਦਬਾਓ ਹੇਠ ਸੁਰਤ ਨਾ ਆਵੇ, ਤਦ ਸਿਮਰਨ ਦੀ ਵੇਲ ਵਧਦੀ ਹੈ। ਦੱਬੀ ਖੇਤੀ ਕਦ ਵਧਦੀ ਹੈ, ਇਸ ਵਿਚ ਸਤਿਸੰਗੀ ਦਾ ਕੀਹ ਦੋਸ਼? ਜੇ ਬੇੜੀ ਵੱਟਿਆਂ ਨਾਲ ਭਰਦੇ ਰਹੋ ਤਾਂ ਮੁਹਾਣਿਆਂ ਪਰ ਕੀ ਦੋਸ਼, ਉਹ ਕੀ ਕਰਨ।

*ਦੇਹਾਂ ਦੋਸ਼ ਮੁਹਾਣੇ ਨੂੰ। ਦੁਖ ਪੈਂਦੇ ਕਰਮ ਕਮਾਣੇ ਨੂੰ।*

ਅਸੀਂ ਆਪੂੰ ਸੁਰਤ ਪਰ ਬੋਝ ਪਾਂਦੇ ਹਾਂ। ਇਕ ਮਿੰਟ ਪ੍ਰਵਾਹ ਨਹੀਂ ਕਰਦੇ ਕਿ ਲੋਕਾਂ ਨਾਲ ਠਾਠਾ ਬਾਗਾ ਕਰਨਾ ਹੈ। ਸਤਿਗੁਰੂ ਜੀ ਦਾ ਹੁਕਮ ਹੈ :-

*ਸਾਚਿ ਨਾਮਿ ਮੇਰਾ ਮਨੁ ਲਾਗਾ। ਲੋਗਨ ਸਿਉ ਮੇਰਾ ਠਾਠਾ ਬਾਗਾ॥*

ਚਿਤ ਦੇ ਅੰਦਰ ਕੋਈ ਦਬਾ ਨਾ ਪਵੇ, ਤਦ ਸਿਮਰਨ ਦਾ ਪੈਦਾ ਕੀਤਾ ਖੇੜਾ ਕਾਯਮ ਰਹਵੇ। ਨਾਮ ਦਾ ਵਣਜ ਮਖੌਲ ਨਹੀਂ, ਸਿਰ ਧੜ ਦੀਆਂ ਬਾਜ਼ੀਆਂ ਹਨ। ਦੁਨੀਆਂ ਕਦ ਚੰਗਾ ਆਖਦੀ ਹੈ। ਦੁਨੀਆਂ ਦੁਖੀ ਹੈ। ਕਰਮਾਂ ਦੀ ਪੀੜ ਵਿਚ ਪੀੜਤ ਹੈ। ਸਾਈਂ ਦੇ ਬੇਲੀ ਮੂੰਹੋਂ ਬਿਰਕਦੇ ਨਹੀਂ, ਕੁਸਕਦੇ ਪਰ ਅੰਦਰ ਸਾਰੇ ਜਹਾਨ ਨੂੰ ਦੁਖੀ ਦੇਖ ਕੇ, ਨਰਕ ਵਿਚ ਤੜਫਦਾ ਤਕ ਕੇ ਆਪ ਅਲਿਪਤ ਉਚੇਰੇ ਰਸ ਵਿਚ ਵਸਦੇ ਹਨ। ਡਰੇ ਨਹੀਂ ਕਿ ਮਰੇ ਨਹੀਂ। ਮੋਹ ਕੀਤਾ ਨਹੀਂ ਕਿ ਠਗੇ ਨਹੀਂ। ਖਿਚ ਖਾਧੀ ਨਹੀਂ ਕਿ ਸੁਰਤ ਗਵਾਚੀ ਨਹੀਂ। ਇਨ੍ਹਾਂ ਭੁਲਾਂ ਤੇ ਪਹਿਰਾ ਦਿਆ ਕਰੋ। ਜੇ ਇਹ ਭੁੱਲ ਨਾ ਕਰੋ ਤਾਂ ਇਕ ਵੇਰੀ ਦੀ ਰੌ ਆਈ ਨੂੰ ਬੰਦ ਕਰਨ ਵਾਲਾ ਕੌਣ ਜੰਮਿਆ ਹੈ, ਹੋਰ ਕੇ ਲਿਖਾਂ।

*ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ॥*
*ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ॥*
*ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ॥*
*ਹਰਿਹਾਂ ਤਿਉ ਹਰਿ ਜਨ ਮਾਂਗੈ ਨਾਮੁ ਨਾਨਕ ਬਲਿਹਾਰਣੇ॥*

ਆਪ ਦਾ

ਵੀਰ ਸਿੰਘ

 www.sikhbookclub.com

29-7-1913

ਬਰਖੁਰਦਾਰ ਜੀ,

ਪੱਤ੍ਰ ਪਹੁੰਚਾ ਸੀ, ਮੈਂ ਡਾਢੇ ਰੌਝੇ ਵਿਚ ਸਾਂ। ਜੋ ਕੁਝ ਮੈਂ ਪਹਿਲੇ ਖਤ ਵਿਚ ਲਿਖਿਆ ਸੀ ਸੋ ਗੁੱਸਾ ਨਹੀਂ ਸੀ, ਇਕ ਸੱਚ ਸੀ। ਭਾਵ ਇਹ ਸੀ ਕਿ ਮੇਰੇ ਚਿਰਕੇ ਜਵਾਬ ਤੋਂ ਓਦਰਿਆ ਨਾ ਕਰੋ। ਮੈਂ ਜਦ ਤੁਸਾਂ ਵਿਚੋਂ ਕਿਸੇ ਇਕ ਨੂੰ ਦੋ ਸਤਰਾਂ ਬੀ ਲਿਖ ਪਾਵਾਂ ਤਾਂ ਸਮਝਦਾ ਹਾਂ ਕਿ ਸਭ ਨੂੰ ਪੱਤ੍ਰ ਪਹੁੰਚ ਗਿਆ ਹੈ। ਦੂਸਰੇ ਤੁਸਾਨੂੰ ਜੇ ਕਾਗਤਾਂ ਦਾ ਪੱਤ੍ਰ ਨਾ ਵੀ ਪਹੁੰਚੇ, ਤਾਂ ਅਸੀਸਾਂ ਦਾ ਪੱਤ੍ਰ ਤਾਂ ਕਈ ਵਾਰੀ ਪਹੁੰਚਦਾ ਹੈ। ਹਾਂ ਕਈ ਵੇਰ ਡਾਕੀਆ ਮੁੜ ਆਉਂਦਾ ਹੈ, ਤੁਸੀਂ ਗ਼ੈਰਹਾਜ਼ਰ ਹੁੰਦੇ ਹੋ। ਕੁਝ ਦਿਨ ਹੋਏ ਭਾ ਜੀ ਤੋਂ ਦੋ ਵਾਰੀ ਡਾਕੀਆ ਖਾਲੀ ਮੁੜਿਆ ਸੀ। ਸੋ ਏਸ ਹਾਲ ਵਿਚ ਉਦਾਸ ਨਹੀਂ ਹੋਣਾ, ਸਦਾ ਪ੍ਰਸੰਨ ਰਹਿਣਾ, ਮੈਂ ਸਦਾ ਪ੍ਰਸੰਨ ਤੇ ਖੁਸ਼ ਹਾਂ, ਕਦੇ ਨਾਰਾਜ਼ ਨਹੀਂ। ਅਸੀਸ।

ਆਪ ਦਾ ਵੀਰ
ਵੀਰ ਸਿੰਘ

19-8-1913

ਬਰਖੁਰਦਾਰ ਜੀ,

ਤੁਸਾਡਾ 16-8-13 ਦਾ ਪੱਤ੍ਰ ਪੁਜਾ। ਸਭ ਪ੍ਰਵਾਰ ਸੁਖ ਹੈ। ਗੁਰੂ ਨਾਨਕ ਦੇ ਪ੍ਰੇਮ ਵਿਚ ਵਸਿਆ ਕਰੋ।

*ਬੇਸ਼ਿਕੰਦ ਦਸਤੇ ਕਿ ਖਮ ਦਰ ਗਰਦਨੇ ਯਾਰੇ ਨਸ਼ੁਦ*
*ਕੋਰਬਹ ਚਸ਼ਮੇ ਕਿ ਲੱਜ਼ਤ ਗੁਹਰੇ ਦੀਦਾਰੇ ਨਸ਼ੁਦ*

ਗੁਰੂ ਨਾਨਕ ਦੇ ਦਰਸ਼ਨ ਤੇ ਪਿਆਰ ਵਿਚ ਵਸੋ। ਬਸ ਇਹੀ ਸੁਖ ਹੈ। ਹੋਰ ਸੁਖ ਝੂਠੇ ਹਨ। ਹੋਰ ਕੇ ਲਿਖਾਂ।ਫਤਹ ਵਾਹਿਗੁਰੂ ਜੀ ਕੀ ਬਹੂੰ ਬਹੂੰ ਕਰ ਕੇ।

ਆਪ ਦਾ
ਵੀਰ ਸਿੰਘ

(ਟੁਟ ਜਾਵੇ ਹੱਥ ਉਹ ਜੋ ਯਾਰ ਦੀ ਗਰਦਨ ਦੁਆਲੇ ਨਹੀਂ ਵਲਿਆ
ਅੰਨ੍ਹੀ ਹੈ ਉਹ ਅੱਖ ਦੀਦਾਰ ਦੇ ਮੋਤੀ ਦਾ ਲੁਤਫ ਜਿਨੂੰ ਨਹੀਂ ਮਿਲਿਆ।)

1-2-1914

ਬਰਖੁਰਦਾਰ ਜੀ,

ਆਪ ਦੇ ਪੱਤ੍ਰ ਦਾ ਉਤਰ ਨਹੀਂ ਦੇ ਸਕਿਆ। ਬੜੀ ਭੀੜ ਰਹੀ ਹੈ। ਅੱਜ ਕੁਛ ਹੰਭੇਆ ਹੈ। ਮੈਨੂੰ ਰਤਾ ਵੇਹਲ ਨਹੀਂ ਲਗਦੀ ਰਹੀ ਤੇ ਥਕ ਜਾਂਦਾ ਰਿਹਾ ਹਾਂ। ਪਤੀਸੇ ਦਾ ਧੰਨਵਾਦ ਹੈ। ਉਮੀਦ ਹੈ ਭਾ ਜੀ ਨੂੰ ਮੇਰਾ ਪਰਸੋਂ ਦਾ ਪੱਤਰ ਪੁਜ ਗਿਆ ਹੋਸੀ। ਮੇਰੇ ਵਲੋਂ ਅਸੀਸ ਦੇਣਾ ਤੇ ਕੈਹਣਾ ਕਿ ਸਾਈਂ ਸਿਮ੍ਰਨ ਵਿਚ ਅਨੰਦ ਰਹਿਣਾ। ਹੋਰ ਜਿੰਨੀ ਵਾਹ ਲਗੇ ਆਪਣੇ ਸੱਜਣਾਂ ਨੂੰ ਸੁਖ ਤੇ ਸ਼ੁਭ ਵਾਸ਼ਨਾ ਘਲਨੋ ਮੈਂ ਫਰਕ ਨਹੀਂ ਕਰਦਾ। ਅਗੇ ਲਾਭ ਗੁਰੂ ਜੀ ਦੇ ਅਧੀਨ ਹੈ। ਮੈਂ ਤੁਸਾਂ ਦੋਹਾਂ ਪਰ ਹਰ ਤਰ੍ਹਾਂ ਪ੍ਰਸੰਨ ਹਾਂ। ਬਹੁੂ ਬਹੁੂ ਅਸੀਸ।

ਆਪ ਦਾ
ਵੀਰ ਸਿੰਘ

ੴ ਵਾਹਿਗੁਰੂ ਜੀ ਕੀ ਫਤਹਿ॥

ਲਾਹੌਰ
21-4-1914

ਬਰਖੁਰਦਾਰ ਜੀ।

ਇਹ ਸੁਣ ਕੇ ਜੋ ਤੁਸਾਡੇ ਪਿਆਰੇ ਪਿਤਾ ਜੀ ਸਚਖੰਡ ਵਾਸਾ ਕਰ ਗਏ ਹਨ, ਫਿਕਰ ਹੋਇਆ। ਗੁਰੂ ਉਨ੍ਹਾਂ ਨੂੰ ਬਖਸ਼ੇ ਤੇ ਚਰਨੀ ਲਾਵੇ ਅਰ ਤੁਸਾਨੂੰ ਇਹ ਵਿਛੋੜਾ ਪਰਮੇਸ਼ਰ ਦੇ ਭਾਣੇ ਮੰਨਣ ਤੋਂ ਉਦਾਸ ਨਾ ਕਰੇ।

*ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ*
*ਹਿਕਮਤਿ ਹੁਕਮੁ ਚੁਕਾਈਐ॥*

ਡੋਲਣਾ ਨਹੀਂ, ਖਸਮ ਹੀਣ ਪ੍ਰਾਣੀਆਂ ਵਾਂਙੂ ਓਦਰਨਾ ਨਹੀਂ। ਸਾਡਾ ਵਾਹਿਗੁਰੂ ਮਿਤ੍ਰ ਹੈ ਜੋ ਕਰਦਾ ਹੈ ਭਲੇ ਲਈ ਕਰਦਾ ਹੈ, ਸੋ ਉਸ ਦੇ ਹੁਕਮ ਵਿਚ ਭਲਿਆਈ ਤੱਕੀਏ।

*ਇਸਤੇ ਹੋਇ ਸੁ ਨਾਹੀ ਬੁਰਾ॥*
*ਓਰੈ ਕਹਹੁ ਕਿਨੈ ਕਛੁ ਕਰਾ॥*

ਮਾਪਿਆਂ ਦੇ ਵਿਛੋੜੇ ਬੜਾ ਸਦਮਾਇਆ ਕਰਦੇ ਹਨ, ਪਰ ਜਿਨ੍ਹਾਂ ਦੇ ਸਿਰ ਤੇ ਗੁਰੂ ਨਾਨਕ ਜੀਉਂਦਾ ਗੁਰੂ ਖੜਾ ਹੈ, ਉਨ੍ਹਾਂ ਨੂੰ ਕਦੇ ਨਹੀਂ ਓਦਰਨਾ ਚਾਹੀਦਾ। ਗੁਰੂ ਸਦਾ ਦਾ ਮਿਤ੍ਰ ਜੋ ਕਰਦਾ ਹੈ ਚੰਗਾ ਕਰਦਾ ਹੈ।

*ਮੀਤੁ ਕਰੈ ਸੋਈ ਹਮ ਮਾਨਾ॥*
*ਮੀਤ ਕੇ ਕਰਤਬ ਕੁਸਲ ਸਮਾਨਾ॥*

ਸੋ ਬਰਖੁਰਦਾਰ ਤਕੜੇ ਰਹੋ। ਫਕੀਰਾਂ ਦੀ ਰਵਸ਼ ਇਹ ਹੈ ਕਿ ਮਾਲਕ ਦੀ ਰਜ਼ਾ ਤੇ ਖੁਸ਼ ਰਹਿਣਾ। ਆਪਣਾ ਹੁਕਮ ਨਹੀਂ ਮਨਾਉਣਾ। ਮਾਲਕ ਦੇ ਹੁਕਮ ਵਿਚ ਚੜ੍ਹਦੀ ਕਲਾ ਵਿਚ ਰਹਿਣਾ, ਉਸ ਦੇ ਕੀਤੇ ਦਾ ਫਲ ਸਦਾ ਚੰਗਾ ਹੈ। ਜੇ ਦਾਮੋਦਰ ਸਿੰਘ ਜੀ ਆਏ ਹੋਣ ਤਾਂ ਮਜ਼ਮੂਨ ਵਾਹਿਦ ਹੈ। ਅਸੀਸ।

*ਜਿਸ ਕੀ ਬਸਤੁ ਤਿਸੁ ਆਗੈ ਰਾਖੈ॥*
*ਪ੍ਰਭ ਕੀ ਆਗਿਆ ਮਾਨੈ ਮਾਥੈ॥*
*ਉਸ ਤੇ ਚਉਗੁਨ ਕਰੈ ਨਿਹਾਲੁ॥*
*ਨਾਨਕ ਸਾਹਿਬੁ ਸਦਾ ਦਿਆਲੁ॥*

ਆਪ ਦਾ
ਵੀਰ ਸਿੰਘ

16-2-1914

ਬਰਖੁਰਦਾਰ ਜੀ,

ਚਿਠੀ ਪਹੁੰਚੀ। ਸਭ ਤਰ੍ਹਾਂ ਕੁਸ਼ਲ ਹੈ। ਭਾ ਦਾਮੋਦਰ ਸਿੰਘ ਨੂੰ ਸਿਖਯਾ ਵਾਲੇ ਪੱਤ੍ਰ ਜਿਹੜੇ ਆਪ ਚਾਹੋ ਦੱਸ ਸਕਦੇ ਹੋ, ਮੈਨੂੰ ਇਤਰਾਜ਼ ਨਹੀਂ।

ਰੱਬ ਦਾ ਰਸਤਾ "ਘਾਲ" ਹੈ। ਉਦਮ ਘਾਲ ਨਹੀਂ ਛੱਡਣੀ ਚਾਹੀਏ।

*"ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥"*

ਢਿਲਿਆਂ ਕਦੇ ਨਹੀਂ ਹੋਣਾ। ਹੋਰ ਸੁਖ ਹੈ।

ਤੁਸਾਡਾ
ਵੀਰ ਸਿੰਘ


www.sikhbookclub.com

18-8-1915

ਬਰਖੁਰਦਾਰ ਜੀ।

ਪੱਤ੍ਰ ਪਹੁੰਚਾ।

ਵਾਹਿਗੁਰੂ ਦੀ ਮਰਜ਼ੀ ਵਿਚ ਮਰਜ਼ੀ ਮੇਲਣਾ ਸਿਖੀ ਹੈ। ਸਿਖ ਉਹੋ ਹੈ ਜੋ ਹੁਕਮੀ ਬੰਦਾ ਹੈ। ਮਾਲਕ ਜੋ ਕਰਦਾ ਹੈ ਠੀਕ ਕਰਦਾ ਹੈ। ਵਾਹਿਗੁਰੂ ਆਪਣਿਆਂ ਨੂੰ ਸਦਾ ਪਿਆਰ ਕਰਦਾ ਹੈ, ਉਸ ਦੇ ਪਿਆਰ ਨੂੰ ਪਿਆਰ ਸਮਝਣਾ ਚਾਹੀਏ। ਆਪਣੇ ਸਿਮਰਨ ਵਿਚ ਆਇਆਂ ਉਤੇ ਵਾਹਿਗੁਰੂ ਮਿਹਰ ਕਰਦਾ ਹੈ। ਉਨ੍ਹਾਂ ਦੇ ਔਗੁਣ ਬਖਸ਼ਦਾ ਹੈ ਅਤੇ ਸੁਖ ਦੇਂਦਾ ਹੈ।

ਮੌਤ ਵਿਛੋੜਾ ਤਾਂ ਹੈ ਪਰ ਸਦਾ ਦੀ ਜੁਦਾਈ ਨਹੀਂ। ਮੌਤ ਅੱਖਾਂ ਤੋਂ ਉਹਲੇ ਕਰਦੀ ਹੈ, ਪਰ ਨਾਸ਼ ਨਹੀਂ ਕਰਦੀ। ਸਤਿਸੰਗੀ ਮਰ ਕੇ ਦੁਖ ਨਹੀਂ ਪਾਉਂਦੇ। ਨਾਮ ਦੇ ਪਿਆਰੇ ਤਾਂ ਮਰ ਕੇ ਸਤਿਗੁਰ ਦੇ ਸਤਿਸੰਗ ਵਿਚ ਵਸਦੇ ਹਨ। ਅਰਦਾਸ ਕਰੋ ਗੁਰੂ ਮਿਹਰ ਕਰੇ ਤੇ ਆਪਣੇ ਦਾਸ ਨੂੰ ਆਪਣੇ ਚਰਨਾਂ ਤੋਂ ਨਾ ਵਿਛੋੜੇ। ਕੀ ਮੋਏ ਕੀ ਜੀਉਂਦੇ ਜਿਨ੍ਹਾਂ ਦੀ ਡੋਰ ਹਰੀ ਚਰਨਾਂ ਨਾਲ ਲਗੀ ਹੈ, ਉਹ ਮਿਲੇ ਹੋਏ ਹਨ।

ਇਹ ਕਦੇ ਸੰਸਾ ਨਾ ਕਰੋ ਕਿ ਵਾਹਿਗੁਰੂ ਜੋ ਕਰਦਾ ਹੈ ਉਸ ਵਿਚ ਕਦੇ ਕੋਈ ਦੁਪਿਆਰ ਦੀ ਗੱਲ ਹੁੰਦੀ ਹੈ ਉਸ ਦਾ ਕੀਤਾ ਸਦਾ ਪਿਆਰ ਹੈ।

ਸਦਾ ਯਤਨ ਕਰੋ ਕਿ ਤੁਸਾਡੀ ਲਿਵ ਦੀ ਤਾਰ ਨਾ ਟੁਟੇ, ਨਾਮ ਨਾ ਵਿਸਰੇ, ਨਾਮ ਵਾਲੇ ਸਾਈਂ-ਮਾਲਾ ਦੀ ਡੋਰ ਵਿਚ ਪ੍ਰੋਤੇ ਮਣਕੇ ਹੁੰਦੇ ਹਨ। ਪਰ ਜੋ ਸਿਮਰਨ ਨਹੀਂ ਕਰਦੇ ਉਹ ਸਾਈਂ-ਮਾਲਾ ਤੋਂ ਬਾਹਰ ਵਿਕੋਲਿਤ੍ਰੇ ਪਏ ਮਣਕੇ ਹਨ, ਜਿਨ੍ਹਾਂ ਦਾ ਵਾਹਰੂ ਕੋਈ ਨਹੀਂ ਹੈ। ਸਦਾ ਸਿਮਰੋ, ਸਿਮਰਨ ਕਦੇ ਨਾ ਛਡੋ। ਸਭ ਨੂੰ ਅਸੀਸ। ਤੁਸਾਡੀ ਮਾਤਾ ਦਾ ਕੀ ਹਾਲ ਹੈ?

ਆਪ ਦਾ

ਵੀਰ ਸਿੰਘ


www.sikhbookclub.com

8-5-1914

ਪਿਆਰੇ ਜੀਉ।

ਹੁਕਮ ਇਹੀ ਹੈ ਕਿ ਮਨ ਮੈਲਾ ਹੋਏ ਚਾਹੇ ਸਾਫ, ਸਿਮਰਨ ਨਹੀਂ ਛੋੜਨਾ। ਗੁਰੂ ਆਪੇ ਠੀਕ ਕਰਸੀ। ਕੰਮ ਕਰਨੇ ਹਨ, ਪਰ ਮਨ ਉਚਾ ਰਖ ਕੇ। ਹਾਂ ਮਤ ਉਚੀ ਰਖ ਕੇ ਤੇ ਮਨ ਨੂੰ ਮਤ ਦੇ ਵਸ ਰਖ ਕੇ ਤੇ ਮਤ ਵਾਹਿਗੁਰੂ ਵਸ ਰਖ ਕੇ। ਹੋਰ ਅਸੀਸ।

ਆਪ ਦਾ
ਵੀਰ ਸਿੰਘ

21-8-1915

ਪਵਿਤਰ ਆਤਮਾ ਜੀ,

ਸ਼ੁਕਰ ਵਿਚ ਵਸਿਆ ਕਰੋ। ਮਨ ਖਿਝ ਵਿਚ ਜਾਣ ਲਗੇ ਤਾਂ ਗੁਰੂ ਨਾਨਕ ਦੇ ਮਿਠੇ ਸੁਭਾਵ ਨੂੰ ਯਾਦ ਕਰ ਕੇ ਮਿਠਾਸ ਵਿਚ ਲੈ ਜਾਇਆ ਕਰੋ। ਦੁਨੀਆਂ ਦੇ ਇੰਤਜ਼ਾਮਾਂ, ਸਰੀਰ ਦੇ ਸੁਖਾਂ ਦੁਖਾਂ ਨੂੰ ਆਪਨੇ ਅਧੀਨ ਕਰਨ ਦੀ ਥਾਂ, ਆਪਣੇ ਆਪ ਨੂੰ ਮਾਲਕ ਦੇ ਅਧੀਨ ਕਰੋ। ਜਿਵੇਂ ਮਾਲਕ ਵਲੋਂ ਹੋਵੇ, ਉਸ ਪਰ ਖੇੜਾ ਆਵੇ, ਮਨ ਸੁਖੀ ਹੋਵੇ। ਇਉਂ ਹਰ ਹਾਲ, ਹਰ ਦਸ਼ਾ, ਮਨ ਨੂੰ ਖੁਸ਼ੀ ਵਿਚ ਰਖ ਕੇ ਉਹੋ ਨਾਮ ਜਪੋ, ਲਿਵ ਲਾਉ, ਬਾਣੀ ਪੜ੍ਹੋ ਕਿ ਸੁਖ ਦੇ ਅਪਾਰ ਸੋਮੇ ਅੰਦਰੋਂ ਫੁਟ ਪੈਣ। ਇਨ੍ਹਾਂ ਤਰੱਦਦਾਂ ਨੂੰ ਛਡਿਆਂ, ਮਨ ਤੇ ਸਰੀਰ ਨੂੰ ਆਲਸ ਦੇ ਹੱਥ ਸੌਂਪਣਾ ਠੀਕ ਨਹੀਂ ਹੈ। ਸ਼ਰੀਰ ਤੇ ਮਨ ਸਦਾ ਉਚੇ ਤੇ ਸੁਚੇ ਰਖਣ ਦੀ ਮੇਹਨਤ ਕਰਨੀ ਚਾਹੀਏ, ਫੇਰ ਨਾਮ ਦਾ ਰੰਗ ਉਹ ਚੜ੍ਹਦਾ ਹੈ, ਜਿਹੜਾ ਸਦਾ ਰਸ ਵਿਚ ਰਖਦਾ ਹੈ।

ਆਪ ਦਾ
ਵੀਰ ਸਿੰਘ

 www.sikhbookclub.com

24-3-1917

ਬਰਖੁਰਦਾਰ ਜੀ,

ਪੱਤ੍ਰ ਪਹੁੰਚਾ। ਜੋ ਕੁਛ ਮੈਂ ਲਿਖਯਾ ਸੀ ਉਸ ਤੋਂ ਲਾਭ ਉਠਾਨਾ ਚਾਹੀਐ। ਕਮਾ ਕੇ ਖਾਣਾ ਚੰਗਾ ਹੈ। ਜੇ ਪੈਸੇ ਧਰਮ ਨਾਲ ਵਧ ਕਮਾਏ ਜਾਣ, ਤਾਂ ਮਾੜੇ ਨਹੀਂ ਪਰ ਕਿਸੇ ਬਹਾਨੇ ਵਾਹਿਗੁਰੂ ਦਾ ਲੜ ਹਥੋਂ ਨਹੀਂ ਛੁਟਨਾ ਚਾਹੀਏ।

ਹੋਰ ਅਸੀਸ।

ਆਪ ਦਾ
ਵੀਰ ਸਿੰਘ

ਮਸੂਰੀ
15-9-1917

ਬਰਖੁਰਦਾਰ ਜੀ, ਅਸੀਸ

ਆਪ ਦਾ ਪੱਤ੍ਰ ਪਹੁੰਚਾ, ਖੁਸ਼ੀ ਹੋਈ। ਸਭ ਪ੍ਰਵਾਰ ਕੁਸ਼ਲ ਹੈ। ਮੈਂ ਤੁਸਾਨੂੰ ਇਕੋ ਰੂਪ ਖਯਾਲ ਕਰਦਾ ਹਾਂ ਤੇ ਭਿੰਨਤਾ ਖਿਆਲ ਨਹੀਂ ਕਰਦਾ। ਵਾਹਿਗੁਰੂ ਦਾ ਪਿਆਰ ਤੇ ਭਗਤੀ ਬੜੀ ਉਚੀ ਸ਼ੈ ਹੈ ਤੇ ਇਸ ਮੰਡਲ ਦਾ ਮੇਲ ਅਸਲੀ ਮੇਲ ਤੇ ਪਿਆਰ ਹੈ। ਮਸੂਰੀ ਦਾ ਪਤਾ ਉਪਰ ਲਿਖਿਆ ਹੈ। ਸਤੰਬਰ ਤਾਂ ਇਥੇ ਲੰਘਸੀ ਤੇ ਫੇਰ ਹੇਠਾਂ ਦੇਖੀਏ ਕਿ ਕਦ ਤਕ ਪੁਜਦੇ ਹਾਂ। ਅੰਮ੍ਰਿਤਸਰ ਬੜਾ ਮਲੇਰੀਆ ਹੈ। ਜੰਮੂ ਬਾਰੇ ਅਜੇ ਪੱਕੀ ਤਰੀਕ ਅਰਜ਼ ਨਹੀਂ ਕਰ ਸਕਦਾ। ਹੋਰ ਉਦਾਸੀ ਦੀ ਲੋੜ ਨਹੀਂ। ਪੱਤ੍ਰ ਲਿਖ ਕੇ ਪੁਛ ਲਿਆ ਕਰੋ। ਇਥੇ ਮਾਲ ਤੇ 60 ਦਰਜੇ ਦੀ ਗਰਮੀ ਹੁੰਦੀ ਹੈ, ਅਸੀਂ ਬਹੁਤ ਉਚੇ ਤੇ ਦੁਰਾਡੇ ਹਾਂ ਇਥੇ 56 ਦਰਜੇ ਹੁੰਦੀ ਹੈ। ਰਾਤ ਖੂਬ ਸੀਂ ਹੁੰਦਾ ਹੈ। ਮਹੰਤ ਜੀ ਨਾਲ ਹੋਣ ਕਰਕੇ ਦਿਨ ਰਾਤ ਕੀਰਤਨ ਦਾ ਅਨੰਦ ਬੱਝਾ ਰਹਿੰਦਾ ਹੈ।

ਹੋਰ ਅਸੀਸ

ਆਪ ਦਾ
ਵੀਰ ਸਿੰਘ

 www.sikhbookclub.com

18-3-1917

ਬਰਖੁਰਦਾਰ ਜੀ,

ਸਭ ਤਰ੍ਹਾਂ ਕੁਸ਼ਲ ਹੈ। ਦਿਨ ਦੇ ਕੰਮਾਂ ਦੀ ਥਕਾਨ ਤੇ ਸੁਰਤ ਦੇ ਰੁਝੇਵਿਆਂ ਦਾ ਖਿੰਡਾ ਵਾਲਾ ਅਸਰ ਜੋ ਅੰਦਰ ਸੁਖ ਨੂੰ ਖਿਲਾਰ ਜਾਂਦਾ ਹੈ। ਇਹ ਰਾਤ ਦੇ ਸੌਣ ਤੋਂ ਪਹਿਲੇ ਪਾਠ ਨਾਮ ਧਿਆਨ ਨਾਲ ਦੂਰ ਕਰ ਕੇ ਸੰਵੀਏ ਤਾਂ ਰਾਤਾਂ ਦੀ ਨੀਂਦ ਵਿਚ ਏਕਾਗਰਤਾ ਬਣੀ ਰੈਂਹਦੀ ਹੈ। ਜੇ ਦਿਨ ਦੇ ਸਾਰੇ ਨਕਸ਼ੇ ਮਨ ਵਿਚ ਲੈ ਕੇ ਬਿਨਾ ਧੋਤੇ ਤੇ ਕਢੇ ਦੇ ਸੈਂ ਜਾਈਏ ਤਾਂ ਰਾਤ ਅਕਸਰ ਉਨ੍ਹਾਂ ਹੀ ਨਕਸ਼ਾਂ ਦੇ ਪਰਤ ਸਰਤਾ ਉਲਟ ਫੇਰ ਵੇਖਦਿਆਂ ਲੰਘ ਜਾਂਦੀ ਹੈ। ਹੋਰ ਸੁਖ ਹੈ।

ਅਸੀਸ, ਅਸੀਸ, ਅਸੀਸ

ਆਪ ਦਾ
ਵੀਰ ਸਿੰਘ

1-6-1917

ਬਰਖੁਰਦਾਰ ਜੀ,

ਸਭ ਪ੍ਰਵਾਰ ਕੁਸ਼ਲ ਹੈ। 30 ਤ੍ਰੀਕ ਤੋਂ ਇਕ ਦਮ ਗਰਮੀ ਇਥੇ ਸ਼ੁਰੂ ਹੋ ਪਈ ਹੈ। ਅਜ ਟੈਂਮਪ੍ਰੇਚਰ 100 ਹੋ ਗਿਆ ਹੈ। ਲੂ ਬੀ ਚਲ ਪਈ ਹੈ। ਇਕ ਗੁਣ ਬੀ ਹੋਇਆ ਹੈ, ਮੱਛਰ ਘਟ ਗਿਆ ਹੈ। ਗਰਮੀ ਨਰੋਈ ਹੈ। ਪਰ ਇਕ ਦਮ ਆ ਪਈ ਹੈ, ਇਸ ਕਰਕੇ ਓਪਰੀ ਤੇ ਚੁਭਵੀਂ ਜੇਹੀ ਲਗਦੀ ਹੈ।

ਆਸ ਹੈ ਮਾਯਾ ਮੰਗੈ ਦੰਮਾ ਦਮ ਦੇ ਫਿਕਰਾਂ ਵਿਚ ਮਾਲਕ ਨੂੰ ਨਹੀਂ ਵਿਸਾਰੋਗੇ।

ਸਭ ਯੋਗ ਅਸੀਸ।

ਆਪ ਦਾ

ਵੀਰ ਸਿੰਘ

 www.sikhbookclub.com

21-11-1917

ਪਿਆਰੇ ਜੀ,

ਆਪ ਦਾ ਖਤ ਪਹੁੰਚਾ। ਮੇਰੇ ਖਤ ਨਾ ਪਹੁੰਚਣ ਵਿਚ ਉਦਾਸੀ ਨਾ ਮਨਯਾ ਕਰੋ। ਕਿਉਂਕਿ ਮੈਂ ਬਾਜ਼ੇ ਵੇਲੇ ਬਹੁਤ ਰੁਝੇਵੇਂ ਵਿਚ ਹੁੰਦਾ ਹਾਂ ਤੇ ਸੱਜਣਾਂ ਨਾਲ ਨਾਰਾਜ਼ ਕਦੇ ਨਹੀਂ ਹੁੰਦਾ। ਅਠ ਦਿਨਾਂ ਤੋਂ ਮੈਂ ਸਵੇਰ ਤੇ ਸ਼ਾਮ ਦੀ ਹਵਾ ਖੋਰੀ ਬੀ ਨਹੀਂ ਕਰ ਸਕਯਾ। ਇਤਨਾ ਕੰਮ ਹੈ।

ਤੁਸੀਂ ਨੀਂਦ ਲਈ ਬਹੁਤ ਸਰੀਰ ਨੂੰ ਦੁਖ ਨਾ ਦਿਆ ਕਰੋ। ਸਾਢੇ ਛੇ ਘੰਟੇ ਨੀਂਦ ਤੁਸਾਂ ਲਈ ਥੋਹੜੀ ਹੈ। ਮੇਰੀ ਜਾਚੇ ਸਾਢੇ ਸੱਤ ਘੰਟੇ ਚਾਹੀਦੀ ਹੈ। ਸਵੇਰੇ ਉਠ ਕੇ ਪਾਠ ਕਰਦਿਆਂ ਨੀਂਦ ਆ ਜਾਵੇ ਤਾਂ ਸਰੀਰ ਨੂੰ ਦੁਖ ਨਾ ਦਿਆ ਕਰੋ। ਇਹ ਨੀਂਦ ਬੜੀ ਸੁਖਦਾਈ ਹੋਇਆ ਕਰੇਗੀ। ਫੇਰ ਪਾਠ ਕੀਤਾ। ਬਾਕੀ ਜਪ ਸਾਹਿਬ ਨਿਤਨੇਮ ਸਵੇਰ ਨੂੰ। ਹੋ ਸਕੇ ਤਾਂ ਸੁਖਮਨੀ। ਜੇ ਨਾ ਹੋ ਸਕੇ ਤਾਂ ਜਪ ਸਾਹਿਬ ਦੇ 7 ਪਾਠ। ਦੂਸਰੇ ਸਵੇਰ ਦੇ ਪਾਠ ਮਗਰੋਂ ਅਰਦਾਸਾ ਸੋਧਯਾ ਕਰੋ ਕਿ ਸਤਿਗੁਰ ਨਾਮ ਦਾਨ ਤੇ ਦੇਹ ਅਰੋਗ ਨਾਲੋ ਨਾਲ ਦਾਨ ਕਰੇ। ਪਾਠ ਕਰਦਿਆਂ ਖਯਾਲ ਕਰਯਾ ਕਰੋ ਜੋ ਸਤਿਗੁਰ ਜੀ ਅੰਦਰ ਆ ਰਹੇ ਹਨ। ਉਨ੍ਹਾਂ ਦੀ ਬਿਜਲੀ ਵਰਗੀ ਜ਼ਿੰਦਗੀ ਬਖਸ਼ ਰੌ ਸਰੀਰ ਦੇ ਰੋਮ ਰੋਮ ਵਿਚ ਫਿਰ ਰਹੀ ਹੈ, ਅਰ ਮੈਨੂੰ ਅਰੋਗ ਕਰ ਰਹੀ ਹੈ। ਜ਼ਿੰਦਗੀ, ਤਾਜ਼ਗੀ, ਹੁਲਾਸ਼ ਤੇ ਨਰੋਆਪਨ ਮੇਰੇ ਕਿਣਕੇ ਕਿਣਕੇ ਤੇ ਰਗ ਰਗ ਵਿਚ ਭਰ ਰਹੀ ਹੈ। ਇਸ ਤਰ੍ਹਾਂ ਸਰੀਰ ਤੇ ਮਨ ਦੋਵੇਂ ਅਰੋਗ ਰੈਹਣਗੇ। ਇਹ ਸਰੀਰ ਅਮੋਲਕ ਹੈ। ਦੇਵਤੇ ਇਸ ਨੂੰ ਤਰਸਦੇ ਹਨ। ਇਹ ਹਰਿਭਜਨ ਲਈ ਮਿਲਦਾ ਹੈ, ਤੇ ਹੁਕਮ ਹੈ ਕਿ ਉਸ ਸਾਈਂ ਨੂੰ ਸਿਮਰੀਏ ਤੇ ਦੇਹੀ ਦੀ ਪਾਲਨਾ ਕਰੀਏ। ਤੌਖਲਾ ਤੇ ਵੈਹਮ ਨਹੀਂ ਕਰਨਾ, ਹੌਸਲਾ ਤੇ ਭਰੋਸਾ ਰਖੋ ਤੇ ਧੁਪ, ਹਵਾ, ਚਾਨਣੇ ਨੂੰ ਹੁਕਮ ਦਿਉ ਕਿ ਤੁਹਾਡੇ ਸਰੀਰ ਵਿਚ ਸੁਖ ਦਾ ਹਿਸਾ ਦੇਣ। ਅਰਥਾਤ "ਇਸ ਧਰਤੀ ਮੈਂ ਤੇਰੀ ਸਿਕਦਾਰੀ" ਦਾ ਅਸੂਲ ਵਰਤੋ। ਆਪਣੇ ਸਰੀਰ ਦੇ ਅਵੈਵਾਂ ਤੇ ਹੁਕਮ ਕਰੋ। ਕੁਦਰਤ ਤੇ ਹੁਕਮ ਕਰੋ। ਅਰ ਸਾਈਂ ਨਾਲ ਨਿੰਮ੍ਰਤਾ ਤੇ ਪਯਾਰ ਵਿਚ ਜੁੜੇ ਰਹੋ। ਉਸ ਦੇ ਪਯਾਰ ਦੇ ਆਸਰੇ ਉਠੇ ਰਹੋ। ਹੰਕਾਰੀ ਨਹੀਂ। ਪਰ ਅੰਤਰ ਆਤਮੇ ਚੜ੍ਹਦੀਆਂ ਕਲਾਂ ਵਿਚ ਰਹੋ।

ਮੇਰਾ ਮਰਦਾਨ ਜਾਣੇ ਦਾ ਠੀਕ ਥਹੁ ਨਹੀਂ ਹੈ। ਜੇ ਗਿਆ ਤਾਂ ਖਬਰ ਕਰਸਾਂ। ਹੋਰ ਸੁਖ ਹੈ।

ਆਪ ਦਾ ਦਾਸ

ਵੀਰ ਸਿੰਘ

 www.sikhbookclub.com

23-4-1918

ਬਰਖੁਰਦਾਰ ਜੀਉ,

ਆਪ ਦੇ ਪੱਤਰ ਆਏ। ਬੱਚੇ ਦੀ ਮੌਤ ਦਾ ਸ਼ੋਕ ਹੈ। ਪਰ "ਜਿਸੁ ਠਾਕੁਰ ਸਿਉ ਨਾਹੀ ਚਾਰਾ॥ ਤਾ ਕਉ ਕੀਜੈ ਸਦ ਨਮਸਕਾਰਾ॥" ਹੁਕਮ ਦੀ ਖੇਡ ਹੈ। ਤੇ ਜੋ ਹੁੰਦਾ ਹੈ ਭਲੇ ਲਈ। ਪਰ ਬੰਦੇ ਨਹੀਂ ਸਮਝਦੇ। ਸਮਿਆਂ ਬਧੀ ਸਿਮ੍ਰਨ ਨਾਲ ਸੁਰਤ ਆਪਣੇਂ ਟਿਕਾ ਵਿਚ ਆਉਂਦੀ ਹੈ। ਹਰਖ ਸ਼ੋਕ ਤਦੋਂ ਮਿਟਦੇ ਹਨ। ਕੱਚੀ ਅਵੱਸਥਾ ਵਿਚ ਲਹਾ ਚੜ੍ਹਾ ਰਹਿੰਦੇ ਹਨ। ਸੋ ਓਦਰਨਾ ਨਹੀਂ, ਪਿਆਰ ਕਰੋ। ਸਤਿਸੰਗ ਦਾ ਆਸਰਾ ਸੁਖਾਂ ਦੀ ਖਾਣ ਹੈ। ਆਪ ਸਹਾਇਤਾ ਕਰੋ। ਜਿਸ ਦੇ ਸਿਰ ਹਨੇਰੀ ਝੁਲੇ ਉਹ ਡਰ ਜਾਂਦਾ ਹੈ। ਸੱਜਣਾਂ ਦੇ ਪਿਆਰ ਉਸ ਨੂੰ ਸੁਰਜੀਤ ਕਰਦੇ ਹਨ। ਕੋਲ ਹੋਏ ਵਧੇਰੇ ਸਹਾਰਾ ਦੇ ਸਕਦੇ ਹਨ। ਦੂਰ ਬੈਠਿਆਂ ਤਾਂ ਅਰਦਾਸਾਂ ਦੀ ਹੀ ਮਦਦ ਕਰਨੀ ਹੈ ਨਾ। ਤੁਸਾਨੂੰ ਆਉਣੋ ਪਲੇਗ ਕਰ ਕੇ ਰੋਕਿਆ ਹੈ। ਇਥੇ ਤਰੱਕੀ ਪਰ ਹੈ। ਹਾਲ ਬਾਜ਼ਾਰ ਭਾਵੇਂ ਅਜੇ ਸੇਫ ਹੈ। ਪਰ ਸਾਡੇ ਘਰ ਵਿਚ ਕੇਸ ਹੋ ਜਾਣੇ ਕਰਕੇ ਵੀ ਹਰੇਕ ਨੂੰ ਆਉਣੋ ਰੋਕ ਕਰਦਾ ਹੈ। ਤੁਸਾਂ ਬੀ ਨਹੀਂ ਆਉਣਾ। ਧੁਪਾਂ ਹੁਣ ਸ਼ੁਰੂ ਹੋਈਆਂ ਹਨ। ਜੋ ਜ਼ਰਾ ਹੋਰ ਪੈ ਲੈਣ ਦਿਉ। ਮਈ ਜੇ ਤਪ ਗਿਆ ਤਾਂ ਪਲੇਗ ਉਡ ਜਾਸੀ। ਫੇਰ ਆ ਜਾਣਾ। ਮੱਛਰ ਵੀ ਅੱਜ ਕੱਲ ਅੱਤ ਦਾ ਹੈ। ਮਲੇਰੀਆ ਤਾਪ ਜੇ ਚੜ੍ਹੇ ਤਾਂ ਘਬਰਾ ਹੋ ਜਾਂਦਾ ਹੈ, ਕਿ ਮਤਾਂ ਪਲੇਗ ਹੀ ਹੋਵੇ, ਇਸ ਕਰ ਕੇ ਆਪ ਉਦਾਸ ਨਾ ਹੋਵੋ ਤੇ ਵਾਹਿਗੁਰੂ ਦਾ ਜਸ ਕਰੋ ਕਿ ਓਦਰਨਾ ਠੀਕ ਨਹੀਂ। ਮਰਦਊ ਚਾਹੀਯੇ ਮਾਲਕ ਦੀ ਰਜ਼ਾ ਪਰ ਰਾਜ਼ੀ ਰਹਿਣਾ ਠੀਕ ਹੈ। ਰਾਜ਼ੀ ਰਿਹਾਂ ਸੁਖ ਮਿਲੇਗਾ।

ਮੇਰੀ ਵਲੋਂ ਅਸੀਸ।

ਆਪ ਦਾ
ਵੀਰ ਸਿੰਘ

14-1-1919

ਬਰਖੁਰਦਾਰ ਜੀਉ।

ਪੱਤ੍ਰ ਆਇਆ, ਖੁਸ਼ੀ ਹੋਈ। ਖਸਖਸ ਤੇ ਲਾਚੀਆਂ ਦਾ ਧੰਨਵਾਦ ਹੈ। ਇਹ ਗੱਲ ਸੁਣ ਕੇ ਬੜੀ ਖੁਸ਼ੀ ਹੋਈ ਹੈ ਕਿ ਆਪ ਦਾ ਰਿਸ਼ਤਾ ਸਤਿਗੁਰ ਦੀ ਮਿਹਰ ਨਾਲ ਹੋ ਗਿਆ ਹੈ। ਬਹੁਤ ਵਧਾਈ ਹੋਵੇ।

 www.sikhbookclub.com

ਸਤਿਗੁਰ ਜੋੜੇ ਨੂੰ ਆਪਣੇ ਪਿਆਰ ਵਿਚ ਟੁਰਨ ਦੀ ਸੁਮਤ ਬਖਸ਼ੇ। ਗੁਰੂ ਅੰਗ ਸੰਗ ਰਹੇ। ਨਾਮ ਵਿਚ ਢਿੱਲੇ ਨਹੀਂ ਹੋਣਾ। ਸਿਰ ਵਾਹਿਗੁਰੂ ਦੇ ਚਰਨਾਂ ਨਾਲ ਲਾਈ ਰਖ ਕੇ ਜਗਤ ਦੇ ਕੰਮ ਕਰਨੇ ਹਨ।

ਆਪ ਦਾ
ਵੀਰ ਸਿੰਘ

8-6-1920

ਬਰਖੁਰਦਾਰ ਜੀਉ।

ਪੱਤ੍ਰ ਪਹੁੰਚਾ। ਸਭ ਪ੍ਰਵਾਰ ਕੁਸ਼ਲ ਹੈ। ਖੁਸ਼ੀ ਹੋਈ ਕਿ ਤੁਸੀਂ ਪ੍ਰਸੰਨ ਹੋ। ਨਾਮ ਨਾਲ ਪਯਾਰ ਨਾ ਘਟੇ।

*ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥*
*ਮੈ ਤਉ ਮੋਲਿ ਮੰਹਗੀ ਲਈ ਜੀਅ ਸਟੈ॥*

ਮੈਂ ਡੇਹਰੇ ਅਜੇ ਨਹੀਂ ਜਾ ਸਕਿਆ। ਪਹਾੜ ਦਾ ਵੀ ਅਜੇ ਜਾਣੇ ਦਾ ਫੈਸਲਾ ਨਹੀਂ ਕੀਤਾ। ਪਹਿਲਾਂ ਤਾਂ ਏਥੇ ਬੀ ਠੰਢ ਸੀ, ਪਰ ਤ੍ਰੈ ਚਾਰ ਦਿਨਾਂ ਤੋਂ ਸਖਤ ਗਰਮੀ ਹੋ ਗਈ ਹੈ।

ਸਭ ਨੂੰ ਅਸੀਸ।

ਆਪ ਦਾ
ਵੀਰ ਸਿੰਘ

ਪਿਆਰੇ ਜੀਓ,

ਆਪ ਦਾ ਪਤ੍ਰ ਪਹੁੰਚਾ। ਵਾਹਿਗੁਰੂ ਮਿਹਰ ਕਰੇ ਤੇ ਆਪਣੇ ਪਿਆਰ ਵਿਚ ਉਚਿਆਂ ਕਰੇ।

ਹਰ ਬਾਣੀ ਦਾ ਪਾਠ ਕਰੋ ਤੇ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕਰੋ। ਇਹੀ ਇਕ ਤਰੀਕਾ ਵਾਹਿਗੁਰੂ ਸੱਚੇ ਪਾਤਸ਼ਾਹ ਦੀਆਂ ਮੇਹਰਾਂ ਪ੍ਰਾਪਤ ਕਰਨੇ ਦਾ ਹੈ। ਮੇਰੀ ਵੀ ਅਰਦਾਸ ਹੈ ਕਿ ਵਾਹਿਗੁਰੂ ਸਹਾਈ ਹੋਵੇ।

 www.sikhbookclub.com

ਅਸੀਂ ਬੜੇ ਕਮਜ਼ੋਰ ਦਿਲ ਹਾਂ, ਮਨ ਅਰ ਮਨ ਦੇ ਸੰਸਾਰਕ ਰੁਖ ਦੇ ਕਾਰਨ ਦੁਨਿਆਵੀ ਪ੍ਰਭਾਵ ਹੁੰਦੇ ਹਨ। ਜਦੋਂ ਭਜਨ ਦੇ ਜ਼ੋਰ ਇਹ ਹਲਕੇ ਹੋਣ ਤਦੋਂ ਹੀ ਮਨ ਕੁਛ ਸੁਖੀ ਹੁੰਦਾ ਹੈ। ਦਾਰੂ ਨਾਮ ਹੈ, ਸਾਰੀਆਂ ਮੈਲਾਂ ਨੂੰ ਨਾਮ ਕੱਟਦਾ ਹੈ। ਤੇ ਅਸੀਂ ਆਪਣੇ ਮਨ ਦੇ ਖਿਆਲ ਕੀਤੇ ਭਾਵਾਂ ਵਿਚ ਤੇ ਰੁਚੀਆਂ ਵਿਚ ਟੁਰ ਜਾਨੇ ਹਾਂ, ਹਿਸਾਬ ਕਰਦੇ ਹਾਂ ਤੇ ਨਤੀਜਾ ਡੋਲਤ ਹੁੰਦਾ ਹੈ। ਪਰ ਜੇ ਉਸ ਦੇ ਹਰ ਕ੍ਰਿਸ਼ਮੇ ਵਿਚ ਕੋਈ ਮਿਹਰ ਤਕੀਏ ਤਦ ਕੁਛ ਸਮਾਂ ਪਾ ਕੇ ਸਾਰੀਆਂ ਰੱਬ ਦੇ ਪਿਆਰ ਦੀਆਂ ਗੱਲਾਂ ਸਮਝ ਆ ਜਾਂਦੀਆਂ ਹਨ, ਬਹੁਤੀ ਵੇਰੀ ਪਰਮੇਸ਼ਰ ਸਾਨੂੰ ਕਿਸੇ ਖੇਚਲ ਤੋਂ ਬਚਾਣ ਲਈ ਕੋਈ ਉਪਰਾਲਾ ਕਰਦਾ ਹੈ ਤੇ ਅਸੀਂ ਸਮਝਦੇ ਹਾਂ ਸਾਡੀ ਮਰਜ਼ੀ ਮੁਤਾਬਕ ਕਿਉਂ ਨਹੀਂ ਹੋਇਆ। ਇਸ ਤਰ੍ਹਾਂ ਟਪਲੇ ਲਗਦੇ ਹਨ। ਇਸ ਕਰ ਕੇ ਲਿਖਿਆ ਹੈ :-

*ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥*

ਨਾਲ ਜਪੀਏ ਨਾਮ, ਮਨ ਦਾ ਰੁਖ ਰਖੀਏ, ਉਸ ਵਲ ਤਦ ਰੱਬ ਮਿਹਰ ਕਰਦਾ ਹੈ ਤੇ ਆਪਣੇ ਨੇੜੇ ਕਰ ਲੈਂਦਾ ਹੈ। ਸੋ ਡੋਲੋ ਨਹੀਂ। ਹਰ ਰੰਗ ਵਿਚ ਮਿਹਰ ਤਕੋ, ਉਹ ਅਭੁਲ ਹੈ। ਸਦਾ ਪਿਆਰ ਕਰਦਾ ਹੈ। ਵਾਹਿਗੁਰੂ ਸਾਨੂੰ ਨੈਣ ਦੇਵੇ, ਜੋ ਉਸ ਦੇ ਪਿਆਰ ਨੂੰ ਸਮਝ ਸਕੀਏ। ਹੋਰ ਸੁਖ ਹੈ।

ਆਪ ਨੂੰ ਬਹੁਤ ਬਹੁਤ ਪਿਆਰ ਭਰੀ ਅਸੀਸ।

ਆਪ ਦਾ

ਵੀਰ ਸਿੰਘ

ਅੰਮ੍ਰਿਤਸਰ 21-7-1942

ਪਿਆਰੇ ਜੀਓ,

ਆਪ ਜੀ ਦਾ ਪੱਤ੍ਰ ਪਹੁੰਚਾ, ਸੁਖ ਸਾਂਦ ਵਾਚੀ। ਵਾਹਿਗੁਰੂ ਦੀ ਮਿਹਰ ਨਾਲ ਹੁਣ ਜ਼ਿੰਦਗੀ ਦਾ ਟਿਕਾਓ ਮਿਲ ਗਿਆ ਹੈ, ਜਿਥੇ ਬੈਠ ਕੇ honest labour ਕਰ ਕੇ ਅੰਨ ਪਾਣੀ ਸੁਖ ਪੂਰਬਕ ਮਿਲਨੇ ਦਾ ਪ੍ਰਬੰਧ ਹੈ ਤੇ ਨਾਮ ਬਾਣੀ ਲਈ ਵੀ ਵਕਤ ਮਿਲ ਸਕਦਾ ਹੈ। ਗੁਰੂ ਜੀ ਦਾ ਸ਼ੁਕਰ ਕਰਨਾ ਚਾਹੀਦਾ ਹੈ ਜੋ ਆਪਣਿਆਂ ਦੀ ਸਹਾਇਤਾ ਕਰਦਾ ਹੈ। ਵਾਹਿਗੁਰੂ ਜੀ ਦੇ ਹੁਕਮ ਵਿਚ ਰਹਿਣਾ ਚਾਹੀਏ। ਜੇ ਕੋਈ ਔਖ ਹੋਵੇ ਤਾਂ ਗੁਰੂ ਜੀ ਦਾ ਵਾਕ ਹੈ :-


www.sikhbookclub.com

*ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥*

ਨਾਮ ਜਪੋ, ਬਾਣੀ ਪੜ੍ਹੋ, ਗੁਰੂ ਤੇ ਟੇਕ ਰਖ ਕੇ ਟੁਰੀ ਚਲੋ। ਇਸੇ ਮਾਰਗ ਗੁਰਮੁਖ ਟੁਰੇ ਹਨ। ਇਸੇ ਰਾਹ ਟੁਰਨੇ ਦੀ ਗੁਰਸਿਖਾਂ ਨੂੰ ਹਦਾਇਤਾਂ ਮਿਲਦੀਆਂ ਹਨ, ਗੁਰੂ ਬਾਣੀ ਇਸੇ ਰਸਤੇ ਪਾਉਂਦੀ ਹੈ। ਹੋਰ ਸੁਖ ਸਾਂਦ ਹੈ। ਸਾਰੇ ਪ੍ਰਵਾਰ ਯੋਗ ਅਸੀਸ, ਗੁਰੂ ਚਿਤ ਰਹੇ।

ਆਪ ਦਾ ਹਿਤਕਾਰੀ
ਵੀਰ ਸਿੰਘ

19-8-1912

ਕਿਰਪਾਲੂ ਸਰਦਾਰ ਜੀ,

ਆਪ ਦਾ ਖਤ ਪਹੁੰਚਾ। ਸਿਮ੍ਰਨੇ ਦੀ ਲੋੜ ਤਾਂ ਨਹੀਂ ਹੋਇਆ ਕਰਦੀ ਪਰ ਸ਼ੁਰੂ ਵਿਚ ਸਿਮ੍ਰਨਾ ਚੇਤੇ ਕਰਾਣ ਵਿਚ ਬੜੀ ਮਦਦ ਦੇਂਦਾ ਹੈ। ਇਸ ਕਰਕੇ ਆਪ ਨੂੰ ਘਲਿਆ ਸੀ। ਏਹ ਸਿਮ੍ਰਨਾ ਕਿਸੀ ਨਾਮ ਵਾਲੇ ਸਿੰਘ ਦੇ ਹੱਥਾਂ ਦਾ ਹੈ। ਜਦ ਨਾਮ ਦਾ ਪ੍ਰਵਾਹ ਪੱਕ ਜਾਂਦਾ ਹੈ, ਤਦ ਜੀਭ ਆਪ ਹੀ ਸਿਮ੍ਰਨੀ ਹੋ ਜਾਂਦੀ ਹੈ। ਕੱਚੇ ਪ੍ਰਵਾਹ ਵਿਚ ਬੜੀ ਸਹਾਇਤਾ ਸਿਮ੍ਰਨੇ ਤੋਂ ਮਿਲਦੀ ਹੈ। ਆਸ਼ਾ ਹੈ ਕਿ ਆਪ ਦੇ ਨਾਮ ਦੇ ਰਉ ਨੂੰ ਲਗਾਤਾਰ ਜਾਰੀ ਰੱਖਣ ਵਿਚ ਉਚ ਮਦਦ ਦੇਸੀ। ਜੇ ਕਰ ਮਨਮੋਹਨ ਸਿੰਘ ਨੂੰ ਕੁਛ ਖੇਦ ਹੋ ਜਾਂਦਾ ਹੈ ਤਾਂ ਮਹੀਨੇ ਕੁ ਲਈ ਮਰੀ ਟੋਰ ਦੇਣਾ, ਗੁਣਕਾਰ ਹੋ ਸਕਦਾ ਹੈ। ਅਗੇ ਆਪ ਦਾਨੇ ਹੋ।

ਆਪ ਦਾ ਦਾਸ
ਵੀਰ ਸਿੰਘ


www.sikhbookclub.com

**ਭਾਈ ਸਾਹਿਬ ਸਰਦਾਰ ਮਨਮੋਹਣ ਸਿੰਘ ਜੀ ਦੇ ਪਿਤਾ ਨੂੰ ਵੀ ਗਾਹੇ ਬਗਾਹੇ ਚਿਠੀ ਪੱਤ੍ਰ ਲਿਖਦੇ ਰਹੇ ਹਨ। ਉਹ ਚਿਠੀਆਂ ਇਥੇ ਦਰਜ ਕੀਤੀਆਂ ਜਾਂਦੀਆਂ ਹਨ ਤਾਂ ਜੋ ਪਾਠਕ ਜਨ ਇਨ੍ਹਾਂ ਤੋਂ ਲਾਭ ਉਠਾ ਸਕਣ। (ਸੰਪਾਦਕ)**

ਮਿਤੀ 29-10-1012

ਸਤਿਕਾਰ ਯੋਗ ਸਰਦਾਰ ਜੀ,

ਵੱਡਿਆਂ ਨੂੰ ਕੋਈ ਗੱਲ ਚੇਤੇ ਕਰਾਉਣ ਮਾਤ੍ਰ ਲਿਖਣੀ ਭੀ ਬੇਅਦਬੀ ਵਿਚ ਦਾਖਲ ਹੈ, ਪਰ ਗੁਰੂ ਨਾਨਕ ਪ੍ਰੇਮ ਇਕ ਐਸੀ ਕਾਂਗ ਭਰੀ ਲਹਿਰ ਹੈ ਕਿ ਜੋ ਸਾਰੇ ਹੱਦ ਬੰਨੇ ਭਨਾ ਕੱਢਦੀ ਹੈ। ਇਸ ਕਰਕੇ ਮੇਰੇ ਚਿਤੋਂ ਰੋਕਦੇ ਰੋਕਦੇ ਮੱਲੋ ਮੱਲੀ ਇਹ ਗੱਲ ਲਿਖੀਂਦੀ ਹੈ ਕਿ 'ਨਾਮ' ਦੀ ਰੌ ਜਾਰੀ ਰਹੇ। ਸੰਸਾਰ ਦੀਆਂ ਸਾਰੀਆਂ ਗੱਲਾਂ ਤਮਾਸ਼ਾ ਹਨ ਤੇ ਸਾਰੇ ਪਰਮਾਰਥ ਦੇ ਸਾਧਨ ਫੋਕਟ ਹਨ, ਇਕ ਨਾਮ ਸੱਚ ਹੈ :-

*ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥*

ਇਕ ਨਾਮ ਫਲਦਾ ਹੈ, ਨਾਮ ਨਾਲ ਜਾਂਦਾ ਹੈ, ਨਾਮ ਛੁਡਾਂਦਾ ਹੈ ਤੇ ਨਾਮ ਤਾਰਦਾ ਹੈ।

*ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ॥*

ਇਹ ਇਕ ਨੁਕਤਾ ਹੈ, ਜਿਸ ਨੂੰ ਚੰਬੜਿਆ ਸਾਈਂ ਨਾਲ ਮਿਲ ਜਾਈਦਾ ਹੈ। ਨਾਮ ਜਪੀਦਾ ਹੈ, ਜੀਭ ਨਾਲ ਜਪੀਦਾ ਹੈ, ਅਰ ਮਨ ਨਾਲ ਜਪੀਦਾ ਹੈ। ਜਪਦਿਆਂ ਇਹ ਸੁਰਤ ਵਿਚ ਰਚ ਜਾਂਦਾ ਹੈ, ਤਦੋਂ ਮੈਲ ਉਤਰਦੀ ਹੈ ਤੇ ਫੇਰ ਰਸ ਪੈਂਦਾ ਹੈ। ਤੁਸੀਂ ਜਪਦੇ ਤਾਂ ਹੋ, ਪਰ ਜਪੋ ਗੁਰੂ ਨਾਨਕ ਦੇ ਚਰਨਾਂ ਨੂੰ ਨੇੜੇ ਜਾਣ ਕੇ, ਗੁਰੂ ਨੂੰ ਕੋਲ ਬੈਠਾ ਜਾਣ ਕੇ, ਉਸ ਨੂੰ ਸੁਣਾ ਕੇ ਜਪੋ। ਅਰ ਲਗਾਤਾਰ ਜਪੋ :-

*ਊਠਤ ਬੈਠਤ ਸੋਵਤ ਨਾਮ॥*
*ਕਹੁ ਨਾਨਕ ਜਨ ਕੈ ਸਦ ਕਾਮ॥*

ਸਤਿਗੁਰੂ ਜੀ ਫਲ ਲਿਖਦੇ ਹਨ :

*ਸਰਬ ਇਛਾ ਤਾ ਕੀ ਪੂਰਨ ਹੋਇ॥ ਪ੍ਰਧਾਨ ਪੁਰਖੁ ਪ੍ਰਗਟ ਸਭ ਲੋਇ॥*
*ਜੋ ਜਪੈ ਤਿਸ ਕੀ ਗਤਿ ਹੋਇ॥ ਨਾਨਕ ਕਰਮਿ ਪਰਾਪਤਿ ਹੋਇ॥*

 www.sikhbookclub.com

ਏਹ ਹਰਫ ਕੇਵਲ ਚੇਤਾਵਨੀ ਮਾਤਰ ਹਨ। ਸਾਧ ਸੰਗਤ ਵਿਚ ਪਰਸਪਰ ਚੇਤੇ ਕਰਾਉਣਾ ਤੇ ਇਕ ਦੂਜੇ ਨੂੰ ਹੱਲਾ ਸ਼ੇਰੀ ਦੇਣੀ ਇਹੀ ਪਿਆਰ ਹੈ।

ਗੁਰੂ ਮਿਹਰ ਕਰੇ।

ਆਪ ਦਾ ਦਾਸ
ਵੀਰ ਸਿੰਘ

23-12-1912

ਪਰਮ ਕਿਰਪਾਲੂ ਤੇ ਸੱਚੇ ਦਰਦੀ ਜੀ,

ਮੇਰੇ ਸਿਮਰਨ ਦੇ ਪ੍ਰੇਮੀ ਵੀਰ ਜੈਰਾਜ ਸਿੰਘ ਜੀ ਨੂੰ ਕਲਗੀਆਂ ਵਾਲੇ ਪ੍ਰੀਤਮ ਜੀ ਦੇ ਅਕਾਲੀ ਬੇੜੇ ਵਿਚ ਪਹੁੰਚਣ ਦੇ ਝੱਟ ਪੱਟ ਸੱਦੇ ਪਰ ਦਾਸ ਨੂੰ ਉਸ ਸੀਤਲ ਪ੍ਰੇਮ ਵਾਲੇ ਪਿਆਰੇ ਤੋਂ ਸਰੀਰਕ ਵਿਛੋੜਾ ਹੋਇਆ ਹੈ। ਜਿਸ ਵਿਚ ਸ੍ਰੀ ਜੀ ਦੇ ਕੋਮਲ ਤੇ ਦਰਦੀ ਰਿਦੇ ਨੇ ਮੇਰੇ ਲਈ ਦਰਦ ਪ੍ਰਤੀਤ ਕੀਤਾ ਹੈ ਪਰ ਚਿਠੀ ਭੇਜ ਕੇ ਦਰਦ ਵੰਡਿਆ ਹੈ, ਇਸ ਕ੍ਰਿਪਾਲਤਾ ਲਈ ਮੈਂ ਆਪ ਦਾ ਦਿਲੋਂ ਧੰਨਵਾਦੀ ਹਾਂ।

ਆਪ ਸਤਿਗੁਰੂ ਦੇ ਪਿਆਰੇ ਹੋ, ਅਰਦਾਸ ਕਰੋ ਕਿ ਉਹ ਅਕਾਲੀ ਝੰਡਿਆਂ ਵਾਲਾ ਪਿਆਰਾ ਸ਼ਹਿਨਸ਼ਾਹ ਆਪਣੇ ਨਵੇਂ ਸਿਪਾਹੀ ਨੂੰ ਆਪਣੀ ਹਜ਼ੂਰੀ ਦੇ ਪਹਿਰੇ ਵਿਚ ਰਖੇ ਅਰ ਸਾਨੂੰ ਇਹ ਮਾਣ ਪ੍ਰਦਾਨ ਕਰੇ ਕਿ ਸਾਡਾ ਪਿਆਰਾ ਭਰਾਤਾ ਸਚੇ ਪ੍ਰੀਤਮ ਜੀ ਦੀ ਹਜ਼ੂਰੀ ਵਿਚ ਹੈ।

ਆਪ ਦਾ ਦਾਸ
ਵੀਰ ਸਿੰਘ

11-12-1914

ਸ੍ਰੀ ਸਤਿਕਾਰ ਯੋਗ ਜੀ,

ਆਪ ਦਾ 6 ਤਰੀਕ ਦਾ ਪੱਤ੍ਰ ਪਹੁੰਚਾ।

*'ਸੰਸਾ" ਹੀ ਸੰਸਾਰ ਹੈ, ਜਦ ਸੰਸਾ ਨਹੀਂ ਤਦੋਂ ਮੁਕਤ ਹੈ।*
*"ਸੰਸਾ" ਇਹੁ ਸੰਸਾਰੁ ਹੈ" ਸਤਿਗੁਰ ਦਾ ਵਾਕ ਹੈ।*
*"ਸਹਸੈ ਜੀਉ ਮਲੀਣੁ ਹੈ ਕਿਤ ਸੰਜਮਿ ਧੋਤਾ ਜਾਇ।"*

ਗੁਰੂ ਜੀ ਦਾ ਪ੍ਰਸ਼ਨ ਹੈ ਤੇ ਆਪ ਹੀ ਉਤ੍ਰ ਦਿੰਦੇ ਹਨ :-

*ਮੰਨੁ ਧੋਵਹੁ ਸ਼ਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥*

ਸੰਸੇ ਦਾ ਇਲਾਜ ਇਹ ਹੈ। ਅਸਲ ਵਿਚ ਸੰਸਾਰ ਕਿਉਂ ਬਣਿਆ ਤਦੋਂ ਸਮਝ ਪੈਂਦੀ ਹੈ ਜਦ ਸੁਰਤ ਸਾਂਈ ਨਾਲ in tune ਇਕ ਸੁਰ ਹੋ ਜਾਂਦੀ ਹੈ। ਜਿਥੇ ਸਾਡਾ ਮਨ ਹੈ, ਉਥੇ ਸੰਸਿਆਂ ਦਾ ਹਨੇਰਾ ਹੀ ਥਹੁ ਨਹੀਂ ਪੈਣ ਦੇਂਦਾ, ਕੋਸ਼ਸ਼ ਸਮਝਣ ਦੀ ਫਜ਼ੂਲ ਹੈ। ਬੜੇ ਬੜੇ ਫਿਲਾਸਫਰ ਮਿੱਟੀਆਂ ਛਾਣ ਗਏ। ਸੁਰਤ ਇਕਾਗਰ ਹੋਣ ਰਸ ਵਿਚ ਭਰਨ ਦੀ ਲੋੜ ਹੈ। ਫੇਰ ਸੰਸਾ ਉਠਦਾ ਹੀ ਨਹੀਂ। ਲਗੇ ਚਲੋ। ਸੰਸਾਰਕ ਵਿਦਿਆ ਦਸ ਬਾਰਾਂ ਵਰ੍ਹੇ ਲਾ ਕੇ ਗੁਜ਼ਾਰੇ ਜੋਗੀ ਆਉਂਦੀ ਹੈ। ਸੱਚੀ ਵਿਦਯਾ ਲਈ ਕੁਝ ਵਕਤ ਲਗਣਾ ਚਾਹੀਦਾ ਹੈ। ਹੋਰ ਸੁਖ ਹੈ।

ਆਪ ਦਾ
ਵੀਰ ਸਿੰਘ

28-1-1914

ਪਿਆਰੇ ਜੀ,

ਆਪ ਦਾ ਖਤ ਪਹੁੰਚਾ।

ਗੁਟਕਾ ਤਿਆਰ ਨਾ ਹੋਣ ਕਰਕੇ ਢਿੱਲ ਰਹੀ ਹੈ। ਕੱਲ੍ਹ ਦੀ ਡਾਕ ਵਿਚ ਆਪ ਵਲ ਗੁਟਕਾ ਰਵਾਨਾ ਹੋਸੀ। ਹੋਰ ਸਭ ਪ੍ਰਕਾਰ ਸੁਖ ਹੈ।

ਸ਼ੁਕਰ ਹੈ ਕਿ ਆਪ ਨੂੰ Higher Life ਦਾ ਥਹੁ ਪੈ ਗਿਆ ਹੈ। ਹੁਣ ਕਰਤੱਵ ਇਹ ਹੈ ਕਿ ਟੁਰੀ ਚਲੋ ਤੇ ਲਗੇ ਰਹੋ। ਸਤਿਗੁਰੂ ਨਾਨਕ ਦੇ ਚਰਨਾਂ ਨਾਲ ਜੇ ਆਪਣਾ ਚਿੱਤ ਹਜ਼ੂਰੀ ਵਿਚ ਲੱਗਾ ਰਹੇ, ਤਦ ਉਨ੍ਹਾਂ ਦੇ ਵਜੂਦ ਵਿਚੋਂ ਰਸਦਾਇਕ ਲਹਿਰ ਆਉਂਦੀ ਤੇ ਸਾਡੇ ਵਿਚ ਪ੍ਰਵੇਸ਼ ਕਰਦੀ ਰੈਂਹਦੀ ਹੈ। ਸੋ ਏਹ ਹਜ਼ੂਰੀ ਦਾ ਜਤਨ ਨਾਮ ਬਾਣੀ, ਸ਼ੁਕਰ ਹੀ ਆਸਰੇ ਹਨ, ਜੋ ਮਾਨਸ ਤੇ ਦੇਵਤੇ ਬਣਾ ਦੇਂਦੇ ਹਨ। ਵਾਹਿਗੁਰੂ ਮਿਹਰ ਕਰੇ ਤੇ ਤੁਸਾਂ ਨੂੰ ਆਪਣੇ ਚਰਨਾਂ ਦਾ ਪ੍ਰੇਮ ਬਖਸ਼ੇ।

ਆਪ ਦਾ ਦਾਸ
ਵੀਰ ਸਿੰਘ

 www.sikhbookclub.com

**ਕੁਝ ਪੱਤ੍ਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵੱਲੋਂ ਬੀਬੀ ਸੰਤ ਜੀ ਨੂੰ ਲਿਖੇ ਗਏ ਸਨ। ਇਥੇ ਉਨ੍ਹਾਂ ਦੇ ਕੁਝ ਅੰਸ਼ ਦਿਤੇ ਗਏ ਹਨ ਜੋ ਪ੍ਰਮਾਰਥ ਦੇ ਪਥ ਪ੍ਰਦਸ਼ਕ ਹਨ।**

**(ਸੰਪਾਦਕ)**

# ਈਰਖਾ

ਪ੍ਰਮਾਰਥ ਵਿਚ ਸਭ ਤੋਂ ਵਡਾ ਦੁਸ਼ਮਨ ਈਰਖਾ ਹੈ। ਪ੍ਰਮਾਰਥ ਪ੍ਰੇਮ ਦਾ ਨਾਮ ਹੈ ਤੇ ਪ੍ਰੇਮ ਦੇ ਠੀਕ ਉਲਟ ਘਿਰਣਾ ਜਾਂ ਈਰਖਾ ਹੈ। ਹੋਰ ਕੋਈ ਸ਼ੈ ਸੁਰਤ ਨੂੰ ਰਸਾਤਲ ਵਲ ਨਹੀਂ ਲੈ ਜਾਂਦੀ। ਜਿੰਨੀ ਛੇਤੀ ਇਹ ਲੈ ਜਾਂਦੀ ਹੈ। ਵਾਹਿਗੁਰੂ ਨਾਮ ਦੇ ਪਿਆਰੇ ਧਿਆਨੀਆਂ ਦੇ ਹਿਰਦੇ ਵਿਚ ਪ੍ਰੇਮ ਚਾਹੀਦਾ ਹੈ ਅਰ ਸਤਿਸੰਗ ਦੇ ਦਾਇਰੇ ਵਿਚ ਸੁਧਾ ਪ੍ਰੇਮ। ਜਦ ਸਤਿਸੰਗ ਵਿਚ ਕਿਸੇ ਨਾਲ ਈਰਖਾ ਦਾ ਸੰਕਲਪ ਫੁਰਿਆ ਆਪਣੀ ਸੁਰਤ ਹੇਠਾਂ ਆ ਜਾਂਦੀ ਹੈ, ਫੇਰ ਚੜ੍ਹਦੀ ਨਹੀਂ ਹੈ। ਇਹ ਹਰਿਧਨ ਦਾਤ ਹੈ। ਜਿਸ ਨੂੰ ਇਹ ਮਿਲਦੀ ਹੈ, ਉਸ ਪਰ ਗੁਰੂ ਕਿਰਪਾਲ ਹੁੰਦਾ ਹੈ। ਜਦ ਕਿਸੇ ਸਤਿਸੰਗ ਦੀ ਉਚੀ ਸੁਰਤ ਦੇਖੀਏ ਤਾਂ ਸਮਝੀਏ ਕਿ ਇਹ ਸਤਿਗੁਰ ਨੇ ਖਿਚ ਕੇ ਉਤਾਂਹ ਕੀਤੀ ਹੈ। ਹੁਣ ਸੋਚਣ ਦੀ ਗੱਲ ਇਹ ਹੈ ਕਿ ਜਿਥੇ ਸਤਿਗੁਰ ਆ ਗਿਆ ਹੈ, ਉਥੇ ਸਾਡਾ ਸਿਰ ਝੁਕਣਾ ਤੇ ਪ੍ਰੇਮ ਨਾਲ ਉਤਸ਼ਾਹਤ ਹੋਣਾ ਚਾਹੀਏ-ਕਿ ਈਰਖਾ ਪੈਦਾ ਨਾ ਹੋਵੇ-ਈਰਖਾ ਪੈਣ ਨਾਲ (ਧਿਆਨ ਦੇਣਾ) ਉਹ ਈਰਖਾ ਸਤਿਸੰਗ ਨਾਲ ਨਹੀਂ ਪਏਗੀ। ਸਤਿਗੁਰ ਨਾਲ ਪਏਗੀ, ਫਿਰ ਸਾਡਾ ਥਾਂ ਕਿਥੇ ਹੈ? ਜੋ ਪ੍ਰੀਤਮ ਜੀ ਨਾਲ ਹੀ ਪ੍ਰੇਮ ਦੀ ਥਾਂ ਈਰਖਾ ਆ ਗਈ ਤਾਂ-ਦੂਜੀ ਵੀਚਾਰ ਇਹ ਚਾਹੀਏ ਕਿ ਜੇ ਗੁਰਮੁਖ ਕਿਸੇ ਪਰ ਮਿਹਰ ਕਰ ਰਹੇ ਹਨ ਤਾਂ ਸਾਡੀ ਖੁਸ਼ੀ ਉਮੰਗਣੀ ਚਾਹੀਏ। ਜੇ ਈਰਖਾ ਪੈਂਦੀ ਹੈ ਤਾਂ ਅਸੀਂ ਗੁਰਮੁਖ ਦੀ ਭੁੱਲ ਕੱਢ ਰਹੇ ਹਾਂ। ਫੇਰ ਜੇ ਅਸੀਂ ਭੁੱਲਾਂ ਕੱਢ ਸਕਦੇ ਤੇ ਸਿਖਿਆ ਦੇ ਸਕਦੇ ਹਾਂ ਤਾਂ ਅਸੀਂ ਉਸ ਦੇ ਗੁਰੂ ਹਾਂ। ਦੇਖੋ ਕਿਸ ਤਰ੍ਹਾਂ ਪਾਸਾ ਪਲਟ ਜਾਂਦਾ ਹੈ। ਫੇਰ ਅਸੀਂ ਗੁਰੂ ਦੇ ਭੰਡਾਰ ਤੇ ਗੁਰਮੁਖ ਦੀ ਵੰਡ ਨੂੰ ਛੋਟਾ ਸਮਝ ਰਹ ਹਾਂ।

"*ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ*
ਫਿਰਿ ਲੇਖਾ ਮੂਲਿ ਨਾ ਲਇਆ।"

ਇਹ ਨਿਖੁਟਣ ਵਾਲੀ ਦਾਤ ਨਹੀਂ, ਇਕ ਅੰਮ੍ਰਿਤ ਦਰਿਆ ਵਗ ਰਿਹਾ ਹੈ। ਜੇ ਕੋਈ ਹੋਰ ਦਰਿਆ ਤੋਂ ਦਸ ਗਾਗਰਾਂ ਭਰ ਰਿਹਾ ਹੈ ਤਾਂ ਸੁਖੀ ਹੋਵੀਏ, ਤੇ ਜੇ ਖੁਸ਼ੀ ਨਾ ਹੋਵੀਏ ਤਾਂ ਅਸੀਂ ਦਰਿਆ ਨੂੰ ਟੋਇਆ ਸਮਝ ਰਹੇ ਹਾਂ ਜੋ ਮੁਕ ਜਾਏਗਾ। ਦਰਿਆ ਅਮੁਕ ਹੈ। ਅਸੀਂ ਜਿਨਾ ਵਧੀਕ ਪੀ ਸਕੀਏ ਪੀਵੀਏ। ਗੁਰੂ ਨਾਨਕ ਦਾ ਘਰ ਸਮੁੰਦਰ ਹੈ। ਜਿਤਨੇ ਵਧੀਕ

ਪੀਣ, ਉਨੀ ਸਾਡੇ ਅੰਦਰ ਠੰਢ ਪਵੇ ਕਿ ਸ਼ੁਕਰ ਹੈ ਮੇਰੇ ਵਰਗੇ ਹੋਰ ਜੀਵ ਸੁਖ ਪਾ ਰਹੇ ਹਨ। ਇਹ ਤੌਖਲਾ ਕਦੇ ਨਾ ਕਰੀਏ ਕਿ ਮੈਂ ਪਿਛੇ ਰਹਿ ਜਾਊਂ ਜਾਂ ਦਾਤਾ ਜੀ ਦਾ ਰੁਖ ਹੋਰ ਪਾਸੇ ਹੋ ਗਿਆ ਹੈ। ਉਧਰ ਮਿਹਰ ਹੈ, ਤੇ ਮੈਨੂੰ ਹੁਣ ਕੌਣ ਮਦਦ ਦੇਊ। ਇਹ ਤੌਖਲਾ ਦਾਤਾ ਜੀ ਦੀ ਤੇ ਸਤਿਗੁਰ ਜੀ ਦੀ ਨਿਊਨਤਾ ਕਰਨ ਦੇ ਹਨ।

*"ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥"*

ਇਹ ਦ੍ਰਿਸ਼ਟੀ ਚਾਹੀਦੀ ਹੈ। ਸੁਰਤ ਸਾਈਂ ਲੋਕ ਇਕ ਖਿਣ, ਇੱਕੋ ਵਕਤ ਵਿਚ ਲਖ ਸਜਣਾਂ ਦੀ ਸੁਰਤ ਨੂੰ ਇਕ ਦਮ ਚੁਕ ਸਕਦੇ ਹਨ।

*"ਜਿਸ ਤਾਤ ਪ੍ਰਾਈ ਹੋਵੇ-ਤਿਸ ਦਾ ਕਦੀ ਨ ਹੋਵੈ ਭਲਾ।"*

ਇਹ ਈਰਖਾ ਜਿਸ ਨਾਲ ਕਰੀਦੀ ਹੈ, ਉਸ ਦਾ ਖੰਬਰੇ ਕਦ ਨੁਕਸਾਨ ਕਰਸੀ। ਆਪਣੀ ਸੁਰਤ ਉਸੀ ਦਮ ਪਾਤਾਲ ਨੂੰ ਜਾਂਦੀ ਹੈ। ਆਪਣਾ ਭਲਾ ਮਾਰਿਆ ਜਾਂਦਾ ਹੈ। ਸਾਧ ਸੰਗਤ ਵਿਚ ਪੈਰ ਧਰਨੇ ਦਾ ਪੈਹਲਾ ਅਸੂਲ ਇਸ ਨੂੰ ਜਿੱਤਣਾ ਹੈ। ਸਤਿਗੁਰ ਆਖਦੇ ਹਨ-

*"ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥*
*ਨਾ ਕੋ ਬੈਰੀ ਨਹੀ ਬਿਗਾਨਾ॥ ਸਗਲ ਸੰਗਿ ਹਮ ਕਉ ਬਨਿ ਆਈ॥"*

ਇਹ ਸਤਿਸੰਗ ਦਾ ਮੰਡਲ ਹੈ, ਜੋ ਪ੍ਰੇਮ ਦਾ ਹੁੰਦਾ ਹੈ। ਇਸ ਵਿਚ ਤੌਖਲੇ ਭਰਮ ਨੂੰ ਕੋਈ ਥਾਂ ਨਹੀਂ। ਈਰਖਾ ਬੀ ਤੌਖਲੇ ਤੋਂ ਪੈਦਾ ਹੁੰਦੀ ਹੈ। ਜਨਮ ਜਨਮ ਤੋਂ ਤੌਖਲੇ 'ਚ ਧਸੇ ਹੋਏ ਜਦ ਅਸੀਂ ਸਤਿਸੰਗ ਵਿਚ ਆਉਂਦੇ ਹਾਂ ਤਾਂ ਉਥੇ ਭੀ ਇਹ ਭਰਮ ਪੈਂਦਾ ਹੈ ਕਿ ਮਤਾਂ ਮੈਂ ਪਿਛੇ ਰਹਿ ਜਾਵਾਂ ਤੇ ਮੈਥੋਂ ਕੋਈ ਅੱਗੇ ਲੰਘ ਜਾਵੇ। ਇਹ ਪਿਛਲੇ ਚੰਡਾਲਾਂ ਦੇ ਪਿੰਡ ਦੀ ਬਾਣ ਹੈ, ਜਿਸ ਵਿਚ ਅਸੀਂ ਪਹਿਲੇ ਵੱਸਦੇ ਰਹੇ ਹਾਂ ਹੁਣ ਗੁਰੂ ਨਾਨਕ ਦੇ ਪਿੰਡ ਵਿਚ ਏਸ ਦਾ ਕੋਈ ਥਾਂ ਨਹੀਂ ਹੈ। ਇਥੇ ਗੁਰੂ ਨਾਨਕ ਦਾ ਸੁਭਾ ਟੁਰਨਾ ਹੈ। ਅਰ ਉਹ ਪ੍ਰੇਮ, ਠੰਢ, ਖੁਸ਼ੀ, ਉਮਾਹ, ਦਇਆ, ਰਸ ਤੇ ਆਨੰਦ ਹੈ ਜਿਸ ਦੀ ਜੜ੍ਹ ਸਿਮਰਨ ਤੇ ਹਜ਼ੂਰੀ ਵਿਚ ਲੱਗੀ ਹੋਈ ਹੈ। ਇਸ ਘਰ ਦਾ ਪੁਠਾ ਰਾਹ ਹੈ। ਜੇ ਦਾਤਾ ਜੀ ਕਿਸੇ ਪਰ ਵਧੀਕ ਕ੍ਰਿਪਾਲ ਦਿਸਦੇ ਹਨ। ਖੁਸ਼ੀ ਦਾ ਨਸ਼ਾ ਚੜ੍ਹ ਜਾਵੇ। ਕਿ ਸਾਡੇ ਵਿਚ ਕੋਈ ਰੂਹ ਤਾਂ ਪੱਕਣ ਲਗੀ ਹੈ। ਇਹ ਚੰਗਾ ਹੈ ਕਿਉਂਕਿ ਚੰਗੇ ਨੂੰ ਚੰਗਾ ਲਗ ਗਿਆ ਹੈ।ਆਉ ਇਸ ਦੇ ਚਰਨਾਂ ਦੀ ਧੂੜੀ ਬਣੀਏ, ਜੋ ਸਾਡੀ ਚੰਗਿਆਈ ਵਧ ਜਾਵੇ। ਇਸ ਵਲ ਸਤਿਗੁਰ ਦੀ ਪਿਆਰ ਦੀ ਨਿਗਾਹ ਪਵੇ। ਇਹ ਵਹਿਮ ਕਦੀ ਨਾ ਕਰੋ ਕਿ ਸਤਿਗੁਰ ਕਿਸੀ ਖੁਸ਼ਾਮਦ, ਰੂਪ, ਪਦਾਰਥ ਜਾਂ ਖਾਤਰ ਨਾਲ ਭੁਲੇਖੇ ਵਿਚ ਪੈ ਸਕਦਾ ਹੈ। "ਗੁਰੂ ਤੇ ਕਰਤਾ" ਅਭੁੱਲ ਹੁੰਦੇ ਹਨ। ਕੰਮ ਕਰਨੇ ਵਾਲਾ ਗੁਰੂ ਨਾਨਕ ਆਪ ਹੈ, ਫਿਰ ਭੁਲ ਕਿਥੇ। ਤਾਂ ਤੇ ਸਦਾ ਸਤਿਗੁਰ ਨੂੰ ਚੰਗਾ ਤੇ ਉਚਾ ਕਰਕੇ ਜਾਣੀਏ। ਜ਼ਿੰਦਾ ਸੁਰਤ ਵਾਲੇ ਜੀਊਂਦੇ ਹਨ। ਜਨਮ ਲੈ ਕੇ ਸੁਰਤ

ਜਿਵਾ ਲੈਣੀ ਫਰਜ਼ ਹੈ। ਸਹਿਜ ਭਾਵ ਵਿਚ ਸੁਰਤ ਨੂੰ ਸਾਈਂ ਦੇ ਚਰਨਾਂ ਵਿਚ ਰਖ ਕੇ ਆਨੰਦ ਵਿਚ ਰਹੋ। ਦੁਖ ਸੁਖ ਸਰੀਰਾਂ ਦੇ ਧਰਮ ਹਨ। ਜੇ ਸੁਰਤ ਜੀਉਂਦੀ ਹੈ ਤੇ ਰਸ ਵਿਚ ਹੈ, ਦੁਖ ਸੰਤਾਪ ਨਹੀਂ ਦੇਂਦਾ ਅਤੇ ਦੁਖ ਦੇ ਬਾਅਦ ਸੁਰਤ ਉਚੀ ਹੋਇਆ ਕਰਦੀ ਹੈ। "ਜ਼ਿੰਦਾ ਦਿਲ" ਹੋ ਜਾਣਾ ਹੀ ਜੀਊਣਾ ਹੈ। ਮੁਰਦਾ ਸੁਰਤਾਂ ਵਾਲਾ ਸੰਸਾਰ ਜੀਉ ਨਹੀਂ ਰਿਹਾ। ਨਾ ਸੁਖੀ ਹੈ- ਉਹ ਅਗਨ ਤਾਪੀ ਹਨ, ਜੋ ਵਾਹਿਗੁਰੂ ਸਿਮਰਨ ਤੋਂ ਬਾਹਰ ਹਨ। ਸੁਰਤ ਚੰਗੀ ਰਹੇ ਤਾਂ ਲਾਹ ਹੈ। ਦੁਖ ਵੀ ਬਲ ਨਹੀਂ ਪਾਂਦਾ ਤੇ ਸਹਿਜੇ ਹੀ ਲੰਘ ਜਾਂਦਾ ਹੈ। ਜਿਸ ਪਰ ਸਤਿਗੁਰ ਨਾਨਕ ਦੀ ਮਿਹਰ ਹੈ, ਉਸ ਦੇ ਚਰਨ ਕੰਵਲਾਂ ਦੇ ਧਿਆਨ ਵਿਚ ਸਹਿਜ ਭਾਵ ਨਾਲ ਹਜ਼ੂਰੀ ਵਿਚ ਵੇਖਿਆਂ ਸੁਖ ਹੈ। ਸਤਿਗੁਰ ਅਗੇ ਅਰਦਾਸ ਕਰੋ, ਪਰ ਸੁਰਤ ਦੇ ਰੰਗ ਵਿਚ ਉਹ ਵਿਸਰੇ ਨਾ ਤੇ ਰੋਗ ਨੂੰ ਆਪ ਹੀ ਦੂਰ ਕਰੇ।

 www.sikhbookclub.com

**ਇਕ ਹੋਰ ਪੱਤ੍ਰ ਜੋ ਭਾਈ ਸਾਹਿਬ ਨੇ ਸੰਤ ਜੀ ਨੂੰ 27-7-12 ਨੂੰ ਲਿਖਿਆ ਸੀ ਅਤੇ ਜਿਸ ਦਾ ਸਿਰਲੇਖ ਅਮਰ ਜੀਵਨ ਸੀ, ਇਸ ਪ੍ਰਕਾਰ ਹੈ। (ਸੰਪਾਦਕ)**

# ਅਮਰ ਜੀਵਨ

ਜਦੋਂ ਬਾਣੀ ਤੇ ਨਾਮ ਲਿਵ ਪੈਦਾ ਕਰ ਦੇਂਦੇ ਹਨ ਤਦ ਅਮਰ ਜੀਵਨ ਦੇ ਮੰਡਲ ਵਿਚ ਆ ਜਾਈਦਾ ਹੈ। ਲਿਵ ਇਸ ਗੱਲ ਦਾ ਨਾਂ ਹੈ ਕਿ ਸਾਡਾ ਖਿਆਲ, ਅਰਥਾਤ ਮਨ ਦੀ ਤਾਰ ਯਾ ਸੁਰਤ ਹਰ ਵੇਲੇ ਸਾਈਂ ਦੇ ਅਗੇ ਕਬੂਲ ਕਰਨ ਵਾਲੀ ਹੋ ਕੇ ਖੁਲ੍ਹੀ ਰਹੇ! ਸਾਡੇ ਮਨ ਦੇ ਬੂਹੇ ਵਾਹਿਗੁਰੂ ਜੀ ਦੇ ਉਨ੍ਹਾਂ ਆਤਮ ਹੁਲਾਰਿਆਂ ਦੇ ਅਗੇ ਜੋ ਹਰ ਵੇਲੇ ਸਾਡੇ ਪਾਸ ਆ ਰਹੇ ਹਨ ਖੁਲ੍ਹ ਜਾਣ। ਅਰ ਦਮ ਬਦਮ ਸਾਡੇ ਵਿਚ ਆਤਮ ਸੱਤਾ ਪ੍ਰਵੇਸ਼ ਕਰਦੀ ਰਹੇ। ਆਤਮ ਮੰਡਲ ਦੀਆਂ ਤਾਕਤਾਂ ਦਾ ਆਵੇਸ਼ ਅਸਾਂ ਵਿਚ ਰਹੇ। ਜਾਂ ਸੌਖਾ ਸਮਝਣਾ ਹੋਵੇ ਤਾਂ ਨਾਮ, ਧਿਆਨ, ਪ੍ਰੇਮ ਤਿੰਨੇ ਇਕ ਰੂਪ ਹੋ ਕੇ ਅੰਦਰ ਇਕ ਤਾਰ ਬੱਝ ਜਾਣ। ਮਨ ਦਾ ਪ੍ਰਵਾਹ ਜਦ ਸਾਈਂ ਨਾਲ ਇਉਂ ਜੁੜ ਜਾਂਦਾ ਹੈ ਤਾਂ ਜੀਉ ਪਈਦਾ ਹੈ। ਇਹ ਜੀਵਨ ਅਮਰ ਜੀਵਨ ਹੈ। ਫਿਰ ਅੱਠ ਪਹਿਰ ਇਸ ਰੰਗ ਵਿਚ ਰਹਿਣਾ ਕਿ ਮੇਰੇ ਅੰਦਰ ਮਾਲਕ ਵੱਸ ਰਿਹਾ ਹੈ ਅਤੇ ਮੇਰਾ ਮਨ ਇਕ ਜੋਤ ਹੋ ਰਿਹਾ ਹੈ। ਪਰ ਇਹ ਹੈ ਕਠਨ। ਸਮਾਂ ਲਗਦਾ ਹੈ ਅਤੇ ਜਿਥੋਂ ਸ਼ੁਰੂ ਹੋਏ ਹੋ-ਨਾਮ ਤੋਂ, ਇਥੋਂ ਹੀ ਟੁਰੀਦਾ ਹੈ। ਨਾਮ ਦਾ ਦਿਨ ਰਾਤ ਅਭਿਆਸ ਕਰੀਦਾ ਹੈ। ਦਿਨ ਰਾਤ ਦਾ ਸਿਮਰਨ ਫਿਰ ਜੀਭ ਤੇ ਹੀ ਨਹੀਂ ਰਹਿ ਜਾਂਦਾ, ਆਤਮਾ ਵਿਚ, ਸੁਰਤ ਵਿਚ ਸਿੰਜਰਦਾ ਹੈ। ਸੁਰਤ ਵਿਚ ਸਿੰਜਰਦਾ ਐਸਾ ਬੈਠਦਾ ਹੈ ਕਿ ਸੁਰਤ ਵਿਚ ਸਿਮਰਨ ਬਝ ਜਾਂਦਾ ਹੈ, ਵਿਚ ਪ੍ਰੇਮ ਪੈਂਦਾ ਹੈ ਤੇ ਰਸ ਦੇ ਫੁਹਾਰੇ ਛੁਟਦੇ ਹਨ। ਇਹ ਤਰੀਕਾ "ਅਮਰ ਜੀਵਨ" ਪ੍ਰਾਪਤੀ ਦਾ ਹੈ। ਨਾਮ ਦਾ ਸਬਕ ਪਕਾਣ ਵਾਸਤੇ ਖਿੱਚ ਦੀ ਲੋੜ ਹੈ। ਸੋ ਇਸ ਪ੍ਰਕਾਰ ਤੁਸਾਨੂੰ ਪਤਾ ਹੈ, ਇਹ ਵੱਸ ਦੀ ਖੇਡ ਨਹੀਂ, ਦਾਤ ਹੈ। ਖਿੱਚ ਦਾ ਪ੍ਰਯੋਜਨ ਸਬਕ ਪਕਾਣ ਤੋਂ ਹੈ। ਇਹ ਅੰਦਰ ਉਸਤਾਦ ਬੈਠਦਾ ਹੈ। ਨਾਮ ਦਾ ਦਾਤਾ ਵਾਹਿਗੁਰੂ ਹੈ। ਪ੍ਰਚਾਰਕ ਗੁਰ ਨਾਨਕ ਦੇਵ ਹਨ। ਪ੍ਰਾਪਤ ਸਤਿਸੰਗ ਵਿਚੋਂ ਹੁੰਦਾ ਹੈ। ਤੇ ਖਿੱਚ ਗੁਪਤ ਗੁਰੂ ਅੰਦਰ ਵਸਦਾ ਹੈ। ਜੋ ਏਸ ਨੂੰ ਪਕਾਂਦਾ ਹੈ ਤੇ ਵਿਘਨਾਂ ਤੋਂ ਬਚਾਣ ਲਈ ਸਤਿਸੰਗ ਦੀ ਮਦਦ ਹੁੰਦੀ ਹੈ। ਪਰ ਉਹ ਨਾ ਦਿਸਣ ਵਾਲੇ ਮੰਡਲ ਵਿਚੋਂ ਗ਼ੈਬ ਦੀ ਮਦਦ ਪਹੁੰਚਦੀ ਹੈ। ਸੋ ਸਤਿਸੰਗ ਦਾ ਹੀ ਦੂਸਰਾ ਦਰਜਾ ਹੈ ਤੇ ਉਚੇਰੀ ਪ੍ਰਾਪਤੀ ਹੈ। ਤੁਸਾਨੂੰ ਪਤਾ ਹੈ ਕਿ ਸਿਮਰਨ ਜਦ ਤਕ ਕਣੀ ਵਿਹੂਣਾ ਹੈ, ਜੀਵਨ ਪੈਦਾ ਨਹੀਂ ਕਰਦਾ। ਕਣੀ ਅਕਸਰ ਦਾਤ ਨਾਲ ਬਝਦੀ ਹੈ। ਜਦ ਕਣੀ ਲਭ ਪਈ ਚਰਖਾ ਟੁਰ ਪਿਆ। ਫੇਰ ਸੁਰਤ

ਸਦਾ ਉਚੀ ਤੇ ਲਿਵ ਵਿਚ ਰਖੀ ਕਿਸੇ ਖਿਆਲ ਨੂੰ ਉਸ ਪਰ ਹਾਵੀ ਨਾ ਹੋਣ ਦਿਤਾ। ਲਿਵ ਟੁਰੀ ਰਹੇ। ਜੋ ਕੁਛ ਆ ਬਣੇ ਉਸ ਪਰ "ਹੋਉਂ ਪਰੇ" ਕੀਤੀ ਤੇ ਅੰਦਰੋਂ ਬਾਹਿਰ ਵਗਾਹ ਮਾਰੀ। ਵੈਰ, ਮੋਹ, ਦਬਾ ਖਾਣਾ, ਭਰਮ ਭੈ ਵਿਚ ਪੈ ਜਾਣਾ, ਈਰਖਾ ਕਰਨੀ, ਗੱਲ ਕੀ ਕਿਸੇ ਤਰ੍ਹਾਂ ਦੀ ਘਿਰਣਾ ਹੋਵੇ, ਲਿਵ ਨੂੰ ਮਾਰਦੀ ਹੈ। ਹਰ ਵੇਲੇ ਉਚ ਸੁਰਤੇ ਰਹੀਏ, ਹਰ ਵੇਲੇ ਸਿਮਰਨ ਵਿਚ ਵਸੀਏ। ਹਰ ਵੇਲੇ ਧਿਆਨੋ ਨਾ ਟੁਟੀਏ। ਹਰ ਵੇਲੇ ਇਹ ਧਾਰੀਏ ਕਿ ਦਾਤਾ ਜੀ ਰਸ, ਅਨੰਦ, ਪ੍ਰੇਮ ਤੇ ਪਵਿਤਰਤਾ ਦੀ ਨਿਝਰ ਧਾਰਾ ਦੀ ਬਰਖਾ ਤੇ ਠੰਢੇ ਲੈਹਰੇ ਮੇਰੀ ਸੁਰਤ ਵਿਚ ਆ ਕੇ ਸੁਰਤ ਨੂੰ ਉਚਿਆਂ ਕਰ ਰਹੇ ਹਨ। ਇਹ ਸਬਕ ਭੁੱਲ ਭੁੱਲ ਜਾਈਦਾ ਹੈ। ਇਹ ਮੁੜ ਮੁੜ ਪਕਾਈ ਦਾ ਹੈ। ਹਰ ਠੋਹਕਰ ਇਸ ਨੂੰ ਹੋਸ਼ ਲਿਆਉਂਦੀ ਰਹੇ ਤੇ ਤਕੜਿਆਂ ਕਰਦੀ ਹੈ। ਹਰ ਦੁਖ ਇਸ ਨੂੰ ਪਹਿਲਾਂ ਨਾਲੋਂ ਉਚ ਸੁਰਤਾ ਕਰਦਾ ਹੈ। ਜੋ ਨਾਮ ਵਿਚ ਲਗ ਪਏ। ਉਨ੍ਹਾਂ ਲਈ ਹਰ ਦੁਖ ਸੁਖ ਦੀ ਪਉੜੀ ਦਾ ਇਕ ਉਚੇਰਾ ਡੰਡਾ ਬਣ ਜਾਂਦਾ ਹੈ। ਪ੍ਰਤਖ ਦੇਖ ਲਵੋ ਕਿ ਏਸ ਦੁਖ ਦੇ ਮਗਰੋਂ ਸੁਰਤ ਕਿਸ ਤਰ੍ਹਾਂ ਸਾਫ ਤੇ ਉਚੇਰੀ ਹੋ ਗਈ ਹੈ। ਜੇ ਕਰ ਅਸੀਂ ਸ਼ੁਕਰ ਵਿਚ ਰਹੀਏ। ਸੁਰਤ ਵਿਚ ਸੋਚ ਨਾ ਪੈਣ ਦੇਈਏ ਤਾਂ ਕਰਮ ਬਲ ਨਹੀਂ ਪਾ ਸਕਦੇ। ਦੁਖ ਦੂਰੋਂ ਭੱਜ ਜਾਂਦੇ ਹਨ। ਇਹ ਫਕੀਰੀ ਨਹੀਂ, ਸੱਚੀ ਪਾਤਸ਼ਾਹੀ ਹੈ। ਇਹ ਗੁਰੂ ਨਾਨਕ ਦੇ ਰਾਜ ਦਾ ਪ੍ਰਤਾਪ ਹੈ। ਇਸ ਦਾ ਫਲ ਲੋਕ ਪ੍ਰਲੋਕ ਦਾ ਸੁਖ ਤੇ ਤੇਜ ਪ੍ਰਤਾਪ ਹੈ। ਇਸ ਰੰਗ ਵਾਲਾ ਮਾਲਕ ਹੈ। ਸਰੀਰ ਦਾ ਮਾਲਕ ਹੈ। "ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥" ਇਹ ਵਾਹਿਗੁਰੂ ਜੀ ਦਾ ਇਕਰਾਰ ਹੈ। ਉਚੇ ਰਹੋ, ਉਚੇ ਵੱਸੋ। ਗੁਰੂ ਨਾਨਕ ਦਾ ਅਪਨਾ ਜੀਵਨ ਲੈਹਰਾ ਅਸਾਂ ਵਿਚ ਹਰ ਘੜੀ ਹੁਲਾਰੇ ਮਾਰਦਾ ਆਵੇ ਸਾਡੇ ਮਨ ਦੇ ਦਰਵਾਜ਼ੇ ਹਰ ਘੜੀ ਉਸ ਲਈ ਖੁਲ੍ਹੇ ਰਹਿਣ ਤੇ ਸੰਸਾਰ ਦੀਆਂ ਸੋਚਾਂ ਤੋਂ ਸਖਣੇ ਰਹਿਣ। ਗੁਰ ਨਾਨਕ ਦਾ ਆਤਮ ਹੁਲਾਰਾ ਸਾਡੇ ਅੰਦਰ ਆਵੇ ਤੇ ਸੁਰਤ ਵਿਚ ਸਮਾਵੇ। ਪ੍ਰਾਰਥਨਾ ਕਰੋ, ਹੇ ਗੁਰੂ ਨਾਨਕ ਪਿਤਾ ਅਪਨੇ ਮੁਰਦੇ ਜੀਵਾਲਨ ਵਾਲੀ ਕੰਮ ਦੀ ਫੂਕ ਮਾਰੋ ਜੋ ਅਸੀਂ ਜੀਉ ਪਵੀਏ ਤੇ ਤੇਰੇ ਨਾਲ ਇਕ ਜੋਤ ਜੀਵੀਏ। ਹੇ ਗੁਰ ਨਾਨਕ ਅੰਦਰ ਆ ਵਸ ਤੇ ਫੇਰ ਨਿਕਲਨਾ ਭੁਲ ਜਾ। ਤੂੰ ਜੀ ਮੇਰੇ ਵਿਚ ਵਸ-ਐਸਾ ਵੱਸ ਕਿ ਫੇਰ ਨਾ ਨੱਸ। ਧੰਨ ਗੁਰੂ ਨਾਨਕ ਦੇਵ ਜੀ ਹਨ।

ਵਾਹਿਗੁਰੂ ਦੀ ਯਾਦ ਸਭ ਤੋਂ ਉਤਮ ਹੈ। ਜੋ ਸਮਾ ਯਾਦ ਵਿਚ ਲੰਘੇ, ਉਹ ਜੀਵਨ ਹੈ। ਜੋ ਭੁਲ ਵਿਚ ਲੰਘੇ ਉਹ ਮੌਤ ਹੈ "ਸੋ ਜੀਵਿਆ ਜਿਸੁ ਮੰਨ ਵਸਿਆ ਸੋਇ-ਨਾਨਕ ਅਵਰੁ ਨ ਜੀਵੈ ਕੋਇ॥" ਗੁਰੂ ਨਾਨਕ ਦੇਵ ਗੁਰੂ ਹੈ। ਸਾਡਾ ਸਦਾ ਮਾਨ ਰਖਦਾ ਹੈ ਤੇ ਪਿਆਰ ਕਰਦਾ ਹੈ। ਜੇ ਗੁਰੂ ਨਾਨਕ ਨੂੰ ਵੰਝਲੀ ਵਜਾਂਦੇ ਦੇਖੋ

 www.sikhbookclub.com

ਤਾਂ ਧੰਨ ਗੁਰ ਨਾਨਕ ਹੈ। ਵੰਝਲੀ ਦਾ ਕੇ ਹੈ। ਉਹ ਤਾਂ ਕੰਡੀ ਦੀ ਬਾਂਸ ਦੀ ਪੋਰੀ ਹੈ, ਸੋ ਵੰਝਲੀ ਨੇ ਕੀ ਮੰਨਣਾ ਤੇ ਕੀ ਨਾ ਮੰਨਣਾ ਹੈ। ਜੇ ਗੁਰੂ ਜੀ ਆਪ ਮੰਨ ਰਹੇ ਹੋਣ ਤਾਂ ਸਦਾ ਅਨੰਦ ਹੈ। ਇਕੋ ਗੱਲ ਠੀਕ ਹੈ "ਆਖਾ ਜੀਵਾ ਵਿਸਰੈ ਮਰਿ ਜਾਉ" ਸਾਈਂ ਦੇ ਚਰਨਾਂ ਨੂੰ ਪਿਆਰ ਕਰੋ ਤੇ ਸਾਈਂ ਦੀ ਯਾਦ ਪਕਾਉ ਤੇ ਖੁਸ਼ ਰਹੋ।

*ਸਤਿਗੁਰ ਬਚਨ ਤੁਮ੍ਹਾਰੇ॥ ਨਿਰਗੁਣ ਨਿਸਤਾਰੇ॥੧॥ਰਹਾਉ॥*
*ਮਹਾਂ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ॥੧॥*
*ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ॥੨॥*
*ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ॥੩॥*
*ਕਵਨ ਉਪਮਾ ਦੇਉ ਕਵਨ ਬਡਾਈ ਨਾਨਕ ਖਿਨੁ ਖਿਨੁ ਵਾਰੇ॥੪॥*

ਸੁਰਤ ਨੂੰ ਚੁਕ ਘਤ, ਉਚੇ ਥਾਂ ਸੋਚ ਨੂੰ ਰਖ। ਹੇ ਗੁਰ ਨਾਨਕ ਤੂੰ ਸਮ੍ਰਥ ਹੈਂ। ਤੂੰ ਧੰਨ ਹੈ। ਆਪਣਾ ਸਿਦਕ ਦੇਹ। ਮੇਰੀ ਸੋਚ ਪੋਚ ਹੈ। ਤੇਰੀ ਮਿਹਰ ਕਾਂਗਾਂ ਭਰੇ ਦਰਿਆ ਦਾ ਪ੍ਰਵਾਹ ਹੈ। ਤੇ ਹੇ ਸਤਿਗੁਰ ਮੈਨੂੰ ਉਚਿਆਂ ਕਰ। ਮੈਨੂੰ ਆਪਣੇ ਚਰਨ ਦੇਹ ਜੋ ਮੈਂ ਤੇਰੀ ਸਾਰ ਪਛਾਣਾ। ਹੇ ਪਿਆਰੇ ਗੁਰ ਨਾਨਕ ਤੂੰ ਜੀਵੰਦਾ ਜਾਗਦਾ ਸਤਿਗੁਰ ਦੇਉ ਹੈ। ਤੇਰੇ ਕਰਨੇ ਤੇ ਕਹਿਣੈ ਕਲਿਆਨ ਰੂਪ ਹਨ। ਬਲ ਦੇਹ ਜੋ ਮੇਰਾ ਮਨ ਤੇ ਵੱਸ ਪਵੇ। ਬਲ ਦੇਹ ਜੋ ਮੇਰੀ ਮਤ ਤੇਰੀਂ ਮਤ ਦੇ ਹੇਠ ਹੋਣ ਲਗੇ। ਬਲ ਦੇਹ ਜੋ ਤੇਰੇ ਅਮਿਤ ਬਲ ਵਿਚ ਮੇਰੀ ਸੋਚ ਕੰਮ ਨਾ ਕਰੇ। ਮਤ ਦੇਹ ਜੋ ਤੇਰੀ ਉਚੀ ਮਤ ਮੇਰੀ ਅਗਵਾਨੀ ਕਰੇ। ਹੇ ਗੁਰੂ ਨਾਨਕ ਮੈਨੂੰ ਅਪਨਾ ਲੈ। ਹੇ ਪਿਆਰੇ ਸਤਿਗੁਰ ਨਾਨਕ ਮੈਨੂੰ ਮਿਹਰ ਵਿਚ ਲੈ ਲੈ। ਮੈਂ ਨਾ ਹੋਵਾਂ ਪਰ ਤੂੰ ਹੋਵੇਂ। ਜਿਸ ਦੀ ਡੋਰ ਉਚੀ ਰਹੇ ਤਕਲੇ ਦੀ ਤਾਰ ਸਿਧੀ ਰਹੇ। ਧੰਨ ਸਤਿਗੁਰੂ ਹੈ, ਜਿਸ ਦੇ "ਸਚੇ ਤੇਰੇ ਕਰਣੇ ਸਰਬ ਬੀਚਾਰ॥" ਸਤਿਗੁਰ ਬਲੀ ਹੈ। ਚਾਹੇ ਤਾਂ ਕੌਡੇ ਰਾਖਸ਼ ਨੂੰ ਤਾਰ ਲਵੇ। ਚਾਹੇ ਤਾਂ ਸ਼ਿਵਨਾਭ ਰਾਜੇ ਨੂੰ ਤਾਰ ਲਵੇ। ਸੱਜਣ ਠਗ ਦੀ ਮਤ ਮਾਰ ਦੇਵੇ ਆਪਣੀ ਸੁਮਤ ਦੇ ਦੇਵੇ। ਦਿਲਾਂ ਦੇ ਮਾਲਕ ਰਹੇ ਹਨ। ਸਤਿਗੁਰ ਦੀ ਫਕੀਰੀ ਸਲਵਾਨ ਫਕੀਰੀ ਹੈ। ਏਹ ਅਕਲਾਂ ਸੋਚਾਂ ਦੀ ਕੋਈ ਇਮਾਰਤ ਨਹੀਂ। ਇਹ ਉਚਾ ਘਰ ਹੈ। ਸਤਿਗੁਰ ਨਾਨਕ ਸਭ ਤੋਂ ਉਚਾ ਹੈ।

*"ਨਾਨਕ ਦਾਸੁ ਮੁਖ ਤੇ ਜੋ ਬੋਲੈ*
*ਈਹਾ ਊਹਾ ਸਚੁ ਹੋਵੈ॥"*

ਹੇ ਗੁਰ ਨਾਨਕ ਤੂੰ ਕਰ ਜੋ ਤੇਰੀ ਰਜ਼ਾ ਹੈ। ਹੇ ਗੁਰ ਨਾਨਕ ਤੇਰੀ ਕਰਨੀ ਸਭ ਪ੍ਰਵਾਨ ਹੈ। ਹੇ ਗੁਰ ਨਾਨਕ ਤੂੰ ਧੰਨ ਹੈ। ਮੇਰੀ ਮਤ ਨੂੰ ਉੱਜਲ ਤੇ ਉਚਿਆਂ ਕਰ। ਸਿਦਕ ਵਿਚ ਰੰਗ ਤੇਰੀ ਰਜ਼ਾ ਹੋਵੇ ਤੇ ਮੇਰੀ ਖੁਸ਼ੀ ਉਸ ਵਿਚ ਹੋਵੇ। ਸੋਚ ਤੇ ਸੰਸੇ ਡੈਣ ਦੇ ਡੇਰੇ ਮੇਰੇ ਘਰਾਂ ਤੋਂ ਦੂਰ ਕਰ ਦੇਹ। ਮੇਰੇ ਅੰਦਰ ਤੇਰੀ ਯਾਦ, ਤੇਰੀ ਮਿਹਰ, ਤੇਰਾ ਬਲ, ਤੇਰਾ ਸਿਦਕ, ਤੇਰਾ ਪ੍ਰੇਮ, ਤੇਰਾ ਧਿਆਨ ਤੇ ਤੇਰਾ ਰੰਗ ਹੋਵੇ। ਖੁਸ਼ੀ, ਸੁਖ ਤੇ ਨਾਮ ਏਹੀ ਜੀਵਨਾ ਹੈ। ਨਾਮ ਤੋਂ ਸੁਖ ਤੇ ਖੁਸ਼ੀ ਉਪਜਦੇ ਹਨ, ਜਿਨ੍ਹਾਂ ਨੂੰ ਨਹੀਂ ਵਿਸਰਦਾ ਉਹ ਸੁਖੀ ਹਨ।

ਪ੍ਰਮਾਰਥ ਦਾ ਰਸਤਾ ਖੰਡੇਧਾਰ ਗਲੀ ਅਤਿ ਭੀੜੀ ਹੈ। ਇਸ ਵਿਚ ਮੌਤ ਦਾ ਖਿਆਲ ਪੈਦਾ ਹੁੰਦਾ ਹੈ। ਫੇਰ ਵਿਛੋੜੇ ਦੀ ਟੋਟ ਪੈ ਕੇ ਘਬਰਾ ਪੈਂਦਾ ਹੈ। ਸਫਾ ਤੇ ਨਿਰੋਲ ਤੇ ਵਿਤ ਮੂਜਬ ਚੜ੍ਹੀ ਸੁਰਤ ਵਿਚ ਨਿਰਭੈਤਾ ਹੁੰਦੀ ਹੈ। ਤੌਖਲਾ ਨਹੀਂ ਹੁੰਦਾ। ਮੌਤ ਕੀ ਚੀਜ਼ ਹੁੰਦੀ ਹੈ। ਮਰਦਾ ਕੁਛ ਨਹੀਂ। ਮਰ ਕੇ ਵਿਛੜਦਾ ਕੁਛ ਨਹੀਂ। ਪ੍ਰਮੇਸ਼ਰ ਦਾ ਰਸਤਾ ਸਖਤ, ਗੌਣ ਤੇ ਪੇਚਦਾਰ ਵਿਦਿਆ ਹੈ। ਕਦਮ ਕਦਮ ਤੇ ਉਦਾਸੀ ਹੁੰਦੀ ਹੈ। ਅਸੀਂ ਸਤਿਗੁਰ ਦੇ ਵਿਦਿਆਰਥੀ ਹਾਂ। ਸਤਿਗੁਰ ਨੇ ਰਜ਼ਾ ਦਾ ਸਬਕ ਸਿਖਾਣਾ ਹੈ। ਸੋ ਸਿਖਾਂਦਾ ਹੈ। ਅਸਾਡੇ ਅੰਦਰ ਬੈਠਾ ਸਤਿਗੁਰ ਕੰਮ ਕਰ ਰਿਹਾ ਹੈ। ਦਿਲਾਂ ਦਾ ਦਾਗ ਧੋ ਰਿਹਾ ਹੈ। ਅਰ ਉਚਿਆਂ ਕਰ ਰਿਹਾ ਹੈ।ਫੇਰ ਸ਼ੁਕਰ ਵਿਚ ਰਹਿਣਾ ਚਾਹੀਦਾ ਹੈ। ਪਰ ਖੁਸ਼ੀ ਦੇ ਮੁਕਾਮ ਤੋਂ ਕਦੇ ਨਹੀਂ ਹਿਲਣਾ ਚਾਹੀਦਾ। ਜਦ ਪਤਾ ਹੈ ਸਤਿਗੁਰ ਪਿਆਰ ਕਰਦਾ ਹੈ, ਜਦ ਪਤਾ ਹੈ ਸਤਿਗੁਰ ਵਰ ਦੇਂਦਾ ਹੈ। ਘਾਲ ਤਕਦਾ ਹੈ ਅਰ ਮੇਹਰ ਕਰਦਾ ਹੈ। ਜਦ ਪਤਾ ਹੈ ਕਿ ਇਕਾਗਰ ਕਰਦਾ ਤੇ ਤਾਰਦਾ ਹੈ। ਕਾੜ੍ਹਾ ਅੰਦੇਸ਼ਾ ਕਿਉਂ ਕੀਜੈ।

ਦੁਖੀਆਂ ਨੂੰ ਨਾਮ ਦਾਰੂ ਹੋ ਕੇ ਆਪ ਰਾਜ਼ੀ ਕਰੇਗਾ। ਸੁਰਤ ਜਦ ਅਰੋਗ ਹੋ ਗਈ ਹੈ ਤਦ ਸਰੀਰ ਸੁਰਤ ਦੇ ਮਗਰ ਟੁਰੇਗਾ, ਅਰ ਅਰੋਗ ਹੋਵੇਗਾ। "ਜਿਤ ਵੰਞੈ ਰੋਗਾ ਘਾਣ" ਤਦ ਅਪਨੇ ਉਚੇ ਦਾਰੂ ਦੀ ਟੇਕ ਲੈ ਕੇ ਇਹ ਪ੍ਰਯਤਨ ਕਰੋ ਕਿ ਅੰਦਰ ਰਸ, ਮਿਠਾਸ, ਸੁਖ ਨਾਮ ਦੇ ਪਿਆਰ ਭਰੇ ਹੁਲਾਰੇ ਵੇਗ ਵਿਚ ਰਹਿਣਾ, ਕੋਈ ਹੋਣੀ, ਕੋਈ ਗੱਲ, ਸੁਰਤ ਵਿਚ ਕਲੇਸ਼ ਨਾ ਪੈਣ ਦੇਵੇ। ਨਾਮ ਅਰੋਗ ਹੈ। ਨਾਮ ਜਪਿਆਂ ਦੇਹ ਅਰੋਗ ਰਹਿੰਦੀ ਹੈ।

*"ਨਾਮ ਅਉਖਧੁ ਜਿਹ ਰਿਦੈ ਹਿਤਾਵੈ॥*
*ਤਾਹਿ ਰੋਗੁ ਸੁਪਨੈ ਨਹੀਂ ਆਵੈ॥*

*ਹਰਿਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰ ਪੂਰੇ ਸੰਜਮ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨਾ ਥੀਆ॥੪੫॥*

ਸਾਈਂ ਨਾਲ ਲਾਵੀਂ ਨੇਹੁੰ-ਹਸ ਕੇ ਗੁਜਾਰੀ ਦੇਹੁੰ।

ਸ੍ਰੀ ਵਾਹਿਗੁਰੂ ਜੀ ਦਾ ਪਿਆਰ ਰਸ ਭਰੀ ਯਾਦ ਏਹ ਅਸੀਸ ਦੇ ਸਕਦੇ ਹਨ ਕਿ ਹੇ ਸਤਿਗੁਰ ਅਪਨੇ ਬਚਿਆਂ ਨੂੰ ਅਪਨੀ ਠੰਢੀ ਤੇ ਚਾਉ ਤੇ ਅਪਨੀ ਪਿਆਰ ਭਰੀ ਯਾਦ ਬਖਸ਼-

"ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥

ਸਤਿਗੁਰ ਜੀ ਨੇ ਵਾਹਿਗੁਰੂ ਤੋਂ ਇਹ ਦਾਨ ਮੰਗਿਆ ਸੀ-ਕਬਹੂ ਨ ਬਿਸਰੈ ਹੀਏ ਮੋਰੇ ਤੇ ਨਾਨਕ ਦਾਸ ਇਹੀ ਦਾਨੁ ਮੰਗਾ।"

**ਭਾਈ ਸਾਹਿਬ ਵੀਰ ਸਿੰਘ ਜੀ ਵੱਲੋਂ ਵਖ ਵਖ ਵਿਅਕਤੀਆਂ ਵਲ ਸਮੇਂ ਸਮੇਂ ਸਿਰ ਲਿਖੇ ਗਏ ਕੁਝ ਪੱਤਰਾਂ ਦੇ ਸੰਖੇਪ ਅੰਸ਼। (ਸੰਪਾਦਕ)**

ਗੁਰੂ ਨਾਨਕ ਦੇਵ ਜੀ ਦਾ ਪਿਆਰ ਇਹ ਹੈ, ਕਿ ਉਹ ਸਾਨੂੰ ਆਪਣੇ ਵਲ ਖਿਚ ਕੇ ਸੰਸਾਰ ਤੋਂ ਕਢਦੇ ਹਨ। ਹਰ ਦਮ ਦਾ ਸਿਮਰਨ ਸੁਰਤ ਨੂੰ ਮਾਇਆ ਦੇ ਝਲਕੇ ਤੋਂ ਸਾਫ ਕਰ ਕੇ ਉਸ ਵਲ ਲਾਂਦਾ ਹੈ। ਚੇਤੇ ਵਿਚ ਜਦ ਕੋਈ ਗੈਰ ਭਾਵ ਪੈ ਜਾਂਦਾ ਹੈ ਤਾਂ ਭਾਰ ਪੈਂਦਾ ਹੈ ਤੇ ਲਿਵ ਵਿਚ ਫਰਕ ਪੈਂਦਾ ਹੈ। ਜਦ ਇਹ ਹਾਲ ਹੋਵੇ, ਚੇਤੇ ਵਿਚ ਧਿਆਨ ਵਸਾਇਆਂ ਨਾਮ ਵਸਾਇਆਂ, ਧੱਕਾ ਦੇ ਕੇ ਗੈਰ ਖਿਆਲ, ਵਹਿਮ, ਤੌਖਲੇ, ਡਰ, ਪ੍ਰੀਤ, ਖਿਚ ਨੂੰ ਪਰੇ ਮਾਰਿਆ। ਝਟ ਸੁਰਤ ਸਾਫ ਹੋ ਕੇ ਵਾਹਿਗੁਰੂ ਵਲ ਲਗ ਕੇ ਠੰਢੀ ਹਲਕੀ ਸੁਆਦਲੀ ਹੋ ਜਾਂਦੀ ਹੈ।

*ਹੱਸ ਕੇ ਗੁਜ਼ਾਰੀਂ ਦੇਹੁੰ*
*ਸਾਈਂ ਨਾਲ ਲਾਵੀਂ ਨੇਹੁੰ।*

ਸ਼ੁਕਰ ਕਰੋ ਅਤੇ ਸ਼ੁਕਰ ਦੇ ਭਾਵ ਨਾਲ ਆਤਮਾ ਸਤਿਗੁਰ ਨਾਨਕ ਦੇ ਸਨਮੁਖ ਰਖੋ। ਖੁਸ਼ੀ ਪਚਾਣ ਦਾ ਚੂਰਨ ਸ਼ੁਕਰ ਹੈ। ਪਚੀ ਹੋਈ ਸ਼ੈ ਫੇਰ ਦਿਨਾਂ ਤੀਕ ਅੰਦਰ ਨਸ਼ਾ ਰਖਦੀ ਹੈ। ਖੁਸ਼ੀ ਵੇਲੇ ਬੇਪ੍ਰਵਾਹੀ ਨਹੀਂ ਕਰਨੀ, ਬੋਲਣਾ ਨਹੀਂ, ਰੇਤ ਥਲੇ ਵਾਂਗੂੰ ਖੁਸ਼ੀ ਨੂੰ ਜੀਉਰ ਜਾਣਾ। ਇਹ ਖੁਸ਼ੀ ਨਹੀਂ, ਹਰਿ ਰੰਗ ਦਾ ਨਾਉਂ ਹੈ। ਆਖੋ ਧੰਨ ਗੁਰੂ ਨਾਨਕ ਦੇਵ ਜੀਉ।

ਗਿਆਨ ਕਿਸੇ ਸ਼ੈ ਦਾ ਜਾਣ ਲੈਣਾ ਹੈ। ਇਹ ਜਾਣ ਲੈਣਾ ਸਮਝ ਦਲੀਲ ਦੇ ਤਰੀਕੇ ਨਾਲ ਹੁੰਦਾ ਹੈ। ਇਸ ਤਰੀਕੇ ਨਾਲ ਜਾਣ ਕੇ ਜਾਣਨ ਵਾਲਾ ਬੁਧੀ ਦੇ ਮੰਡਲ ਵਿਚ ਰਹਿੰਦਾ ਹੈ, ਇਕਾਗਰ ਨਹੀਂ ਹੁੰਦਾ। ਮਨ ਆਪਣਾ ਕੰਮ ਕਰਦਾ ਰਹਿੰਦਾ ਹੈ, ਪਰ ਇਸ ਤਰ੍ਹਾਂ ਉਹ ਅਸਲੇ ਨੂੰ ਨਹੀਂ ਪਹੁੰਚ ਸਕਦਾ। ਅਸਲੇ ਤੋਂ ਜੋ ਪਿਆਰਾ ਹੋ ਰਿਹਾ ਹੈ ਅਤੇ ਜੋ ਮਾਇਆ ਰੂਪ ਹੈ ਉਹ ਉਸ ਵਿਚ ਹੀ ਰਹਿ ਜਾਂਦਾ ਹੈ।

ਭਗਤੀ ਅਤੇ ਪ੍ਰੇਮ ਨਾਲ ਵਾਹਿਗੁਰੂ ਨੂੰ ਪਾ ਲਈਦਾ ਹੈ। ਵਾਹਿਗੁਰੂ ਨੂੰ ਪਿਆਰ ਕਰਨ ਨਾਲ ਇਹ ਦੁਨੀਆਂ ਦੇ ਕੰਮ ਕਰਨ ਵਾਲੀ ਸਮਝ ਤੇ ਤਰਕ ਮਨ ਦੇ ਹੋਰ ਫੁਰਨੇ ਰੁਕਦੇ ਹਨ ਅਤੇ ਬਿਰਤੀ ਠੇਹਲਾ ਖਾਂਦੀ ਹੈ। ਸਾਰਿਆਂ ਪਾਸਿਆਂ ਤੋਂ ਪ੍ਰਵਾਹ ਰੁਕ ਕੇ ਇਸ ਪਾਸੇ ਲਗਦਾ ਹੈ। ਜਿਉਂ ਜਿਉਂ ਪ੍ਰੇਮ ਵਧਦਾ ਹੈ ਤਿਉਂ ਤਿਉਂ ਇਕ ਮਾਇਕ ਪਿਆਰ ਵਾਲੀ ਬੁਧ ਜੋ ਅਪਨਾ ਕੰਮ ਦੇਸ ਕਾਲ ਦੇ ਨਮਿਤ ਖਿਆਲ ਬਿਨਾ ਕਰ ਹੀ ਨਹੀਂ ਸਕਦੀ, ਮਰਦੀ ਮਰਦੀ ਸਿਧ ਤਕ ਅਪੜਦੀ ਹੈ, ਜਿਥੇ ਕਿ ਆਪਣਾ ਅਸਲਾ ਅਸਲੇ ਨੂੰ ਪਛਾਣਦਾ ਹੈ। ਤਦੋਂ ਇਕ ਗਿਆਨ ਪੈਦਾ ਹੁੰਦਾ ਹੈ। ਉਸ ਨੂੰ ਅਨੁਭਵ ਆਖਦੇ ਹਨ। ਉਦੋਂ ਆਪਣਾ ਚਾਨਣਾ ਆਪਣੇ ਵਿਚ ਮਗਨ ਕਰਦਾ ਹੈ। ਪਿਆਰੇ ਜੀ ਤੇ ਪ੍ਰੀਤਮ ਜੀ ਮਗਨ ਹੋ ਜਾਂਦੇ ਹਨ। ਇਹ ਤਾਂ ਰਹੀਆਂ ਅੰਤ ਦੀਆਂ ਗੱਲਾਂ ਦੇ ਲੇਖ। ਸਾਨੂੰ ਲੇਖੇ ਨਾਲ ਕੀ ਕੰਮ। ਸਾਨੂੰ ਤਾਂ ਨਿੱਗਰ ਦੌਲਤ ਦੀ ਲੋੜ ਹੈ। ਸਾਨੂੰ ਬਹੁਤ ਗਿਆਨ ਦੀ ਲੋੜ ਨਹੀਂ ਹੈ। ਸਾਨੂੰ ਇਕ ਸ਼ੈ ਦੀ ਲੋੜ ਹੈ ਜੋ ਸਭ ਤੋਂ ਅਮੋਲਕ ਹੈ ਤੇ ਅਜ਼ਲੀ ਹੈ ਅਰ ਸਾਡੇ ਗੌਂ ਦੀ ਹੈ। ਉਸ ਸ਼ੈ ਦਾ ਪਿਆਰਾ ਨਾਮ ਉਸ ਵਸਤ ਦਾ ਹੁਬ ਭਰਿਆ ਨਾਮ ਤੇ ਉਤਮ ਨਾਮ ਹੈ "ਨਾਨਕ ਪ੍ਰੇਮ।" ਇਸ ਪ੍ਰੇਮ ਨੇ ਜਿਸ ਹਿਰਦੇ ਵਿਚ ਇਕ ਰਤੀ ਭਰ ਨਿਵਾਸ ਕੀਤਾ ਹੈ, ਉਹ ਹਿਰਦਾ ਧੰਨ ਹੈ। ਗੁਰ ਨਾਨਕ ਪਿਆਰਾ ਭਾਵੇਂ ਰਤਾ ਕੁ ਪਿਆਰਾ ਲਗੇ ਪਰ ਲਗੇ ਪਿਆਰਾ। ਅਰ ਦਿਨ ਰਾਤ ਮਾੜੀ ਮਾੜੀ ਧੁਖ ਪ੍ਰੀਤਮ ਜੀ ਦੇ ਪਿਆਰ ਦੀ ਉਠਦੀ ਰਹੇ। ਰਾਤ ਜਾਗ ਖੁਲ੍ਹੇ ਤਾਂ ਧੰਨ ਗੁਰ ਨਾਨਕ ਦੇਵ ਹਿਰਦੇ ਵਿਚ ਹੋ ਰਹੀ ਹੋਵੇ। ਟੁਰੇ ਫਿਰੇ, ਆਵੇ ਜਾਵੇ, ਕੰਮ ਕਾਜ ਵਿਚ ਪਿਆਰ ਦੀ ਧੂ ਵਜ ਜਾਵੇ। ਧੰਨ ਉਹ ਸਰੀਰ ਤੇ ਧੰਨ ਉਹ ਮਨ ਹੈ ਜਿਸ ਦੇ ਅੰਦਰ ਇਕ ਕਿਣਕਾ ਵਸਿਆ ਹੈ। ਜੋ ਮਹੀਨੇ ਵਿਚ ਇਕ ਛਿਨ ਐਸੀ ਆ ਜਾਵੇ ਕਿ ਮੂੰਹੋਂ ਕਹੇ ਧੰਨ ਗੁਰ ਨਾਨਕ ਦੇਵ ਤੇ ਅਖਾਂ ਜਲ ਨਾਲ ਭਰ ਜਾਣ ਤੇ ਸਰੀਰ ਦੇ ਲੂੰ ਲੂੰ ਕੰਡੇ

ਹੋ ਜਾਣ ਤੇ ਕਲੇਜੇ ਪ੍ਰੀਤਮ ਗੁਰ ਨਾਨਕ ਜੀ ਦੇ ਮਿਲਨ ਦੀ ਖਿਚ ਤਣੁਕਾ ਦੇ ਜਾਵੇ, ਜਨਮ ਸਫਲ ਹੈ। ਜਿਸ ਨੂੰ ਇਕ ਵੇਰ ਵੀ ਐਸਾ ਸਮਾਂ ਲੰਘ ਗਿਆ ਹੈ, ਉਸ ਦੇ ਅੰਦਰ ਪਿਆਰਾ ਜ਼ਰੂਰ ਵਸੇਗਾ। ਗੁਰੂ ਨਾਨਕ ਜੀਊਂਦਾ ਜਾਗਦਾ ਪ੍ਰੀਤਮ ਹੈ। ਗੁਰ ਨਾਨਕ ਮਨੁਖ ਬਣ ਕੇ ਸੰਸਾਰ ਤਾਰਨ ਆਇਆ ਹੈ। ਉਹ ਹੁਣ ਬੀ ਆਪਣੇ ਪ੍ਰੇਮੀਆਂ ਦਾ ਪ੍ਰੀਤਮ ਉਸੇ ਤਰ੍ਹਾਂ ਹੈ। ਉਸ ਦੇ ਨਾਲ ਨੇਹੁੰ ਜਿਸ ਦਾ ਲਗ ਗਿਆ "ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ॥" ਜੇ ਲੋੜ ਹੈ ਤਾਂ ਇਕ ਲੋੜ ਲੋੜੋ। ਜੇ ਤਾਂਘ ਹੈ ਤਾਂ ਇਕੋ ਤਾਂਘ ਤਾਂਘੋ। ਅਰ ਉਹ ਕੀ? ਗੁਰ ਨਾਨਕ ਪ੍ਰੇਮ ਦੀ ਰਿਸ਼ਮ ਵਸਾਉ। ਕਾਸ਼ ਉਹ ਘੜੀ ਆਵੇ ਤੇ ਆਈ ਹੋਈ ਫੇਰ ਨਾ ਘੁਸੇ ਕਿ ਪ੍ਰੀਤਮ ਜੀ ਦਾ ਪ੍ਰੇਮ ਸੁੱਤੇ ਸ਼ੇਰ ਵਾਂਗ ਜਾਗ ਪਵੇ। ਅਰ ਪਿਆਰ ਦਾ ਐਸਾ ਰਸ ਬਣ ਜਾਵੇ ਕਿ ਪਏ ਖੀਵੇ ਹੋ ਕੇ ਗਾਵੀਏ-"ਮੂ ਲਾਲਨ ਸਿਉ ਪ੍ਰੀਤਿ ਬਨੀ॥ ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥੧॥ ਦਿਨਸੁ ਰੈਨਿ ਮਨ ਮਾਹਿ ਬਸਤੁ ਹੈ ਤੂ ਕਰਿ ਕਿਰਪਾ ਪ੍ਰਭ ਅਪਨੀ॥" ਪ੍ਰੀਤਮ ਜੀ ਨੂੰ ਪਿਆਰ ਕਰੋ, ਅੰਦਰ ਵਸਾਉ। "ਜਾਂ ਤੂੰ ਅੰਦਰ ਤਾ ਸੁਖੇ ਤੂੰ ਨਿਮਾਣੀ ਮਾਣੀਆ।" ਆਖੋ ਧੰਨ ਗੁਰ ਨਾਨਕ ਦੇਵ। ਧੰਨ ਜਗ ਦਾਤਾ ਪ੍ਰੀਤਮ ਜੀ, ਜੋ ਸਾਡੇ ਵਿਚ ਸਾਡੇ ਵਰਗਾ ਹੋ ਕੇ ਵਸਿਆ ਤੇ ਸਾਡੇ ਅੰਦਰ ਲੌ ਲਗਾ ਕੇ ਲੁਕ ਬੈਠਾ। ਪਰ ਹਾਂ ਜੋ ਲੌ ਲਗਾਣ ਵਾਲਿਆਂ ਤੋਂ ਦੇਹ ਛਡ ਕੇ ਵੀ ਨਹੀਂ ਲੁਕਿਆ ਉਨ੍ਹਾਂ ਦੇ ਹਿਰਦੇ ਨੂੰ ਤਖਤ ਬਣਾ ਕੇ ਅਠ ਪਹਿਰ ਬਿਰਾਜਦਾ ਹੈ। ਧੰਨ ਹੈ ਐਸਾ ਪ੍ਰੀਤਮ, ਹੋਰ ਕੀ ਲੋੜ ਹੈ। ਜੋ ਦਿਸਦਾ ਹੈ ਕਿਸ ਅਰਥ ਹੈ। ਜੋ ਨਾ ਦਿਸਣ ਵਾਲਾ ਅਮੋਲਕ ਪਦਾਰਥ ਹੈ, ਉਹ ਭੀ ਕਿਸ ਅਰਥ ਹੈ। ਸਭ ਤਰਵਰ ਦੀ ਛਾਯਾ ਹੈ। ਮੁਕਤ ਭੀ ਕੁਛ ਵਸਤੂ ਨਹੀਂ ਤੇ ਸੁਰਗ ਬੈਕੁੰਠ ਭੀ ਕਿਸੇ ਕੰਮ ਨਹੀਂ। ਪਾਪਾਂ ਥੀਂ ਛੁਟਣ ਦਾ ਸੰਕਲਪ ਤੇ ਉਚੇ ਹੋਰ ਦੀ ਇਛਾ ਭੀ ਮਾਯਾ ਦਾ ਜਾਲ ਹੈ। ਸਾਰ ਵਸਤੂ ਇਹੋ "ਨਾਨਕ ਪ੍ਰੇਮ" ਹੈ, ਜੇ ਇਹ ਬਝ ਜਾਵੇ ਤਾਂ ਇਸੇ ਧੁਨ ਵਿਚ ਮਗਨ ਰਹੇ ਤੇ ਸਾਰੀ ਆਪਾਇਕੀ (ਮੈਂ ਮੇਰੀ) ਤੋਂ ਸੋਚਾਂ ਛਡ ਕੇ ਇਕੋ ਲਗਨ ਵਿਚ ਲੱਗਾ ਰਹੇ। ਆਉ ਬੇਨਤੀ ਕਰੀਏ। ਹੇ ਗੁਰ ਨਾਨਕ ਪ੍ਰੀਤਮ ਜੀ ਆਪਣਾ ਪਿਆਰ ਲਾ ਦਿਉ। ਧੰਨ ਗੁਰ ਨਾਨਕ ਦੇਵ, ਧੰਨ ਗੁਰ ਨਾਨਕ ਦੇਵ, ਧੰਨ ਗੁਰ ਨਾਨਕ ਦੇਵ।

ਸਵਪਨ ਦਰਸ਼ਨ ਜਦੋਂ ਵਾਹਿਗੁਰੂ ਜੀ ਬਖਸ਼ਨ, ਸ਼ੁਕਰ ਕਰਨਾ ਚਾਹੀਦਾ ਹੈ। ਇਹ ਉਸ ਪਿਆਰੇ ਦੀ ਦਾਤ ਹੁੰਦੀ ਹੈ। ਇਹ ਇਕ ਅਮੋਲਕ ਖੇਡ ਹੁੰਦੀ ਹੈ, ਜੋ ਯਾਦ ਨੂੰ ਧੱਕਾ ਦੇ ਕੇ ਅਗੇ ਕਰਦੀ ਹੈ। ਸੋ ਜੇ ਮਿਲੇ ਪਚਾਣਾ ਚਾਹੀਦਾ ਹੈ ਤੇ ਪਚਾਣ ਦਾ ਚੂਰਨ ਸ਼ੁਕਰ ਹੈ। ਦਰਸ਼ਨ ਅਠ ਪਹਿਰ ਹਨ। ਜੇ ਸੁਰਤ ਸੁਖੀ ਹੈ ਤਾਂ ਇਹ ਮਹਾਰਾਜ ਜੀ ਦੇ ਦਰਸ਼ਨ ਹੋ ਰਹੇ ਹਨ ਅਰਥਾਤ ਸਾਡੇ ਸੁਆਮੀ ਜੀ ਸਾਡੀ ਆਤਮਾ

 www.sikhbookclub.com

ਵਿਚ ਆ ਕੇ ਆਤਮਾ ਨਾਲ ਐਸ ਤਰ੍ਹਾਂ ਮਿਲ ਰਹੇ ਹਨ ਜਿਸ ਤਰ੍ਹਾਂ ਕੱਤਣ ਵਾਲੀ ਮਾਈ ਚਰਖੇ ਨੂੰ ਜਦ ਕੱਤਦੀ ਹੈ ਚਰਖੇ ਨਾਲ ਮਿਲ ਜਾਂਦੀ ਹੈ। ਚਰਖੇ ਨਾਲੋਂ ਮਾਈ ਵਖ ਨਹੀਂ। ਪਰ ਉਸ ਦੇ ਨਾਲ ਮਿਲ ਜਾਂਦੀ ਹੈ। ਅਸੀਂ ਜਾਣਦੇ ਹਾਂ ਸਾਡੀ ਸੁਰਤ ਚੜ੍ਹ ਰਹੀ ਹੈ ਤੇ ਅਸਲ ਵਿਚ ਸੁਆਮੀ ਜੀ ਸਾਡੇ ਪ੍ਰੀਤਮ ਜੀ ਸੁਰਤ ਦੇ ਵਿਚ ਕਰਤਾ ਹੋ ਕੇ ਮਿਲੇ ਹੋਏ ਹੁੰਦੇ ਹਨ। ਇਸ ਨੂੰ ਸਾਖੀ ਮੇਲ ਜਾਂ ਦ੍ਰਿਸ਼ਟਾ ਮੇਲ ਕਹੀਦਾ ਹੈ। ਮੇਲ ਉਹ ਹੈ ਕਿ ਪ੍ਰੀਤਮ ਜੀ ਸਾਹਮਣੇ ਆ ਕੇ ਸਾਡੇ ਵਰਗੀ ਸੂਰਤ ਧਾਰ ਕੇ ਖੜੋ ਜਾਣ। ਖਾਣ ਪੀਣ, ਸੇਵਾ ਕਰਾਣ, ਥਾਪੜੇ ਦੇਣ ਤੇ ਅਸੀਂ ਖੀਵੇ ਪਏ ਹੋਵੀਏ। ਇਹ ਦ੍ਰਿਸ਼ਟਮਾਨ ਦਰਸ਼ਨ ਹਨ। ਇਹ ਪ੍ਰਮਾਣੀ ਹੁੰਦੇ ਹਨ ਅਤੇ ਉਪਰਲੇ ਤੋਂ ਨੀਵੇਂ ਹਨ, ਕਿਉਂਕਿ ਅਸੀਂ ਮਫਊਲ (ਕਰਮ) ਅਰਥਾਤ ਦ੍ਰਿਸ਼ਟਮਾਨ ਜਗਤ ਵਿਚ ਵਸਦੇ ਹਾਂ। ਸੋ ਇਹ ਦਰਸ਼ਨ ਸਾਨੂੰ ਦਰਸ਼ਨ ਭਾਸਦੇ ਤੇ ਚੰਗੇ ਲਗਦੇ ਹਨ ਤੇ ਉਪਰ ਕਹੇ ਦਰਸ਼ਨ ਨਾਲ ਸਾਨੂੰ ਸੁਰਤ ਸੁਖੀ ਲਗਦੀ ਹੈ, ਦਰਸ਼ਨ ਨਹੀਂ ਭਾਸਦੇ। ਇਹ ਜ਼ਰਾ ਕੁ ਬਾਰੀਕ ਵਿਸ਼ਾ ਹੈ। ਖਿਆਲ ਨਾਲ ਸਮਝ ਪੈਂਦਾ ਹੈ। ਬਾਕੀ ਰਹੇ ਜੋ ਕਦੇ ਕਦੇ ਦਰਸ਼ਨ ਹੁੰਦੇ ਹਨ। ਕਦੇ ਗੁਰੂ ਚਾਹੇ ਤੇ ਕਦੇ ਸਿਖ ਚਾਹੇ, ਇਹ ਸਾਰਾ ਖੇਡ ਸਾਡੇ ਮਾਲਕ ਦੇ ਹੱਥ ਹੈ। ਦਾਤਾਂ ਹਨ ਤੇ ਸਾਹਿਬ ਦੇ ਹੱਥ ਹਨ। ਜਦੋਂ ਚਾਹੇ ਦੇਂਦਾ ਹੈ। ਸ਼ੁਕਰ ਕਰੀਏ, ਉਸ ਦਾਤੇ ਦੇ, ਸਦਾ ਉਡੀਕਵਾਨ ਰਹੀਏ। ਜਦੋਂ ਬਖਸ਼ੇ, ਸ਼ੁਕਰ। ਦਾਤਾ ਦੇ ਦੁਆਰੇ ਦੀ ਉਡੀਕ ਸਿਖਾਂ ਦਾ ਸ਼ਿਰੋਮਣੀ ਸੁਖ ਹੈ। ਗੁਰੂ ਨਾਨਕ ਦੇਵ ਆਪ ਸਭ ਤੇ ਮਿਹਰ ਕਰੇ। ਧੰਨ ਧੰਨ ਗੁਰ ਨਾਨਕ ਦੇਵ ਜੀ। ਨਿੰਦਕਾਂ ਦਾ ਦਾਰੂ।

*"ਫਰੀਦਾ ਏਹੁ ਤਨ ਭਉਕਣਾ ਨਿਤ ਨਿਤ ਦੁਖੀਏ ਕਉਣ।"*
*"ਕੰਨੀ ਬੁਜੇ ਦੇ ਰਹਾਂ ਕਿਤੀ ਵਗੇ ਪਉਣੁ।"*

ਬਿਨਸਨਹਾਰ ਸ਼ੈਆਂ ਤੇ ਟੇਕ ਨਹੀਂ ਧਰੀਦੀ। ਟੇਕ ਸਦਾ ਸਿਮਰਨ, ਧਿਆਨ, ਖਿਚ, ਲਿਵ ਪਰ ਧਰੀਦੀ ਹੈ। ਲਿਵ ਜੀਵਨ ਹੈ, ਜਿਸ ਪਰ ਧਰੀ ਟੇਕ ਸਦਾ ਸੁਖ ਦੇਂਦੀ ਹੈ। ਅਰ ਲਿਵ ਵਾਲੇ ਉਸ ਸਚੇ ਦਾਤਾ ਦੇ ਆਪਣੇ ਮੰਡਲ ਵਿਚ ਸਵਪਨ ਦਰਸ਼ਨ ਅਰ ਸੁਰਤ ਦੇ ਉਚੇ ਹੋਣ ਦਾ ਲਾਭ ਲੈ ਲੈਂਦੇ ਹਨ। ਕਦੇ ਹਉਕਾ ਨਹੀਂ ਖਾਣਾ ਚਾਹੀਦਾ। ਬੇੜੇ ਚਾੜ੍ਹਨਹਾਰ ਗੁਰੂ ਜਾਣੇ। ਜਗਤ ਵਿਚ ਬੜੀਆਂ ਚੰਗੀਆਂ ਰੂਹਾਂ ਵਸਦੀਆਂ ਹਨ। ਖਬਰੇ ਕਿਸ ਨੇ ਸਿਰੇ ਚੜ੍ਹ ਜਾਣਾ ਹੈ ਤੇ ਕਿਸ ਦੀ ਖਰੈਤ ਸਾਡੀ ਕਲਿਆਣ ਹੋਣੀ ਹੈ।

 www.sikhbookclub.com

ਆਪ ਦਾ 12 ਦਾ ਪੱਤ੍ਰ ਪਹੁੰਚਾ। ਲਗੇ ਰੈਹਣਾ ਸਭ ਤੋਂ ਵਧੀਕ ਸੁਖਦਾਈ ਹੈ। ਹੁਣ ਤੇ ਵਕਤ ਕਾਫੀ ਮਿਲ ਜਾਂਦਾ ਹੋਸੀ। ਇਸ ਲਈ ਗੁਰਬਾਣੀ ਤੇ ਸਿਮਰਨ ਲਈ ਵਧੀਕ ਵਕਤ ਲਾਉ। ਸਫਰ ਵੀ ਤੁਸਾਨੂੰ ਬੜਾ ਬਿਖੜਾ ਪੈਂਦਾ ਹੈ। ਘਰ ਖੇਚਲ ਹੁੰਦੀ ਹੈ। ਇਸ ਕਰ ਕੇ ਸ਼ਾਇਦ ਕੁਛ ਤਬੀਅਤ ਹਿਲ ਗਈ ਹੋਸੀ। ਹੁਣ ਵਧੇਰੇ ਪ੍ਰਯਤਨ ਕਰੋ। ਗੁਰੂ ਸੁਖ ਕਰੇ।

ਜਪ, ਤਪ, ਹਠ, ਕਰਾਮਾਤਾਂ ਸਭੋ ਕੁਝ ਲਭਦਾ ਹੈ। ਪਰ "ਰਸ" ਕਠਨ ਹੈ। ਜੋ "ਰਸ" ਨਹੀਂ ਪਿਆ, ਤਦ ਕੀ ਬਣਿਆ। ਜਿਨ੍ਹਾਂ ਨੂੰ ਕਦੇ ਰਸ ਦਾ ਝਲਕਾ ਵਜ ਜਾਂਦਾ ਹੈ, ਉਹ ਸੁਭਾਗ ਹਨ, ਜੇ ਸ਼ੁਕਰ ਕਰਦੇ ਰਹਿਣ।

ਆਪ ਦਾ ਖਤ ਪਹੁੰਚਾ। ਡਾ:- ਜੀ ਕੁਛ ਆਪ ਨੂੰ ਲਿਖਣਗੇ। ਮੈਂ ਹੁਣ ਆ ਨਹੀਂ ਸਕਦਾ ਅੰਮ੍ਰਿਤਸਰ ਜਾ ਕੇ ਤਕਾਂਗਾ। ਜੇ ਵਕਤ ਮਿਲਿਆ ਤਾਂ- ਇਕ ਦੋ ਦਿਨ ਕੜਾਹ ਪ੍ਰਸ਼ਾਦਿ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹਾਜ਼ਰ ਹੋ ਕੇ ਅਰਦਾਸਾ ਸੋਧੋ, ਕਿ ਹੇ ਸਤਿਗੁਰ ਬਖਸ਼ਸ਼ ਕਰ ਅਤੇ ਆਪਣੇ ਪ੍ਰੇਮ ਵਿਚ ਰਖ। ਇਸ ਤਰ੍ਹਾਂ ਦੀ ਪ੍ਰਾਰਥਨਾ ਦੇ ਮਗਰੋਂ ਪ੍ਰਸ਼ਾਦਿ ਭੇਟਾ ਕਰ ਕੇ ਵੱਡੋ ਤੇ ਛਕੋ। ਅਕਲਾਂ, ਸਮਝਾਂ ਤੇ ਫਿਲਾਸਫੀਆਂ ਨਾਲੋਂ ਪਿਆਰ ਦਾ ਕਿਣਕਾ ਵਡੀ ਸ਼ੈ ਹੈ। ਆਤਮਾ ਵਿਚ ਬਲ ਆ ਜਾਵੇ, ਮਨ ਅਡੋਲ ਹੋ ਜਾਵੇ, ਕਰਾਮਾਤ ਤਕ ਫੁਰ ਪਵੇ ਤਦ ਵੀ ਕੁਛ ਨਹੀਂ ਲਭਾ। ਗੁਰ ਨਾਨਕ ਪਿਆਰੇ ਦੇ ਚਰਨਾਂ ਦੀ ਧੂਹ ਬਹੁਤ ਅਮੋਲਕ ਹੈ। ਪ੍ਰੀਤਮ ਜੀ ਪਿਆਰੇ ਲੱਗਣ। ਪ੍ਰੀਤਮ ਜੀ ਤੇ ਆਸਰਾ ਹੋਵੇ ਤੇ ਅਪਨੀ ਆਸਾ ਨਾ ਹੋਵੇ। ਹਜ਼ੂਰੀ ਵਿਚ ਵਸੀਏ ਤੇ ਪਿਆਰਾ ਪਿਆਰਾ ਕੂਕੀਏ। ਇਹ ਅਸਲ ਸੁਆਦ ਤੇ ਸਿਰ ਤਾਕਤਾਂ ਦੇ ਤਾਕਤ ਤੇ ਰਸਾਂ ਦੇ ਰਸ ਹੈ। ਹੋਰ ਸੁਖ ਹੈ। ਰੁ: ਨੂੰ ਅਰਦਾਸ ਵੇਲੇ ਕੋਲ ਰਖਣਾ।

ਅਡੋਲ ਰਿਹਾ ਕਰੋ। ਬਾਣੀ ਤੇ ਨਾਮ ਵਾਰੋ ਵਾਰੀ ਜਪਿਆ ਕਰੋ। ਬਾਣੀ ਆਪਣੀ ਤਾਸੀਰ ਨਾਲ ਨਾਮ ਵਿਚ ਲੈ ਜਾਂਦੀ ਹੈ। ਜਦੋਂ ਨਾਮ ਜਪਦਿਆਂ ਚਿੱਤ ਹਿਠਾਹਾਂ ਉੱਤ੍ਰ ਪਵੇ ਤਦ ਬਾਣੀ ਵਿਚ ਆ ਜਾਈਏ। ਐਉਂ ਕਰਦਿਆਂ ਕਰਦਿਆਂ ਸੁਰਤ ਗੁਰੂ ਦੇ ਚਰਨਾਂ ਵਿਚ ਸਾਫ ਹੋ ਕੇ ਨਾਮ ਅੰਦਰ ਟਿਕ ਜਾਂਦੀ ਹੈ। ਉਤਾਵਲਾ ਹੋਣਾ ਚੰਗਾ ਨਹੀਂ। "ਸਹਿਜ ਪਕੈ ਸੋ ਮੀਠਾ ਹੋਇ" ਅਪਨੇ ਅਪਨੇ ਸੁਰਤ ਦੇ ਅਧਿਕਾਰ ਮੁਜਬ ਸਾਧਨ ਸੁਖ ਦੇਂਦਾ ਹੈ। ਗੁਰੂ ਕੇ


www.sikhbookclub.com

ਦਰਸ਼ਨ ਅਮੋਲਕ ਹਨ। ਗੁਰਮੁਖਾਂ ਦਾ ਖਿਆਲ ਬੜੇ ਦੁਖਾਂ ਤੋਂ ਛੁਡਾਂਦਾ ਹੈ। ਕਿਸੇ ਵੇਲੇ ਵੀ ਨਿਰਾਸ ਕਿਉਂ ਹੋਣਾ ਕਿਉਂਕਿ ਕੂੰਜ ਆਪਣੇ ਬਚਿਆਂ ਨੂੰ ਨਹੀਂ ਭੁਲਦੀ। ਤਿਵੇਂ ਪਿਆਰ ਕਰਨ ਵਾਲੇ ਗੁਰੂ ਗੁਰਮੁਖ ਪਿਆਰੇ ਨੂੰ ਚਿੱਤੋਂ ਨਹੀਂ ਵਿਸਾਰਦੇ। ਉਨ੍ਹਾਂ ਦਾ ਪਿਆਰ ਤੇ ਚੇਤਾ ਹੀ ਸਾਥੋਂ ਨਾਮ ਜਪਾਂਦਾ ਹੈ। ਸੁਰਤ ਠਿਕਾਣੇ ਰਖਾਂਦਾ ਹੈ। ਚਿੱਤ ਵਿਚ ਉਤਸ਼ਾਹ ਤੇ ਸਿਦਕ ਦਾ ਅਨੰਦ ਚਾਹੀਦਾ ਹੈ ਕਿ ਵਾਹਿਗੁਰੂ ਤੇ ਵਾਹਿਗੁਰੂ ਦਾ ਸਤਿਸੰਗ ਮੰਡਲ ਸਾਨੂੰ ਪਿਆਰ ਕਰਦਾ ਹੈ ਅਰ ਗੁਰਮੁਖਾਂ ਦੀ ਮੇਹਰ ਸਾਡੀ ਰਾਖੀ ਕਰਦੀ ਹੈ। "ਸਿਰ ਉਪਰਿ ਠਾਂਡਾ ਗੁਰੁ ਸੂਰਾ॥ ਨਾਨਕ ਤਾ ਕੇ ਕਾਰਜ ਪੂਰਾ॥"

ਭਾਈ ਸਾਹਿਬ ਜੀ ਜੀਵਨ ਇਕ ਅਮੋਲਕ ਦਾਤ ਹੈ।ਹੱਥ ਕਾਰ ਵਲ ਚਾਹੀਦਾ ਹੈ, ਪਰ ਚਿੱਤ ਵਾਹਿਗੁਰੂ ਜੀ ਦੇ ਚਰਨਾਂ ਵਿਚ ਚਾਹੀਦਾ ਹੈ। ਵਾਹਿਗੁਰੂ ਨੇ ਆਪ ਨੂੰ ਸਤਿਸੰਗ ਵਿਚ ਵਾਸ ਦਿਤਾ ਹੈ। ਜਨਮ ਸਫਲਾ ਕਰਨਾ ਚਾਹੀਦਾ ਹੈ। ਇਹ ਅਮੋਲਕ ਸਮਾਂ ਫੇਰ ਹੱਥ ਨਹੀਂ ਆਂਵਦਾ। ਇਕ ਇਕ ਸੁਆਸ ਲੱਖੀਂ ਕਰੋੜੀਂ ਨਹੀਂ ਬਝਦਾ। ਇਸ ਕਰ ਕੇ ਹਰ ਸਵਾਸ ਬਾਣੀ ਵਿਚ ਤੇ ਪਿਆਰ ਵਿਚ ਤੇ ਪਿਆਰੇ ਦੀ ਯਾਦ ਵਿਚ ਲੰਘਣਾ ਚਾਹੀਦਾ ਹੈ। ਹੋਰ ਸੁਖ।

ਡੋਲਣ ਦੀ ਲੋੜ ਨਹੀਂ ਗੁਰੂ ਜੋ ਕਰਦਾ ਹੈ, ਚੰਗਾ ਕਰਦਾ ਹੈ। ਆਪਣੇ ਪਿਆਰਿਆਂ ਨੂੰ ਖੇਚਲ ਵਿਚ ਜਦ ਪਾਂਦਾ ਹੈ, ਨਤੀਜੇ ਵਿਚ ਕੁਛ ਫਾਇਦਾ ਹੁੰਦਾ ਹੈ। ਸੰਤ ਆਗਿਆ ਕਰਦੇ ਹਨ- ਕਿ ਸਤਿਗੁਰੂ ਆਪ ਰਾਖਾ ਹੈ, ਤਕੜੇ ਰਹੋ, ਨਾਮ ਜਪੋ, ਬਾਣੀ ਪੜ੍ਹੋ, ਦਿਲ ਨੂੰ ਹਿਠਾਹਾਂ ਨਾ ਹੋਣ ਦਿਉ- ਉਚੇ ਤੋਂ ਉਚਾ ਰਖੋ। ਤਕੜੇ ਰਹੋ। ਜਦ ਵਾਹਿਗੁਰੂ ਸਿਰ ਤੇ ਹੈ ਤੇ ਸੰਤ ਕਿਰਪਾਲ ਹਨ ਤਾਂ ਡੋਲਣ ਦੀ ਥਾਂ ਨਹੀਂ ਹੈ- ਗੁਰੂ ਦੀ ਟੇਕ ਤੇ ਅਪਨਾ ਕੰਮ ਕਰੋ ਅਰ ਸਥਿਰ ਰਹੋ- ਕਲਗੀਆਂ ਵਾਲਾ ਤੇ ਉਸ ਦੇ ਪਿਆਰੇ ਸਦਾ ਅੰਗ ਸੰਗ ਹਨ।

*ਫੜ ਨੁਕਤਾ ਛਡ ਹਿਸਾਬਾਂ ਨੂੰ, ਕਰ ਦੂਰ ਕੁਫਰ ਦੇ ਬਾਬਾਂ ਨੂੰ*
*ਦੇ ਫੂਕ ਹਿਸਾਬ ਕਿਤਾਬਾਂ ਨੂੰ, ਕਰ ਸਾਫ ਦਿਲੇ ਦਿਆਂ ਖਵਾਬਾਂ ਨੂੰ*
*ਇਕ ਅਲਫ ਪੜ੍ਹੋ ਛੁਟਕਾਰਾ ਹੈ*

*"ਆਇਓ ਸੁਨਨ ਪੜਨ ਕਉ ਬਾਣੀ*
*ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥੧॥*

ਪੱਤ੍ਰ ਪਹੁੰਚਾ। ਗੁਰੂ ਸਭ ਦੇ ਅੰਗ ਸੰਗ ਹੈ। ਉਨ੍ਹਾਂ ਦੇ ਚਰਨਾਂ ਦਾ ਭਰੋਸਾ ਸਦਾ ਸਹਾਇਕ ਹੈ। ਮਿਲਨਾ ਨਾ ਮਿਲਨਾ ਸਭ ਉਸੇ ਦੇ ਵੱਸ ਹੈ। ਮੈਂ ਕਿਸੇ ਦਾ ਕੀ ਸਵਾਰ ਸਕਦਾ ਹਾਂ ਜਿਸ ਦੀ ਆਪਣੀ ਤਾਣੀ ਨਹੀਂ ਸੁਲਝਦੀ। ਹਾਂ ਇਹ ਸੱਚ ਹੈ ਕਿ ਗੁਰੂ ਕਿਰੰਪਾਲ ਨੇ। ਨਿਤ ਨੇਮ ਬਾਣੀ ਲਈ ਚਲੋ- ਗੁਰੂ ਕਿਰਪਾ ਕਰ ਦੇਵੇਗਾ। ਮੇਰੇ ਯੋਗ ਸੇਵਾ ਹੋਵੇ ਸੋ ਲਿਖਣੀ। ਕੀ ਤਅੱਜਬ ਹੈ ਕਿ ਵਾਹਿਗੁਰੂ ਨੂੰ ਜੇ ਆਪ ਪਿਆਰ ਕਰੋ ਤਦ ਵਾਹਿਗੁਰੂ ਆਪ ਨੂੰ ਅਪਣਾ, ਅਪਨਾ ਦਾਸ ਬਣਾ ਲਵੇ। ਉਸ ਦੇ ਘਰ ਤੋਂ ਸਦਾ ਉਮੇਦ ਰਖੀਏ-

*"ਕਬੀਰ ਕੇਸੋ ਕੇਸੋ ਕੂਕੀਐ ਨਾ ਸੋਈਐ ਅਸਾਰ॥*
*ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਣੈ ਪੁਕਾਰ॥"*

ਦਾਤੇ ਦੀ ਦਾਤ ਜੋ ਦੇਂਦਾ ਹੈ। ਇਹੋ ਸ਼ੁਕਰ ਹੀ ਰਸਤਾ ਹੈ। ਬਾਣੀ ਪੜ੍ਹੀਏ। ਪੜ੍ਹ ਹੋ ਜਾਏ ਤਾਂ ਸ਼ੁਕਰ ਕਰੀਏ। ਨਾ ਪੜ੍ਹ ਹੋਵੇ ਤਾਂ ਬੇਨਤੀ ਕਰੀਏ। ਜੇ ਪੜ੍ਹ ਹੋ ਜਾਏ ਤੇ ਰਸ ਨਾ ਆਵੇ ਤਾਂ ਵੀ ਸ਼ੁਕਰ ਕਰੀਏ, ਫੇਰ ਸੱਤੇ ਖੈਰੀਂ।

ਪੱਤ੍ਰ ਪਹੁੰਚਾ। ਛੁਟੀ ਮਿਲੀ ਹੈ ਤਾਂ ਚੰਗਾ-ਇਕੱਲੇ ਲੰਮੇ ਪੈ ਰਹੋ-ਅਰ ਪੈਰਾਂ ਤੋਂ ਸਿਰ ਤੇ ਸਿਰ ਤੋਂ ਪੈਰਾਂ ਤਕ ਨਾਮ ਦੇ ਹੁਲਾਰਿਆਂ ਨਾਲ ਇਸ ਤਰ੍ਹਾਂ ਵਾਹਿਗੁਰੂ ਦੇ ਪ੍ਰਵੇਸ਼ ਦੇ ਝੂਟੇ ਲਵੋ ਕਿ ਜਿਸ ਤਰ੍ਹਾਂ ਪੀਂਘ ਝੂਟੀਦੀ ਹੈ। ਪੈਰ ਦੇ ਅੰਗੂਠਿਆਂ ਤੋਂ ਸ਼ੁਰੂ ਕਰੋ ਕਿ ਵਾਹ ਦੇ ਉਚਾਰਨ ਨਾਲ ਸੀਸ ਤਕ ਵਾਹਿਗੁਰੂ ਦੀ ਸਤਯਾ ਦਾ ਜ਼ਿੰਦਗੀ ਦਾ ਅਰੋਗਤਾ ਬਖਸ਼ ਹੁਲਾਰਾ ਚੜ੍ਹ ਕੇ-ਫੇਰ ਗੁਰੂ ਕਹਿੰਦਿਆਂ ਤਾਈਂ ਸੀਸ ਤੋਂ ਰਚਨਾਂ ਤਕ ਨਿਕਲ ਗਿਆ ਹੈ। ਅਰ ਫੇਰ ਉਸੇ ਤਰ੍ਹਾਂ ਸਵਾਸ ਦੇ ਆਵਨ ਤੇ ਜਾਣ ਦੇ ਨਾਲ "ਵਾਹ" ਤੇ "ਗੁਰੂ" ਚੜ੍ਹਦਾ ਤੇ ਉਤਰਦਾ ਹੁਲਾਰਾ ਖਾਂਦਾ ਅਰੋਗ ਕਰ ਰਿਹਾ ਹੈ। ਤੁਹਾਨੂੰ ਇਉਂ ਭਾਸੇਗਾ ਕਿ ਸੱਚ ਮੁਚ ਕੋਈ ਸ਼ਕਤੀ ਤੁਸਾਡੇ ਸਰੀਰ ਤੇ ਲੂੰ ਲੂੰ ਵਿਚ ਹੁਲਾਰੇ ਖਾ ਰਹੀ ਹੈ। ਇਹ ਐਸੀ ਹੈ ਜੋ ਰੋਗ ਕਟ ਦੇਵੇਗੀ। ਜੀ ਨੂੰ ਖੁਸ਼ੀ ਵਿਚ ਲੈ ਜਾਵੇਗੀ। ਪਰ ਇਨ੍ਹੀਂ ਦਿਨੀਂ ਕਿਸੀ ਰੋਗੀ ਸਰੀਰ ਨਾਲ ਪਿਆਰ ਨਾ ਕਰਨਾ ਅਰ ਨਾ ਕਿਸੇ ਲਈ ਪ੍ਰਾਰਥਨਾ ਕਰਨੀ।

 www.sikhbookclub.com

*"ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ"*

ਗੁਰੂ ਜੀ ਕਿਰਪਾ ਕਰਨਗੇ। ਜੇ ਕਿਤੇ ਬਾਹਰ ਜਾਓ ਤਦ ਮੈਨੂੰ ਲਿਖ ਜਾਣਾ ਕਿ ਕਿਥੇ ਹੋ।

ਖਤ ਪਹੁੰਚਾ। ਆਪ ਦੇ ਮਿਤ੍ਰ ਨਵੀਨ ਜੀ ਦਾ ਹਾਲ ਪੜ੍ਹਿਆ। ਸਤਿਗੁਰ ਦੇ ਚੋਜ ਹਨ।

*"ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥*
*ਇਕਿ ਜਾਗੰਦੇ ਨਾ ਲਹਨਿ੍ ਇਕਨ੍ਾ ਸੁਤਿਆ ਦੇਇ ਉਠਾਲਿ॥"*

ਪਿਆਰ ਤੇ ਖਿਚ ਦਾ ਉਪਦੇਸ਼ ਕਰੀ ਚਲੋ। ਤਰੀਕਾ ਦੱਸਣ ਦੀ ਲੋੜ ਨਹੀਂ। ਵੇਲੇ ਵੇਲੇ ਸਿਰ ਦਰੁਸਤ ਗਲ ਆਪੇ ਫੁਰੇਗੀ। ਮੈਂ ਖੁਸ਼ ਹੋਇਆ ਹਾਂ ਕਿ ਤੁਹਾਨੂੰ ਸਤਿਸੰਗੀ ਮਨ ਭਾਉਂਦਾ ਸਾਥੀ ਲਭ ਗਿਆ ਹੈ। ਹੁਣ ਸ਼ਿਮਲਾ ਓਪਰਾ ਨਹੀਂ ਰਹੇਗਾ। ਹਜ਼ੂਰੀ ਦਾ ਪਾਠ ਸਿਖਲਾ ਦਿਓ। ਜਪ ਦੇ ਪਾਠ ਬੇ-ਹਜ਼ੂਰੀ ਕੀਤੇ ਹਨ। ਜੇ ਗੁਰੂ ਨਾਨਕ ਨੂੰ ਪਾਸ ਖਿਆਲ ਕਰਕੇ ਸੁਣਾ ਕੇ ਪੜ੍ਹੀਏ ਤਾਂ ਉਹ ਵਿਆਪਕ ਜੋਤ ਸੁਣਸੀ ਤੇ ਕਦੇ ਖੈਰ ਪਾਸੀ। ਜਦੋਂ ਗੁਰੂ ਨਾਨਕ ਦਾ ਪਿਆਰ ਅੰਦਰ ਵਸ ਜਾਏਗਾ, ਨਿੰਦਕਾਂ ਦਾ ਸੰਗ ਆਪ ਹੀ ਘਟ ਜਾਏਗਾ। ਤੁਸੀਂ ਪਿਆਰੇ ਪ੍ਰੀਤਮ ਜੀ ਦਾ ਪਿਆਰ ਸਿਖਾਈ ਜਾਓ। ਤੁਸੀਂ ਆਪਣੀ ਬਾਬਤ ਤੌਖਲਾ ਨਾ ਕਰਿਆ ਕਰੋ। ਕਾਹਲੀ ਦਾ ਫਿਕਰ ਨਾ ਕਰਿਆ ਕਰੋ। ਬੋਹੜ ਦਾ ਦਰਖਤ ਇਕ ਦਿਨ ਵਿਚ ਨਹੀਂ ਉਗਿਆ ਕਰਦਾ। ਸਤਿਗੁਰ ਦੀ ਬਾਣੀ, ਯਾਦ, ਪਿਆਰ, ਸਤਿਸੰਗ ਦੀ ਪ੍ਰਾਪਤੀ; ਇਸ ਪਰ ਸ਼ੁਕਰ- ਏਹ ਸਭ ਤਰੱਕੀਆਂ ਹਨ। ਸ਼ੁਕਰ ਕਰੋ, ਯਾਦ ਨਾਲ ਟੁਰੀ ਚੱਲੋ। ਨਾਮ ਵਿਦਿਆ ਹੈ, ਜੋ ਸਹਿਜ ਨਾਲ ਪੜ੍ਹੀਦੀ ਹੈ :-

*"ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥*
*ਸਹਜਿ ਬਿਲੋਵਹੁ ਜੈਸੇ ਤਤੁ ਨਾ ਜਾਈ॥੧॥"*

ਫਿਕਰ ਨਾ ਕਰੋ। ਗੁਰੂ ਅੰਗ ਸੰਗ ਰਹਿੰਦਾ ਹੈ।...ਬਾਬਤ ਕਾਹਲੇ ਨਹੀਂ ਹੋਣਾ। ਜਿਸ ਤਬੀਅਤ ਦਾ ਹੈ, ਉਸ ਤਰ੍ਹਾਂ ਦੇ ਵਰਤਾਉ ਨਾਲ ਨਾਨਕ ਪ੍ਰੇਮ ਦਾ ਸਾਂਝੀਵਾਲ ਬਨਾਣਾ ਹੈ। ਨੀ-ਦੀ ਆਤਮਾ ਹਲਕੀ ਤੋਂ ਨਿਰਮਲ ਜਾਪਦੀ ਹੈ। ਜੇ ਕੋਈ ਰੋਕ ਟੋਕ ਨਾ ਹੋਵੇ, ਮੇਲ ਜੋਲ ਬਣੇ ਤਾਂ ਉਸ ਦਾ ਮੇਲ ਮਿਲਾਪ ਆਪ ਲਈ ਮਾੜਾ ਨਹੀਂ ਰਹੇਗਾ। ਜੇ ਕਦੇ ਉਸ ਨੂੰ ਆਪਣੇ ਅਭਿਆਸ ਵਿਚ ਲੋੜ ਹੋਵੇ ਤਾਂ-ਅੱਲੜ੍ਹ ਹੈ ਪਰ-ਹੈ। ਮਿਲਨੇ ਦੇ ਬਾਹਦ ਉਸ ਦੀ ਕੀ ਦਸ਼ਾ ਹੈ, ਕਿਆ ਸ਼ੁਰੂ ਹੋ ਪਈ ਹੈ। ਸਜਨਾਂ ਅਸਾਂ ਨੇ ਸੰਸਾਰ ਵਿਚ ਮੁਰਦਾ

ਰੂਹਾਂ ਵਿਚ ਜੀਵਨ ਰੌ ਪੈਦਾ ਕਰਨੀ ਹੈ। ਬਸ ਇਹੋ ਸਵਾਦ ਦੀ ਗੱਲ ਹੈ। ਕਿਸੇ ਕਾਹਲੀ ਦੀ ਲੋੜ ਨਹੀਂ। ਕਾਲਸੀ ਨੂੰ ਲਿਖ ਭੇਜੋ ਕਿ ਢਹਿੰਦੀਆਂ ਕਲਾਂ ਵਿਚ ਨਾ ਜਾਇਆ ਕਰੇ। ਇਹ ਅਸੂਲ ਆਤਮ ਬਲ ਦੇ ਵਧਣ ਦਾ ਹੈ। ਨਾਮ ਵਾਲਾ ਕਿਉਂ ਢਵੇ।-ਬਾਬਤ ਕਾਹਲੇ ਨਾ ਹੋਵੋ। ਜਨਮ ਜਨਮ ਦੀਆਂ ਮੈਲਾਂ ਸਨੇ ਸਨੇ ਕਟੀਂਦੀਆਂ ਹਨ। ਤੁਸੀਂ ਘਰ-ਜਦ ਰਲ ਕੇ ਲਗੇ ਰਹੋ ਤਾਂ ਕੀ ਤਅਜੱਬ ਹੈ ਕਿ ਮੈਲ ਘਟੇ ਅਰ ਗੁਰ ਨਾਨਕ ਦੇ ਆਤਮ ਸੂਰਜ ਦੀਆਂ ਕਿਰਨਾਂ ਕਿਸੇ ਹੋਰ ਵਿਚ ਪੈਰ ਪਾ ਜਾਵਣ-ਕਲ ਸ੍ਰੀ-ਇਥੇ ਆਏ ਸੇ। ਉਨ੍ਹਾਂ ਦੇ ਪਿਤਾ ਜੀ ਭੀ ਆਪ ਪਾਸ ਆਂਦੇ ਹਨ। ਗੁਰੂ ਨਾਨਕ ਪ੍ਰੇਮ ਹੈ। ਗੁਰ ਨਾਨਕ ਦੇ ਸਿਖ ਵਿਚ ਪ੍ਰੇਮ ਵਸਦਾ ਹੈ ਤੇ ਪ੍ਰੇਮ ਹੀ ਦਾਨ ਕਰਦਾ ਹੈ। ਅਰ ਏਹ ਉਹ ਬੇਥਵਾ ਤੇ-ਪ੍ਰੇਮ ਨਹੀਂ ਜੋ ਨਿਖਸਮੇ ਤੇ ਨਿਗੋਸਾਏ ਕਰਦੇ ਹਨ। ਏਹ ਪ੍ਰੇਮ ਗੁਰੂ ਨੂੰ ਬਣਾ ਕੇ ਉਸ ਨਾਲ ਸੁਰਤ ਨੂੰ ਬੰਨ੍ਹ ਕੇ ਅੰਦਰੋਂ ਪੈਦਾ ਹੁੰਦਾ ਹੈ। ਤੇ ਫੇਰ ਦੇਹ ਅੰਦਰ ਮਹਿਕਾਂ ਤੇ ਬਾਹਰ ਸੁਗੰਧ ਦੇਂਦਾ ਹੈ। ਜੋ ਕੁਛ ਮਨ ਦੇ ਛੇਤੀ ਚੰਗਾ ਹੋਣ ਦੀ ਖੇਚਲ ਰਹੀ ਹੈ, ਉਹ-ਉਸ ਕਰਕੇ ਸੀ ਕਿ ਜੋ ਉਸ ਮਕਾਨ ਵਿਚ ਰੱਬ ਤੋਂ ਭੁਲੇ ਵਾਸੀਆਂ ਨੇ ਪੈਦਾ ਕਰ ਰਖਿਆ ਸੀ ਜਿਸ ਵਿਚ ਤੁਸੀਂ ਜਾ ਰਹੇ ਹੋ। ਹੁਣ ਉਹ-ਹੋ ਗਿਆ ਹੈ ਤੁਸਾਂ ਆਪਣੇ ਗਿਰਦ ਸਫਾ ਰੂਹਾਨੀ ਮੰਡਲ ਕਰ ਲਿਆ ਹੈ-ਹੁਣ ਚਾਹੀਦਾ ਹੈ ਕਿ ਸੁਖ ਰਹੇ-ਬੇਮੁਖ ਲੋਗਾਂ ਦੇ ਖਿਆਲਾਂ ਦਾ ਗੰਦ ਮਕਾਨਾਂ ਨੂੰ ਗੰਦ ਨਾਲ ਭਰ ਦੇਂਦਾ ਹੈ। ਨਾਮ ਵਾਲਿਆਂ ਨੂੰ ਪਹਿਲੇ ਅਨਜਾਣੇ ਜਾਂ ਜਾਣੇ ਉਸ ਪਾਸੇ ਲਾ ਕੇ ਉਸ ਨੂੰ ਆਤਮਕ ਬਨਾਣਾ ਪੈਂਦਾ ਹੈ। ਫਿਕਰ ਦੀ ਜਗਹ ਕੋਈ ਨਹੀਂ। ਸਤਿਗੁਰ ਨਾਲ ਹੈ ਤੇ ਆਪਣਿਆਂ ਦਾ ਆਪ ਰਾਖਾ ਹੈ ਤੇ ਮਦਦ ਕਰਦਾ ਹੈ। ਧਿਆਨ ਨਾਲ ਪਵਿਤਰਤਾ ਵਸਾਣ ਲਈ ਕੋਈ ਚੀਜ਼ ਸਤਿਗੁਰ ਦੇ ਨਮਿਤ ਸਮਰਪਨ ਖਿਆਲ ਕਰਕੇ ਹੱਥਾਂ ਨਾਲ ਤਿਆਰ ਕਰਦੇ ਰਹੋ। ਹੇ ਸਤਿਗੁਰ ਨਾਨਕ ਅਰ ਵਾਹਿਗੁਰੂ ਪਕਾਂਦੇ ਰਹੋ। ਤੇ ਜਿੰਨਾ ਚਿਰ ਕੰਮ ਕਰਦੇ ਰਹੋ- ਖਿਆਲ ਰਖਿਆ ਕਿ ਆਪਣੇ ਧਿਆਨ ਇਸ਼ਟ ਜੀ ਲਈ ਤਿਆਰ ਕਰ ਰਹੇ ਹਾਂ। ਧਿਆਨ ਦੇ ਤ੍ਰੈ ਦਰਜੇ ਹਨ। ਵਹਿਮ, ਖਿਆਲ ਤੇ ਧਿਆਨ। ਵਹਿਮ ਵਿਚ ਕਿਧਰੇ ਪਿਆਰੇ ਦੇ ਹੋਣ ਦਾ ਝਾਉਲਾ ਪੈਂਦਾ ਰਹਿੰਦਾ ਹੈ। ਜਦੋਂ ਪਕ ਜਾਂਦਾ ਹੈ ਤੇ ਸੂਰਤ ਦਿਸਦੀ ਤੇ ਖਿਚ ਮਾਰਦੀ ਹੈ ਤਾਂ ਧਿਆਨ-ਮੈਨੂੰ ਗਰਜ਼ ਕੁਛ ਨਹੀਂ, ਕੇਵਲ ਏਹ ਕਿ ਮੈਂ ਤੁਸਾਂ ਸਾਰਿਆਂ ਵਿਚ ਪਰਸਪਰ- ਦੇਖਿਆ ਚਾਹੁੰਦਾ ਹਾਂ। ਇਹ ਰਬ ਨਾਲ, ਇਹ ਗੁਰੂ ਨਾਲ, ਇਹ ਸਤਿਸੰਗ ਨਾਲ ਤੇ ਇਹ ਸਤਿਸੰਗੀਆਂ ਨਾਲ ਬਸ ਫੇਰ ਏਹ ਤੇ- ਹੈ। ਜੇ-ਕਰੇ ਕਿ ਉਹ ਕੁਛ- ਹੈ ਤਾਂ ਕੜਾਹ ਪ੍ਰਸ਼ਾਦਿ ਕਰ ਕੇ ਗੁਰੂ ਦੇ ਹਜ਼ੂਰ ਹਾਜ਼ਰ ਹੋ ਕੇ ਅਰਦਾਸਾ ਸੋਧ ਦੇਣਾ ਤੁਸਾਡੇ ਘਰਤ੍ਰਫੇਰ ਬਾਣੀ ਪੜ੍ਹੋ ਤੇ ਬੁਲੇ ਲੁਟੋ। ਹੋਰ ਸੁਖ। ਬੀਬੀ ਜੀ ਜੋਗ ਸਤਿ ਸ੍ਰੀ ਅਕਾਲ ਆਖਣਾ। ਉਠਦੇ ਬਹਿੰਦੇ ਪਹਿਲੀ ਪਉੜੀ ਜਪ ਜੀ ਸਾਹਿਬ ਦਾ ਪਾਠ ਕਰਦੇ ਰਿਹਾ ਕਰੋ, ਜੋ ਗੁਰੂ ਦੇ ਹਿਰਦੇ ਵਿਚ ਵੱਸਣ ਦਾ ਤਖਤ ਬਣ ਜਾਵੇ।

*ਮੂ ਥੀਆਊ ਤਖਤੁ ਪਿਰੀ ਮਹਿੰਜੇ ਪਾਤਿਸਾਹ*
*ਪਾਵ ਮਿਲਾਵੇ ਕੋਲਿ ਕੰਵਲ ਜਿਵੈ ਬਿਗਸਾਵਦੋ।*

ਗੁਰੂ ਅੰਗ ਸੰਗ ਹੈ। ਉਸ ਨਾਲ ਪਿਆਰ ਕਰੋ। ਤੁਸੀਂ, ਜੇ ਨਾਮ ਵਿਚ ਜੀ ਨਾ ਲਗੇ ਤਾਂ ਪ੍ਰਿਥਮ ਭਗੌਤੀ ਤੋਂ ਸਭ ਥਾਈਂ ਹੋਇ ਸਹਾਏ ਤਕ ਦਾ ਗੇੜ ਲਾਇਆ ਕਰੋ। ਜਿਸ ਨਾਲ ਮੋਟੀ ਮੈਲ ਛੇਤੀ ਦੂਰ ਹੋ ਜਾਵੇਗੀ। ਅਜੇ ਤਾਂ ਐਦਾਂ ਕਰੋ। ਜੇ ਵਿਹਲ ਹੈ, ਤਾਂ ਸਾਰੇ ਜਣੇ ਘਰ ਦੇ ਰਲ ਕੇ (ਬਾਣੀ ਦਾ ਪਾਠ ਜਪੁ ਸਾਹਿਬ) ਕਰੋ। ਕੜਾਹ ਪ੍ਰਸ਼ਾਦਿ ਕਰ ਕੇ ਗੁਰੂ ਦੇ ਹਜ਼ੂਰ ਰਖ ਕੇ ਅਰਦਾਸਾ ਸੋਧੋ ਜੋ ਗੁਰੂ ਸੱਚੇ ਪਾਤਸ਼ਾਹ ਸਾਨੂੰ ਨੇੜੇ ਹੋ ਕੇ ਆਪਣਾ ਲਗੇ ਤੇ ਆਪਣਾ ਪਿਆਰਾ ਲਗੇ ਤੇ ਵਿਸਰੇ ਨਾ। ਫੇਰ ਗਫੇ ਵਰਤਾਉ। ਥੋਹੜਾ ਕੁ ਆਪ ਛਕੋੜਜੇ ਬੀਬੀ ਜੀੜਤੋਂ ਆ ਗਏ ਹੋਣ ਤਾਂ ਆਖਣਾ ਸਾਵਧਾਨ ਹੋ ਕੇ ਜੁੜਨ ਅਰ ਵਿਸਰਨ ਨਹੀਂੜਜੋ ਕਿਹਾ ਗਿਆ ਸੀ ਉਹ ਕਰਨ, ਗੁਰੂ ਸਹਾਈ ਹੈ। ਉੱਤ੍ਰ ਮੁੜਵੀਂ ਡਾਕ ਭੇਜਣਾ।

ਪਿਆਰੇ ਜੀ ਤੁਹਾਡਾ ਮਿਹਰ ਨਾਮਾ ਪੁਜਾ। ਧੰਨਵਾਦ ਹੈ। ਮੈਂ ਇਥੇ ਆ ਗਿਆ ਹਾਂ ਤੇ ਤੁਸਾਡੇ ਲਾਏ ਬੂਟੇ ਦੀ ਛਾਵੇਂ ਬੈਠਾ ਹਾਂ। ਜੋ ਨਾਲੇ ਛਾਂ ਦੇਂਦਾ ਹੈ ਤੇ ਨਾਲੇ ਖਾਣ ਨੂੰ ਫਲ ਤੇ ਮਿਠਾ ਪਾਣੀ ਦੇਂਦਾ ਹੈ ਤੇ ਫੇਰ ਮਿਠਾ ਬੋਲਦਾ ਹੈ। ਮੈਂ ਅਜੇ ਤਾਈਂ ਸ਼ਿਮਲੇ ਸ਼ੈਹਰ ਜਾਂ ਬਾਜ਼ਾਰ ਨਹੀਂ ਗਿਆ। ਤੁਹਾਡੇ ਘਰ ਵਲ ਦੋ ਵੇਲੇ ਸੈਰ ਕਰ ਆਂਦਾ ਹਾਂ। ਘਰ ਦੇ ਹੇਠਾਂ ਜੰਗਲ ਬੜਾ ਰਮਣੀਕ ਹੈ।

ਭਲਾ ਪਤਿਬ੍ਰਤ ਧਰਮ ਦੇ ਪ੍ਰੇਮੀਆਂ ਨੂੰ ਹੋਰ ਕਿਸੇ ਸੱਚ ਨਾਲ ਕੀਹ ਤੇ ਹੋਰ ਨਾਲ ਲਾਭ ਦੀ ਕੀ ਪ੍ਰਵਾਹ। ਸਰੀਰ ਪਤੀ ਦੀ ਸੇਵਾ ਵਿਚ ਅਰਪਨਾ ਤੇ ਮਨ ਗੁਰੂ ਨਾਨਕ ਦੇਵ ਦੇ ਚਰਨਾਂ ਕੰਵਲਾਂ ਦੇ ਧਿਆਨ ਵਿਚ ਮਗਨ- ਤੇ ਜੇ ਕਿਸੇ ਵੇਲੇ ਇਕ ਦਾਤ ਨਸੀਬ ਹੋ ਜਾਵੇ ਕਿ ਮਨ ਤੇ ਸਰੀਰ ਤੋਂ ਅੱਗੇ ਆਪਣਾ ਆਪ ਸਾਫ ਹੋ ਕੇ ਪ੍ਰਤੀਤ ਹੋ ਜਾਵੇ, ਤਦ ਉਹ ਆਪਣਾ ਆਪ ਜਿਸ ਨੂੰ ਆਤਮਾ ਆਖਦੇ ਹਨ, ਵਾਹਿਗੁਰੂ ਦੇ ਚਰਨਾਂ ਵਿਚ ਲੀਨ, ਬਸ ਫੇਰ ਕੀਹ ਹੈ। "ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥" ਸਾਨੂੰ ਹਾਨ ਲਾਭ ਨਾਲ ਕੀਹ। ਸਾਨੂੰ ਮਾਨ ਅਪਮਾਨ ਨਾਲ ਕੀਹ। ਅਸਾਂ ਤਾਂ ਤਨ ਪਤੀ ਨੂੰ, ਮਨ ਗੁਰੂ ਨੂੰ ਤੇ ਆਤਮਾ ਵਾਹਿਗੁਰੂ ਨੂੰ ਦੇਣਾ ਹੈ।


www.sikhbookclub.com

"ਅਣਹੋਂਦਾ ਆਪ ਵੰਡਾਏ" ਤਾਂ ਇਹੁ ਹੈ। ਸਾਡੀ ਨਜ਼ਰ ਤਾਂ ਇਸ ਤੋਂ ਸਦਕੜੇ ਹੋ ਜਾਣ ਤੇ ਹੈ। ਜਿਨ੍ਹਾਂ ਪਤੀ, ਗੁਰੂ ਤੇ ਵਾਹਿਗੁਰੂ, ਨੂੰ ਪਿਆਰ ਕਰਨਾ ਹੈ, ਉਹ ਤਾਂ ਸਤੀਆਂ ਹਨ। ਉਨ੍ਹਾਂ ਨੇ ਤਾਂ ਆਪਣਾ ਆਪ ਵਾਰਨਾ ਹੈ, ਸਦਕੇ ਕਰਨਾ ਹੈ ਅਤੇ ਘੋਲ ਘੁਮਾਏ ਜਾਣਾ ਹੈ। ਪ੍ਰੇਮ ਦਾ ਇਹ ਨੇਮ ਹੈ ਕਿ ਉਹ ਪ੍ਰੇਮ ਕਰਦਾ ਹੈ। ਪ੍ਰੇਮ ਕਦੇ ਮਾਨ, ਵਡਿਆਈ, ਉਲਟ ਕੇ ਪ੍ਰੇਮ ਦੀ ਲੋੜ ਨਹੀਂ ਰਖਦਾ। ਪ੍ਰੇਮ ਸੌਦਾਗਰ ਨਹੀਂ, ਜੋ ਸੌਦੇ ਕਰਦਾ ਹੈ। ਪ੍ਰੇਮ ਤਾਂ ਆਪਾ ਦਾਨ ਕਰਨ ਦਾ ਨਾਂ ਹੈ ਸੋ ਪਿਆਰਿਆਂ ਨੂੰ ਅਧਿਕਾਰ ਮੂਬਜ ਦੇ ਦਿਤਾ ਹੈ।

*ਸ਼ਰੀਰ ਪਤੀ ਨੂੰ ਹਉਂ ਨੂੰ ਛਡ ਕੇ*
*ਮਨ ਗੁਰੂ ਨੂੰ ਹਉਂ ਨੂੰ ਛਡ ਕੇ*
*ਆਤਮਾ ਵਾਹਿਗੁਰੂ ਨੂੰ ਹਉਂ ਨੂੰ ਛਡ ਕੇ*
} ਤਿੰਨਾਂ ਨੂੰ ਤਿੰਨੇ ਦਾਨ ਕੀਤੇ ਤੇ ਸੁਖਾਲੇ ਹੋ ਕੇ ਸੁਤੇ

ਪਤੰਗਿਆਂ ਨੇ ਕਦੇ ਦੀਵੇ ਤੋਂ ਆਪਣੇ ਪਿਆਰ ਦੇ ਬਦਲੇ ਆਦਰ, ਮਾਨ, ਪਿਆਰ ਨਹੀਂ ਮੰਗਿਆ। ਸਗੋਂ ਅਨਾਦਰ ਤੇ ਸੜਨ ਲੈਂਦੇ ਭੀ ਸਦਕੇ ਹੁੰਦੇ ਹਨ। ਇਹ ਇਕ ਦ੍ਰਿਸ਼ਟਾਂਤ ਹੈ। ਅਸਲ ਗੱਲ ਇਹ ਹੈ ਕਿ ਪ੍ਰੇਮ ਹੈ ਹੀ ਦੇਵਾ, ਕਦੇ ਲੇਵਾ ਨਹੀਂ ਹੁੰਦਾ। ਜਿਉਂ ਜਿਉਂ ਉਚਾ ਪ੍ਰੇਮ, ਤਿਉਂ ਹੀ ਪ੍ਰੇਮ- ਹੋਰ ਤਾਂ ਰਖਣਾ ਕੁਛ ਨਾ ਹੋਇਆ, ਕਿਉਂਕਿ ਹੁੰਦਾ ਫੜਿਆ ਜਾਂਦਾ ਹੈ। ਹੋਂਦ ਵੰਡੀ ਤਾਂ ਜੰਜਾਲ ਪਾਰ ਹੋ ਗਏ। ਅਨੰਦ ਵਿਚ ਰਿਹਾ ਕਰੋ। ਹੱਸ ਕੇ ਗੁਜ਼ਾਰੇ ਦੇਹੁੰ- ਸਾਈਂ ਨਾਲ ਲਾਵੀਂ ਨੇਹੁੰ। ਬਸ ਐਨੀ ਗੱਲ ਹੈ, ਤਨ, ਮਨ, ਆਤਮਾ ਦੇ ਦਿਤੇ ਤੇ ਅਨੰਦ- ਪੂਰਾ ਨੰਦ ਤ ਬ੍ਰਹਮਾਨੰਦ ਹੋ ਗਿਆ। ਐਸੇ ਨਜ਼ਰ ਰਖਿਆ ਕਰੋ ਤੇ ਹੋਰਥੇ ਨਾ ਤਕਿਆ ਕਰੋ :-

*"ਸਿਰ ਊਪਰਿ ਠਾਢਾ ਗੁਰੁ ਸੂਰਾ॥*
***ਨਾਨਕ ਤਾ ਕੇ ਕਾਰਜ ਪੂਰਾ॥"***

ਸੁਆਦ ਨਹੀਂ ਆਉਂਦਾ ਤਾਂ ਗੁਰੂ ਜਾਣ, ਜੋ ਸੁਆਦ ਨਹੀਂ ਦੇਂਦਾ। ਜ਼ਿਮੀਦਾਰ ਤਾਂ ਬੂਟੇ ਲਾ ਦੇਂਦਾ ਹੈ। ਰਸ ਚੰਦਰਮਾ ਦੀਆਂ ਕਿਰਨਾਂ ਪਾਂਦੀਆਂ ਹਨ। ਐਸਾ ਸਿਆਣੇ ਆਖਦੈ ਹਨ। ਬੰਦੇ ਦਾ ਧਰਮ ਭਜਨ ਕਰਨਾ ਹੈ ਅਰ ਦਰੁਸਤ ਜੁਗਤ ਨਾਲ। ਸਤਿਸੰਗ ਦੇ ਆਸਰੇ। ਰਸ ਵਾਹਿਗੁਰੂ ਦੇ ਵੱਸ ਹੈ। ਸਾਡਾ ਅਜੇ ਰਸ ਦਾ ਹੱਕ ਕਿਥੇ ਹੈ। ਰਸ ਦਾ ਤਾਂ ਕਦੇ ਕਦੇ ਗੁਰੂ ਝਲਕਾਰਾ ਦੇ ਦੇਂਦਾ ਹੈ ਕਿ ਬੱਚੇ ਡੋਲ ਨਾ ਜਾਣ। ਅਜੇ ਤਾਂ ਜੁਧ ਹੈ। ਨਾਮ ਦੇ ਗੋਲੇ ਮਾਰ ਕੇ ਮਾਇਆ ਦੀ ਮੈਲ ਦੇ, ਘਬਰਾ ਦੇ ਮੋਰਚੇ ਤੋੜਨੇ ਹਨ। ਦਬਾ ਦਬ ਗੋਲੇ ਵਰਸਦੇ ਰਹਿਣ ਤੇ ਵੈਰੀ ਦੇ ਕਿੰਗਰੇ ਢਹਿੰਦੇ ਰਹਿਣ। ਜੁਧ ਕੀ ਤੇ ਰਸ ਕੀ? ਜੁਧ ਵਿਚ ਬੀਰ ਰਸ ਚਾਹੀਦਾ ਹੈ ਕਿ ਹਾਂ ਅਸਾਂ ਮਾਰਨਾ ਹੈ। ਜ਼ਰੂਰ ਫਤਹਿ ਪਾਣੀ ਹੈ। ਬਸ ਗੁਰੂ ਤੇ ਭਰੋਸਾ ਰਖ ਕੇ ਤੋਪਾਂ ਚਲਦੀਆਂ ਰਹਿਣ। ਫਤਹਿ ਪਾ ਕੇ ਫੇਰ

 www.sikhbookclub.com

"ਰਾਮ ਰਾਜੈ" ਦੇ ਰਸ ਭੋਗਾਂਗੇ। ਐਦਾਂ ਸਿਆਣੇ ਕਹਿੰਦੇ ਹਨ। ਅਗੇ ਤੁਸੀਂ ਸਿਆਣੇ ਹੋ। ਸਿਪਾਹੀ ਦਾ ਕੰਮ ਲੜਨਾ ਹੈ।

ਪਤ੍ਰ ਪਹੁੰਚਾ। ਸ੍ਰੀ ਜੀ ਦੇ ਪੱਤ੍ਰ ਤੋਂ ਪਤਾ ਲਗਾ ਹੈ ਕਿ ਅਜ ਤਕ ਖੇਚਲ ਹੈ ਅਤੇ ਉਨ੍ਹਾਂ ਦੇ ਖੇਦ ਦੇ ਕਾਰਨ ਆਪ ਭੀ ਖੇਦ ਵਿਚ ਹੋ। ਸਜਨ ਜੀ ਸੰਸਾਰ ਵਿਚ ਜੋ ਖੇਦ ਸਾਨੂੰ ਪੈਂਦੇ ਹਨ, ਇਹ ਸਾਡੇ ਹੱਕ ਬਿਨਾ ਨਹੀਂ ਪੈਂਦੇ ਅਤੇ ਉਨ੍ਹਾਂ ਦਾ ਆਉਣਾ ਸਾਡੇ ਬੁਰੇ ਲਈ ਨਹੀਂ ਹੋਇਆ ਕਰਦਾ। ਕੀੜੇ ਕਰਮਾਂ ਦਾ ਬਲ ਇਹ ਤੋੜਦੇ ਹਨ। ਅਰ ਜੋ ਦੁਖ ਅਸੀਂ ਪਾਂਦੇ ਹਾਂ, ਉਹ ਇਕ ਪ੍ਰਯੋਜਨ ਰਖਦਾ ਹੈ ਕਿ ਸਾਡੀ ਜਾਗ ਖੁਲ੍ਹੇ ਅਰ ਸਾਨੂੰ ਹੋਸ਼ ਆਵੇ। ਪਰ ਅਸੀਂ ਹਾਂ ਕਿ ਸਾਡੀ ਜਾਗ ਨਹੀਂ ਖੁਲ੍ਹਦੀ। ਦੁਖ ਆ ਕੇ ਉਠਾ ਕੇ ਬੈਠਾ ਦੇਂਦੇ ਹਨ। ਛੱਟੇ ਮਾਰ ਕੇ ਅਖਾਂ ਖੋਹਲ ਦੇਂਦੇ ਹਨ। ਇਕ ਵੇਰ ਹੋਸ਼ ਕਰਕੇ ਕਹੀਦਾ ਹੈ, ਅਸੀਂ ਫੇਰ ਗਾਫਲ ਨਹੀਂ ਹੋਵਾਂਗੇ। ਪਰ ਦੁਖ ਗਏ ਅਰ ਅਸੀਂ ਫੇਰ ਨਿੱਸਲ ਹੋ ਗਏ। ਜੇ ਕਦੀ ਹਰ ਦੁਖ ਦੇ ਬਾਅਦ ਅਸੀਂ ਸਿਖਿਆ ਲਈਏ ਤਦ ਦੁਖ ਸੁਖ ਨਹੀਂ ਹਨ, ਸਗੋਂ ਆਤਮਕ ਤਰੱਕੀ ਦੀ ਪੌੜੀ ਦੇ ਡੰਡੇ ਹਨ ਅਰ ਦੁਖ ਸਾਡੇ ਆਤਮਾ ਨੂੰ ਪਹਿਲੇ ਤੋਂ ਉਚੇਰੇ ਥਾਂ ਛੱਡ ਜਾਂਦਾ ਹੈ। ਅਰ ਇਉਂ ਦੁਖ ਦਾਰੂ ਹੋ ਢੁਕਦਾ ਹੈ। ਪਰ ਜੇ ਕਰ ਹਰ ਦੁਖ ਸਾਡੀ ਸੁਰਤ ਨੂੰ ਨੀਵਾਂ ਕਰ ਜਾਵੇ ਤਦ ਬਹੁਤ ਘਾਟ ਪੈ ਜਾਂਦੀ ਹੈ। ਇਹ ਜੋ ਦੁਖ ਤੋਂ ਲਾਭ ਉਠਾਣਾ ਹੈ, ਇਹ ਬਿਨਾ ਸਤਿਸੰਗ ਦੇ ਨਹੀਂ ਹੋ ਸਕਦਾ। ਸਤਿਸੰਗ ਹੈ ਜੋ ਜਾਚ ਦੱਸਦਾ ਹੈ ਕਿ ਕੀਕੂੰ ਨਾਮ ਦਾ ਦੀਪਕ ਜਗਾਈਦਾ ਹੈ ਅਰ ਉਸ ਵਿਚ ਦੁਖ ਦਾ ਤੇਲ ਪਾ ਕੇ ਨੂਰ ਵਿਚ ਆ ਜਾਈਦਾ ਹੈ ਤੇ ਫੇਰ ਚੜ੍ਹਦੀਆਂ ਕਲਾਂ ਵਿਚ ਖਲੋ ਕੇ ਆਖਦਾ ਹੈ :

*"ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥*
*ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉਂ ਮੇਲੁ॥"*

ਸ਼ੁਭ ਕਰਮਾਂ ਦੇ ਜਦ ਭੋਗ ਆਂਵਦੇ ਹਨ ਤਦ ਦੋ ਫਲ ਲਗਦੇ ਹਨ; ਇਕ ਤਾਂ ਸੁਖ ਸਰੀਰ ਨੂੰ ਲਭਣੇ, ਦੂਜਾ ਵਾਸਨਾ ਦਾ ਚੰਗਿਆਂ ਹੋਣਾ। ਸਤਿਸੰਗ ਹੀਣ ਪੁਰਸ਼ ਇਸ ਵੇਲੇ ਤਪੋਂ ਰਾਜ ਤੇ ਰਾਜੋਂ ਨਰਕ ਵਾਲੀ ਭੋਗਣੀ ਭੁਗਤਦੇ ਹਨ। ਅਰਥਾਤ ਸੁਖ ਪਾ ਕੇ ਵਧੀਕ ਹਉਮੈਂ ਤੇ ਹੰਕਾਰ ਵਿਚ ਜਾਂਦੇ ਹਨ। ਸ਼ੁਭ ਵਾਸ਼ਨਾਂ ਖੁਸ਼ੀ ਵਿਚ ਆ ਕੇ ਮਦ ਵਿਚ ਜਾਂਦੀਆਂ ਹਨ। ਮਦ ਤੋਂ ਬੇਸਮਝੀ ਵਿਚ ਤੇ ਫੇਰ ਪਾਪਾਂ ਵਿਚ। ਇਉਂ ਅਸੀਂ ਅਪਨੇ ਉਤਮ ਵਕਤ ਤੋਂ ਲਾਭ ਦੀ ਥਾਂ ਹਾਨੀ ਲੈਂਦੇ ਹਾਂ। ਜਦੋਂ ਖੋਟੇ ਕਰਮਾਂ ਦਾ ਭੋਗ ਆਉਂਦਾ ਹੈ ਤਦੋਂ ਦੁਖ ਅਰ ਖੋਟੀਆਂ ਵਾਸ਼ਨਾਂ ਦਾ ਜ਼ਹੂਰ। ਉਸ ਵੇਲੇ ਅਸੀਂ

 www.sikhbookclub.com

ਨਾਸ਼ੁਕਰੀ, ਉਦਾਸੀ, ਘਬਰਾ ਵਿਚ ਹੋ ਕੇ ਦੁਖ ਤੋਂ, ਜੋ ਉਸਤਾਦ ਹੋ ਕੇ ਆਇਆ ਸੀ, ਲਾਭ ਨਹੀਂ ਉਠਾਂਦੇ। ਜਦ ਸਤਿਸੰਗ ਹੁੰਦਾ ਹੈ ਤਦ ਇਹ ਦੋਵੇਂ ਪਾਸੇ ਆਪਣੇ ਲਾਭ ਲਈ ਢਾਲ ਲਈਦੇ ਹਨ। ਸਤਿਸੰਗ ਦੱਸਦਾ ਹੈ ਕਿ ਜਦੋਂ ਪੁੰਨ ਕਰਮਾਂ ਦਾ ਭੋਗ ਆਇਆ ਹੈ, ਵਾਸਨਾ ਨੇਕ ਕਰਨ ਦਾ, ਤਦੋਂ ਵੱਤਰ ਦਾ ਵੇਲਾ ਹੈ। ਬੀ ਬੀਜ ਲਉ ਅਰ ਇਉਂ ਦੁਹਾਈਆਂ ਕੰਨੀ ਪੈਂਦੀਆਂ ਹਨ :-

*ਜਬ ਲਗੁ ਜਰਾ ਰੋਗੁ ਨਹੀਂ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀਂ ਕਾਇਆ॥*
*ਜਬ ਲਗੁ ਬਿਕਲ ਭਈ ਨਹੀਂ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ॥*

ਤੇ ਜਦੋਂ ਆਵੇ ਪਾਪਾਂ ਦੇ ਭੋਗਾਂ ਦਾ ਵੇਲਾ ਤਦ ਸਤਿਸੰਗ ਕਹਿੰਦਾ ਹੈ ਘਬਰਾ ਨਹੀਂ, ਦੁਖ ਨੂੰ ਸ਼ੁਕਰ ਨਾਲ ਝੱਲ। ਹੁਕਮ ਮੰਨ ਭਾਣਾ ਮਿਠਾ ਕਰ-ਇਸ ਦੁਖ ਦੇ ਮਗਰੋਂ ਤੇਰੀ ਤਰੱਕੀ ਹੋਵੇਗੀ। ਵਾਸਨਾਂ ਭਾਵੇਂ ਖਰਾਬ ਹਨ, ਪਰ ਸਤਿਸੰਗ ਦਾ ਬਲ ਸ਼ੁਕਰ ਦੀ ਜਾਚ ਸਿਖਾਂਦਾ ਹੈ : ਦੁਖ ਪਏ ਤੇ ਸ਼ੁਕਰ ਕਰੀਏ। ਪਰ ਜੇ ਮਨ ਸ਼ੁਕਰ ਵਿਚ ਨਾ ਆਵੇ- ਤਦ ਬੇਨਤੀ ਕਰੀਏ- ਅਰ ਬਾਣੀ ਨੂੰ ਵਧੀਕ ਪਿਆਰ ਨਾਲ ਪੜ੍ਹੀਏ ਤਾਂ ਵਾਸ਼ਨਾ ਦਾ ਖੋਟ ਭਲੇ ਪਾਸੇ ਪੈ ਗਿਆ। ਐਉਂ ਸਤਿਸੰਗ ਦੇ ਪ੍ਰਤਾਪ ਆਦਮੀ ਜਿੱਤ ਦਾ ਪਾਸਾ ਦੁਖ ਸੁਖ ਦੋਹਾਂ ਵਲ ਢਾਲਦਾ ਢਾਲਦਾ ਇਨ੍ਹਾਂ ਤੋਂ ਉਚੇਰਾ ਹੋ ਜਾਂਦਾ ਹੈ। ਆਪ ਵਡਭਾਗੀ ਹੋ, ਜੋ ਲਿਖਦੇ ਹੋ ਕਿ ਆਪ ਨੂੰ ਵਾਹਿਗੁਰੂ ਨੇ ਐਸੀ ਪਿਆਰੀ ਭੈਣ ਬਖਸ਼ੀ ਹੈ ਜੋ ਭਜਨ ਸਿਮਰਨ ਵਿਚ ਮਗਨ ਰਹਿੰਦੀ ਹੈ। ਆਪ ਭੀ ਭਲੇ ਪਾਸੇ ਦੇ ਟੁਰਨ ਵਾਲੇ ਹੋ। ਘਰ ਵਿਚ ਹੀ ਅਨੰਦ ਹੋ ਗਿਆ ਫੇਰ ਤਾਂ ਗੁਰੂ ਦੀ ਮੇਹਰ ਹੀ ਮੇਹਰ ਹੈ। ਦੁਖਾਂ ਦਾ ਅਸਰ ਜੇ ਪ੍ਰਤਾ ਲਈਏ ਤਾਂ ਇਹੁ ਸਤਿਸੰਗ ਹੈ। ਵਾਹਿਗੁਰੂ ਆਪ ਤੇ ਕਿਰਪਾ ਕਰੇ ਅਰ ਆਪਣੀ ਪਿਆਰੀ ਛਾਂ ਹੇਠ ਰਖੇ। ਆਪ ਤਕੜੇ ਹੋ ਅਰ ਦੁਖ ਸੁਖ ਚੰਗੇ ਹਠ ਨਾਲ ਝੱਲਦੇ ਹੋ। ਗੁਰੂ ਕਰੇ ਜੋ ਪਿਆਰ ਤੇ ਅਨੁਭਵ ਵਧੇ ਜੋ ਦੁਖਾਂ ਦਾ ਬਲ ਤੁਸਾਡੀ ਸੁਰਤ ਪਰ ਅਸਰ ਪਾਣੋਂ ਅਸਮ੍ਰਥ ਹੋ ਜਾਵੇ। ਸ਼ੋਕ ਹੈ ਮੈਂ ਆਪ ਦੀ ਇਸ ਖੇਦ ਵਿਚ ਕੋਈ ਮਦਦ ਨਹੀਂ ਕਰ ਸਕਿਆ। ਅਰ ਮੈਂ ਦੂਰ ਬੈਠਾ ਕਰ ਭੀ ਕੀ ਸਕਦਾ ਹਾਂ। ਵਾਹਿਗੁਰੂ ਅਗੇ ਪ੍ਰਾਰਥਨਾ ਹੈ ਜੋ ਉਹ ਆਪ ਨੂੰ ਹਿੰਮਤ ਬਖਸ਼ੇ ਤੇ ਆਪਣੇ ਨੇੜੇ ਕਰੇ। ਜੋ ਦੁਖ ਦੁਖ ਨਾ ਦੇ ਸਕੇ-

*ਸੁਖ ਮੈ ਨਾਮ ਆਰਾਧੀਐ ਦੁਖ ਕਾਹੇ ਕੋ ਲਾਗੈ।*
*ਦੁਖ ਮੈਂ ਨਾਮ ਆਰਾਧੀਐ ਦੁਖ ਦੂਰਹੂ ਭਾਗੈ।*

ਵਾਲੀ ਗੱਲ ਹੋ ਜਾਵੇ। ਆਪ ਨੂੰ ਕੁਛ ਲਿਖਣਾ ਐਵੈਂ ਹੀ ਹੈ, ਕਿਉਂਕਿ ਆਪ ਸਭ ਕੁਛ ਜਾਣਦੇ ਹੋ। ਮੇਰਾ ਲਿਖਣਾ ਤਾਂ ਚੇਤਾਵਨੀ ਮਾਤਰ ਹੈ ਕਿ ਉਸ ਜਾਣੀ ਹੋਈ ਗੱਲ ਦਾ ਚੇਤਾ ਰਹੇ- ਦੁਖ ਸਾਡਾ ਆਪਣਾ ਸਹੇੜ ਹੈ ਅਰ ਅਸੀਂ ਹੀ ਇਸ ਨੂੰ ਫੜ ਫੜ ਕੇ ਰਖਦੇ ਹਾਂ। ਨਹੀਂ ਤਾਂ ਜਦ "ਸਰਬ ਰੋਗ ਕਾ ਅਉਖਦੁ ਨਾਮੁ॥" ਲਿਖਿਆ ਹੈ ਤਦ ਦੁਖ ਕੀ ਮੰਜ਼ਲ ਹੋਈ ਕਿ ਟੁਰੀ ਨ ਜਾਏ। ਇਸ ਲਈ ਕਿਸੇ ਭੀ ਖੇਦ ਵੇਲੇ ਡੋਲਣ ਨਾਲੋਂ ਅਰ ਹਠ ਵਾਲੇ ਧੀਰਜ ਧਾਰਨ ਨਾਲੋਂ ਵਾਹਿਗੁਰੂ ਦੇ ਨੇੜੇ ਹੋਣ ਦਾ ਤੇ ਉਸ ਤੋਂ ਕਿਸੇ ਵੇਲੇ ਨਾ ਵਿਛੜਨ ਦਾ ਯਤਨ ਕਰਨਾ ਲੋੜੀਂਦਾ ਹੈ। ਜਿਕੂੰ ਬੱਚਾਂ ਮਾਂ ਦੀ ਗੋਦ ਨਹੀਂ ਛੱਡਦਾ ਤਿਕੂੰ ਅਸੀਂ ਹਰ ਵੇਲੇ ਆਪਣੇ ਪਿਤਾ ਵਾਹਿਗੁਰੂ ਦੀ ਗੋਦ ਤੋਂ ਬਾਹਰ ਨਾ ਆਈਏ। ਸਦਾ ਉਸੇ ਵਿਚ ਖੇਲਦੇ ਰਹੀਏ- ਇਹੋ ਸਾਡਾ ਯਤਨ ਤੇ ਇਹੁ ਸਾਡੀ ਪ੍ਰਾਰਥਨਾ ਹੈ।

ਅਸੀਂ ਨਾਮ ਸੁਆਦ ਆਸਰੇ ਜਪਦੇ ਹਾਂ। ਸੁਆਦ ਤਾਂ ਐਸੀ ਚੀਜ਼ ਹੈ ਜੋ ਜਾਣ ਬੁਝ ਕੇ ਪਾਪ ਕਰਵਾ ਦੇਂਦੀ ਹੈ। ਜੇ ਕਦੇ ਪਾਪ ਵਿਚ ਰਸ ਨਾ ਹੁੰਦਾ ਤਾਂ ਪਾਪ ਕੌਣ ਕਰਦਾ। ਇਸੇ ਤਰ੍ਹਾਂ ਜੇ ਨਾਮ ਦੇ ਜਪਣ ਵਿਚ ਰਸ ਹੁੰਦਾ ਤਾਂ ਕੌਣ ਨਾ ਜਪਦਾ ਪਰ ਇਹ ਤਾਂ ਸਿਲ ਜੋਗ ਅਲੂਣੀ ਚਟਣੀ, ਪੁਜ ਨਾ ਸਕੇ ਅਮਿਉ ਰਸ ਇਖੀ। ਇਹ ਅਲੂਣੀ ਸਿਲਾ ਚੱਟਣ ਦਾ ਸਮਾਂ ਹੈ, ਇਹ ਹਿੰਮਤ ਨਾਲ ਕਸੀਸ ਵਟਣੇ ਨਾਲ ਸਫਲ ਹੋ ਸਕਦਾ ਹੈ। ਜੇ ਰਸ ਕਿਤੋਂ ਮਿਲ ਗਿਆ ਤੇ ਨਾਮ ਜਪ ਲਿਆ ਤਾਂ ਕਿਹੜੀ ਵਡੀ ਗੱਲ ਹੋਈ। ਜਦੋਂ ਰਸ ਟੁਟੇ ਤਦੋਂ ਜਪੋ, ਕਸੀਸ ਵੱਟ ਕੇ ਜਪੋ, ਸਾਵਧਾਨ ਹੋ ਕੇ ਜਪੋ ਤਦੇ ਤਾਂ ਸਵਾਦ ਹੈ। ਤਦੋਂ ਸਰੀਰ ਵਿਚ ਗੁਬਾਰ ਹੁੰਦਾ ਹੈ। ਇਸ ਗੁਬਾਰ ਨਾਲ ਨਾਮ ਦਾ ਜੁਧ ਹੁੰਦਾ ਹੈ। ਜੁਧ ਵਿਚ ਸੁਖ ਕਿਥੇ। ਜੁਧ ਵਿਚ ਤਾਂ ਸਾਵਧਾਨ ਤੇ ਇਕਾਗਰ ਹੋ ਕੇ ਗੋਲਾਬਾਰੀ ਕਰੀਦੀ ਹੈ। ਹਰ ਸਵਾਸ ਵਿਚ ਨਾਮ ਦਾ ਫਾਇਰ ਕੀਤਿਆਂ ਗੜਾ ਗੜ ਵੈਰੀ ਦੇ ਕਿੰਗਰੇ ਢਹਿੰਦੇ ਹਨ। ਮੋਰਚੇ ਬਾਹਦ ਮੋਰਚਾ ਫਤਹਿ ਹੁੰਦਾ ਹੈ। ਹੱਤਾ ਕਿ ਕਿਲ੍ਹਾ ਸਰ ਹੋ ਜਾਂਦਾ ਹੈ। ਫੇਰ ਰਸ ਆ ਜਾਂਦਾ ਹੈ। ਰਸ ਫੇਰ ਆਪੇ ਨਾਮ ਜਪਾਈ ਜਾਂਦਾ ਹੈ। ਇਹ ਨਾਮ ਜਪਣਾ ਕਠਨ ਹੈ। ਪਰ ਇਹੁ ਹੈ ਜੋ ਰਸ ਵਾਲੇ ਨਾਮ ਵਿਚ ਲੈ ਜਾਂਦਾ ਹੈ। ਇਸ ਵਿਚ ਫਤਹਿ ਦਾ ਨੁਕਤਾ ਇਕ ਹੀ ਹੈ ਕਿ ਜਪੀ ਜਾਵੇ ਤੇ ਪ੍ਰਵਾਹ ਨਾ ਕਰੇ। ਜੇ ਸੋਚ ਨੇੜੇ ਆਵੇ ਵਗਾਹ ਮਾਰੇ ਤੇ ਜੀਭ ਨੂੰ ਖੜੋਨ ਨਾ ਦੇਵੇ। ਏਹ ਦੁਗਾੜੇ ਠੋਕੂ ਨਾਮ ਅਸਲ ਕਲਯਾਨ ਕਰਤਾ ਹੈ। ਸਾਨੂੰ ਚਾਰ ਕੁ ਦਿਨ ਰਸ ਆਵੇ। ਜੇ ਫੇਰ ਗੁਬਾਰ ਪਏ ਤਾਂ ਅਸੀਂ ਉਸ ਰਸ ਦੇ ਇਸ਼ਕ ਵਿਚ ਬਾਉਰੇ ਹੋ ਜਾਂਦੇ ਹਾਂ ਤੇ ਨਹੀਂ ਸਮਝਦੇ ਕਿ ਸਾਡੀ ਸੁਸਤੀ ਤੇ ਘਬਰਾ ਵੈਰੀ ਨੂੰ ਬਲ ਦੇ ਰਹੇ ਹਨ। ਕਸੀਸ ਵੱਟ ਕੇ ਸਵਾਦ ਤੋਂ ਬੇਪ੍ਰਵਾਹ ਹੋ ਕੇ ਮੋਰਚਾ ਗਡ ਦਿਤਾ ਜਦ ਤਕ ਕਿ ਫਤਹਿ ਨਾ ਹੋ ਜਾਵੇ। ਪਤਾ ਨਹੀਂ ਮੈਂ-ਹਾਂ ਕਿ ਨਹੀਂ।

 www.sikhbookclub.com

ਪਰ ਗੱਲ ਇਹੁ ਹੈ ਜੋ ਡਾਢੀ ਸੋਚ ਨਾਲ ਸਮਝ ਲੈਣੀ ਚਾਹੀਦੀ ਹੈ। ਭਾਈ ਨਰੈਣ ਸਿੰਘ ਦੀ ਖਬਰ ਪੜ੍ਹੀ। ਰਾਜ਼ੀ ਹੋਣ ਦੀ ਖਬਰ ਤੇ ਖੁਸ਼ੀ ਹੋਈ। ਪਹਾੜ ਸੈਰ ਕਰਨ ਜਾਣਗੇ, ਪਰ ਵਾਹਿਗੁਰੂ ਨੂੰ ਘਰ ਨਾ ਛਡ ਜਾਣ। ਸਾਵਧਾਨ ਹੋ ਕੇ ਜਪਣ- ਕਿਸੇ ਕੁਸੰਗੀ ਸਰੀਰ ਨਾਲ ਪਿਆਰ ਨਾ ਕਰਨ। ਅਰਥਾਤ ਐਸੇ ਲੋਕਾਂ ਦੇ ਨਾ ਲਿਆਉਣ ਤੇ ਇਕ ਤਾਕੀਦ ਕਰਨੀ- ਦੀ ਬਾਬਤ ਮੈਂ ਕੀ ਕਹਾਂ। ਪਰ ਇਕ ਨੂੰ ਆਪਣਾ ਫਿਕਰ ਚਾਹੀਦਾ ਹੈ। ਮੁਦਈ ਸੁਸਤ ਤੇ ਗਵਾਹ ਚੁਸਤ ਨਾਲ ਕੀਹ ਬਣੇ। ਹਠ ਕਰ ਕੇ ਪਾਠ ਕਰਨ ਤੇ ਜੋ ਭਾਰ ਸਹੇੜ ਲਿਆਏ ਨੇ ਸੋ ਧੋ ਕੇ ਕਢਣ। "ਬਿਨੁ ਬੈਰਾਗ ਨਾ ਛੂਟਸਿ ਮਾਇਆ॥" ਨਾਲੇ ਕੋਈ ਚੌਧਰੀ ਬਣੇ ਨਾਲੇ ਚੌਧਰੀ ਹੋਣ ਦਾ ਸ਼ੌਕ ਅੰਦਰ ਝੁਕ ਕੇ ਵਸੇ। ਫੇਰ ਚਾਹੇ ਕਿ ਧਰਮ ਵਿਚ ਵੀ ਸੁਆਦ ਪਿਆ ਆਵੇ। ਉਪਰ ਮੈਂ ਕਿਹਾ ਹੈ ਹਠ ਕਰ ਕੇ ਬਾਣੀ ਪੜ੍ਹੋ। ਕੁਝ ਆਪਣੇ ਅੰਦਰ ਨਜ਼ਰ ਵਜੇ ਕਿ ਮੈਲ ਕਿਥੇ ਪਈ ਹੈ, ਉਸ ਨੂੰ ਕਢਿਆ ਜਾਵੇ। ਆਪ ਹਿੰਮਤ ਕਰਨੀ ਚਾਹੀਏ। ਮਦਦ ਉਸ ਨੂੰ ਕਾਰਗਰ ਹੈ ਜੋ ਆਪ ਹਿੰਮਤ ਕਰਦਾ ਹੈ। ਹਿੰਮਤ ਕਰਦਿਆਂ ਜਦ ਗਿਰਨ ਲਗੀਦਾ ਹੈ- ਮਦਦ ਕਾਰਗਰ ਹੁੰਦੀ ਹੈ। ਤੇ ਜੇ ਕੋਈ ਹਿੰਮਤ ਹੀ ਨਾ ਕਰੇ ਤੇਂ ਲੰਮਾ ਹੀ ਪਿਆ ਰਹੇ, ਤਦ ਮਦਦ ਕੀ ਸੁਆਰੇਗੀ, ਸਿਵਾਏ ਮਦਦਗਾਰ ਦੇ ਮੋਢੇ ਥਕਾਨ ਦੇ। ਪ੍ਰਯਤਨ ਦਾ ਮਾਦਾ ਇਨ੍ਹਾਂ ਵਿਚ ਵਧਾਉ, ਨਹੀਂ ਤਾਂ ਤੁਸੀਂ ਮਦਦ ਕਰਦੇ ਟੁਟ ਜਾਇਆ ਕਰਸੋ। ਇਹ ਮਦਦ ਨਹੀਂ ਸਗੋਂ ਘਾਟਾ ਹੈ। ਜਿਕੂ ਬਚੇ ਪੜੋਨਾ ਤੇ ਟੁਰਨਾ ਆਪੇ ਸਿਖਦੇ ਹਨ, ਠੀਕ ਗੁਰਮੁਖ ਇਵੇਂ ਕਰਦੇ ਹਨ। ਸਦਾ ਕੁਛੜ ਚਾਈ ਫਿਰਨ ਨਾਲ ਲੱਤਾਂ ਨਿਰਬਲ ਹੋ ਜਾਣਗੀਆਂ। ਜੇ ਚਿੱਤ ਨਾ ਲਗੇ ਤਦ ਹੋਰ ਹਿੰਮਤ, ਹੋਰ ਪਾਠ, ਹੋਰ ਸੇਵਾ, ਹੋਰ ਵੈਰਾਗ ਅਤੇ ਵੈਰਾਗ ਦਾ ਉਪਦੇਸ਼ ਦਿਉ- ਉੜ ਜਾਏਗੀ। ਜੇ ਰਸ ਵਣਜ ਲਈ ਮਾਪੇ ਪਾ ਦੇਣ ਤਦ "ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥" ਖੱਟੀ ਭਾਵੇਂ ਘਟ ਹੋਵੇ, ਪਰ ਘਾਟਾ ਨਾ ਪਵੇ। ਐਦਾਂ ਲਗਾ ਰਹੇ ਤਾਂ ਲਗ ਰਹੁ ਹਰ ਦੰਮ ਕਦੀ ਨਾ ਡੋਲ। "ਲਗਾ ਰਹੇਂ ਤਾਂ ਲਾਖ ਕਾ ਹਟੇਂ ਤਾਂ ਕਉਡੀ ਮੋਲ।" ਗ੍ਰਿਹਿਸਤ ਦਾ ਧਰਮ ਪਰਸਪਰ ਸਹਾਇਤਾ ਹੈ। ਬੁੜ ਬੁੜ ਜਾਰੀ ਰਹੇ। ਹੋਰ ਕੀ ਲਿਖਾਂ- "ਗੁਰੂ ਗੁਰੂ ਗੁਰ ਕਰ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥"

ਸ: ਨਰਿੰਜਨ ਸਿੰਘ ਜੀ ਸਾਡੇ ਮਿਤਰ ਤੇ ਤੁਸਾਡੇ ਪਤੀ ਜੀ ਦੇ ਵਿਯੋਗ ਦੀ ਵਿਥਿਆ ਬੜੀ ਦਰਦਨਾਕ ਹੈ। ਪਰ ਹੈ ਇਹ ਸਾਡੇ ਮਾਲਕ, ਸਾਡੇ ਰੱਬ ਦੇ ਹੁਕਮ ਵਿਚ ਜਿਸ ਦੇ ਅਸੀਂ ਚਾਕਰ ਹਾਂ ਤੇ ਸਰੀਰ ਛੋੜ ਕੇ ਜਿਸ ਦੇ ਪਾਸ ਅਸਾਂ ਸਭਨਾਂ ਨੇ ਜਾਣਾ ਹੈ ਤੇ ਜਿਥੇ ਸਾਡੇ ਸਭਨਾਂ ਦਾ ਸੱਚਾ ਘਰ ਹੈ। ਕੁਛ ਸ਼ੱਕ ਨਹੀਂ ਕਿ ਤੁਹਾਡੇ ਲਈ ਬੜੀਆਂ ਕਠਨਾਈਆਂ ਦਾ ਸਮਾਜ ਹੈ ਅਤੇ ਸੰਸਾਰ ਯਾਤਰਾ ਵਿਚ ਬੜੀਆਂ ਮੁਸ਼ਕਲਾਂ ਦਾ

 www.sikhbookclub.com

ਸਾਮਾਨ ਹੈ, ਪਰ ਦਾਰੂ ਇਹ ਹੈ ਕਿ ਉਸ ਮਾਲਕ ਤੇ ਮੌਲਾ ਨੂੰ ਉਸ ਰੱਬ ਤੇ ਵਾਹਿਗੁਰੂ ਨੂੰ ਘੁਟ ਕੇ ਫੜੋ। ਉਸ ਦਾ ਨਾਮ ਜਪੋ। ਉਹ ਸਹਾਈ ਹੋਵੇ ਤੇ ਆਪਨੇ ਸਾਏ ਹੇਠ ਅਪਨੇ ਪਿਆਰ ਹੇਠ ਜੀਵਨ ਲੰਘਾਵੇ। ਸਿਖ ਕਦੇ ਨਹੀਂ ਮਰਦਾ। ਸਿਖ ਉਹ ਹੈ ਜੋ ਨਾਮ ਜਪਦਾ ਹੈ। ਸਿਖ ਜਨ ਹੈ ਤੇ ਸਿਖ ਬੰਦਾ ਹੈ। ਜਨ ਤੇ ਬੰਦਾ ਸੇਵਕ ਤੇ ਸਿਖ ਅਮਰ ਹਨ : ਨਰਿੰਜਨ ਸਿੰਘ ਨੂੰ ਨਾ ਸਮਝੋ ਕਿ ਮਰ ਗਿਆ ਹੈ ਯਾ ਚਲਾਣਾ ਕਰ ਗਿਆ ਹੈ। ਉਹ ਜੀਂਦਾ ਹੈ। ਉਹ ਨਾਮ ਵਿਚ ਜੀਂਦਾ ਹੈ। ਕੇਵਲ ਚੋਲਾ ਵਟਾ ਗਿਆ ਹੈ। ਨਾਮ ਜਪੋ ਤੇ ਤਕੜੇ ਹੋਵੋ, ਤੇ ਉਹਨਾਂ ਨੂੰ ਸਤਿਗੁਰ ਦੇ ਚਰਨਾਂ ਵਿਚ ਜੀਂਦਾ ਸਮਝੋ। ਆਪ ਨਾਮ ਜਪੋ ਤੇ ਲਿਵ ਵਿਚ ਆਵੋ। ਜੋ ਚੋਲਾ ਛੋੜ ਕੇ ਤੁਸੀਂ ਵੀ ਉਥੇ ਅਪੜੋ। ਸੰਸਾਰ ਦਿਨਾਂ ਦੀ ਖੇਡ ਹੈ। ਇਹ ਲੰਘ ਜਾਣੇ ਹਨ। ਇਨ੍ਹਾਂ ਨੂੰ ਸੁਫਲ ਲੰਘਾਓ। ਮਾਲਕ ਦੇ ਹੁਕਮ ਵਿਚ ਮਨ ਨੂੰ ਮਿਲਾਣ ਦਾ ਉਪਰਾਲਾ ਕਰੋ-ਭਾਣਾ-ਖਰਾ ਕਠਨ ਹੈ। ਪਰ ਅਸੀਂ ਨੌਕਰ ਹਾਂ ਰੱਬ ਮਾਲਕ ਦੇ। ਨੌਕਰਾਂ ਦਾ ਕੰਮ ਹੈ ਹੁਕਮ ਮੰਨਣਾ। ਰੱਬ ਪਿਤਾ ਹੈ, ਅਸੀਂ ਪੁੱਤ ਹਾਂ। ਪੁੱਤ ਦਾ ਕੰਮ ਹੈ, ਪਿਤਾ ਜੀ ਦੀ ਮਰਜ਼ੀ ਨਾਲ ਮਰਜ਼ੀ ਮੇਲਣੀ ਉਹ ਮਾਤਾ ਹੈ, ਅਸੀਂ ਉਸਦੀ ਉਲਾਦ ਹਾਂ। ਉਲਾਦ ਦਾ ਕੰਮ ਹੈ ਮਾਂ ਦੀ ਚੁਪੇੜ ਨੂੰ ਪਿਆਰ ਭਰੀ ਲਾਡੀ ਸਮਝਣਾ। ਕਾਕੀ ਜੀਓ- ਸਿਖੀ ਇਹ ਹੈ। ਖੰਡੇਧਾਰ ਇਸੇ ਕਰ ਕੇ ਹੈ ਕਿ ਵਿਯੋਗਾਂ ਦੇ ਅਜਰ ਦੁਖਾਂ ਵਿਚ ਸਤਿਗੁਰ ਦੇ ਭਾਣੇ ਵਿਚ ਖੁਸ ਜਾਣਾ। ਸਿਰ ਪਰ ਹੁਕਮ ਮੰਨਣਾ, ਨਾਮ ਵਧੀਕ ਜਪਣਾ। ਅਸਲ ਵਿਚ ਦੁਕ੍ਰਿਤ ਸੁਕ੍ਰਿਤ ਸਾਡੇ ਕਰਮਾਂ ਦਾ ਫਲ ਹਨ। ਪਰ ਉਹ ਦਾਤਾ ਜੀ, ਜੇ ਅਸੀਂ ਸਿਮਰਨ ਕਰੀਏ ਤਾਂ ਸਾਨੂੰ ਮੇਹਰ ਨਾਲ ਢਕਦਾ ਹੈ। ਦੁਖਾਂ ਦੇ ਸੰਤਾਪ ਨੂੰ ਮੇਟ ਦੇਂਦਾ ਹੈ। ਜੇ ਟੁਟ ਕੇ ਨਾਮ ਜਪੋਗੇ ਤਾਂ ਸੰਤਾਪ ਮਿਟੇਗਾ। ਬਾਕੀ ਜੀਵਨ ਨਿਰੋਲ ਰੱਬ ਅਰਪਨ ਕਰੋ। ਤੁਸੀਂ ਅਗੇ ਹੀ ਗੁਰਮੁਖ ਹੋ। ਗੁਰੂ ਦੀ ਰਜ਼ਾ ਸਿਰ ਪਰ ਮੰਨੋ, ਤੇ ਗੁਰੂ ਨੂੰ ਵਧੀਕ ਚਮੜੋ : ਮਾਂ ਚਪੇੜ ਮਾਰੇ ਤਾਂ ਬੱਚਾ ਮਾਂ ਦੇ ਵਧੀਕ ਗਲ ਲਗਦਾ ਹੈ। ਸੋ ਸ਼ੇਰ ਹੋ ਕੇ ਨਾਮ ਜਪੋ। ਪਤੀ ਨਾਲ ਵਿਛੋੜਾ ਸਦਾ ਦਾ ਨਹੀਂ ਹੈ। ਕੁਛ ਕਾਲ ਦਾ ਹੈ। ਫਿਰ ਸਦਾ ਅਮਰ ਜੀਵਨ ਵਿਚ ਕਠੇ ਰਹਿਣਾ ਹੈ। ਸੋ ਨਾਮ ਜਪੋ, ਲਿਵ ਲਾਵੋ, ਤਕੜੇ ਹੋਵੋ। ਪਤੀ ਵਰਗਾ ਜੀਵਨ ਬਣਾਓ, ਜੋ ਪਤੀ ਪਾਸ ਜਾਓ। ਅਸੀਂ ਆਪਣੇ ਵਿਗੋਚਿਆਂ ਨੂੰ ਰੋਂਦੇ ਹਾਂ। ਉਂਜ ਨਾਮੀ ਪੁਰਖ ਨੂੰ ਕੁਛ ਦੁਖ ਨਹੀਂ ਹੈ। ਉਹ ਤਾਂ ਆਪਣੇ ਘਰ ਜਾਂਦੇ ਹਨ। ਸੋ ਕਾਕੀ ਜੀਓ- ਸ਼ੇਰ ਹੋ ਜਾਹ। ਨਾਮ ਜਪ ਪਤੀ ਨੂੰ ਨਾਮ ਬਾਣੀ ਦੀ ਸੁਗਾਤ ਘੱਲ-ਨਾ ਸਮਝ ਮੈਂ ਕੱਲੀ ਹਾਂ। ਨਾਮ ਜਪ ਫਿਰ ਤੇਰੇ ਸਿਰ ਤੇ ਸਤਿਗੁਰ ਹੈ; ਸੂਰਾ ਸਤਿਗੁਰ ਜੋ ਆਪਣੇ ਸਿਖਾਂ ਨੂੰ ਆਪਣੇ ਘਰ ਜੰਮੇ ਪੁਤਾਂ ਤੋਂ ਵਧੀਕ ਪਿਆਰ ਕਰਦਾ ਹੈ-ਮੇਰੀ ਅਰਦਾਸ ਤੇਰੇ ਨਾਲ ਹੈ। ਮੈਂ ਇਕੋ ਅਰਦਾਸ ਤੇਰੇ ਲਈ ਕਰ ਸਕਦਾ ਹਾਂ। ਮੈਂ ਸਤਿਗੁਰ


www.sikhbookclub.com

ਮੋਹਰੇ ਬੇਨਤੀ ਕਰਦਾ ਹਾਂ ਜੋ ਤੇਰਾ ਸਹਾਈ ਹੋਵੇ ਅਰ ਤੇਰੇ ਪਤੀ, ਮੇਰੇ ਸੱਜਣ ਨੂੰ ਅਰਸ਼ਾਂ ਵਿਚ ਆਪਣੇ ਚਰਨਾਂ ਵਿਚ ਰਖੇ। ਮਾਤਾ ਜੀ ਨੂੰ ਇਹ ਪੱਤ੍ਰ ਸੁਣਾ ਆਖਣਾ : ਭਜਨ ਕਰ ਕੇ ਜਨਮ ਸੁਆਰ। ਅਸੀਂ ਕੇਵਲ ਭਜਨ ਲਈ ਆਏ ਸਾਂ-ਹੋਰਨਾਂ ਆਹਰਾਂ ਵਿਚ ਜੀਵਨ ਗੁਆ ਰਹੇ ਹਾਂ। ਵਾਹਿਗੁਰੂ ਤੁਸਾਡੇ ਤੇ ਮੇਹਰ ਕਰੇ। ਵਾਹਿਗੁਰੂ ਤੁਸਾਡਾ ਬੇਲੀ ਹੋਵੇ। ਵਾਹਿਗੁਰੂ ਦਾ ਨਾਮ ਤੁਹਾਡੇ ਰਿਦੇ ਵਸੇ। ਵਾਹਿਗੁਰੂ ਆਪਣੇ ਪਿਆਰ ਵਿਚ ਪਵਿਤਰਤਾ ਪ੍ਰੇਮ ਭਜਨ ਦਾ ਜੀਵਨ ਬਿਤਾਂਵੇ।

ਦਿਲ ਦਾ ਲਗਣਾ ਤੇ ਨਾ ਲਗਣਾ ਦੁਖ ਤੇ ਸੁਖ, ਖੇਚਲਾਂ ਤੇ ਆਰਾਮ ਇਹ ਸਾਰੇ ਤੇ ਨਾਲ ਧਿਆਨ ਤੇ-ਦਰਸ਼ਨ ਐਸੀਆਂ ਗੱਲਾਂ ਹਨ, ਜਿਨ੍ਹਾਂ ਕਰ ਕੇ ਨਾਮ ਵਿਚ ਫਰਕ ਨਹੀਂ ਪੈਣਾ ਚਾਹੀਦਾ। ਧਿਆਨ ਭੀ ਇਸ ਦੇ ਮਗਰ ਹੈ ਤੇ ਦਰਸ਼ਨ ਭੀ ਮਗਰੇ ਹਨ। ਤੇ ਦੁਖ ਵੀ ਆਪੇ ਦੂਰ ਹੁੰਦੇ ਤੇ ਦਿਲ ਭੀ ਆਪੇ ਲਗ ਪੈਂਦਾ ਹੈ, "ਸਭੇ ਗਲਾਂ ਵਿਸਰਨੁ ਇਕੋ ਵਿਸਰਿ ਨ ਜਾਉ॥" "ਨਾਨਕ ਲੇਖੈ ਇਕ ਗਲ, ਹੋਰੁ ਹਉਮੈਂ ਝਖਣਾ ਝਾਖ॥"

ਇਕੋ ਗੱਲ ਇਹੋ ਹੈ-

"ਕਾਰਜਿ ਕਾਮਿ ਬਾਟ ਘਾਟ ਜਪੀਜੈ॥
ਗੁਰ ਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ॥"

ਸਭ ਤੋਂ ਮੁਖ ਜਿਕੂੰ ਦਾਇਰੇ ਦਾ ਕੇਂਦਰ ਹੁੰਦਾ ਹੈ-ਆਪਣੀ ਸੁਰਤ ਦਾ ਕੇਂਦਰ ਨਾਮ ਨੂੰ ਬਣਾਓ। ਇਸ ਦੇ ਦੁਆਲੇ ਸੁਆਸ ਸੁਆਸ ਘੁਸੋ। ਧਿਆਨ ਭੀ ਇਸੇ ਗੇੜ ਵਿਚ ਪਏ ਦਿਸਣਗੇ ਅਤੇ ਸੁਖ ਭੀ ਸਨੇ ਸਨੇ ਆ ਜਾਣਗੇ। ਜਨਮਾਂ ਦੀਆਂ ਭੁਲਾਂ ਲਗਾਤਾਰ ਜਪਣ ਨਾਲ ਹਟਦੀਆਂ ਹਨ। ਜਪੋ ਪਰ ਐਦਾਂ "ਸਾਵਧਾਨ ਏਕਾਗਰ ਚੀਤ॥" ਜੇ ਚਿਤ ਨ ਲਗੇ, ਤਦ ਹੋਰ ਸਾਵਧਾਨ ਹੋ ਕੇ ਲਗੋ। ਦੁਨੀਆਂ ਦੇ ਦੁਖ ਸੁਖ ਅਤੇ ਸਰੀਰ ਅਰੋਗ ਦੀ ਰਤੀ ਪ੍ਰਵਾਹ ਨਾ ਕਰੋ। ਇਨ੍ਹਾਂ ਤੋਂ ਸੁਰਤ ਜਦ ਸਾਫ ਹੁੰਦੀ ਹੈ, ਆਪ ਹੀ ਦਰੁਸਤੀ ਪ੍ਰਾਪਤ ਹੋ ਜਾਂਦੀ ਹੈ। ਨੀਅਤ ਦਾ ਨਿਸ਼ਾਨਾ ਏਹ ਚਾਹੀਦਾ ਹੈ :-

*"ਸਹਜ ਸੁਭਾਇ ਹੋਵੈ ਸੋ ਹੋਇ॥
ਕਰਣੈਹਾਰੁ ਪਛਾਣੈ ਸੋਇ॥"*

ਹਰ ਇਕ ਆਦਮੀ ਆਪ ਨੂੰ ਮੁਕੰਮਲ ਅਧਿਕਾਰੀ ਖਿਆਲ ਕਰਦਾ ਹੈ। ਹਰ ਇਕ ਮਹਲ ਦੀ ਯੋਗਤਾ ਦਾ ਦਾਹਵੇਦਾਰ ਹੈ, ਪਰ ਅਸੀਂ ਹਾਂ ਬਹੁਤ ਨੀਵੇਂ।

*"ਊਚਾ ਚੜੈ ਸੁ ਪਵੈ ਪਇਆਲਾ॥*
*ਧਰਨਿ ਪੜੈ ਤਿਸੁ ਲਗੈ ਨ ਕਾਲਾ॥"*

ਮੈਨੂੰ ਪਤਾ ਨਹੀਂ ਉਹ ਕੀ ਲੋਚਦੇ ਹਨ ਅਤੇ ਤੁਸੀਂ ਕਿਸ ਗੱਲੇ ਸੰਕੋਚਦੇ ਹੋ। ਪਰ ਆਮ ਅਸੂਲ ਇਹ ਹੈ ਕਿ ਇਹ ਖੇਲ੍ਹ ਧੀਰਜ ਸਹਾਰੇ ਸਤਿਸੰਗ ਦੀ ਮਰਜ਼ੀ ਨੂੰ ਮਨੁਖਤਾ ਦੇਨ ਦਾ ਹੈ। ਰੁਤ ਤੋਂ ਪਹਿਲੇ ਬਹੁਤੇ ਪਾਣੀ ਨਾਲ ਫਲ ਨਹੀਂ ਲਗਦੇ, ਬੂਟੇ ਸੜ ਜਾਂਦੇ ਹਨ। "ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥" ਕਈ ਮੋਤੀਏ ਬਿੰਦ ਦਾ ਇਲਾਜ ਇਕ ਛਿਨ ਵਿਚ ਕਰ ਦੇਂਦੇ ਹਨ, ਪਰ ਮਗਰੋਂ ਪਹਿਲੇ ਤੋਂ ਵਧੀਕ ਹਨੇਰਾ ਛਾਉਂਦਾ ਹੈ। ਗੁਰੂ ਹਕੀਮ ਜੁਗਤ ਨਾਲ ਉਪਰੇਸ਼ਨ ਕਰਦਾ ਹੈ ਤੇ ਫੁਰਮਾਉਂਦਾ ਹੈ। ਪਹਿਲੇ ਬਾਣੀ ਨਾਲ ਪਿਆਰ ਕਰੋ। ਬਾਣੀ ਗੁਰੂ ਦਾ ਰੂਪ ਹੈ। ਪਿਆਰ ਕੀਤਿਆਂ ਆਪੇ ਰਸਤਾ ਦੇਂਦੀ ਹੈ, ਸਤਿਸੰਗ ਸਹਾਇਤਾ ਕਰਦਾ ਹੈ। ਸਨੇ ਸਨੇ ਰੋਗ ਕਟ ਜਾਂਦਾ ਹੈ। ਸਜਨ ਜੀ, ਅਮਲੀ ਜ਼ਿੰਦਗੀ ਹੋਰ ਸ਼ੈ ਹੈ ਤੇ ਕਿਸੇ ਮੁਰਦੇ ਦਾ ਹੋ ਕੇ ਹਥ ਪੈਰ ਹਿਲਾ ਦੇਣੇ ਕੁਛ ਹੋਰ ਬਾਤ ਹੈ। ਡਾਕਟਰੀ ਇਕ ਘੰਟੇ ਵਿਚ ਨਹੀਂ ਆ ਜਾਂਦੀ। ਰੋਜ਼ ਰੋਟੀ ਪਕਦੀ ਦੇਖੀਦੀ ਹੈ, ਪਰ ਜੇ ਆਪ ਵੇਲਣ ਬੈਠੋ ਤਦ ਗੋਲ ਨਹੀਂ ਆਉਂਦੀ। ਕੁਸੰਗ ਦਾ ਬੜਾ ਬਚਾਉ ਚਾਹੀਦਾ ਹੈ। ਜੋ ਕੁਝ ਮੇਰੀ ਸਮਝ ਵਿਚ ਆਇਆ ਸੋ ਇਹ ਹੈ ਕਿ ਗੁਰੂ ਕੀ ਬਾਣੀ ਪਿਆਰ ਲਾ ਕੇ ਪੜ੍ਹੋ। ਫੇਰ ਬਾਣੀ ਆਪਣੇ ਕੇਂਦਰ ਵਲ ਲੈ ਜਾਂਦੀ ਹੈ। ਮਾਫ ਕਰਨਾ ਮੈਂ ਐਵੇਂ ਲਿਖ ਮਾਰਿਆ ਹੈ। ਪਤਾ ਨਹੀਂ ਉਹ ਕੀ ਪੁਛਦੇ ਤੇ ਤੁਸੀਂ ਕੀ ਨਹੀ ਦਸਦੇ-ਇਹ ਪਤਾ ਲਗੇ ਤਾਂ ਕੁਛ ਕਹਿ ਸਕਾਂ। ਜੇ ਮੇਰੀ ਆਮ ਰਾਏ ਲਈ ਜਾਏ ਤਾਂ ਉਨ੍ਹਾਂ ਦੇ ਕਰਨ ਯੋਗ ਸਾਫ ਉਨ੍ਹਾਂ ਨੂੰ ਮਾਲੂਮ ਹੈ। ਮਾਲੂਮ ਵਧੀਕ ਹੋਰ ਨੇ ਛੋੜ ਨਹੀਂ ਕਟਣੇ। ਪਰ ਜੋ ਮਾਲੂਮ ਹੈ, ਉਸ ਨੂੰ ਕੀਤਿਆਂ ਮੈਲ ਦੂਰ ਹੋਣੀ ਹੈ।

ਸਭ ਪ੍ਰਵਾਰ ਕੁਸਲ ਹੈ। ਆਪ ਦਾ ਪੱਤ੍ਰ ਮਿਲਿਆ ਸੀ। ਸਤਿਗੁਰ ਜੀ ਨੇ ਲਿਖਿਆ ਹੈ,

*"ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥*
*ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥"*

ਫਕੀਰਾਂ ਦੀ ਗਰੀਬੀ ਸਦਾ ਹਮਾਰੀ ਹੁੰਦੀ ਹੈ। ਫਕੀਰ ਹਰ ਦਮ ਸਾਈਂ ਦੀ ਹਜ਼ੂਰੀ ਵਿਚ ਵਸਦਾ ਹੈ ਤੇ ਸੰਸਾਰ ਵਿਚ "ਹਾਰ ਚਲੈ ਗੁਰਮੁਖ ਜਗ ਜੀਤਾ" ਦੇ ਅਨੁਸਾਰ ਨਿਮਾਣਾ ਹੋ ਕੇ ਦਿਨ ਕਟਦਾ ਹੈ- ਪਰ ਏਹ ਗਰੀਬੀ, ਮਸਕੀਨੀ, ਹਾਰ ਚਲਣਾ, ਨਿਮਾਣ ਪੁਣਾ, ਸੁਰਤ ਢਹਿਣਾ ਨਹੀਂ ਹੈ। ਸੁਰਤ ਫਕੀਰ ਦੀ ਸਦਾ ਅਰਸ਼ਾਂ ਕੁਰਸ਼ਾਂ ਤੇ


www.sikhbookclub.com

ਰਹਿੰਦੀ ਹੈ ਤੇ ਇਲਾਹੀ ਨੂਰ ਦੇ ਪ੍ਰਕਾਸ਼ ਵਿਚ ਟੁਰਦੀ ਹੈ। ਦੁਨੀਆਂ ਦੇ ਲੋਕ, ਦੁਨੀਆਂ ਦੇ ਦਾਨੇ, ਦੁਨੀਆਂ ਦੇ ਪੰਡਤ ਤੇ ਦੁਨੀਆਂ ਦੇ ਮਤਾਂ ਦੇਣ ਵਾਲੇ ਇਖਲਾਕੀ ਲੋਕ ਫਕੀਰ ਨੂੰ ਸਮਝ ਨਹੀਂ ਸਕਦੇ। ਇਸ ਲਈ ਫਕੀਰ ਸਭ ਵਲੋਂ ਇਕ ਪ੍ਰਕਾਰ ਦਾ ਮੋਨ ਧਾਰਦੇ ਹਨ। ਕਿਸੇ ਦੀ ਉਸਤਤ ਨਿੰਦਾ, ਬਦ ਸਲੂਕੀ ਦਾ ਸ਼ੋਕ ਨਹੀਂ ਕਰਦੇ। ਕਿਸੇ ਨੂੰ ਉਲਾਂਭਾ ਨਹੀਂ ਦੇਂਦੇ। ਕਿਸੇ ਤੇ ਗਿਲਾ ਨਹੀਂ ਕਰਦੇ। ਲੋਕਾਂ ਨੂੰ ਐਉਂ ਪ੍ਰਤੀਤ ਦੇਂਦਾ ਹੈ ਕਿ ਇਹ ਮਸਕੀਨ ਹਨ, ਠੀਕ-ਐਉਂ "ਮੈਂ ਗਰੀਬ ਮੈਂ ਮਸਕੀਨ ਤੇਰਾ ਨਾਮੁ ਹੈ ਅਧਾਰਾ॥" ਹਜ਼ਾਰ ਖੁਸ਼ੀਆਂ ਦੀ ਇਕ ਖੁਸ਼ੀ ਹੈ, ਹਜ਼ਾਰਾਂ ਰਸਾਂ ਦਾ ਇਕ ਰਸ ਹੈ। ਜਿਸ ਪਿਆਰੇ ਸਾਈਂ ਦੇ ਲੋਕ ਸਦਾ ਪ੍ਰਸੰਨ ਰਹਿੰਦੇ ਹਨ, ਪਰ ਸਾਈਂ ਦੇ ਬੰਦੇ ਇੰਜ ਦੇ ਹੁੰਦੇ ਹਨ :

*"ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥*
*ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ੇ ਵੀਚਾਰਿ॥*
*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥"*

ਇਹ ਮੂਰਤੀ ਗੁਰ ਨਾਨਕ ਚਰਨਾਂ ਦੇ ਸਚੇ ਫਕੀਰ ਦੀ ਹੈ। ਇਸ ਰੋਗ ਅੰਦਰ ਸਮਾਈਏ :-

*"ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ॥"*

ਬਾਕੀ ਸੰਸਾਰ ਦਾ ਕੀ ਹੈ। ਇਹ ਸਦਾ ਤੋਂ ਦੁਖ ਦੇਂਦਾ ਆਇਆ ਹੈ। ਇਨ੍ਹਾਂ ਦੇ ਦੁਖ ਮਿਠੇ ਕਰ ਕੇ ਝੱਲੀਏ। ਇਨ੍ਹਾਂ ਦਾ ਰੋਸ ਨਾ ਕਰੀਏ- ਪ੍ਰਮੇਸ਼ਰ ਵਲੋਂ ਸਮਝੀਏ। ਜਹਾਂਗੀਰ ਨੂੰ ਮੀਆਂ ਮੀਰ ਨੇ ਕਿਹਾ ਸੀ; ਤੇਰੇ ਰਾਜ ਵਿਚ ਬ੍ਰਹਮ ਗਿਆਨੀ ਦੀ ਹੱਤਿਆ ਹੋਈ ਹੈ। ਜਹਾਂਗੀਰ ਹੱਸ ਪਿਆ ਤੇ ਕਹਿਣ ਲਗਾ ਕਿ ਬ੍ਰਹਮ ਗਿਆਨੀ ਕੀ ਤੇ ਉਸ ਦਾ ਮੇਰੇ ਅਹਿਲਕਾਰਾਂ ਤੋਂ ਮਾਰਿਆ ਜਾਣਾ ਕੀ? ਮੀਆਂ ਮੀਰ ਨੇ ਕਿਹਾ, ਜੇ ਕਦੀ ਉਹ ਚਾਹੁੰਦਾ ਤੇਰੀ ਪਾਤਸ਼ਾਹੀ ਫੂਕ ਦੇਂਦਾ, ਪਰ ਉਸ ਨੇ ਝੱਲ ਲਿਆ। ਜਹਾਂਗੀਰ ਨੇ ਕਿਹਾ ਕਿਉਂ ਬਲਵਾਨ ਹੋ ਕੇ ਤਤੇ ਤਵਿਆ ਤੇ ਬੈਠਾ ਤੇ ਗਰਮ ਰੇਤੇ ਪਵਾਏ। ਮੀਆਂ ਮੀਰ ਨੇ ਕਿਹਾ ਕਿ ਮੈਂ ਜਾ ਕੇ ਇਸ ਰੰਗ ਵਿਚ ਵੇਖਿਆ ਸੀ ਤੇ ਕਿਹਾ ਸੀ, ਗੁਰੂ ਜੀ ਚਾਹੋ ਤਾਂ ਮੈਂ ਇਸ ਦੁਖ ਦਾ ਉਪਰਾਲਾ ਕਰਾਂ। ਚਾਹੋ ਤਾਂ ਪਾਤਸ਼ਾਹੀ ਡੋਬਾਂ ਤਾਂ ਬੋਲੇ ਹੇ ਫਕੀਰ ਜੀ ਮਾਇਆ ਦਾ ਟਪਲਾ ਨਾ ਖਾਉ। ਇਹ ਜੋ ਕੁਛ ਹੋ ਰਿਹਾ ਹੈ ਮੇਰੇ ਪ੍ਰੀਤਮ ਜੀ ਦੇ ਭਾਣੇ ਵਿਚ ਹੋ ਰਿਹਾ ਹੈ। ਉਸ ਨੂੰ ਪਤਾ ਹੈ, ਉਹ ਚਾਹੇ ਤਾਂ ਇਸ ਨੂੰ ਦੂਰ ਕਰ ਦੇਵੇ, ਪਰ ਜੋ ਉਹ ਦੂਰ ਨਹੀਂ ਕਰਦਾ ਤਾਂ ਉਸ ਦੀ ਰਜ਼ਾ ਵਿਚ ਹੈ। ਤੇ ਉਸ ਦੀ ਰਜ਼ਾ ਵਿਚ ਪ੍ਰਸੰਨ ਹਾਂ। ਇਹ ਸੁਣ ਕੇ ਪਾਤਸ਼ਾਹ ਦੇ ਨੈਣ ਭਰ ਆਏ ਅਰ ਚਿਰ ਤਕ ਰੋਂਦਾ ਰਿਹਾ। ਇਸੀ ਗੱਲ ਦੇ ਕਾਰਨ ਉਸ ਨੇ ਫੇਰ ਚੰਦੂ ਤੇ ਨਵਾਬ ਨੂੰ ਸਜ਼ਾ ਦਿਤੀ ਸੀ ਜੋ ਗੁਰੂ ਜੀ ਦਾ ਦੁਖ ਝਲਣਾ ਇਕ ਪਾਪੀ

 www.sikhbookclub.com

ਦੀ ਸਜ਼ਾ ਝਲਨ ਵਾਂਗ ਨਹੀਂ ਸੀ। ਗੁਰੂ ਜੀ ਸਾਈਂ ਦੀ ਹਜ਼ੂਰੀ ਵਿਚ ਬ੍ਰਹਮ ਗਿਆਨ ਦੇ ਰੰਗ ਵਿਚ ਚੜ੍ਹਦੀਆਂ ਕਲਾਂ ਵਿਚ ਸੇ। ਉਹ ਖੁਸ਼ੀ ਵਿਚ ਪਿਆਰੇ ਦਾ ਪਿਆਰ ਸਮਝ ਕੇ ਕਲੇਸ ਝੱਲਦੇ ਸੇ। ਕੋਈ ਦੁਖ ਸਾਰਤਖ ਨਹੀਂ ਹੈ ਕਿ ਗੁਰ ਨਾਨਕ ਚਰਨਾਂ ਦੇ ਪ੍ਰੇਮੀ ਦੀ ਸੁਰਤ ਨੂੰ ਹੇਠਾਂ ਲਿਆ ਸਕੇ। ਉਹ ਹਰ ਤੰਗੀ ਹਰ ਮੁਸ਼ਕਲ ਹਰ ਔਕੜ ਨੂੰ ਪਿਆਰੇ ਵੱਲੋਂ ਜਾਣ ਕੇ ਇਹ ਮੰਗਦੇ ਹਨ :-

*"ਤੇਰਾ ਕੀਆ ਮੀਠਾ ਲਾਗੈ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥"*

ਕਾਸ਼ ਦੁਨੀਆਂ ਦੇ ਦਾਨਿਆਂ ਨੂੰ ਸਮਝਾਇਆ ਜਾਵੇ ਕਿ ਸਾਈਂ ਦੇ ਫਕੀਰਾਂ ਨੂੰ ਕਲੇਸ਼ ਨਹੀਂ ਦੇਈਦਾ ਤਾਂ ਜੋ ਉਨ੍ਹਾਂ ਦੀ ਆਪਣੀ ਪਾਪਾਂ ਦੀ ਪੋਟ ਭਾਰੀ ਨਾ ਹੋਵੇ। ਪਰ ਜੇ ਸਮਝ ਨਹੀਂ ਆਉਂਦੀ ਤਾਂ ਫਕੀਰਾਂ ਦੀ ਜੀਰਾਂਦ ਤੇ ਫਕੀਰਾਂ ਦਾ ਨਾਮ ਰੰਗ ਕਿਉਂ ਉਤਰੇ। ਚੰਦਨ ਨੂੰ ਕੁਹਾੜੇ ਵਜਨ, ਉਹ ਖੁਸ਼ਬੂ ਦੀ ਬਾਨ ਨੂੰ ਕਿਉਂ ਤਿਆਗੇ। ਕੁਹਾੜੇ ਨਾਲ ਭੀ ਕ੍ਰੋਪ ਨਾ ਕਰੇ। ਅਪਨੀ ਖੁਸ਼ਬੂ ਬੀ ਨਾ ਛਡੇ। ਦੁਨੀਆਂ ਦਾ ਕੋਈ ਸਲੂਕ ਸਾਡੀ ਸਰਤ ਹੇਠਾਂ ਨਾ ਕਰੇ "ਨਾਨਕ ਦੁਨੀਆ ਭਸ ਰੰਗ ਭਸੂ ਹੂ ਭਸੁ ਖੇਹ॥", "ਨਾਨਕ ਦੁਨੀਆ ਕੈਸੀ ਹੋਈ॥ ਸਾਲਕੁ ਮਿਤੁ ਨ ਰਹਿਓ ਕੋਈ॥ ਭਾਈ ਬੰਧੀ ਹੇਤੁ ਚੁਕਾਇਆ॥ ਦੁਨੀਆ ਕਾਰਣਿ ਦੀਨੁ ਗਵਾਇਆ॥" ਇਹ ਨਕਸ਼ੇ ਦੁਨੀਆਂਦਾਰਾਂ ਦੇ ਦੇਖ ਕੇ ਮੂਰਖ ਤੇ ਵਿਦਵਾਨ ਨਿਰਾਸ ਹੁੰਦੇ ਹਨ। ਛੇ ਸ਼ਾਸਤਰ ਇਸੀ ਨਿਰਾਸਤਾ ਵਿਚ ਲਿਖੇ ਗਏ ਅਤੇ ਸੰਸਾਰ ਤੋਂ ਭਜ ਜਾਣਾ ਜੀਵਨ ਨੂੰ ਅਨਜੀਵਨ ਕਰ ਦੇਣਾ ਸਿਖਾ ਗਏ। ਅਰ ਸਾਈਂ ਦੀ ਹਜ਼ੂਰੀ ਵਿਚ ਵਸਣ ਵਾਲੇ ਦੁਨੀਆਂ ਦਾ ਇਹ ਰੰਗ ਦੇਖ ਕੇ ਪਿਆਰੇ ਦੇ ਪਿਆਰ ਵਿਚ ਤਕੜੇ ਹੁੰਦੇ ਹਨ, ਹੋਰ ਉਚੇ ਹੁੰਦੇ ਹਨ। ਚੜ੍ਹਦੀਆਂ ਕਲਾਂ ਵਿਚ ਵਸਦੇ ਹਨ। ਅਰ ਕਦੇ ਨਾ ਮਾਰਨ ਵਾਲੇ ਪ੍ਰਮੇਸ਼ਰ ਦੇ ਪ੍ਰੇਮ ਵਿਚ ਉਤਸ਼ਾਹਤ ਹੋ ਕੇ ਸਿਮਰਨ ਦੇ ਉਮਾਹ ਵਿਚ ਮੌਲਦੇ ਹਨ। ਫਕੀਰੀ ਰਸੇ ਰਹਿਣ, ਉਦਾਸ ਰਹਿਣ, ਢਠੇ ਰਹਿਣ, ਨਿਰਾਸ ਰਹਿਣ ਦਾ ਨਾਮ ਨਹੀਂ- ਫਕੀਰੀ ਹੈ ਚੜ੍ਹਦੀਆਂ ਕਲਾਂ ਵਿਚ ਰਹਿਣਾ ਖਿੜੇ ਰਹਿਣਾ, ਸਿਮਰਨ ਵਿਚ ਰਹਿਣਾ- ਪਰ ਬਾਹਰੋਂ ਸ਼ਾਂਤ ਨਿਮਾਣੇ ਰੰਗ ਵਿਚ ਬੇਆਜ਼ਾਰ ਜੀਵਨ ਕਟਣਾ,-

*ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ॥*
*ਸਭ ਰਸ ਖੇਲਉ ਪੀਆ ਸਉ ਕਿਸੀ ਲਖਾਵਉ ਨਾਹਿ॥*

ਹਰ ਵੇਲੇ ਦੁਨੀਆਂ ਦੇ ਹਰ ਪ੍ਰਕਾਰ ਦੇ ਸਲੂਕਾਂ ਤੋਂ ਅਜ਼ੀਜ਼ਾਂ ਦੀ ਹਰ ਤਰ੍ਹਾਂ ਦੀ ਵਰਤਨ ਤੋਂ ਲੋਕਾਂ ਦੇ ਹਰ ਪ੍ਰਕਾਰ ਦੇ ਵਾਕਾਂ ਤੋਂ ਬੇਅਸਰ ਰਹਿਣਾ। ਕਿਸੇ ਗੱਲੇ ਸੁਰਤ ਹੇਠਾਂ ਨੂੰ ਨਾ ਢਹਿਣ ਦੇਣੀ। ਅਦਰ ਜੋਤ ਜਗੇ, ਬਾਹਰ ਅੰਧਿਆਰੀ ਰਾਤ ਦਿਸੇ,

ਅੰਦਰ ਮਾਲਾ ਮਾਲ, ਬਾਹਰ ਕੰਗਾਲ, ਅੰਦਰ ਚੜ੍ਹਦੀਆਂ ਕਲਾਂ ਬਾਹਰ ਮਸਕੀਨ। ਅੰਦਰੋਂ ਕਲਗੀ ਵਾਲੇ ਨਾਲ ਗੱਲਾਂ, ਬਾਹਰ ਥੋਹੜਾ ਤੇ ਮਿਠਾ ਬੋਲ, ਅੰਦਰੋਂ ਸ਼ਹਿਨਸ਼ਾਹ, ਬਾਹਰੋਂ ਜੀਰਾਂਦ ਧੀਰਜ ਤੇ ਝੱਲਣਾ। ਸੋ ਤਕੜੇ ਰਹੋ। ਇਹ ਸਰੀਰ ਕੋਈ ਘੜੀ ਕੋਈ ਦਿਨ ਕੋਈ ਵਰ੍ਹਿਆਂ ਦਾ ਸੁਪਨਾ ਹੈ। ਜਿਤਨਾ ਸਮਾਂ ਮਿਲਿਆ ਹੈ, ਇਕ ਛਿਨ ਬ੍ਰਿਥਾ ਨਾ ਜਾਵੇ। ਜਦ ਛਿਨ ਸੰਭਾਲਦੇ ਲੰਘੀਦਾ ਹੈ, ਤ੍ਰਿੰਨੇ ਕਾਲ ਸੰਭਾਲੇ ਗਏ। ਹੁਣ ਦੀ ਛਿਨ ਪਲ ਨੂੰ ਬੀਤ ਗਿਆ ਸਮਾਂ ਬਣੇਗੀ। ਆਉਣ ਵਾਲਾ ਸਮਾਂ ਛਿਨ ਛਿਨ ਕਰ ਕੇ ਸਾਡੇ ਹਾਜ਼ਰ ਹੋਵੇਗਾ। ਹਾਜ਼ਰ ਦੀ ਛਿਨ ਨੂੰ, ਅਸਾਂ ਹੁਣਾਂ ਦੀ ਛਿਨ ਨੂੰ ਜਦ ਸੰਭਾਲ ਲਿਆ ਹੈ-ਤ੍ਰਿੰਨੇ ਕਾਲ ਸੰਭਾਲ ਲਏ। ਹੁਣ ਦੀ ਛਿਨ ਵਿਚ ਫਕੀਰ ਸਿਮਰਨ ਦੇ ਰਸ ਵਿਚ ਹੈ। ਅਮਰ ਜੀਵਨ ਪਦ ਵਿਚ ਹੈ। ਕਾਲ ਉਸ ਨੇ ਜਿਤ ਲਿਆ ਹੈ-ਮੌਤ ਤੇ ਉਸ ਨੇ ਫਤਹਿ ਪਾਈ ਹੈ। ਉਹ ਕਿਉਂ ਕਦੇ ਅਪਣੇ ਇਸ ਅਮਰ ਜੀਵਨ, ਹਯਾਤ ਅਬਦੀ ਤੋਂ ਬਾਹਰ ਆਂਵਦਾ ਹੈ। ਕੌਣ ਲਾਲਾਂ ਨੂੰ ਕੌਡਾਂ ਦੇ ਭਾ ਵੇਚਦਾ ਹੈ। ਬੁਧ ਨੇ ਅਮਰ ਜੀਵਨ ਵਾਸਤੇ 50 ਵਰ੍ਹੇ ਕਸ਼ਟ ਪਾਏ ਤੇ ਅਗੋਂ ਅਸ਼ਟਾਂਗ ਮਾਰਗ ਕਸ਼ਟਾਂ ਦਾ ਸਿਖਾਇਆ। ਯੋਗ ਨੇ ਕਸ਼ਟਾਂ ਭਰਿਆ ਅਸ਼ਟਾਂਗ ਯੋਗ ਸਿਖਾਇਆ। ਗੁਰੂ ਨਾਨਕ ਨੇ ਕਿਹਾ-

*"ਦਮਿ ਦਮਿ ਸਦਾ ਸਮਾਲਦਾ ਦੰਮੁ ਨਾ ਬਿਰਥਾ ਜਾਇ॥*
*ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥"*

ਛਿਨ ਛਿਨ ਸੰਭਾਲ ਵਾਲਾ ਜੀਵਨ ਪਦ ਤੇ ਪਹੁੰਚ ਗਿਆ। ਹਾਂ ਇਹ ਠਠਾ ਨਹੀਂ ਏਹ ਮਰਤਬਾ ਹੈ-

*"ਨਾਨਕ ਇਹੁ ਮਰਤਬਾ ਤਿਸ ਨੋ ਦੇਇ*
*ਜਿਸ ਨੋ ਕਿਰਪਾ ਕਰੇ ਰਜਾਇ"*

ਇਹ ਰਾਮ ਰਾਜ ਹੈ। ਕਬੀਰ ਜੀ ਇਸ ਰਾਮ ਰਾਜ ਨੂੰ ਤਰਸਦੇ ਸਨ। ਇਹ ਉਹ ਹੈ- ਹਾਂ ਈਸਾ ਜੀ ਇਸ ਕਿੰਗਡਮ ਆਫ ਹੈਵਨ ਨੂੰ ਲੋਚਦੇ ਸਨ। ਇਹ ਸੁਰਗ ਰਾਜ ਹੈ, ਇਸ ਰਾਜ ਨੂੰ ਪਾ ਕੇ ਜੀਆ ਦਾਨ ਪਾ ਕੇ ਜੀਵਨ ਪਦ ਤੇ ਬਿਰਾਜ ਕੇ ਫੇਰ ਅੱਠ ਪਹਿਰ ਆਨੰਦ ਨਾ ਰਹੇ ਤਾਂ ਕੀ ਪਾਇਆ। ਫਕੀਰ ਦਾ ਇਹ ਰਾਜ ਹੈ, ਇਹ ਫਤਹਿ ਹੈ, ਇਹ ਸਲਤਨਤ ਹੈ। ਇਹ ਪਾ ਕੇ ਪਟੂ ਅੰਦਰ ਹਨ-ਬਾਹਰ ਗੁਦੜ ਹਨ ਲੋਕਾਂ ਨਾਲ ਕੀ? ਬੁਲ੍ਹਿਆ ਤੈਨੂੰ ਕਾਫਰ ਕਾਫਰ ਆਖਣ, ਤੂੰ ਆਹੋ ਆਹੋ ਕਰਿਆ ਕਰ। ਦੁਨੀਆਂ ਸੱਚੀ ਹੈ, ਦੁਨੀਆਂ ਨੂੰ ਦੀਦੇ ਨਹੀਂ ਹਨ। ਉਹ ਕੀਕੂੰ ਦੇਖ ਸਕਣ। ਪਰ ਫਕੀਰ ਨੂੰ ਸਾਈਂ ਦੀਦੇ ਦੇਂਦਾ ਹੈ। ਦੀਦੇ ਵਾਲਾ ਅਨਿਆਂ ਨਾਲ ਕਿਉਂ ਖੁਨਸਦਾ ਹੈ। ਉਸ ਦੇ ਅੰਦਰ ਅਪਣੇ ਦੋਖੀਆਂ ਲਈ, ਆਪਣੇ ਕਾਤਲਾਂ ਲਈ, ਅਪਣੇ ਵੈਰੀਆਂ ਲਈ ਭੀ ਤਰਸ

ਵਸਦਾ ਹੈ। ਉਹ ਗੁਰੂ ਤੇਗ ਬਹਾਦਰ ਜੀ ਵਾਂਗੂੰ ਕਤਲ ਹੋਣ ਲਗੇ ਔਰੰਗਜ਼ੇਬ ਲਈ ਅਰਦਾਸਾ ਸੋਧਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਇਹ ਕਾਤਲ ਸਾਡੇ ਰਾਜ ਦੇ ਮਹਿਰਮ ਨਹੀਂ ਹਨ। ਸੋ ਤਕੋ ਤੇ ਤਕੜੇ ਹੋਵੋ। ਸਿਮਰਨ ਜਾਰੀ ਹੈ, ਸ਼ੁਕਰ ਵਸਾਉ। ਖੇੜਾ ਵਧਾਊ ਉਚੇ ਰਹੋ। ਸਾਈਂ ਦੇ ਨੈਣਾਂ ਵਿਚ ਨੈਣ ਜੋੜ ਕੇ ਇਕ ਦਮ ਹਜ਼ੂਰੀ ਵਿਚੋਂ ਬਾਹਰ ਨਾ ਆਉ :-

*"ਦੂਖੁ ਘਨੋ ਜਬ ਹੋਤੇ ਦੂਰਿ,*
*ਅਬ ਮਸਲਤਿ ਮੋਹਿ ਮਿਲੀ ਹਦੂਰਿ"*

ਬ੍ਰਸ ਸੁਖ ਇਸ ਵਿਚ ਹੈ :-

*"ਤੂੰ ਭਰਪੂਰਿ ਜਾਨਿਆ ਮੈਂ ਦੂਰਿ॥"*

ਹਜ਼ੂਰ ਜਾਣੋ, ਹਜ਼ੂਰੀ ਵਿਚ ਵੱਸੋ, ਅਰਸ਼ੀ ਪੰਘੂੜੇ ਝੂਟੋ। ਮਸਕੀਨੀ ਵਿਚ ਪਾਤਸ਼ਾਹੀ ਭੋਗੋ। ਕਲਗੀਆਂ ਵਾਲਾ ਮਸਕੀਨਾਂ ਦੇ ਨਾਲ ਹੈ :-

*"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕੀਆ ਰੀਸ॥"*

ਗੁਰੂ ਨਾਨਕ ਮਸਕੀਨੀ ਦਾ ਬੇਲੀ ਹੈ, ਪਰ ਸਿਮਰਨ ਵਾਲੇ ਮਸਕੀਨ ਦਾ। ਸੱਚ ਜਾਣੋ ਗੁਰੂ ਤੁਹਾਡੇ ਅੰਗ ਸੰਗ ਹੈ-.

*"ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ"*

ਖੁਸ਼ ਰਹੋ, ਤੇ ਸਿਮਰੋ, ਗੁਰੂ ਨਾਲ ਹੈ, ਗੁਰੂ ਰਾਖਾ ਹੈ, ਗੁਰੂ ਬੇਲੀ ਹੈ, ਗੁਰੂ ਆਪਣਾ ਹੈ, ਗੁਰੂ ਪਿਤਾ ਹੈ, ਗੁਰੂ ਮਾਤਾ ਹੈ-

*"ਗੁਰੂ ਗੁਰੂ ਗੁਰੂ ਕਰਿ ਮਨ ਮੋਰ॥*
*ਗੁਰੂ ਬਿਨਾ ਮੈ ਨਾਹੀ ਹੋਰ॥"*

ਧੰਨ ਗੁਰ ਨਾਨਕ ਮੇਰਾ ਸੰਗੀ। ਧੰਨ ਗੁਰ ਨਾਨਕ ਮੇਰਾ ਅਪਨਾ-ਗੁਰੂ ਨਾਨਕ-ਸ਼ੁਕਰ ਕਰੋ।

ਪੱਤ੍ਰ ਪਹੁੰਚਾ, ਪੜ੍ਹਿਆ। ਜੋ ਕੁਛ ਆਪ ਨੇ ਲਿਖਿਆ ਹੈ, ਪੜ੍ਹ ਕੇ ਸ਼ੋਕ ਨਹੀਂ ਹੋਇਆ-ਨਾ ਅਸਚਰਜ। ਸੰਸਾਰ ਵਿਚ ਕਮਜ਼ੋਰੀ ਤੇ ਮਾੜਾਪਨ ਬਹੁਤਾ ਹੈ। ਜਦ ਕਿਤੇ ਅਸੀਂ ਹੋਰ ਆਸ ਰਖੀਏ- ਤੇ ਨਿਕਲੇ ਆਸ ਦੇ ਉਲਟ-ਤਾਂ ਦਿਲ ਉਦਾਸ

ਹੁੰਦਾ ਹੈ। ਪਰ ਇਹ ਕੁਛ ਤਾਂ ਕੋਈ ਹੈਰਾਨੀ ਨਹੀਂ। ਆਪਣੀ ਆਸ ਨਾ ਪੂਰੀ ਹੋਣ ਕਰ ਕੇ ਸਾਡਾ ਜੀ ਟੁਟਦਾ ਹੈ। ਅਰ ਅਸੀਂ ਵਧੀਕ ਮੇਹਨਤ ਵਾਲਾ ਕੰਮ ਦੇਖ ਕੇ ਜੀ ਚੁਰਾਂਦੇ ਹਾਂ। ਜਿਸ ਕਰ ਕੇ ਅਸੀਂ "ਧਕ ਦੇਣਾ", "ਧਿਕਾਰ ਦੇਣਾ" ਦਾਰੂ ਸਮਝਦੇ ਹਾਂ। ਜਾਂ ਸਖਤੀ ਤੇ ਕਠੋਰਤਾ ਸਜ਼ਾ ਦੀ ਸ਼ਕਲ ਵਿਚ ਦੇ ਕੇ ਸੁਧਾਰ ਦਾ ਪ੍ਰਬੰਧ ਕਰਦੇ ਹਾਂ। ਪਰ ਇਸ ਤੋਂ ਭੀ ਨਿਰਾਸ ਹੋ ਕੇ ਖਹਿੜਾ ਛੁਡਾਵਨ ਦੇ ਉਪਰਾਲੇ ਵਿਚ ਪੈ ਜਾਂਦੇ ਹਾਂ। ਇਹ ਪ੍ਰੇਮੀਆਂ ਦੇ ਪ੍ਰੇਮ ਦੇ ਵਰਤਾਉ ਤੋਂ ਉਲਟ ਹੈ। ਅਸੀਂ ਕਮਜ਼ੋਰ ਰੂਹਾਂ ਹਾਂ। ਜੇ ਅਸੀਂ ਚਾਰ ਕਦਮ ਟੁਰ ਪਏ ਹਾਂ ਤਾਂ ਸਾਥੀਆਂ ਲਈ ਅਸੀਂ ਮਦਦਗਾਰ ਹੋਣੇ ਚਾਹੁੰਦੇ ਹਾਂ। ਸੁ....ਅਭਾਗ ਹੈ। ਜਿਸ ਦੀ ਆਤਮਾ ਵਿਚ ਪਿਆਰ ਦੀ ਰੌ ਤੇ ਸਤਿਕਾਰ ਦਾ ਵਲਵਲਾ ਅਪਣੇ ਸਤਿਸੰਗੀ ਪਤੀ ਲਈ ਪੈਦਾ ਨਹੀਂ ਹੁੰਦਾ ਉਸ ਦਾ ਕਾਰਨ ਉਸ ਦੀ ਕਮਜ਼ੋਰੀ ਹੈ। ਅਰ ਕਮਜ਼ੋਰੀ ਸਦਾ ਤਰਸ ਯੋਗ ਹਾਲਤ ਹੈ। ਉਸ ਦੀ ਵਿਦਿਆ ਅੱਛੀ ਨਹੀਂ ਹੋਈ। ਸ਼ੋਕ ਹੈ ਨਵੀਨ ਵਿਦਯਾ ਆਸ਼੍ਰਮਾਂ ਵਿਚ ਇਸਤ੍ਰੀਆਂ ਨੂੰ ਹਕੂਕ ਤੇ ਦਸਤਕਾਰੀ ਸਿਖਾਈ ਜਾਂਦੀ ਹੈ। ਸਹਿਨ-ਸ਼ੀਲਤਾ, ਪਿਆਰ, ਉਪਕਾਰ, ਨਿਮਰਤਾ ਤੇ ਆਦਰ ਨਹੀਂ ਸਿਖਾਇਆ ਜਾਂਦਾ। ਘਰ ਵਿਚ ਸਖਤੀ ਕਰ ਕੇ ਝੂਠ ਤੇ ਕਪਟ ਸਿਖਾਂਦੀਆਂ ਹਨ। ਇਹ ਸਾਰਾ ਕੁਛ ਉਸ ਨਿਤਾਣੀ ਰੂਹ ਦੀ ਇਸ ਹਾਲਤ ਦਾ ਜ਼ੁਮੇਵਾਰ ਹੈ-ਸ੍ਰਦਾਰ ਜੀ ਤੋਂ ਸਦਾ ਵਿਥ ਰਹੀ, ਅਰ ਉਨ੍ਹਾਂ ਨੂੰ ਅਪਣੇ ਸਤਿਸੰਗ ਨਾਲ ਸੁਧਾਰਨ ਦਾ ਸਮਾਂ ਨਹੀਂ ਮਿਲਿਆ। ਇਹ ਦੂਸਰਾ ਕਾਰਨ ਹੈ, ਇਹ ਕਹਿਣਾ ਕਿ ਹੈ...ਕਮੀਨ ਘਰਾਣੇ ਦਾ ਕੰਮ ਹੈ।

*"ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥"*

ਤੈਂ ਨਫਰਤ ਤੋਂ ਕਿਉਂ ਕੰਮ ਲੀਤਾ। ਗੁਰੂ ਪਿਆਰਿਆਂ ਨੂੰ ਸਦਾ ਪਿਆਰ ਤੇ ਦਯਾ ਚਾਹੀਦੀ ਹੈ। ਸੁ....ਨੇ ਪਤੀ ਅਵਗਯਾ ਕਰਨੇ ਵਿਚ ਭਾਰੀ ਅਪ੍ਰਾਧ ਕੀਤਾ ਹੈ। ਪਰ ਜਦ ਤੇਰੇ ਦਿਲ ਵਿਚ ਉਸ ਦੀ ਸੂਰਤ ਨੂੰ "ਨਾਂ ਪਿਆਰ" ਤੇ ਦੁਰਾਕਾਰ ਦੇ ਲਿਬਾਸ ਦਾ ਸਿਰੋਪਾ ਮਿਲੇਗਾ, ਤਾਂ ਤੇਰੇ ਇਹ ਖਿਆਲ ਉਸ ਨੂੰ ਹੋਰ ਡਰਾਣਗੇ। ਤੂੰ ਚੰਗੀ ਹੈਂ, ਨਾ ਚੰਗਿਆਂ ਦਾ ਸੰਗ ਕੁਸੰਗ ਹੁੰਦਾ ਹੈ। ਏਹ ਗੱਲ ਠੀਕ ਹੈ। ਪਰ ਗੁਰੂ ਪਿਆਰੀਏ ਅਸੀਂ ਸੰਸਾਰ ਵਿਚ ਭੁਲਿਆਂ ਨੂੰ ਔਝੜੋਂ ਕਢ ਕੇ ਪਿਆਰੇ ਅਤਿ ਪਿਆਰੇ ਗੁਰੂ ਨਾਨਕ ਦੇ ਸ਼ਬਦ ਸੋਹਿਲੇ ਨਾਲ ਸੱਦਾਂ ਤੇ ਹਾਕਰਾ ਮਾਰ ਮਾਰ ਕੇ ਰਸਤੇ ਪਾਣ ਆਏ ਹਾਂ। ਸੋ ਗੁਰੂ ਦੁਲਾਰੀ ਨਾ ਡਰ ਤੇ ਨਾ ਪਰੇ ਹੋ। ਪਿਆਰ ਕਰ ਤੇ ਅਰਦਾਸਾ ਸੋਧ ਤੇ ਭੁਲੀ ਭਟਕੀ ਔਝੜ ਪਈ ਨੂੰ ਚੰਗਿਆਈ ਦੇ ਧਿਆਨ ਨਾਲ ਹਿਰਦੇ ਵਿਚ ਲਿਆ ਕੇ ਮੱਤ ਦੇਹ ਤੇ ਕਹਿ


www.sikhbookclub.com

**ਭੂਲੀ** ਭੈਣ "ਐਉਂ ਨਹੀਂ" ਪਰ ਐਉਂ-ਬੇਸ਼ਕ ਇਹ ਖੇਚਲ ਦਾ ਕੰਮ ਹੈ। ਹੋ ਸਕਦਾ **ਹੈ**-ਸੁ....ਅਪਨੇ ਕ੍ਰੋਧ ਵਿਚ ਤੇਰਾ ਭੀ ਅਪਮਾਨ ਕਰੇ, ਪਰ ਤੂੰ ਅਪਮਾਨ ਝਲ ਕੇ ਪਿਆਰ ਕਰ। ਤੇ ਗੁਰ ਨਾਨਕ ਦੀ ਓਟ ਲੈ ਕੇ ਪਿਆਰ ਕਰ। ਕੀ ਅਸਚਰਜ ਹੈ ਗੁਰੂ ਸੁ...ਨੂੰ ਬਚਾ ਲਵੇ। ਗੁਰੂ ਨਾਨਕ ਦੇ ਸ਼ਬਦ ਸੋਹਿਲੇ ਦੇ ਅਸੀਂ ਹਲਕਾਰੇ ਹਾਂ। ਅਸਾਂ ਥਾਂ ਥਾਂ ਹੋਕਾ ਦੇਣਾ ਹੈ। ਕੀ ਜਾਣੀਏ ਕਿਹੜੀ ਆਤਮਾ ਬਚਣ ਵਾਲੀ ਹੈ। ਖਬਰੇ ਸਾਡੀ ਤਰ੍ਹਾਂ ਹੀ ਆਤਮਾ ਚੰਗੀ ਬਣ ਸਕੇ। ਸੋ ਨਾ ਡਰ।" ਸਿਰ ਊਪਰਿ ਠਾਢਾ ਗੁਰੁ ਸੂਰਾ॥ ਨਾਨਕ ਤਾ ਕੇ ਕਾਰਜ ਪੂਰਾ" ਪਿਆਰ ਕਰ ਪਰ ਉਚੀ ਰਹਿ ਕੇ।

ਇਹ ਮੇਰੇ ਵੱਸ ਵੀ ਨਹੀਂ। ਚਿਠੀ ਲਿਖਣਾ ਜਾਂ ਤੁਸਾਡੇ ਪਾਸ ਆਣਾ ਮੇਰੇ ਵੱਸ ਤੋਂ ਬਾਹਰ ਹੈ। ਇਸ ਦਾ ਪਰੇਰਕ ਕੋਈ ਹੋਰ ਹੈ। ਜੋ ਯਾ ਤੁਹਾਡੇ ਅੰਦਰ ਯਾ ਸਿਰ ਤੇ ਵੱਸਦਾ ਹੈ। ਹੋਰ ਸਭ ਸੁਖ ਹੈ। ਮੈਂ ਇਹ ਹਰਫ ਤੁਹਾਡੇ ਸੁਖ ਲਈ ਲਿਖੇ ਹਨ। ਘਬਰਾਹਟ ਵਾਸਤੇ ਨਹੀਂ ਲਿਖੇ। ਜੇ ਬਾਹੁਲਤਾ ਦੇ ਸਮੇਂ ਦੀ ਕਮਾਈ ਜਰ ਕੇ ਵਰਤੀ ਤੇ ਜੀਉਰੀ ਜਾਵੇ ਤਾਂ ਤੋਟੇ ਦੇ ਸਮੇਂ ਘਾਟ ਘਟ ਪੈਂਦੀ ਹੈ। ਤੋਟੇ ਤਿੰਨ ਕਾਰਨਾਂ ਕਰ ਕੇ ਪੈਂਦੇ ਹਨ :-

1. ਪਿਛਲੇ ਜਨਮਾਂ ਦੇ ਗੇੜ ਆ ਜਾਂਦੇ ਹਨ, ਜੋ ਚੜ੍ਹੀ ਸੁਰਤ ਨੂੰ ਅਕਾਰਣ ਹੇਠਾਂ ਲੈ ਜਾਂਦੇ ਹਨ।
2. ਪੰਜਾਂ ਦੇ ਵਸ ਹੋ ਕੇ ਯਾ ਕਿਸੀ ਇਕ ਦੇ ਵਸ ਹੋ ਕੇ ਅਪਣੇ ਸਹਿਜ ਨੂੰ ਛਡ ਕੇ ਉਨ੍ਹਾਂ ਦੇ ਭੜਕਾ ਵਿਚ ਆ ਗਿਆਂ ਸੁਰਤ ਹੇਠਾਂ ਆ ਜਾਂਦੀ ਹੈ। ਅਰਥਾਤ ਕੁਸੰਗ ਕੀਤਿਆਂ।
3. ਜੇ ਕਿਸੇ ਭਾਰੀ ਤੇ ਐਬਦਾਰ ਆਦਮੀ ਦੇ ਦਿਲ ਨੂੰ ਦਿਲ ਵਿਚ ਸਮਾਈਏ, ਫਿਰ ਉਨ੍ਹਾਂ ਦੀ ਮੈਲ ਅਪਣੇ ਮਨ ਤੇ ਆ ਕੇ ਸੁਰਤ ਨੂੰ ਹਿਠਾਂਹ ਲੈ ਆਉਂਦੀ ਹੈ।

**ਇਲਾਜ**

1. ਧਿਆਨ ਸਤਿਗੁਰ ਦਾ ਤੇ ਉਚਾਰ ਦਾ ਗੇੜ ਵਧੀਕ ਤ੍ਰਿਖਾ ਕਰਨਾ।
2. ਇਸ਼ਨਾਨ, ਮਾਲਸ਼, ਕਪੜੇ ਬਦਲਨ, ਏਕਾਂਤ ਜਾ ਕੇ ਗਜ ਕੇ ਬਾਣੀ ਪੜ੍ਹਨੀ, ਪ੍ਰਾਰਥਨਾ, ਕਿਸੇ ਨਿਜ ਦੇ ਸਤਿਸੰਗ ਦੇ ਦਰਸ਼ਨ, ਕੁਸੰਗ ਦਾ ਤਿਆਗ।

 www.sikhbookclub.com

3. ਅਪਣੇ ਦਿਲ ਨੂੰ ਅਪਣੇ ਤੋਂ ਵਧੀਕ ਉਜਲ ਦਿਲ ਨਾਲ ਰਗੜਨਾ ਪਰ ਇਸ ਤੋਂ ਪਹਿਲੇ ਰਟਨ ਦਾ ਰੋੜ ਅਤਿ ਤ੍ਰਿਖਾ ਕਰਨਾ ਚਾਹੀਏ। ਲਹਾ ਚੜ੍ਹਾ ਕੇ ਵਾਰੋ ਵਾਰੀ ਆਉਂਦੇ ਹਨ। ਜੇ ਨੀਅਤ ਰਾਸ ਤੇ ਸਤਿਸੰਗ ਹੋਵੇ ਤਦ ਹਰ ਲਹ ਪਹਿਲੇ ਨਾਲੋਂ ਉਚਿਆਂ ਕਰ ਜਾਂਦਾ ਹੈ। ਹਰ ਉਤਰਾਈ ਦੇ ਬਾਹਦ ਚੜ੍ਹਾਈ ਆਉਂਦੀ ਹੈ। ਖੁਸ਼ੀ ਨੂੰ ਜੀਉਰਨਾ ਕਠਨ ਹੈ। ਅਜਰ ਵਸਤੂ ਜਰੀ ਨਹੀਂ ਜਾਂਦੀ।ਜਦ ਕੋਈ ਭੁੱਲ ਕੀਤੀ ਫਿਰ ਗਿਰਾਉ ਆਉਂਦਾ ਹੈ।ਉਹ ਜਰਨ ਦੀ ਜਾਚ ਦੱਸ ਕੇ ਲੰਘ ਜਾਂਦਾ ਹੈ। ਐਉਂ ਆਦਮੀ ਟੁਰਦਾ ਸਿਖਦਾ ਤੇ ਉਨਤ ਹੁੰਦਾ ਹੈ। ਕਦੇ ਕਦੇ ਦੇਵ ਜਨਾਂ ਨੂੰ ਲੋੜ ਪੈਂਦੀ ਹੈ ਕਿ ਸਾਡੀ ਮਤ ਟਿਕਾਣੇ ਰਖਣ ਲਈ ਸਾਡੇ ਵਿਤ ਦੇ ਅਨੁਸਾਰ ਸਹਿਜੇ ਸਹਿਜੇ ਪਚਵੀਂ ਤਰੱਕੀ ਕਰਨ ਦੇਣ। ਜਦੋਂ ਸੁਰਤ ਗਿਰੇ ਤਦੋਂ ਦਿਲ ਹਾਰਨਾ ਠੀਕ ਨਹੀਂ ਹੁੰਦਾ। ਉਦੋਂ ਜੁਧ ਦਾ ਵੇਲਾ ਆਉਂਦਾ ਹੈ। ਮਾਨੋ ਰਾਖਸ਼ ਸਾਡੇ ਅੰਦਰ ਆ ਵੜੇ ਹਨ। ਹੁਣ ਵੇਲਾ ਜੰਗ ਦਾ ਹੈ, ਦਬਾ ਦਬ ਤੋਪਖਾਨਾ ਬੀੜ ਕੇ ਗੋਲੇ ਚਲਨ।

*"ਵਾਤ ਵਜਨਿ ਟੰਮਕ ਭੇਰੀਆ॥ ਮਲ ਲਥੇ ਲੈਦੇ ਫੇਰੀਆ॥*
*ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ॥"*

ਵਧੀਕ ਜ਼ੋਰ ਨਾਲ ਰੋੜ ਚੱਲੇ। ਇਸ ਵੇਲੇ ਨਾਮ ਲੈਣਾ ਆਸੁਰੀ ਸੰਪਰਦਾ ਉਤੇ ਗੋਲਾ ਬਾਰੀ ਕਰਨਾ ਹੈ। ਅਖੀਰ ਫਤਹਿ ਤੁਹਾਡੀ ਹੋਵੇਗੀ। ਏਹੁ ਰੋਜ਼ ਖਾਲਸਾ ਜੀ ਫਤਹ ਆਖਦਾ ਹੈ। ਜਦ ਫਤਹ ਪਾ ਲਈ, ਰਾਖਸ਼ ਉਡ ਗਏ, ਫੇਰ ਹੌਲੇ ਫੁੱਲ, ਅਨੰਦ, ਚੜ੍ਹਦੀਆਂ ਕਲਾਂ। ਇਸ ਦਸ਼ਾ ਵਿਚ ਜੋ ਨਾਮ ਜਪਣਾ ਹੈ ਸੋ ਨਾਮ ਦਾ ਰਸ ਲੈਣਾ ਹੈ। ਇਸ ਵੇਲੇ ਦਾ ਜਪ ਬ੍ਰਹਮਾਨੰਦ ਹੈ, ਰਾਮ ਰਸ ਹੈ, ਸੁਖ ਫਲ ਹੈ, ਪ੍ਰਿਮ ਰਸ ਹੈ, ਨਿਮਖ ਇਕ ਪ੍ਰੇਮ ਮੂਸਨ ਵਾਲਾ ਹੈ। ਜਦ ਫੇਰ ਗਿਰਾਉ ਆਇਆ ਹੈ ਤਦ ਨਾਮ ਤੋਪਖਾਨਾ ਹੈ। ਜਦ ਫੇਰ ਚੜ੍ਹੇ ਤਦ ਫੇਰ ਆਨੰਦ ਦੀ ਅਟਾਰੀ ਦਾ ਮੇਲ ਸੁਖ ਫਲ ਹੈ।

ਭਲਾ ਜੇ ਕਿਸੇ ਦਾ ਬਾਲ ਗੁਆਚ ਜਾਵੇ ਤਦ ਜਿੰਨਾ ਚਿਰ ਬਾਲ ਲਭ ਨਹੀਂ ਪੈਂਦਾ-ਦਿਲ ਦਾ ਕੀ ਹਾਲ ਹੁੰਦਾ ਹੈ। ਜੇ ਨਾਮ ਭੁਲਿਆਂ ਤੇ ਇਹ ਹਾਲ ਨਹੀਂ ਹੁੰਦਾ, ਤਾਂ ਨਾਮ ਨਾਲ ਕੀ ਪਿਆਰ ਪਿਆ। ਜੇ ਪਿਆਰ ਹੋਵੇ, ਕੁਛ ਹਛਾ ਨਾ ਲੱਗੇ, ਜਦ ਤਕ ਕਿ ਫੇਰ ਚਰਖਾ ਚਲ ਨਾ ਪਵੇ। ਸੋ ਬਾਲਾ ਜਨਮ ਸੁਫਲ ਕਰੋ। ਅਹਿਲਾ ਜਨਮ ਸੁਫਲ ਕਰੋ। ਦਮ ਸੁੰਞੇ ਨਾ ਗੁਆਉ। ਪੀਢੀ ਰੀਢ ਪਾਉ। ਨਾਮ ਦਾ ਲਗਣਾ ਮੁਦਤਾਂ ਤਕ ਛਿਜਣਾ ਹੁੰਦਾ

ਹੈ। ਪੀਢੀ ਪਾਉ ਗੰਢ, ਜਪੋ-ਏਹ ਦਮ ਮੁੜ ਕੇ ਨਹੀਂ ਲਭਣੇ। ਸਰਦਾਰੀਆਂ, ਅਮੀਰੀਆਂ, ਮੁਖ ਹਾਸੇ, ਜ਼ਿਆਫਤਾਂ, ਭਾਈ ਚਾਰਿਆਂ ਨਾਲ ਨਹੀਂ ਜਾਣਾ। ਉਥੇ ਕੇਵਲ ਨਾਮ ਜਾਏਗਾ। ਅਜ ਬਾਬਾ ਖੋਹਲੋ-ਵਡਹੰਸ ਰਾਗ ਕਢੋ-ਇਸ ਦੀ ਵਾਰ ਕਢੋ, ਵਾਰ 14, 16, 17, 21 ਪੌੜੀ ਪੜ੍ਹੋ-ਮੇਰੇ ਨਾਲ ਖਫਾ ਨਹੀਂ ਹੋਣਾ। ਇਹੋ ਸਚਾ ਪਿਆਰ ਹੈ, ਜੋ ਮੈਂ ਆਪਾ ਵਾਰ ਕਰਦਾ ਹਾਂ-ਨਾਮ ਗੁਆਚੇ ਤਾਂ ਹਉਕਾ ਭਰੋ, ਰੋਵੋ, ਫੇਰ ਲਗ ਪਵੋ; ਤੁਰੰਤ ਲਗ ਪਵੋ।

ਹੁਣ ਅਸਾਡੇ ਪਾਸ ਕੋਈ ਉਜ਼ਰ ਨਹੀਂ ਜੋ ਸਤਿਗੁਰ ਅਗੇ ਪੇਸ਼ ਕਰ ਸਕੋ ਕਿ ਮੈਂ ਨਾਮ ਇਸ ਕਰਕੇ ਨਹੀਂ ਜਪ ਸਕਦਾ-ਸਤਿਗੁਰ ਨੇ ਸੇਹਤ, ਐਸ਼ਵਰਜ, ਪਦਾਰਥ, ਨਾਮਣਾ, ਇਜ਼ਤ, ਤੇ ਫੁਰਸਤ ਬਖਸ਼ ਦਿਤੀ ਹੈ। ਉਸ ਨੇ ਆਪਣਾ ਫਰਜ਼ ਅਪਣੀ ਮਿਹਰ ਪੂਰੀ ਕਰ ਦਿਤੀ ਹੈ। ਹੁਣ ਸਤਿਗੁਰ ਨਾਲ ਤੁਸਾਡੇ ਨਿਭਣ ਦੀ ਵਾਰੀ ਹੈ। ਜੇ ਇਸੀ ਫੁਰਸਤ, ਖੁਲ੍ਹੇ ਜੰਗਲ, ਉਜਾੜਾ, ਏਕਾਂਤਾਂ, ਉਲਝਣਾਂ ਤੋਂ ਵਿਹਲ ਪਾ ਕੇ ਵੀ ਸਿਮਰਨ ਨਾ ਕਰੋ-ਟੁਟ ਕੇ ਸਿਮਰਨ ਵਿਚ ਨਾ ਲਗੋ, ਇਕ ਸਿਮਰਨ ਦੀ ਆਸ਼ਕੀ ਨਾ ਕਮਾਉ ਤਾਂ ਸਤਿਗੁਰ ਨਾਲ ਬਾਜ਼ੀ ਹਾਰਨ ਦਾ ਡਰ ਹੈ :-

*"ਗੋਸਾਈਂ ਮਿਹੰਡਾ ਇਠੜਾ॥ ਅੰਮ ਅਬੇ ਥਾਵਹੁ ਮਿਠੜਾ॥"*

ਹੈ, ਪਰ ਪੁੱਤਾਂ ਦਾ ਵੀ ਕੋਈ ਫਰਜ਼ ਹੈ। ਜੇ ਉਸ ਦਾਤੇ ਦੀ ਯਾਦ ਤੇ ਧਿਆਨ ਤੇ ਲਿਵ ਵਿਚ ਨਹੀਂ ਖੁਭਦਾ। ਜੇ ਜੀ ਨਾ ਖੁਭੇ ਤਾਂ ਹਠ ਕਰ ਕੇ ਘਾਲ ਦੇ ਅਸੂਲ ਤੇ ਉਸ ਦੀ ਅਰਾਧਨਾ ਨਹੀਂ ਕੀਤੀ ਜਾਂਦੀ ਤਾਂ ਸਤਿਗੁਰ ਨਾਲ ਕੀ ਯਾਰੀ ਹੋਈ। ਸਚੀਆਂ ਗੱਲਾਂ ਇਹੋ ਹਨ। ਇਹੋ ਇਲਮ ਪੜ੍ਹਨ ਵਿਚ ਕਾਹਦੇ ਲਿਹਾਜ਼, ਸਬਕ ਪਕਾਣਾ ਹੈ। ਜੇ ਨਾ ਪਕਾਵੇ ਤਾਂ ਪੈਂਦੀਆਂ ਹਨ। ਸੋ ਹੁਣ ਘੋਸਲਾਂ ਨਹੀਂ ਮਾਰਨੀਆਂ। ਸਤਿਗੁਰ ਨਾਲ ਟਾਲੇ ਨਹੀਂ ਕਰਨੇ। ਦੁਨਿਆਵੀ ਐਸ਼ਵਰਜ, ਪ੍ਰਤਾਪ, ਮਿਤਰਾਨਿਆ ਯਾਰੀਆ ਕਾਮਯਾਬੀਆਂ ਨੂੰ ਸੁਰਤ ਵਿਚ Secondary place ਦਿਉ ਤੇ ਨਾਮ ਨੂੰ Primary function ਬਣਾਉ।

ਹੁਣ ਅਵਸਰ ਹੈ-ਹੁਣ ਮੌਕਿਆ ਹੈ ਤੇ ਸਮਾਂ ਹੈ-ਫੇਰ ਇਹ ਸਮਾਂ ਹੱਥ ਨਹੀਂ ਆਉਣਾ। ਜਵਾਨੀ ਵੀ ਹੁਣ ਅਪਣਾ ਸਮਾਂ ਲੰਘ ਚੁਕੀ ਹੈ। ਫਿਰ ਕਿਹੜਾ ਵੇਲਾ ਟੁਟ ਕੇ ਲਗਣ ਦਾ ਆਵੇਗਾ। ਨਾਮ ਨਾਲ ਖੜਮਸਤੀਆਂ ਛੋੜ ਦਿਉ। ਇਕ ਚਿਤ ਸਾਵਧਾਨ ਹੋ ਕੇ ਲੱਗ ਤੇ ਜਨਮ ਜਿਤ ਜਾਉ, ਨਹੀਂ ਤਾਂ-

*"ਸਭ ਇਕਠੇ ਹੋਇ ਆਇਆ॥ ਘਰਿ ਜਾਸਨਿ ਵਾਟ ਵਟਾਇਆ॥*
*ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ॥"*

 www.sikhbookclub.com

ਜੋ ਨਾਮ ਨਹੀਂ ਜਪਦੇ, ਉਹ ਮਨੁਖ ਸ਼ਰੇਣੀ ਵਿਚੋਂ ਨਹੀਂ। ਜੋ ਨਾਮ ਰਸ ਵਿਚ ਨਹੀਂ ਰਹਿੰਦੇ, ਉਹ ਸਾਕਤ ਹਨ। ਸਾਕਤਾਂ ਲਈ ਅਗੇ ਦੁਖ ਹੈ। ਸੋ ਬੰਦੇ ਬਣ ਜਾਉ, ਅਠ ਪਹਿਰ ਹਰਿ ਰਸ ਵਿਚ ਰਹੋ। ਸਤਿਸੰਗ ਦਾ ਫਕੀਰਾਂ ਦੇ ਮਿਲਣੇ ਦਾ ਏਹ ਹੀ ਲਾਹ ਹੈ, ਨਹੀਂ ਤਾਂ ਭਾਈਚਾਰੇ ਤੁਹਾਡੇ ਵਰਗੇ ਉਚੀ ਪਦਵੀ ਦੇ ਲੋਕਾਂ ਨੂੰ ਬੇਹਦ ਹਨ ਤੇ ਡਾਕਟਰ ਜਿਨੇ ਹਉਮੈਂ ਦੇ ਪਠੇ ਹੋਰ ਕਿਸ ਪਸ਼ੂ ਤੁਲ ਮਨੁਖ ਨੂੰ ਨਸੀਬ ਹੋ ਸਕਦੇ ਹਨ। ਜੇ ਸਤਿਸੰਗ ਨਾਲ ਨਾਤਾ ਹੈ ਤਾਂ ਅੱਠ ਪਹਿਰ ਹਿਰਦੇ ਵਿਚ ਸਾਈਂ ਦਾ ਸਚਾ ਸੰਗ ਵਸਾਉ। ਦਿਲ ਸਚੇ ਦੇ ਸੰਗ ਵਿਚ ਲਗੇ। ਲਗੇ ਨਾਂ ਫੇਰ ਉਜਰ ਨਹੀਂ ਘੜਨੇ: ਨਹੀਂ ਤਾਂ ਸਤਿਗੁਰ ਸਾਹੁ ਸਜਨ ਹੈ, "ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ" ਜ਼ਿੰਦਗੀ ਨੂੰ ਪਲਟਾ ਦਿਉ। ਸ਼ਾਹੀ ਸਾਈਂ ਨੇ ਦਿਤੀ ਹੈ, ਤੁਸੀਂ ਉਸ ਦੇ ਕੂਚੇ ਦੇ ਗਦਾ ਬਣੋ। ਸਭ ਪਦਾਰਥਾਂ, ਨੇਕੀਆਂ ਤੋਂ ਇਕ ਨਾਮ ਨੂੰ ਉਚਾ ਜਾਣੋਂ। ਨਾਮ ਨਾਲ ਲਿਵ ਲਾਉ। ਇਹ ਸਾਈਂ ਦੇ ਦਰ ਦੀ ਗਦਾਗਰੀ ਹੈ। ਸਿਮਰਨ ਲਗਾਤਾਰ ਰਹਿ ਸਕਦਾ ਹੈ। ਲਗਾਤਾਰ ਸਿਮਰਨ ਹਾਲਤ ਨੂੰ ਵੀ ਲਗਾਤਾਰ ਸੁਖ ਦੀ ਬਣਾਈ ਜਾਂਦਾ ਹੈ। ਫੇਰ ਸਮਾਂ ਪਾ ਕੇ ਚਿਤ ਲਗਾਤਾਰ ਸੁਖ ਵਿਚ ਵਸਦਾ ਹੈ, ਲਿਵ ਹੋ ਜਾਂਦੀ ਹੈ। ਪਰ ਸਾਨੂੰ ਕੰਮ ਕਾਜ ਫਿਕਰ ਅਕਸਰ ਹੇਠਾਂ ਉਤਾਹਾਂ ਕਰਦੇ ਰਹਿੰਦੇ ਹਨ। ਫਿਕਰ ਕਰੋ ਤੇ ਟੁਰੀ ਚਲੋ। ਤੁਸੀਂ ਪ੍ਰਸੰਨ ਹੋ। ਇਹ ਪੜ੍ਹ ਕੇ ਬੜੀ ਪ੍ਰਸੰਨਤਾ ਹੋਈ :-

*"ਘਰ ਮੰਦਰ ਖੁਸ਼ੀ ਨਾਮ ਕੀ ਨਦਰਿ ਤੇਰੀ ਪਰਵਾਰੁ॥"*

ਜਿਸ ਖੁਸ਼ੀ ਵਿਚ ਨਾਮ ਹੋਵੀ, ਸਫਲ ਖੁਸ਼ੀ ਹੈ-ਗੁਰੂ ਬਖਸ਼ੇ।

*ਵਾਹਿਗੁਰੂ ਚੰਬੇ ਦੀ ਬੂਟੀ ਮੇਰੇ ਮਨ ਵਿਚ ਗੁਰਮੁਖ ਲਾਈ ਹੂ।*
*ਆਬੇ ਹਯਾਤ ਦਾ ਪਾਣੀ ਮਿਲਿਆ ਹਰ ਜਗਹ ਹਰ ਥਾਈ ਹੂ।*
*ਅੰਦਰ ਬੂਟੀ ਮੁਸ਼ਕ ਖਿੜਾਇਆ ਜਦ ਫੂਲਣ ਤੇ ਆਈ ਹੂ।*
*ਜੁਗ ਜੁਗ ਜੀਵੇ ਇਹ ਸੋਹਣਾ ਬਾਬਲ ਜਿਨ ਇਹ ਬੂਟੀ ਲਾਈ ਹੂ।*

ਕੀ ਅਜ ਕਲ ਅਨੰਦ ਤਾਂ ਹੈ। ਆਤਮਾ ਵਿਚੋਂ ਮਾਲੂਮ ਹੁੰਦਾ ਹੈ, ਉਹ ਵਹਿਮ ਮੂਲੋਂ ਸਾਫ ਹੋ ਗਿਆ ਹੈ। ਗੁਰਪੁਰਬ ਤੋਂ ਇਕ ਦਿਨ ਪਹਿਲੇ ਉਹ ਬੜੇ ਅਛੇ ਪ੍ਰਭਾਵ ਵਿਚ ਸੇ। ਪਰ ਪਤਾ ਨਹੀਂ ਭਾਂਡਾ ਊਂਧਾ ਹੈ ਕਿ ਮੂਧਾ। ਚਾਹੀਦਾ ਤਾਂ ਇਹ ਹੈ "ਮੈਂ ਨੈਨ ਭਰ ਭਰ ਆਵੰਦੇ-ਭਰ ਜਾਂਵੰਦੇ ਫਿਰ ਡੁਲ੍ਹਦੇ" ਵਾਲੀ ਪ੍ਰੇਮ ਦੀ ਗਾਹੜੀ ਅਵਸਥਾ ਹੋਵੇ। ਅਗੇ ਭਾਗਾਂ ਦੀ ਖੇਡ ਅਨੂਠੀ ਹੈ। ਇਹ ਪ੍ਰਸੰਗ ਗੁਪਤ ਹੈ। ਮੈਂ ਅਜ ਉਨ੍ਹਾਂ ਨੂੰ ਬੀ

ਕੁਝ ਇਸ਼ਾਰਾ ਕੀਤਾ ਹੈ। ਸਾਲ ਵਿਚ ਝੜੀਆਂ ਦੇ ਦਿਨ ਘਟ ਲਗਦੇ ਹਨ। ਵਟਾਂ ਮਾਰ ਕੇ ਤਦੋਂ ਪਾਣੀ ਬੰਨ੍ਹ ਲੈਣਾ ਚਾਹੀਦਾ ਹੈ। ਵਾਹਿਗੁਰੂ ਵਾਹਿਗੁਰੂ ਕਰੇ। ਉਹ ਅਨੰਦ ਹੋਵੇ ਜਾਂ ਵੈਰਾਗ ਵਿਚ ਤਾਂ ਜੇ ਬਰਖਾ ਖਾਲੀ ਨਾ ਜਾਵੇ।

ਪੱਤ੍ਰ ਪਹੁੰਚੇ। ਰੁਝੇਵਾਂ ਬਹੁਤ ਰਿਹਾ ਹੈ। ਨਾਰਾਜ਼ਗੀ ਮੇਰੇ ਦਿਲ ਵਿਚ ਨਹੀਂ, ਨਾ ਇਸ ਦਾ ਭਰਮ ਕਰੋ। ਫਕੀਰੀ ਇਕ ਕਠਨ ਖੇਡ ਹੈ, ਤੁਹਾਡਾ ਖਿਆਲ ਇਸ ਦੀ ਸਹਿਲ ਅੰਗਾਰੀ ਵਲ ਪੈ ਕੇ ਗ਼ਫਲਤ ਵਲ ਰੁਖ ਕਰ ਗਿਆ ਹੈ, ਉਸ ਨੂੰ ਕਢੋ। ਘਟ ਤੋਂ ਘਟ ਵਕਤ ਦਾ ਦਸਵੰਧ ਇਸ ਪਾਸੇ ਲਗਾਉ। ਦਿਲ ਨੂੰ ਸਿਧਾ ਸਾਈਂ ਵਲ ਲਾਉ। ਜੋ ਤੁਹਾਨੂੰ ਪਿਆਰ ਕਰਦੇ ਹਨ,ਉਨ੍ਹਾਂ ਦੇ ਪਿਆਰ ਦਾ ਜਵਾਬ ਦਿਉ। ਪਰ ਉਨ੍ਹਾਂ ਪਿਆਰਾਂ ਵਿਚ ਘਿਰ ਕੇ ਗੁਰ ਨਾਨਕ ਪ੍ਰੇਮ ਤੋਂ ਬਦਲਾ ਵਿਚ ਨਾ ਆਉ ਜਾਉ। ਸੰਸਾਰ ਸਾਗਰ ਨੂੰ ਉਹ ਤਰਦਾ ਹੈ ਜੋ ਅਪਣੇ ਇਸ਼ਟ ਦੇਵ ਦੇ ਪਿਆਰ ਵਿਚ ਉਸ ਦੇ ਨਾਲ ਜੁੜਿਆ ਰਹਿੰਦਾ ਹੈ ਤੇ ਹੋਰ ਸਾਰੇ ਪਿਆਰਾਂ ਨੂੰ ਗੌਨ ਜਗਹ ਦੇਂਦਾ ਹੈ। ਇਹ ਕੁਛ ਕਰੋ। ਮੇਰੀ ਵਲੋਂ ਤੌਖਲਾ ਮੇਟ ਛਡੋ। ਮੇਰੇ ਅੰਦਰ ਗੁਨਾਹ ਰਖਣ ਨੂੰ ਕੋਈ ਜਗਾਹ ਨਹੀਂ। ਮੈਂ ਪ੍ਰਸੰਨ ਹਾਂ.....

### "ਸਮਾਂ"

ਰਹੀ ਵਾਸਤੇ ਘੱਤ "ਸਮੇਂ" ਨੇ ਇੱਕ ਨ ਮੰਨੀ।
ਫੜ ਫੜ ਰਹੀ ਧਰੀਕ 'ਸਮੇਂ' ਖਿਸਕਾਈ ਕੰਨੀ।
ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਭੰਨੀ।
ਤ੍ਰਿਖੇ ਅਪਣੇ ਵੇਗ ਗਿਆ ਟਪ ਬੰਨੇ ਬੰਨੀ।
ਹੋ ! ਅਜੇ ਸੰਭਾਲ ਇਸ 'ਸਮੇਂ' ਨੂੰ, ਕਰ ਸਫਲ ਉਡੰਦਾ ਜਾਂਵਦਾ।
ਇਹ ਠਹਿਰਨ ਜਾਚ ਨ ਜਾਣਦਾ ਲੰਘ ਗਿਆ ਨਾ ਮੁੜਕੇ ਆਂਵਦਾ।

### "ਅਜ"

'ਕੱਲ' ਚੁਕੀ ਹੈ ਬੀਤ ਵੱਸ ਤੋਂ ਦੂਰ ਨਸਾਈ।
'ਭਲਕ' ਅਜੇ ਹੈ ਦੂਰ ਨਹੀਂ ਵਿਚ ਹੱਥਾਂ ਆਈ।
ਅੱਜ ਅਸਾਡੇ ਕੋਲ ਵਿੱਚ ਪਰ ਫਿਕਰਾਂ ਲਾਈ।
ਕੱਲ 'ਭਲਕ' ਨੂੰ ਸੋਚ ਅੱਜ ਇਹ ਮੁਫਤ ਗੁਆਈ।
ਹੋ ! ਸੰਭਲ ਸੰਭਲ ਇਸ ਅੱਜ ਨੂੰ,

ਇਹ ਬੀਤੇ 'ਮਹਾਂ-ਰਸ' ਪੀਂਦਿਆਂ,
ਹਰਿ-ਰਸ ਵਿਚ ਮੱਤੇ, ਖੀਵਿਆਂ
'ਹਰਿਰੰਗ' 'ਹਰਿਕੀਰਤ' ਚਉਂਦਿਆਂ।

ਕੱਲ੍ਹ, ਜੋ ਬੀਤ ਚੁਕੀ ਹੈ ਉਹ ਅਸਾਡੇ ਅੱਜ ਵਸ ਵਿਚੋਂ ਨਿਕਲ ਚੁਕੀ ਹੈ ਤੇ ਕੱਲ੍ਹ ਜੋ ਆਉਣੀ ਹੈ ਸਾਡੇ ਵਸ ਵਿਚ ਆਈ ਨਹੀਂ। ਇਨ੍ਹਾਂ ਦੋਹਾਂ ਬਾਬਤ ਚਿੰਤਾ ਜਾਂ ਅੰਦੇਸ਼ੇ ਕਰਨੇ ਤੇ ਇਨ੍ਹਾਂ ਫਿਕਰਾਂ ਵਿਚ ਅੱਜ ਨੂੰ ਹਾ ਅੱਜ ਦੀ ਹੁਣ ਜੋ ਸਾਡੀ ਹੈ, ਜਿਸ ਨਿਰੀ ਦਮ ਭਰ "ਹੁਣ" ਦੇ ਅਸੀਂ ਮਾਲਕ ਹਾਂ, ਉਸ ਪਿਆਰੀ ਹੁਣ ਨੂੰ ਪਿਆਰੇ ਪਵਿਤਰ "ਮਹਾ ਰਸ" ਵਿਚ ਲਾ ਕੇ ਅਨੰਦ ਵਿਚ ਨਾ ਰਹਿਣਾ ਕੀ ਲਾਭ ਰਖਦਾ ਹੈ। ਇਹ ਟੁਰੀ ਜਾਂਦੀ 'ਹੁਣ' ਜਿਸ ਦੇ ਅਸੀਂ ਮਾਲਕ ਹਾਂ ਚਿੰਤਾ ਤੇ ਅੰਦੇਸਿਆਂ ਵਿਚ ਜਾ ਰਹੀ ਹੈ। ਬੀਤ ਗਈ ਤੇ ਆਉਣ ਵਾਲੀ ਕੱਲ੍ਹ ਜਿਸ ਪਰ ਵਸ ਨਹੀਂ ਹੁਣ ਨੂੰ ਖਾ ਰਹੀ ਹੈ। ਮਹਾਂ ਰਸ ਦਾ ਵੇਲਾ ਕਦ ਆਸੀ। ਵੇਲਾ ਕੇਵਲ ਹੁਣ ਹੈ। ਹੁਣ ਦੀ ਸੰਭਾਲ ਕਰੋ। ਸਦਾ ਅਨੰਦਤ ਸਤਿਗੁਰ ਆਖਦਾ ਹੈ "ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ"

ਧਿਆਨ ਵਿਚ ਧਿਆਨ ਦੇ ਰਸ ਵਿਚ ਬੇਹੋਸ਼ ਹੋ ਜਾਣਾ ਚਾਹੀਦਾ ਹੈ, ਜਿਸ ਤਰ੍ਹਾਂ ਲੂਣ ਦੀ ਡਲੀ ਪਾਣੀ ਵਿਚ ਗਲਦੀ ਜਾਂਦੀ ਹੈ। ਫੁਰਨੇ ਨਹੀਂ ਹੋਣੇ ਚਾਹੀਦੇ। ਭੁਲ ਕੀਤੀ ਤਾਂ ਸਿਰ ਉਪਰ ਦੇ ਗੁਰ ਨਾਨਕ ਦਾ ਧਿਆਨ ਕਰੋ, ਉਸੀ ਵੇਲੇ ਭੁਲ ਮੁਆਫ। ਸਿਖ ਦਿਹਾੜੀ ਗ੍ਰਿਹਸਤੀ ਤੇ ਰਾਤ ਨੂੰ ਸੰਨਿਆਸੀ। ਰਾਤ ਨੂੰ ਜਦ ਸਾਰਾ ਪ੍ਰਵਾਰ ਸੌਂ ਜਾਵੇ ਤਾਂ ਆਪ ਬੈਠ ਜਾਵੇ ਤੇ ਕੀਰਤਨ ਸੋਹਿਲੇ ਦਾ ਪਾਠ ਕਰ ਕੇ ਧਿਆਨ ਤੇ ਨਾਮ ਸ਼ੁਰੂ ਕਰੇ। ਤੇ ਕਰਦਾ ਕਰਦਾ ਉਂਘਾਂ ਆਂਵਦੇ ਸੌਂ ਜਾਵੇ। ਤੇ ਜਦ ਜਾਗੇ ਜੇ ਨਾਮ ਜਾਰੀ ਹੋਵੇ ਤਾਂ ਸਮਝੇ ਕਿ ਨੀਂਦ ਵਿਚ ਵੀ ਨਾਮ ਰਿਹਾ ਹੈ। ਜਾਗਨ ਵਿਚ ਸ਼ਾਂਤ-ਸੁਖ ਬਾਣੀ ਜਾਂ ਨਾਮ ਹੋਵੇ ਤਾਂ ਸਮਝੋ ਕਿ ਨਾਮ ਜਾਰੀ ਰਿਹਾ ਹੈ। ਮੌਤ-ਰਜ਼ਾ ਦੀ ਛੁਟੀ।

1. ਜੇ ਪਾਪੀ ਹੈ ਤਾਂ ਹੱਜ ਤੇ ਗਏ ਨੂੰ ਵਤਨ ਵਿਚ ਦੂਰ ਦੂਰ ਫਿਟ ਫਿਟ ਹੋਵੇਗੀ।
2. ਜਦ ਵਾਪਸ ਆਵੇਗਾ ਤਾਂ ਉਸੀ ਨੌਕਰੀ ਤੇ ਲਗੇਗਾ ਤੇ ਉਹੋ ਹਾਲ ਹੋਵੇਗਾ।
3. ਜੇ ਪਾਪੀ ਨਹੀਂ ਤਾਂ ਹੱਜ ਤੇ ਗਏ ਨੂੰ ਘਰ ਉਲਾਂਭੇ ਨਹੀਂ ਮਿਲਣਗੇ। ਰਜ਼ਾ ਭੋਗ ਕੇ ਵਾਪਸ ਆ ਕੇ ਆਪਣੀ ਡਿਊਟੀ ਦਾ ਕੰਮ ਕਰੇਗਾ।
4. ਜੇ ਨਾਮ ਅਭਿਆਸੀ ਹੈ ਤਾਂ ਰਜ਼ਾ ਤੇ ਗਿਆ ਉਥੇ ਅਪਣੇ ਇਥੇ ਦੇ ਅਫਸਰਾਂ ਦੇ ਖੁਸ਼ਨੂਦੀ ਪੱਤ੍ਰ ਦਿਖਾ ਕੇ ਸੁਖੀ ਹੋਵੇਗਾ। ਵਾਪਸ ਆਏ ਨੂੰ ਚੰਗੀ ਤਰ੍ਹਾਂ ਰਹਿਣਾ ਬਹਿਣਾ ਵਸਣਾ ਮਿਲੇਗਾ।

 www.sikhbookclub.com

5. ਜੇ ਪੂਜਾ ਅਭਿਆਸੀ ਹੈ ਤਾਂ ਪੈਨਸਨ ਪਾ ਕੇ ਘਰ ਜਾਏਗਾ ਅਰ ਫੇਰ, ਨੌਕਰੀ ਤੇ ਨਹੀਂ ਆਉਣਾ ਪਏਗਾ। ਉਥੇ ਪ੍ਰੇਮ ਪ੍ਰਸੰਨ ਰਹੇਗਾ।
6. ਜੇ ਕਰ ਨਾਮ ਅਭਿਆਸ ਨਹੀਂ ਕੀਤਾ ਤਦ ਅਗੇ ਫੜਿਆ ਫੇਰ ਆਵੇਗਾ। ਅਰ ਵਧੀਕ ਔਖੀ ਨੌਕਰੀ ਤੇ ਲਾਇਆ ਜਾਏਗਾ। ਗੋਯਾ ਸਜ਼ਾ ਮਿਲੇਗੀ।

ਤੁਸੀਂ ਹੁਣ ਆਪਨਾ ਸਵੇਰ ਦਾ ਉਠਣਾ ਤੇ ਨਿਤ ਨੇਮ ਬਾਕਾਇਦਾ ਕਰ ਦਿਉ। ਤਾਂ ਜੋ ਚਿੱਤ ਦੀ ਹਾਲਤ ਸੁਅਸਥ ਹੋ ਜਾਏ। ਕੁਛ ਦਿਨ ਧਿਆਨ ਵਿਚ ਰੁਮਾਲ ਗਲੇ ਲਗਾ ਕੇ ਤਕਿਆ ਕਰੋ। ਬਸ ਸੋਚਾਂ ਬੰਦ। ਵਾਹਿਗੁਰੂ ਨਾਲ ਹੈ। ਫਿਰ ਭੈ ਕਾਹਦਾ। ਹੀਰ ਭਾਈ ਗੁਰਦਾਸ ਜੀ ਪੜ੍ਹੋ-ਸਭ ਨੂੰ ਨਾਸਵੰਤ ਸਮਝਣ ਦੀ ਕੋਸ਼ਿਸ਼ ਕਰੋ। ਸਭ ਰਜ਼ਾ ਪਰ ਛਡੋ, ਸੋਚ ਬੰਦ।

1. ਗੁਰ ਨਾਨਕ ਪ੍ਰਤੀਤ ਹੋਵੇ ਅੰਗ ਸੰਗ ਹਾਜ਼ਰ ਨਾਜ਼ਰ
2. ਵਿਧਵਾ ਦੀ ਸੇਵਾ-ਲੋੜਵੰਦਾਂ ਦੀ ਸੇਵਾ ਤੇ ਫ਼ਜ਼ੂਲ ਖਰਚੀ ਘਟ
3. ਸਵੇਰੇ ਉਠਣਾ ਪਾਠ ਸੁਖਮਨੀ ਸਾਹਿਬ ਦਾ ਤੇ ਨਾਮ। ਆਲਸ ਛੋੜਨਾ ਹੋਵੇਗਾ। ਖਸਮ ਤਾਂ ਰਾਖੇਗਾ ਆਪ। ਬੇਨਤੀ-ਅਰਦਾਸ-ਦਿਲ ਕਾਹਲਾ ਪੈ ਜਾਵੇ ਅਭਿਆਸ ਇਕ ਘੰਟਾ। ਮਨ ਵਿਚ ਜੋ ਜਗਾਹ ਹੈਨ। ਮੁਖ ਪ੍ਰਮਾਰਥ ਨੂੰ ਦੇਵੋ ਤੇ ਵਿਵਹਾਰ-ਬਾਣੀ-ਅਰਥ-ਭਾਵ-ਸਥੂਲ ਸੂਖਸ਼ਮ ਔਗਣ ਮਨ ਵਿਚ ਜ਼ਾਹਿਰ ਕਰੋ। ਬੇਨਤੀ ਗਰੀਬੀ-ਸੇਵਾ ਟੁਟ ਕੇ ਲਗਨ ਨਾਲ ਕਰੇ।

*"ਅਪਣੇ ਬਾਲਕ ਆਪਿ ਰਾਖੀਅਨੁ ਪਾਰਬ੍ਰਹਮ ਗੁਰਦੇਵ॥"*

ਨਾਮ ਦੁਖ ਵੇਲੇ ਨਾ ਛੁਟੇ। ਦੁਖ ਵੇਲੇ ਅਜ਼ਮਾਇਸ਼ ਹੁੰਦੀ ਹੈ ਕਿ ਗੁਰੂ ਨਾਨਕ ਨੂੰ ਪਿਆਰ ਕਰਦੇ ਹਨ, ਕਿ ਮੁੰਡੇ ਨੂੰ ਪਿਆਰ ਕਰਦੇ ਹਨ। ਨਾਮ ਬਾਣੀ ਤੇ ਰਸ ਵੇਲੇ ਮੁੰਡੇ ਦੀੜਦਾ ਤੌਖਲਾ ਸਾਨੂੰ ਕਦੀ ਨਹੀਂ ਹੋਣਾ ਚਾਹੀਦਾ। ਗੁਰੂ ਜਿਸ ਪਿੰਡ ਵਸਦਾ ਹੈ, ਅਸਲ ਘਰ ਤਾਂ ਉਹ ਹੈ। ਉਥੇ ਨਾ ਮੌਤ ਨਾ ਦੁਖ-ਬੁੱਲੇ ਲੁਟਣ ਦੀ ਥਾਂ ਹੈ-ਗੁਰੂ ਮੁਖ ਹੈ ਤੇ ਹੋਰ ਸਭ ਕੂੜ ਹੈ। ਇਹ ਯਾਦ ਰਖੋ, ਤੁਹਾਨੂੰ ਦੁਖ ਆ ਨਹੀਂ ਸਕਦਾ।

*"ਗੁਨ ਗਾਵਤ ਤੇਰੀ ਉਤਰਸਿ ਮੈਲੁ॥"* ਪਰ ਖੇਚਲ ਨਾ ਕਰਨੀ।

ਸੁਨ ਮੂਰਖ ਅੰਧੇ ਅਗਿਆਨ,
ਪੁੱਤ੍ਰ ਤੁਮਹਾਰਾ ਪਹੁੰਚਾ ਆਨ॥
ਘਿਉ ਡ੍ਰਹਲਾ ਬੇਧਰਮੀ ਤਾਨ,
ਮੂਰਖ ਹੱਸ ਹੱਸ ਰੁਖੀ ਖਾਨ॥
ਪਾਪ ਕਰੇ ਤੂੰ ਜਗ ਵਿਚ ਭਾਰੇ,
ਕੂੰਜ ਵਿਛੜ ਗਈ ਤਾਹੀਉਂ ਪਿਆਰ
ਚੜੇਉ ਡਾਢੀ ਕੀਤੇ ਈ ਪਾਪ,
ਤਾਹੀਉਂ ਸਹੇ ਵਿਛੋੜਾ ਤਾਪ॥
ਮਿੱਤ੍ਰ ਪਿਆਰਾ ਕਰਨ ਉਸ ਨਰ ਦਾ,
ਜੋ ਬੰਦਾ ਬਣਦਾ ਹੈ ਘਰ ਦਾ॥
ਮੂਰਖ ਮਨ ਨਾ ਭਏ ਦੋ ਚਾਰ,
ਇਕ ਮਨ ਰੂਪੋ ਹਿਰ ਲਿਆ ਤੇਰਾ ਕੌਣ ਧਿਆਏ ਸਾਰ
ਯਾਰਾਂ ਨਾਲ ਕਰੇ ਨਿਤ ਠਗੀ,
ਚਿਤੋਂ ਪ੍ਰੀਤ ਨਾਰ ਸੰਗ ਲਗੀ॥
ਯਾਰਾਂ ਦਾ ਤੂੰ ਰਿਹਾ ਨਾ ਯਾਰ,
ਉਤੋਂ ਉਤੋਂ ਕਰੇਂ ਪਿਆਰ।
ਫਿਰ ਰੰਘੜ ਦਾ ਰੰਘੜ ਤਿਆਰ,
ਆਕੜ ਖਾਂ ਦਮ ਉਚੀ ਚਾਰ॥

ਆਪ ਦਾ ਪੱਤ੍ਰ ਪੁਜਾ ਸੀ। ਵਿਦਯਾ ਵਿਚ ਤਰੱਕੀ ਕਰ ਰਹੇ ਹੋ। ਹੋਰ ਕਰੋ, ਪਰ ਪੱਛਮੀ ਵਿਦਿਆ ਦਾ ਇਕ ਨੁਕਸ ਭੀ ਹੈ। ਇਹ ਆਦਮੀ ਨੂੰ ਮੈਟੀਰੀਅਲ ਸੁਖਾਂ ਵਲ ਵਧੇਰੇ ਪਾਉਂਦੀ ਹੈ, ਤੇ ਜ਼ਿੰਦਗੀ ਦੇ ਸੁਖ਼ਾਂ ਤੇ ਸੈਂਟੀਮੈਂਟ ਨਾਲ ਮਿਲਨ ਵਾਲੇ ਸੁਖਾਂ ਤੋਂ ਪਿਠ ਫਿਰਾਉਂਦੀ ਹੈ। ਇਸ ਲਈ ਵਿਦਯਾ ਦੇ ਨਾਲ ਨਾਲ ਅਪਣੇ ਦੇਸ਼ ਦੀ ਪੁਰਾਤਨ ਕਲਚਰ ਨੇ ਜੋ ਕੁਝ ਲਭਾ ਹੈ, ਉਸ ਵਲ ਰੁਖ ਰਖਣਾ ਚਾਹੀਏ। ਗੁਰੂ ਗਰੰਥ ਸਾਹਿਬ ਜੀ ਦਾ ਪਾਠ ਤੇ Higher life ਵਲ ਰੁਖ ਰਖਣਾ ਚਾਹੀਏ ਤਾਂ ਜੋ ਦਿਲ ਤੇ

ਦਿਮਾਗ਼ ਦੋਹਾਂ ਦੀ ਇਕੋ ਜਿਹੀ ਤਰੱਕੀ ਹੋਵੇ। ਨਿਰੀ ਦਿਮਾਗ਼ੀ ਤਰੱਕੀ ਇਕ ਐਂਗੀ ਤਰੱਕੀ ਹੈ ਤੇ ਅਗੇ ਚੱਲ ਕੇ ਮਨ ਨੂੰ ਸੁਖੀ ਕਰਨ ਵਿਚ ਕਾਮਯਾਬ ਨਹੀਂ ਹੁੰਦੀ। ਹੋਰ ਅਸੀਸ।

ਵਾਹਿਗੁਰੂ ਦੀ ਅਤਿ ਦਾਤ ਹੋਵੇ ਤਾਂ ਹਿਰਦਾ ਦ੍ਰਵਦਾ ਹੈ ਅਤੇ ਇਸ ਵਿਚ ਜੋ ਪਿਆਰ ਦੇ ਵਲਵਲੇ ਪੈਦਾ ਹੁੰਦੇ ਹਨ, ਇਹ ਜੀਵਨ ਰੌ ਦਾ ਸੁਰਜੀਤ ਹੋਣਾ ਹੈ। ਇਸ ਬਿਨਾਂ ਜੀਵਨ ਕੁਛ ਨਹੀਂ।

*"ਸਾਚੀ ਲਿਵੈ ਬਿਨੁ ਦੇਹ ਨਿਮਾਣੀ॥"*,

'ਲਿਵ' ਬਿਨਾ ਪਿਆਰ ਦੇ ਵਲਵਲਿਆਂ ਦੇ ਕੀਕੂੰ ਜਾਗ ਸਕਦੀ ਹੈ। ਧਨ ਸਤਿਗੁਰ ਨਾਨਕ ਹੈ ਜੋ ਦਾਤਾਂ ਦੇਂਦਾ ਹੈ ਤੇ ਆਪਣੇ ਵਲ ਖਿਚਦਾ ਹੈ।

ਕੂੰਜ ਚਾਹੇ ਕਿਤਨੀ ਦੂਰ ਵੱਸੇ, ਬੱਚਿਆਂ ਦਾ ਧਿਆਨ ਨਹੀਂ ਭੁੱਲਦੀ। ਕੂੰਜ ਦੇ ਬੱਚੇ ਮਾਂ ਦੀ ਦੂਰੀ ਵਿਚ ਉਸ ਦੇ ਧਿਆਨ ਦੇ ਆਸਰੇ ਪਲਦੇ ਹਨ, ਤਿਵੇਂ ਸਤਿਗੁਰ ਚਾਹੇ ਸਾਡੇ ਨੈਣਾਂ ਤੋਂ ਦੂਰ ਹੈ, ਪਰ ਸਾਨੂੰ ਸਿਮਰਦਾ ਹੈ। ਜੇ ਅਸੀਂ ਜਪਦੇ ਹਾਂ ਤਾਂ ਸਾਡਾ ਜਪਣਾ ਪਕੀ ਨਿਸ਼ਾਨੀ ਹੈ ਕਿ ਸਤਿਗੁਰ ਸਾਨੂੰ ਸਿਮਰਦਾ ਹੈ।

*"ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥"*

ਸਤਿਗੁਰ ਅਤਿ ਪਿਆਰ ਕਰਦਾ ਹੈ। ਸਾਡੇ ਜਿਹੇ ਨੀਚਾਂ ਨੂੰ ਸਿਮਰ ਕੇ ਸਾਨੂੰ ਸਿਮਰਨ ਦਾਤ ਬਖਸ਼ਦਾ ਹੈ। ਸੋ ਕਦੇ ਡੋਲਣਾ ਨਹੀਂ ਚਾਹੀਏ। ਉਹ ਸਦਾ ਪਿਆਰ ਦੇਂਦਾ ਹੈ। ਮਿਲਣ ਦੀ ਤਾਂਘ ਬੜੀ ਚੰਗੀ ਹੈ, ਤੇ ਇਸ ਦੇ ਅੰਦਰ ਹੋਣਾ ਜ਼ਿੰਦਗੀ ਹੈ।

ਬਾਣੀ ਪੂਰੀ ਪੜ੍ਹਨੀ ਤੇ ਸ਼ੁਕਰ ਵਿਚ ਰਹਿਣਾ ਸਿਖੀ ਦੀ ਜੜ੍ਹ ਪਕੀ ਕਰਦਾ ਹੈ। ਸਤਿਗੁਰ ਦੇ ਹਜ਼ੂਰ ਅਰਦਾਸ ਭੀ ਕਰਿਆ ਕਰੋ। ਅਰਦਾਸ ਪੇਵੰਦ ਹੈ, ਜੋ ਸਤਿਗੁਰ ਨਾਲ ਜੋੜਦੀ ਹੈ। ਸਤਿਗੁਰ ਦੇ ਚਰਨ ਨਹੀਂ ਛਡਣੇ। ਸਤਿਗੁਰ ਦੇ ਚਰਨਾਂ ਵਿਚ ਸੱਚੇ ਸ਼ਹਿਦ ਦਾ ਸੋਮਾ ਹੈ। ਜੇ ਅਸੀਂ ਇਸ ਮਾਖਿਉਂ ਨੂੰ ਪਿਆਰ ਕਰੀਏ ਤਾਂ ਸਤਿਗੁਰ ਸਾਡੀ ਮਾਖਿਉਂ ਨੂੰ ਬਿਨ ਖਾਧੇ ਕਬੂਲ ਪਾਂਦਾ ਹੈ। ਸਤਿਗੁਰ ਸਾਡੇ ਬਿਨ ਦੇਖੇ ਸਾਡੇ ਪਿਆਰ ਦੇ ਬਣੇ ਭੋਜਨਾਂ ਵਿਚ ਰਸੀਆ ਹੁੰਦਾ ਹੈ। ਸਾਡੀ ਨੀਂਦ ਵਿਚ ਸਤਿਗੁਰ ਅੰਮ੍ਰਿਤ ਪਾਂਦਾ ਹੈ। ਸਾਡੀ ਇਕੱਲ ਵਿਚ ਸਤਿਗੁਰ ਸਾਥ ਦੇਂਦਾ ਹੈ। ਅਪਣੇ ਬਾਲਕ ਦਾ ਸਤਿਗੁਰ ਆਪ ਸਾਥੀ ਹੈ ਤੇ ਰਾਖਾ ਹੈ।

*"ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ"*
*"ਸੋ ਜੀਵਿਆ ਜਿਸੁ ਮਨੁ ਵਸਿਆ ਸੋਇ॥"*

ਸਿਮਰਨ ਦਾ ਜਾਰੀ ਰਹਿਣਾ ਪਹਿਲੀ ਨਿਆਮਤ ਹੈ। ਇਸ ਵਿਚ ਰਸ ਦੇ moments ਆਉਣੇ ਦੂਸਰੀ ਨਿਆਮਤ ਹੈ। ਮਨ ਦਾ ਸੰਕਲਪ ਵਿਕਲਪ ਤੋਂ ਹਟ ਕੇ ਇਸੇ ਰਸ ਵਿਚ ਰਹਿਣਾ, ਲਿਵ ਹੈ, ਤੇ ਤੀਸਰੀ ਨਿਆਮਤ ਹੈ।

ਸਭ ਦਾਤਾਂ ਹਨ, ਦਾਤਾਂ ਦਾਤੇ ਦੇ ਵੱਸ ਹੁੰਦੀਆਂ ਹਨ, ਪਰ ਮੰਗਤ ਜਨ ਦਾ ਕੰਮ ਹੈ ਕੇ ਝੋਲੀ ਅੱਡ ਮੰਗਦਾ ਰਹਿਣਾ।

ਮੰਗਣਾ ਹੈ- ਅਰਦਾਸ ਕਰਨੀ

ਮੰਗਣਾ ਹੈ- ਮਨ ਦੇ ਰੁਖ ਨੂੰ ਸਾਈਂ ਵਲੇ ਰਖਣ ਦਾ ਖਿਆਲ

ਮੰਗਣਾ ਹੈ- ਮਿਲੇ ਦਾ ਸ਼ੁਕਰੀਆ

ਫਿਰ ਮੰਗਣਾ ਹੈ-ਗੁਰਬਾਣੀ ਦਾ ਪਾਠ, ਵੀਚਾਰ, ਕੀਰਤਨ ਕਰਨਾ ਯਾ ਸੁਣਨਾ। ਸਾਰੇ ਤਰਦਦਾਂ ਨਾਲ ਲਗੇ ਸੈਹਜ ਧਿਆਨ ਹੁੰਦਾ ਹੈ। ਅਭਯਾਸੀ ਇਨ੍ਹਾਂ ਸਾਰਿਆਂ ਵਿਚ ਵਿਚਰਦਾ ਹੈ।

ਗੁਰੂ ਇਹੁ ਰੌ ਬਖਸ਼ੀ ਰਖੇ। ਦੂਰ ਬੈਠਿਆਂ ਦੀ ਇਹੋ ਅਰਦਾਸ ਹੈ :

*"ਤੈਨੂੰ ਰੱਬ ਨਾ ਭੁਲੇ ਦੁਆ ਫਕੀਰਾਂ ਦੀ ਏਹਾ"*

 www.sikhbookclub.com